Digitized by Arya Samaj Foundation Chennai and eGangotri

ਮਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ

ਡਾ. ਗੁਰਚਰਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

100884

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਧਕਾਲੀ ਪਾਠ
ਤੇ
ਵਰਤਮਾਨ ਪ੍ਰਸੰਗ

Forwarded free of cost and
with the compliments of the
Department of Education,
Govt. of India.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ: ਗੁਰਚਰਨ ਸਿੰਘ ਦੁਆਰਾ ਰਚਿਤ ਪੁਸਤਕਾਂ

ਬਾਣੀ : ਕੇਂਦਰ ਤੇ ਵਿਕੇਂਦਰ (ਸਮੀਖਿਆ)
ਗੁਲੇਰੀਆ-ਕਾਵਿ (ਸੰ:)
ਭਾਈ ਵੀਰ ਸਿੰਘ ਦੇ ਪੱਤਰ/ਪ੍ਰਵਚਨ (ਸੰ:)
ਆਧੁਨਿਕ ਵਾਰਤਕ ਵੰਨਗੀ (ਸੰ:)
ਗੁਰਬਾਣੀ ਦਾ ਰਹਾਉ-ਸ਼ਾਸਤਰ (ਗੁਰਬਾਣੀ-ਸਮੀਖਿਆ)
ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤਿਮਾਨ (ਗੁਰਬਾਣੀ-ਸਮੀਖਿਆ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਧਕਾਲੀ ਪਾਠ

ਤੇ

ਵਰਤਮਾਨ ਪ੍ਰਸੰਗ

DONATION

100884

Forwarded ... and ... of the
Department ... Education,
Govt. of India,

ਡਾ: ਗੁਰਚਰਨ ਸਿੰਘ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

MADHKALI PATH
TE WARATMAN PARSANG (Criticism)
by
Dr. Gurcharan Singh

ਪਹਿਲੀ ਵਾਰ 1993

ਪ੍ਰਕਾਸ਼ਕ :
ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6

ਛਾਪਕ :
ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6

ਮੁੱਲ : 120 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਦਾਰਨੀ ਨਵਨੀਤ

ਤੇ

ਸਰਦਾਰ ਗੁਰਬਚਨ ਸਿੰਘ ਦੇ ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ-ਸ਼ਬਦ

ਮਧਕਾਲੀ ਪੰਜਾਬੀ ਸਾਹਿਤ ਬਾਰੇ ਹੁਣ ਤਕ ਜੋ ਚਰਚਾ ਵਿਕਸਿਤ ਹੋਇਆ ਹੈ, ਉਸ ਵਿਚ ਪਿਛਲੇ ਕੁਝ ਸਮੇਂ ਤੋਂ ਪਰਿਵਰਤਨ ਵਾਪਰੇ ਹਨ ਤੇ ਇਸ ਦਾ ਕਾਰਨ ਨਵੀਂ ਪੰਜਾਬੀ ਆਲੋਚਨਾ ਹੈ, ਜਿਸ ਦਾ ਉਦੈ ਖਾਸ ਤੌਰ ਉਤੇ 1970 ਤੋਂ ਪਿਛੋਂ ਹੋਇਆ ਹੈ। ਇਸ ਆਲੋਚਨਾ ਨੂੰ ਵਿਸ਼ੇਸ਼ ਤੌਰ ਉਤੇ ਅਜਿਹੀ ਪਾਠਗਤ ਆਲੋਚਨਾ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਜਿਸ ਦਾ ਸਰੋਕਾਰ ਸੰਰਚਨਾਤਮਕ ਗੁੰਝਲਾਂ ਨੂੰ ਖੋਲ੍ਹਣਾ ਹੈ ਤੇ ਇਸ ਕਾਰਜ ਵਿਚ ਉਹ ਸਾਰੀਆਂ ਵਿਧੀਆਂ ਤੇ ਦ੍ਰਿਸ਼ਟੀਆਂ ਸਹਾਇਕ ਹੁੰਦੀਆਂ ਹਨ ਜੋ ਭਾਸ਼ਾ-ਵਿਗਿਆਨ ਦੇ ਨਵੇਂ ਸਿਧਾਂਤਾਂ ਤੇ ਸੰਕਲਪਾਂ ਤੋਂ ਲੈ ਕੇ ਪ੍ਰਵਚਨ-ਸਿਧਾਂਤ ਅਤੇ ਚਿਹਨ-ਵਿਗਿਆਨ ਤਕ ਸਾਹਮਣੇ ਆਏ। ਡਾ. ਗੁਰਚਰਨ ਸਿੰਘ ਨੇ ਇਸ ਪੁਸਤਕ ਵਿਚ ਆਲੋਚਨਾ ਦੇ ਇਨ੍ਹਾਂ ਸਿਧਾਂਤਾਂ ਅਤੇ ਦ੍ਰਿਸ਼ਟੀਆਂ ਨੂੰ ਪਿਛੋਕੜ ਤੇ ਆਧਾਰ ਬਣਾ ਕੇ ਗੁਰਬਾਣੀ, ਸੂਫ਼ੀ-ਕਾਵਿ, ਪੰਜਾਬੀ ਕਿੱਸਾ-ਕਾਵਿ, ਬੀਰ ਰਸੀ ਕਾਵਿ ਅਤੇ ਜਨਮਸਾਖੀ ਦੀ ਟੈਕਸਟ ਦਾ ਅਧਿਐਨ ਕੀਤਾ ਹੈ। ਉਸ ਦੇ ਅਧਿਐਨ ਵਿਚ ਇਹ ਗੱਲ ਧਿਆਨਯੋਗ ਹੈ ਕਿ ਉਸ ਨੇ ਨਿਰੋਲ ਇਨ੍ਹਾਂ ਸਿਧਾਂਤਾਂ ਤੇ ਸੰਕਲਪਾਂ ਨੂੰ ਹੀ ਸਥਿਤ ਨਹੀਂ ਕੀਤਾ, ਸਗੋਂ ਗੁਰਬਾਣੀ, ਸੂਫ਼ੀ-ਕਾਵਿ, ਕਿੱਸਾ-ਕਾਵਿ ਆਦਿ ਦਾ ਜੋ ਸ਼ਾਸਤਰ ਉਨ੍ਹਾਂ ਦੀ ਆਪਣੀ ਸੰਰਚਨਾਤਮਕਤਾ ਵਿਚੋਂ ਜਾਗਦਾ ਹੈ, ਉਸ ਨੂੰ ਵੀ ਤਲਾਸ਼ਣ ਦਾ ਯਤਨ ਕੀਤਾ ਹੈ। ਇਹ ਨਵੀਂ ਸਮੀਖਿਆ ਦੀ ਚੇਤਨਾ ਹੈ।

ਮਧਕਾਲੀ ਰਚਨਾ ਦੀ ਸੰਰਚਨਾਤਮਕਤਾ ਨੂੰ ਇਨ੍ਹਾਂ ਦ੍ਰਿਸ਼ਟੀਆਂ ਤੋਂ ਅਧਿਐਨ-ਅਧੀਨ ਲਿਆਉਣਾ ਉੱਨੀ ਦੇਰ ਤਕ ਵਧੇਰੇ ਸਾਰਥਕ ਨਹੀਂ, ਜਿੰਨੀ ਦੇਰ ਤਕ ਉਨ੍ਹਾਂ ਦੇ ਵਰਤਮਾਨ ਪ੍ਰਸੰਗ ਨੂੰ ਨ ਉਸਾਰਿਆ ਜਾਏ। ਜੋ ਅਧਿਐਨ ਕੇਵਲ ਮਧਕਾਲੀ ਜਾਂ ਕੋਰੀ ਵਿਆਖਿਆ ਤਕ ਸੀਮਿਤ ਰਹਿ ਜਾਂਦੇ ਹਨ, ਉਨ੍ਹਾਂ ਨੂੰ ਸਮਕਾਲੀ ਸਮੀਖਿਆ ਵਿਚ ਕੋਈ ਸਥਾਨ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ ਜਾ ਸਕਦਾ । ਆਲੋਚਕ ਦਾ ਇਹ ਕਰਤੱਵ ਹੈ ਕਿ ਉਹ ਮਧਕਾਲੀ ਪਾਠ ਵਰਤਮਾਨ ਪ੍ਰਸੰਗ ਵਿਚ ਵਿਚਾਰਦਿਆਂ ਉਸ ਨੂੰ ਭਵਿਖਮੁਖੀ ਰਾਹ ਉਤੇ ਤੋਰੇ ਤੇ ਇਹ ਤਾਂ ਹੀ ਸੰਭਵ ਹੁੰਦਾ ਹੈ ਜੇ ਆਲੋਚਕ ਸਮਕਾਲੀ ਅਧਿਐਨ ਦੀਆਂ ਵਿਧੀਆਂ ਤੇ ਦ੍ਰਿਸ਼ਟੀਆਂ ਨੂੰ ਆਧਾਰ ਤੇ ਪਿਛੋਕੜ ਬਣਾਉਣ ਦੇ ਯੋਗ ਹੋਵੇ । ਡਾ. ਗੁਰਚਰਨ ਸਿੰਘ ਦੇ ਇਸ ਅਧਿਐਨ ਵਿਚ ਇਹ ਯੋਗਤਾ ਸਪੱਸ਼ਟ ਹੈ ਤੇ ਉਹ ਇਸ ਅਧਿਐਨ ਨੂੰ ਪਾਠਕ ਤਕ ਪਹੁੰਚਾਉਣ ਦੇ ਵਿਚ ਸਮਰੱਥ ਹੈ ।

ਪੰਜਾਬੀ ਸਾਹਿਤ ਦੇ ਵਿਕਾਸ ਵਿਚ ਮਧਕਾਲੀ ਸਾਹਿਤ ਹੀ ਸਭ ਤੋਂ ਸਮਰੱਥ ਸਾਹਿਤ ਹੈ । ਇਹ ਹੀ ਕਾਰਣ ਹੈ ਕਿ ਅਸੀਂ ਮਧਕਾਲੀ ਸਾਹਿਤ ਨੂੰ ਸਮਝਣ ਅਤੇ ਉਸ ਦੇ ਪੁਨਰ-ਅਰਥ ਕਰਨ ਲਈ ਬਾਰ ਬਾਰ ਰੁਚਿਤ ਹੁੰਦੇ ਹਾਂ । ਮਧਕਾਲੀ ਸਾਹਿਤ ਦੀ ਸੰਰਚਨਾਤਮਕਤਾ ਦੀਆਂ ਗੁੰਝਲਾਂ ਖੋਲ੍ਹਣੀਆਂ, ਉਸ ਦੇ ਸਾਹਿਤ-ਸ਼ਾਸਤਰ ਤਕ ਪਹੁੰਚਣਾ, ਵਰਤਮਾਨ ਪ੍ਰਸੰਗ ਵਿਚ ਉਸ ਦੇ ਅਰਥਾਂ ਨੂੰ ਜਾਣਨਾ, ਇਹ ਕਾਰਜ ਭਵਿਖ ਵਿਚ ਵੀ ਸਮੀਖਿਆਕਾਰਾਂ ਦਾ ਪ੍ਰਮੁਖ ਕਾਰਜ ਰਹੇਗਾ ਤੇ ਇਸ ਲੜੀ ਵਿਚ ਹੀ ਡਾ. ਗੁਰਚਰਨ ਸਿੰਘ ਦੀ ਇਹ ਪੁਸਤਕ ਇਕ ਮਹੱਤਵਯੋਗ ਕਦਮ ਹੈ । ਉਮੀਦ ਹੈ ਪੰਜਾਬੀ ਪਾਠਕ ਇਸ ਪੁਸਤਕ ਦਾ ਗੰਭੀਰ ਰੂਪ ਵਿਚ ਸੁਆਗਤ ਕਰਨਗੇ ।

—ਸੁਤਿੰਦਰ ਸਿੰਘ ਨੂਰ
ਮੁਖੀ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

(ੳ) ਵਰਤਮਾਨ ਪ੍ਰਸੰਗ :

ਭਾਸ਼ਾ ਤੇ ਸਾਹਿਤ 9

ਚਿਹਨ-ਵਿਗਿਆਨ : ਦੁਜੈਲੀ ਮਾਡਲ ਸਿਰਜਨਾ 18

(ਅ) ਮਧਕਾਲੀ ਪਾਠ ਦਾ ਵਰਤਮਾਨ ਪ੍ਰਸੰਗ ਵਿਚ ਅਧਿਐਨ :

ਪੈਟਰਨ-ਚੇਤਨਾ ਤੇ ਬਾਣੀ-ਵਿਚਾਰ 24

ਗੁਰਬਾਣੀ ਦਾ ਪ੍ਰਵਚਨ-ਸਿਧਾਂਤ 35

ਗੁਰਬਾਣੀ-ਅਧਿਐਨ, ਅਧਿਆਪਨ ਤੇ ਖੋਜ-ਵਿਧੀਆਂ 41

ਗੁਰਬਾਣੀ ਤੇ ਸੂਫ਼ੀ ਕਵਿਤਾ ਦਾ ਪੰਜਾਬੀ ਸੰਸਕ੍ਰਿਤੀ ਉਤੇ ਪ੍ਰਭਾਵ 49

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਪ੍ਰਦਾਇਕ ਸਦਭਾਵਨਾ ਦਾ ਸਰੂਪ 55

ਗੁਰੂ ਨਾਨਕ ਦੇਵ ਜੀ ਦੀ ਧਰਮ-ਦ੍ਰਿਸ਼ਟੀ—'ਜਪੁ ਜੀ' ਦੇ ਆਧਾਰ ਉਤੇ 62

'ਜਪੁ ਜੀ' ਸਾਹਿਬ ਵਿਚਲੇ ਪੰਜ ਖੰਡਾਂ ਦਾ ਅਧਿਐਨ 75

'ਜਾਪੁ ਸਾਹਿਬ' ਦਾ ਥੀਮਿਕ ਅਧਿਐਨ 81

ਗੁਰਬਾਣੀ ਦਾ ਕਾਵਿ-ਸ਼ਾਸਤਰ 85

ਸੂਫ਼ੀ ਕਾਵਿ ਦਾ ਰਹਾਉ-ਸ਼ਾਸਤਰ 98

ਪੰਜਾਬੀ ਕਿੱਸਾ-ਕਾਵਿ : ਕੇਂਦਰ ਤੇ ਵਿਕੇਂਦਰ 104

ਪੰਜਾਬੀ ਕਿੱਸਾ-ਕਾਵਿ ਦਾ ਥੀਮਿਕ ਅਧਿਐਨ 112

ਕਿੱਸਾ-ਕਾਵਿ ਦਾ ਕਾਵਿ-ਸ਼ਾਸਤਰ 118

ਕਾਫ਼ੀ-ਸੰਸਾਰ ਤੋਂ ਕਿੱਸਾ-ਸੰਸਾਰ ਵਲ 131

ਜਨਮਸਾਖੀ ਦਾ ਬਿਰਤਾਂਤ-ਸ਼ਾਸਤਰ 143

ਬੀਰ ਰਸੀ ਕਾਵਿ ਦਾ ਬਿਰਤਾਂਤ-ਸ਼ਾਸਤਰ 149

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ ਤੇ ਸਾਹਿਤ

ਭਾਵੇਂ ਇਕ ਸਾਹਿਤਕ ਕਿਰਤ ਦੀ ਸਿਰਜਨਾਂ ਅਜਿਹੇ ਸਾਹਿਤਕ ਤੱਤਾਂ—ਜਿਵੇਂ ਕਿ ਕਥਾਨਕ, ਥੀਮ, ਚਰਿਤਰ, ਵਿਚਾਰਾਂ, ਬਿੰਬਾਂ ਆਦਿ—ਨਾਲ ਕੀਤੀ ਜਾਂਦੀ ਹੈ ਪਰੰਤੂ ਇਨ੍ਹਾਂ ਤੱਤਾਂ ਦੇ ਸਰੂਪ ਦੀ ਪਛਾਣ ਅਤੇ ਇਨ੍ਹਾਂ ਨੂੰ ਰੂਪ ਦੇਣ ਦੀ ਕ੍ਰਿਆ-ਪ੍ਰਕਿਰਿਆ ਵਿਚ ਭਾਸ਼ਾ ਦੀ ਤਕਨੀਕ ਦਾ ਹੀ ਕੇਂਦਰੀ ਸਥਾਨ ਹੈ। ਇਸ ਲਈ ਅਜ ਇਸ ਗੱਲ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਸਾਹਿਤ, ਭਾਸ਼ਾ ਦੀਆਂ ਹੀ ਕੁਝ ਲੁਕਵੀਆਂ ਵਿਸ਼ੇਸ਼ਤਾਵਾਂ ਦਾ ਉਘੜਵਾਂ ਵਿਸਤਾਰ ਹੈ। ਉਸ ਦੀ ਹੋਂਦ, ਭਾਸ਼ਾ ਦੇ ਕ੍ਰਿਆਸ਼ੀਲ ਹੋਣ ਵਿਚੋਂ ਹੀ ਸੁਰਜੀਤ ਹੁੰਦੀ ਹੈ ਅਤੇ ਜਿਸ ਵਿਅਕਤੀ ਪਾਸ ਭਾਸ਼ਾ ਵਿਚੋਂ ਉਹਨੂੰ ਜਗਾ, ਮਘਾ ਸਕਣ ਦੀ ਯੋਗਤਾ ਤੇ ਸਮਰਥਾ ਹੁੰਦੀ ਹੈ, ਉਹ ਹੀ ਕਵੀ ਤੇ ਸਾਹਿਤਕਾਰ ਦੀ ਪ੍ਰਤਿਭਾ ਦਾ ਮਾਲਕ ਕਿਹਾ ਜਾ ਸਕਦਾ ਹੈ। ਇਸ ਲਈ ਅਜ ਦੇ ਸਾਹਿਤ ਦੇ ਵਿਦਿਆਰਥੀ ਲਈ ਲਗਭਗ ਇਹ ਲਾਜ਼ਮੀ ਬਣ ਗਿਆ ਹੈ ਕਿ ਉਸ ਨੂੰ (1) ਭਾਸ਼ਕ ਪ੍ਰਪੰਚ, (2) ਉਹਦੀ ਪ੍ਰਕਿਰਤੀ ਅਤੇ (3) ਉਹਦੇ ਪ੍ਰਕਾਰਜਾਂ ਦਾ ਭਰਵਾਂ ਗਿਆਨ ਹੋਵੇ, ਤਾਕਿ ਉਹ ਭਾਸ਼ਾ ਦੇ ਇਸ ਭਰੋਸੇਯੋਗ ਗਿਆਨ ਨਾਲ ਸਾਹਿਤ-ਵਿਸ਼ਲੇਸ਼ਣ ਵਧੇਰੇ ਭਰਵੀਂ ਯੋਗਤਾ ਨਾਲ ਕਰ ਸਕੇ।

ਪਹਿਲਾਂ ਭਾਸ਼ਾ ਦੀ ਪ੍ਰਕਿਰਤੀ ਨੂੰ ਲੈਂਦੇ ਹਾਂ। ਇਸ ਬਾਰੇ ਤਾਂ ਅਰੰਭਲੀ ਸਟੇਜ ਉਤੇ ਇਹ ਜਾਣ ਲੈਣਾ ਹੀ ਕਾਫ਼ੀ ਹੈ ਕਿ ਇਹ ਇਕ ਮਾਤਰ ਮਨੁੱਖ ਦੀ ਹੀ ਪ੍ਰਾਪਤੀ ਹੈ, ਜੋ ਕਿ ਇਸ ਨੂੰ ਬਾਕੀ ਜੀਵ ਜੰਤੂਆਂ ਤੋਂ ਵੱਖ ਕਰ ਦੇਂਦੀ ਹੈ। ਭਾਸ਼ਾ ਧੁਨੀਆਂ, ਰੂਪੀਮਾਂ, ਸੰਰਚਨਾਵਾਂ ਦਾ ਇਕ ਆਪਹੁਦਰੇ ਸੰਬੰਧਾਂ ਦਾ ਸਿਸਟਮ ਹੈ, ਜੋ ਕਿ ਮਨੁੱਖ ਨੇ ਅਰਥ-ਸਿਰਜਨ ਤੇ ਉਨ੍ਹਾਂ ਦਾ ਸੰਚਾਰ ਕਰਨ ਲਈ ਸਿਰਜਿਆ ਹੈ। ਇਸ ਦੀ ਪ੍ਰਕਿਰਤੀ ਸਿਰਜਨਾਤਮਕ ਹੈ, ਕਿਉਂਕਿ ਹਰ ਭਾਸ਼ਾ ਦਾ ਪ੍ਰਮਾਣੀਕ ਵਕਤਾ ਇਸ ਨੂੰ ਸੰਪੂਰਨ ਤੇ ਨਵੀਨ ਢੰਗ ਨਾਲ ਪ੍ਰਯੋਗ ਕਰਨ ਦੀ ਯੋਗਤਾ ਰਖਦਾ ਹੈ ਅਤੇ ਉਹ ਉਨ੍ਹਾਂ ਉਚਾਰਾਂ ਨੂੰ ਸਿਰਜਨ ਤੇ ਸਮਝਣ ਦੀ ਵੀ ਸਮਰਥਾ ਰਖਦਾ ਹੈ ਜੋ ਕਿ ਉਹਨੇ ਪਹਿਲਾਂ ਕਦੇ ਸੁਣੇ ਤਕ ਵੀ ਨਹੀਂ ਹੁੰਦੇ। ਭਾਸ਼ਾ ਇਕ ਸਮਾਜਕ ਸੰਪ੍ਰਦਾਇ ਹੈ, ਜੋ ਕਿ ਸਮੇਂ ਦੇ ਨਾਲ ਬਦਲਦੀ ਵੀ ਰਹਿੰਦੀ ਹੈ ਅਤੇ ਜੀਵਨ ਦੇ ਬਦਲਦੇ ਹਾਲਾਤ ਨਾਲ ਇਹਦੀ ਅਨੁ-ਕੂਲਨਸ਼ੀਲਤਾ ਦੀ ਸ਼ਕਤੀ ਵੀ ਨਿਰੰਤਰ ਪਰਵਾਹ ਵਾਂਗ ਵਧਦੀ ਹੀ ਜਾਂਦੀ ਹੈ।

ਪ੍ਰਕਿਰਤੀ ਤੋਂ ਬਾਅਦ ਇਹਦੇ ਪ੍ਰਕਾਰਜਾਂ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰ ਲੈਣੀ ਉਚਿਤ ਹੈ। ਭਾਸ਼ਾ ਦੇ ਕਈ ਭਿੰਨ ਭਿੰਨ ਪ੍ਰਕਾਰਜ ਹਨ; ਪਰੰਤੂ ਇਸ ਦਾ ਕੇਂਦਰੀ ਪ੍ਰਕਾਰਜ ਸੰਚਾਰ ਕਰਨਾ ਹੈ : ਸੰਦੇਸ਼ ਦਾ ਸੰਚਾਰ ਕਰਨਾ ਤੇ ਸੰਦੇਸ਼ ਨੂੰ ਗ੍ਰਹਿਣ ਕਰਨਾ। ਕਿਸੇ ਵੀ ਪ੍ਰਕਾਰ ਦੇ ਸੰਚਾਰ ਲਈ ਵਕਤੇ ਤੇ ਸਰੋਤੇ ਦੀ ਹੋਂਦ ਲਗਭਗ ਲਾਜ਼ਮੀ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਵਕਤੇ ਦਾ ਉਦੇਸ਼, ਉਹਦੇ ਸੰਦੇਸ਼ ਦੇ ਸਰੋਤੇ ਰਾਹੀਂ ਸਮਝੇ ਜਾਣ ਅਤੇ ਸਰੋਤੇ ਪਾਸੋਂ ਅਨੁਕ੍ਰਿਆ ਦਾ ਹੁੰਗਾਰਾ ਭਰੇ ਜਾਣਾ ਹੁੰਦਾ ਹੈ । ਠੀਕ ਅਨੁਕ੍ਰਿਆ ਮਿਲੇ, ਇਸ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਸਰੋਤਾ ਉਸੇ ਸ਼ੈਲੀ ਦੀ ਭਾਸ਼ਾ ਵਰਤੇ ਜੋ ਕਿ ਸਰੋਤੇ ਦੀ ਯੋਗਤਾ ਨੂੰ ਧਿਆਨ ਵਿਚ ਰਖ ਕੇ ਰਚੀ ਗਈ ਹੋਵੇ । ਦੂਜੇ ਸ਼ਬਦਾਂ ਵਿਚ ਇਹਦਾ ਭਾਵ ਇਹ ਹੈ ਕਿ ਭਾਸ਼ਾ ਵਕਤੇ ਅਤੇ ਸਰੋਤੇ ਵਿਚਕਾਰ ਸਾਂਝਾ ਸਿਸਟਮੀ ਧਰਾਤਲ ਹੈ, ਜਿਥੇ ਖਲੋ ਕੇ ਉਨ੍ਹਾਂ ਇਕ ਦੂਜੇ ਨਾਲ ਸੰਚਾਰ ਕਰਨਾ ਹੈ । ਇਸ ਲਈ ਸੰਚਾਰ ਤਦ ਹੀ ਸੰਭਵ ਹੁੰਦਾ ਹੈ ਜਦ ਕਿ ਵਕਤਾ ਤੇ ਸਰੋਤਾ ਦੋਵੇਂ ਹੀ ਆਪਣੇ ਤੋਂ ਪਹਿਲੀ ਭਾਸ਼ਾਈ ਸੰਪ੍ਰਦਾਇ ਨੂੰ ਪਹਿਲਾਂ ਮਨੋਵਾਸ ਕਰਦੇ ਹਨ ਤੇ ਇਸੇ ਮਨੋਵਾਸ ਕੀਤੀ ਸਾਂਝੀ ਯੋਗਤਾ ਦੀ ਸਥਾਈ ਸਿਸਟਮੀ ਪਿੱਠ-ਭੂਮੀ ਵਿਚੋਂ ਉਹ ਆਪਣੇ ਸੰਚਾਰ ਦੇ ਨਵੀਨ ਸੰਦੇਸ਼ਾਂ ਦੇ ਪੈਟਰਨ ਸਿਰਜ ਸਕਣ ਅਤੇ ਸਮਝ ਸਕਣ ਦੇ ਯੋਗ ਹੁੰਦੇ ਹਨ ।

ਜੋ ਰਿਸ਼ਤਾ ਵਕਤੇ ਸਰੋਤੇ ਵਿਚ ਹੈ; ਉਹੋ ਰਿਸ਼ਤਾ ਲੇਖਕ ਤੇ ਉਹਦੇ ਪਾਠਕਾਂ ਵਿਚ ਹੁੰਦਾ ਹੈ । ਇਸ ਲਈ ਭਾਸ਼ਾ ਤੇ ਸਾਹਿਤ ਦੇ ਕਿਸੇ ਵੀ ਜਟਿਲ ਸੰਬੰਧ ਨੂੰ ਚਰਚਾ ਦਾ ਵਿਸ਼ਾ ਬਣਾਉਣ ਤੋਂ ਪਹਿਲਾਂ ਘੱਟੋ ਘੱਟ ਵਿਦਾ-ਬਿੰਦੂ ਵਜੋਂ ਸਭ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਪਛਾਨ ਲੈਣਾ ਚਾਹੀਦਾ ਹੈ ਕਿ ਸਾਹਿਤਕ ਕਿਰਤ ਵੀ, ਹੋਰ ਭਾਸ਼ਾਈ ਪ੍ਰਯੋਗਾਂ ਵਾਂਗ, ਸੰਚਾਰ ਲਈ ਸਿਰਜਿਆ ਗਿਆ ਇਕ ਪ੍ਰਵਚਨ ਹੈ, ਜਿਸ ਨੂੰ ਇਕ ਸਾਹਿਤਕਾਰ ਨੇ ਸਿਰਜਿਆ ਹੈ ਅਤੇ ਪਾਠਕਾਂ ਦੇ ਗ੍ਰਹਿਣ ਕਰਨ ਦੇ ਪ੍ਰਯੋਜਨ ਲਈ ਸਿਰਜਿਆ ਹੈ । ਸਾਹਿਤਕਾਰ ਤੇ ਪਾਠਕ ਵਿਚਲਾ ਲਿੰਕ-ਬਿੰਦੂ ਸਾਹਿਤਕ ਕਿਰਤ ਹੀ ਹੈ । ਸਪਸ਼ਟਤਾ ਲਈ ਹੇਠਲਾ ਚਿੱਤਰ ਵੇਖਿਆ ਜਾ ਸਕਦਾ ਹੈ :

ਸਾਹਿਤਕਾਰ > [ਸਾਹਿਤਕ ਪ੍ਰਵਚਨ/ਕਿਰਤ] < ਪਾਠਕ

ਇਸ ਸਾਹਿਤਕ ਕਿਰਤ ਪ੍ਰਤੀ ਪਾਠਕ ਦੀ ਅਨੁਕ੍ਰਿਆ ਤਿੰਨ ਪਰਵਰਤਨਸ਼ੀਲ ਆਯਾਮਾਂ ਨਾਲ ਸੰਬੰਧਿਤ ਹੋਵੇਗੀ :

1. ਪ੍ਰਵਚਨ ਦੀ ਪ੍ਰਕਿਰਤੀ ਕੀ ਹੈ ? ਸਾਹਿਤਕਾਰ ਕੀ ਕਹਿੰਦਾ ਹੈ ਅਤੇ ਉਸ ਦੇ ਕਹਿਣ ਦੀ ਸ਼ੈਲੀ ਕੀ ਹੈ ?

2. ਪਾਠਕ ਦਾ ਸੰਬੰਧਿਤ ਸਾਹਿਤਕ ਕਿਰਤ ਦੀ ਪ੍ਰਸੰਸਾ ਕਰ ਸਕਣ ਦੀ ਆਪਣੀ ਯੋਗਤਾ ਤੇ ਅਨੁਭਵ ਕੀ ਹੈ ?

3. ਅਧਿਐਨ ਲਈ ਪਾਠਕ ਦੀ ਪਹੁੰਚ-ਵਿਧੀ/ਅਧਿਐਨ-ਵਿਧੀ ਕਿੰਨੀ ਕੁ ਸੁਯੋਗ ਹੈ ।

ਜਿਥੋਂ ਤਕ ਭਾਸ਼ਾ ਦੀ ਪ੍ਰਕਿਰਤੀ ਦੀ ਗੱਲ ਹੈ, ਉਹ ਸਾਮਾਨਯ ਰੂਪ ਵਿਚ ਅਸੀਂ ਪਹਿਲਾਂ ਨਿਸ਼ਚਿਤ ਕਰ ਚੁੱਕੇ ਹਾਂ । ਇਥੇ ਹੁਣ ਗਲ ਸਾਹਿਤਕ ਪ੍ਰਵਚਨ ਦੀ ਪ੍ਰਕਿਰਤੀ ਦੀ ਕਰਨੀ ਹੈ । ਸਾਹਿਤਕ ਪ੍ਰਵਚਨ ਦੀ ਪ੍ਰਕਿਰਤੀ ਨੂੰ ਜਾਣਨ ਲਈ ਸਾਨੂੰ ਪਰਿਪੇਖ ਇਕ ਭਾਸ਼ਾ ਦੇ ਅਨੇਕ ਪ੍ਰਯੋਜਨਾ ਦਾ ਹੀ ਬਣਾਉਣ ਰਾਹੀਂ, ਸਮੱਸਿਆ ਸੌਖੀ ਸਪਸ਼ਟ ਹੋ ਸਕਦੀ ਹੈ । ਭਾਸ਼ਾ ਦੇ ਭਿੰਨ ਭਿੰਨ ਪ੍ਰਯੋਜਨਾਂ ਦੇ ਬਹੁਤੇ ਵਿਸਤਾਰ ਵਿਚ ਨਾ ਪੈਂਦੇ ਹੋਏ ਭਾਸ਼ਾ ਦੇ ਇਕ ਵਿਆਪਕ ਤੇ ਸੰਤੁਲਵੇਂ ਪ੍ਰਯੋਗ, ਜਿਸ ਨੂੰ ਮਿਆਰੀ ਭਾਸ਼ਾ ਦਾ ਪ੍ਰਯੋਗ ਕਹਿੰਦੇ ਹਾਂ, ਉਸ ਦੀ ਪਿੱਠ-ਭੂਮੀ ਵਿਚੋਂ ਸਾਹਿਤ-ਪ੍ਰਵਚਨ ਦੇ ਪ੍ਰਯੋਗ ਅਤੇ ਉਸਦੇ ਪ੍ਰਯੋਜਨ ਨੂੰ

CC-0. In Public Domain. Gurukul Kangri Collection, Haridwar

ਤਾਂ ਸਹਿਜੇ ਹੀ ਵੱਖ ਕਰ ਕੇ ਪਛਾਣਿਆ ਜਾ ਸਕਦਾ ਹੈ । ਇਸ ਪਾਸੇ ਵੱਲ ਵਿਸ਼ੇਸ਼
Digitized by Arya Samaj Foundation Chennai and eGangotri
ਧਿਆਨ ਪਰਾਗ ਭਾਸ਼ਾ ਵਿਗਿਆਨੀ ਸਕੂਲ ਦੇ ਵਿਦਵਾਨ ਮੁਕਾਰੋਵਸਕੀ ਨੇ ਦਿੱਤਾ । ਉਸ ਨੇ ਨਿਤ ਦੇ ਪ੍ਰਯੋਗ ਵਿਚ ਆਉਂਦੀ ਭਾਸ਼ਾ ਨੂੰ ਸਾਹਿਤਕ ਪ੍ਰਵਚਨ ਦੇ ਭਾਸ਼ਾ-ਪ੍ਰਯੋਗ ਦੀ ਪ੍ਰਕਿਰਤੀ ਨਾਲੋਂ ਵੱਖ ਕਰ ਕੇ ਸਮਝਾਇਆ । ਉਸ ਦੀ ਬੁਨਿਆਦੀ ਧਾਰਨਾ ਇਹ ਹੈ ਕਿ ਮਿਆਰੀ ਭਾਸ਼ਾ ਤੇ ਸਾਹਿਤਕ ਭਾਸ਼ਾ ਇਕੋ ਭਾਸ਼ਾ ਦੇ ਹੀ ਦੋ ਵਿਸਤਾਰ ਹਨ । ਮੁਕਾਰੋਵਸਕੀ ਦੀ ਇਹ ਅੰਤਰ-ਦ੍ਰਿਸ਼ਟੀ ਅਜਿਹੀ ਹੈ ਜਿਸ ਨੇ ਭਾਸ਼ਾ ਖੇਤਰ ਦੀਆਂ ਅਨੇਕ ਪ੍ਰਯੋਗਾਂ ਦੀਆਂ ਅਸੀਮ ਸੰਭਾਵਨਾਵਾਂ ਦੇ ਪਾਸਾਰ ਖੋਲ੍ਹ ਦਿੱਤੇ ਹਨ । ਜਿਉਂ ਜਿਉਂ ਭਾਸ਼ਾ ਦੇ ਨਵੇਂ ਪ੍ਰਯੋਗ ਸਾਹਮਣੇ ਆਉਂਦੇ ਹਨ, ਤਿਉਂ ਤਿਉਂ ਉਸ ਦੇ ਨਵੀਨ ਪ੍ਰਯੋਜਨਾਂ ਦਾ ਫੈਲਾਉ ਹੁੰਦਾ ਰਹਿੰਦਾ ਹੈ ਅਤੇ ਤਿਉਂ ਤਿਉਂ ਵੱਖਰੇ ਵੱਖਰੇ ਪ੍ਰਯੋਜਨਾਂ ਦੀ ਪੂਰਤੀ ਲਈ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਉਘੜਦੀਆਂ ਆਉਂਦੀਆਂ ਹਨ । ਇਸੇ ਲਈ ਹੀ ਅਸੀਂ ਕਹਿੰਦੇ ਹਾਂ ਕਿ ਸਾਹਿਤ ਵੀ ਭਾਸ਼ਾ ਦੀਆਂ ਕੁਝ ਲੁੱਪਤ ਵਿਸ਼ੇਸ਼ਤਾਵਾਂ ਦਾ ਹੀ ਵਿਸਤਾਰ ਹੈ ।

ਪਰ ਇਥੇ ਹੀ ਪ੍ਰਸ਼ਨ ਉਠਦਾ ਹੈ ਕਿ ਸਾਹਿਤਕ ਪ੍ਰਵਚਨ ਭਾਸ਼ਾ ਦੀਆਂ ਲੁਪਤ ਵਿਸ਼ੇਸ਼ਤਾਵਾਂ ਨੂੰ ਕਿਵੇਂ ਵਿਸਤਾਰਦਾ ਅਤੇ ਸਿਰਜਦਾ ਹੈ । ਇਸ ਨੂੰ ਸੁਬੋਧ ਬਣਾਉਣ ਲਈ ਸ਼ੈਲੀ-ਵਿਗਿਆਨ ਨੇ ਪ੍ਰਤਿਮਾਨ ਤੇ ਪਰਾਹਨ ਦਾ ਮਾਡਲ ਪੇਸ਼ ਕੀਤਾ ਹੈ । ਪ੍ਰਤਿਮਾਨ ਦੀ ਪ੍ਰਾਪਤੀ ਮਿਆਰੀ ਭਾਸ਼ਾ ਵਿਚੋਂ ਸੰਸਕਾਰ ਰੂਪ ਵਿਚ ਪ੍ਰਾਪਤ ਹੁੰਦੀ ਹੈ । ਇਹ ਹਰ ਵਿਅਕਤੀ ਨੂੰ ਆਪਣੀ ਪਰੰਪਰਾ ਦੀ ਮਰਯਾਦਾ ਵਿਚ ਜੀਉਂਦਿਆਂ ਸਹਿਜੇ ਹੀ ਮਨੋਵਾਸ ਹੋ ਜਾਂਦੀ ਹੈ । ਇਸ ਲਈ ਮਿਆਰੀ ਭਾਸ਼ਾ ਨੂੰ ਪਰੰਪਰਾਗਤ ਨਿਸ਼ਚਿਤ ਪ੍ਰਤਿਮਾਨਾ ਦਾ ਉਹ ਸਿਸਟਿਮ ਕਿਹਾ ਗਿਆ ਹੈ, ਜਿਸ ਪ੍ਰਤੀ ਉਸ ਭਾਸ਼ਾਈ ਸਮੂਹ ਦੇ ਵਿਅਕਤੀਆਂ ਦੀ ਅਨੁਕਿਰਿਆ ਸ੍ਵੈਚਾਲਿਤ ਭਾਂਤ ਦੀ ਹੋ ਜਾਂਦੀ ਹੈ । ਇਸ ਨਾਲ ਵਿਅਕਤੀ ਅਚੇਤ ਹੀ ਨਿਰੰਤਰਤਾ ਵਿਚ ਜੁੜਿਆ ਰਹਿੰਦਾ ਹੈ । ਨਿਤ ਵਰਤੋਂ ਵਿਹਾਰ ਦੇ ਪ੍ਰਯੋਗ ਸਮੇਂ ਵਿਅਕਤੀ ਅਚੇਤ ਹੀ ਇਨ੍ਹਾਂ ਪ੍ਰਤਿਮਾਨਾਂ ਦੀ ਵਰਤੋਂ, ਇਨ੍ਹਾਂ ਬਾਰੇ ਸੁਚੇਤ ਹੋਏ ਬਿਨਾ, ਕਰਦਾ ਚਲਾ ਜਾਂਦਾ ਹੈ । ਭਾਸ਼ਾ ਦੇ ਅਜਿਹੇ ਪ੍ਰਤਿਮਾਨਕ ਪ੍ਰਯੋਗ ਸਮੇਂ ਮਿਆਰੀ ਭਾਸ਼ਾ ਦੀ ਉਕਤੀ ਇਤਨੀ ਸ੍ਵੈਚਾਲਿਤ ਰਹਿੰਦੀ ਹੈ ਕਿ ਵਕਤਾ/ਸਰੋਤਾ ਦਾ ਵਿਹਾਰ ਆਪਣੇ ਆਪ ਵਲ ਧਿਆਨ ਖਿਚੇ ਬਿਨਾਂ ਸਹਿਜੇ ਹੀ ਸੰਚਾਰ ਦੇ ਧਰਮ ਨੂੰ ਨਿਭਾ ਜਾਂਦਾ ਹੈ । ਮਿਆਰੀ ਭਾਸ਼ਾ ਦੇ ਅਜਿਹੇ ਸ੍ਵੈਚਾਲਿਤ ਪ੍ਰਕਾਰਜ ਦੇ ਵਿਰੋਧ ਵਜੋਂ ਹੀ ਮੁਕਾਰੋਵਸਕੀ ਨੇ ਸਾਹਿਤਕ ਪ੍ਰਵਚਨ ਦੀ ਭਾਸ਼ਾ ਦੇ ਨਿਰਸ੍ਵੈਚਾਲਿਤ/ਪਰਾਹਨ-ਮੂਲਕ/ਸੁਹਜਾਤਮਕ ਪ੍ਰਕਾਰਜ/ਪ੍ਰਯੋਗ/ਸਰੂਪ ਨੂੰ ਪੇਸ਼ ਕੀਤਾ । ਜਦੋਂ ਅਸੀਂ ਕਿਸੇ ਵਸਤੂ, ਕਾਰਜ, ਉਕਤੀ, ਉਚਾਰ, ਪ੍ਰਵਚਨ ਆਦਿ ਵਲ ਪਰਾਹਿਤ/ਨਿਰਸ੍ਵੈਚਾਲਿਤ ਰੂਪ ਵਿਚ ਅਨੁਕ੍ਰਿਆਸ਼ੀਲ ਹੁੰਦੇ ਹਾਂ ਤਾਂ ਉਸ ਦਾ ਸਹਿਜ ਪ੍ਰਾਪਤ ਆਮ ਤੇ ਵਿਹਾਰਕ ਪ੍ਰਯੋਗ ਦਾ ਪ੍ਰਯੋਜਨ ਪਿੱਠ-ਭੂਮੀ ਵਿਚ ਚਲਾ ਜਾਂਦਾ ਹੈ ਅਤੇ ਵਸਤੂ, ਕਾਰਜ, ਉਕਤੀ, ਉਚਾਰ ਜਾਂ ਪ੍ਰਵਚਨ ਆਪਣੇ ਆਪ ਵਿਚ ਸਾਡੇ ਧਿਆਨ ਦਾ ਕੇਂਦਰ ਬਣਦੀ ਹੈ । ਅਜਿਹੀ ਸਥਿਤੀ ਵਿਚ ਸਹਿਜ-ਸੰਚਾਰ ਦੀ ਥਾਂ ਪ੍ਰਗਟਾਵਾ ਕਾਰਜ ਅਗ੍ਰਭੂਮੀ ਵਿਚ ਆ ਜਾਂਦਾ ਹੈ । ਅਜਿਹਾ ਪਰਾਹਨ-ਮੂਲਕ ਪ੍ਰਗਟਾਵਾ ਕਿਸੇ ਭਾਸ਼ਾ ਦੇ ਸੁਹਜਤਾਮਕ ਪ੍ਰਯੋਗ ਦੁਆਰਾ ਹੀ ਸੰਭਵ ਹੁੰਦਾ ਹੈ । ਇਸ ਪ੍ਰਤਿਮਾਨ ਤੇ ਪਰਾਹਨ ਦੇ ਦ੍ਵੈਤ ਦੇ ਆਧਾਰ ਉਤੇ ਹੀ ਕਵੀ ਪ੍ਰਤਿਮਾਨ-ਮੂਲਕ ਭਾਸ਼ਾ ਦੀ ਪਿੱਠ-ਭੂਮੀ ਵਿਚੋਂ ਨਵੀਨ ਪਰਾਹਿਤ ਅਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿਰਜ ਸਕਣ ਦੇ ਯੋਗ ਹੁੰਦਾ ਹੈ। ਪ੍ਰਤਿਮਾਨ-ਮੂਲਕ ਸਹਿਜ-ਭਾਸ਼ਾ ਪਿੱਠ-ਭੂਮੀ ਪ੍ਰਦਾਨ ਕਰਦੀ ਹੈ ਤੇ ਪਰਾਹਨ-ਮੂਲਕ ਪ੍ਰਕਾਰਜ, ਨਵੀਨ ਅਰਥ ਨੂੰ ਅਗ੍ਰਭੂਮਿਤ ਕਰ ਕੇ ਸਾਡਾ ਧਿਆਨ ਆਪਣੇ ਵਲ ਖਿਚਦਾ ਹੈ। ਇਉਂ ਅਗ੍ਰਭੂਮਨ ਦੀ ਜੁਗਤ ਸੰਚਾਰ ਨੂੰ ਪਿੱਠ-ਭੂਮੀ ਵਿਚ ਸਰਕਾ ਦੇਂਦੀ ਹੈ। ਪਰ ਭਾਸ਼ਾਈ ਤੱਤਾਂ ਦੇ ਪੂਰਬ ਪ੍ਰਾਪਤ ਅਰਥ ਪਿੱਠ-ਭੂਮੀ ਵਿਚ ਕਾਰਜਸ਼ੀਲ ਜ਼ਰੂਰ ਰਹਿੰਦੇ ਹਨ। ਕਵੀ ਕੇਵਲ ਇਕ ਇਕਾਗਰ ਨਿਰੰਤਰਤਾ ਅਤੇ ਵਿਵਸਥਿਤ ਸਮਾਨੰਤਰਤਾ ਦੀ ਵਿਧੀ ਰਾਹੀਂ ਅਗਰਭੂਮੀ ਦਾ ਪ੍ਰਕਾਰਜ ਨਿਭਾਉਂਦਾ ਹੈ। ਇਸ ਗਲ ਨੂੰ ਵਧੇਰੇ ਸਪਸ਼ਟ ਕਰਨ ਲਈ ਡਾ: ਹਰਿਭਜਨ ਸਿੰਘ ਹੋਰਾਂ ਨੇ ਆਪਣੀ ਪੁਸਤਕ 'ਸਾਹਿਤ ਵਿਗਿਆਨ' ਵਿਚ ਇਕ ਅਤਿਅੰਤ ਢੁਕਦੀ ਉਦਾਹਰਣ ਦਿੱਤੀ ਹੈ। ਉਹ ਉਦਾਹਰਣ ਮੈਂ ਸਪਸ਼ਟਤਾ ਖਾਤਰ ਇਥੇ ਦੁਹਰਾਉਣਾ ਯੋਗ ਸਮਝਦਾ ਹਾਂ। ਉਦਾਹਰਣ ਹੈ :

ਮਾਤੇ ਮਤੰਗ ਜਰੇ ਜਰ ਸੰਗ
ਅਨੂਪ ਉਤੰਗ ਸੁਰੰਗ ਸਵਾਰੇ
ਕੋਟ ਤੁਰੰਤ ਕੁਰੰਗ ਸੇ ਕੂਦਤ
ਪੌਨ ਕੇ ਗੌਨ ਕੋ ਜਾਤ ਨਿਵਾਰੇ
ਭਾਰੀ ਭੁਜਾਨ ਕੇ ਭੂਪ ਭਲੀ ਬਿਧ
ਨਿਆਵਤ ਸੀਸ ਨਾ ਜਾਤ ਬਿਚਾਰੇ
ਏਤੇ ਭਏ ਤੋ ਕਹਾ ਗਏ ਭੂਪਤ
ਅੰਤ ਕੋ ਨਾਂਗੇ ਹੀ ਪਾਏਂ ਪਧਾਰੇ।

ਇਥੇ ਇਕਾਗਰ-ਨਿਰੰਤਰਤਾ ਦਾ ਭਾਵ ਇਹ ਹੈ ਕਿ ਕਵੀ ਸਾਰੀ ਮਿਆਰੀ ਭਾਸ਼ਾ ਨੂੰ ਹੀ ਅਗ੍ਰਭੂਮਨ ਨਹੀਂ ਕਰਦਾ। ਸਗੋਂ ਮਿਆਰੀ ਭਾਸ਼ਾ ਦੇ ਬਹੁਤੇ ਤੱਤ ਪਿੱਠ-ਭੂਮੀ ਵਿਚ ਰਹਿੰਦੇ ਹਨ; ਕਵੀ ਜਿਸ ਵੀ ਅੰਗ/ਅੰਸ਼ ਨੂੰ ਅਗ੍ਰਭੂਮਿਤ ਕਰਦਾ ਹੈ, ਉਸ ਦੀ ਦਿਸ਼ਾ ਨਿਸ਼ਚਿਤ ਹੁੰਦੀ ਹੈ। ਇਥੇ ਪਿੱਠ-ਭੂਮੀ ਵਿਚੋਂ ਪੈਟਰਨ ਪਛਾਣਨ ਦੀ ਬਿਰਤੀ ਮਨੁੱਖ ਨੂੰ ਅਗ੍ਰਭੂਮਿਤ ਕੀਤੇ ਜਾ ਰਹੇ ਤੱਤ ਦੇ ਇਕੋ ਦਿਸ਼ਾ ਵਲ ਕਾਰਜਸ਼ੀਲ ਹੋਣ ਦੇ ਨੇਮ ਰਾਹੀਂ ਸਹਾਇਕ ਹੁੰਦੀ ਹੈ। ਮਿਸਾਲ ਲਈ ਛੰਦ, ਆਪਣੇ ਤੁਕਾਂਤਾਂ ਰਾਹੀਂ ਅਗ੍ਰ-ਭੂਮਨ ਦਾ ਕੰਮ ਕਰਦਾ ਹੈ! ਸਵਾਰੇ, ਨਿਵਾਰੇ, ਬਿਚਾਰੇ, ਪਧਾਰੇ ਇਸੇ ਸੁਨਿਸ਼ਚਿਤ ਦਿਸ਼ਾ ਵਲ ਵਧਦੇ ਇਕ ਪੈਟਰਨ ਵਿਚ ਪਰੁਚੇ ਪਛਾਣੇ ਜਾਂਦੇ ਹਨ। ਅਜਿਹਾ ਕੰਮ ਕਵੀ ਨੇ ਇਨ੍ਹਾਂ ਸ਼ਬਦਾਂ ਵਿਚਲੇ ਅੰਤਰ-ਸੰਬੰਧਾਂ ਨੂੰ ਇਕ ਨਿਸ਼ਚਿਤ ਦਿਸ਼ਾ ਵਿਚ ਅੱਗੇ ਵਧਾ ਕੇ ਅਗ੍ਰਭੂਮਿਤ ਕੀਤਾ ਹੈ। ਮਤੰਗ, ਸੁਰੰਗ, ਤੁਰੰਗ, ਕੁਰੰਗ ਆਦਿ ਸ਼ਬਦ ਤੁਕਾ ਅੰਦਰਵਾਰ ਉਹੋ ਕੰਮ ਕਰ ਰਹੇ ਹਨ ਜੋ ਸਵਾਰੇ, ਨਿਵਾਰੇ ਆਦਿ ਤੁਕਾਂ ਦੇ ਅੰਤ ਵਿਚ ਕਰਦੇ ਹਨ। ਇਉਂ ਅਜਿਹੇ ਅੰਤਰ-ਸਬੰਧਾਂ ਦੇ ਪੈਟਰਨ ਸਾਰੇ ਸਵੈਯੇ ਵਿਚ ਅਗ੍ਰਭੂਮਿਤ ਕੀਤੇ ਇਕ ਨਿਰੰਤਰ ਮੁਹਾਂਦਰੇ ਬਣੇ ਪਏ ਹਨ, ਜੋ ਸਾਡਾ ਧਿਆਨ ਆਪਣੇ ਵਲ ਇਕ ਵਿਵਸਥਿਤ ਸਿਸਟਮ ਵਿਚ ਬੱਝੇ ਖਿਚਦੇ ਹਨ।

ਇਸ ਤਰ੍ਹਾਂ ਕਾਵਿ-ਭਾਸ਼ਾ ਵਿਚ ਵੀ ਕਵੀ ਉਚਾਰ ਤੇ ਉਕਤੀਆਂ ਹੀ ਪੇਸ਼ ਕਰਦਾ ਹੈ ਪਰ ਉਨ੍ਹਾਂ ਉਕਤੀਆਂ ਤੇ ਉਚਾਰਾਂ ਤੋਂ ਤੁਰ ਕੇ ਅਸੀਂ ਉਨ੍ਹਾਂ ਵਿਚ ਅਗ੍ਰਭੂਮਿਤ ਕਾਵਿ ਦੇ ਨਵੀਨ ਸਿਸਟਮ ਦੇ ਪੈਟਰਨ ਨੂੰ ਪਛਾਣਨਾ ਹੁੰਦਾ ਹੈ। ਭਾਸ਼ਾ-ਵਿਗਿਆਨੀ ਦਾ ਕਾਰਜ ਵੀ ਇਹੋ ਹੈ। ਉਹ ਵੀ ਉਚਾਰੇ ਹੋਏ ਕਥਨਾਂ ਤੋਂ ਤੁਰ ਕੇ ਉਸ ਦੇ ਪਿਛੇ ਕੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਨੇਮਾਂ ਦੀ ਵਿਆਕਰਣ ਬਣਾਂਦਾ ਹੈ । ਸਾਹਿਤਕ ਕਿਰਤ ਦਾ ਅਧਿਐਨ ਕਰਨ ਵੇਲੇ ਸ਼ੈਲੀਵਿਗਿਆਨੀ ਵੀ ਸਾਹਿਤਕ ਪੈਰੋਲਾਂ/ਉਚਾਰਾਂ ਤੋਂ ਤੁਰ ਕੇ ਉਸ ਪਿਛੇ ਕਾਰਜ-ਸ਼ੀਲ ਤੇ ਅਗ੍ਰਭੂਮਿਤ ਕੀਤੇ ਜਾ ਰਹੇ ਨਵੇਂ-ਸੰਬੰਧਾਂ ਦੇ ਪੈਟਰਨਾਂ ਦੇ ਸਿਸਟਮ ਨੂੰ ਪਛਾਣਦਾ ਹੈ । ਵੈਸੇ ਕਾਵਿਕ ਵਿਆਕਰਣ ਦੇ ਏਹ ਨੇਮ/ਪੈਟਰਨ ਆਮ ਭਾਸ਼ਾ ਵਾਂਗ ਚੁਪ ਚਾਪ ਖਾਮੋਸ਼ੀ ਵਿਚ ਪਿਛੇ ਬੈਠੇ ਰਹਿੰਦੇ ਹਨ । ਵਿਨਿਆਸ ਬੋਲਦਾ ਨਹੀਂ, ਵਾਕ ਬੋਲਦਾ ਹੈ । ਜਦੋਂ ਕੋਈ ਵਿਅਕਤੀ ਬੋਲਦਾ ਹੈ ਤਾ ਪੈਰੋਲ/ਉਚਾਰ ਬੋਲਦੇ ਹਨ । ਇਸ ਦਾ ਭਾਵ ਇਹ ਹੈ ਕਿ ਪੈਰੋਲ/ਉਚਾਰ/ਵਾਕ/ਉਕਤੀ, ਵਿਨਿਆਸ ਦੇ ਪੂਰਨਿਆਂ ਉਤੇ ਚਲਦੀ ਹੈ । ਇਹਦੇ ਵਿਚੋਂ ਹੀ ਕਵੀ ਦੇ ਹੋਰ ਵਰਤਾਰੇ ਸਾਹਮਣੇ ਆਉਂਦੇ ਜਾਂਦੇ ਹਨ । ਇਨ੍ਹਾਂ ਸਾਰਿਆਂ ਵਰਤਾਰਿਆਂ ਪਿਛੇ ਵਿਨਿਆਸ ਸਮਾਨਤੰਤਰਤਾ ਤੇ ਵਿਵਸਥਾ ਦੇ ਪੈਟਰਨ-ਸਿਸਟਮ ਵਿਚ ਕਾਰਜਸ਼ੀਲ ਰਹਿੰਦਾ ਹੈ । ਇਉਂ ਨੇਮਾਂ/ਪੈਟਰਨਾਂ ਦਾ ਸਿਸਟਮ ਆਧਾਰ ਬਣ ਜਾਂਦਾ ਹੈ ਤੇ ਉਸ ਉਤੇ ਵੰਨ ਸੁਵੰਨੇ ਉਸਾਰ ਉਸਾਰੇ ਜਾਂਦੇ ਹਨ । ਥਲੇ ਪਿੱਠ-ਭੂਮੀ ਵਿਚ ਪਰੰਪਰਾ ਤੇ ਮਰਯਾਦਾ ਦੇ ਨੇਮ ਹੁੰਦੇ ਹਨ । ਕਵੀ ਉਨ੍ਹਾਂ ਵਿਚੋਂ ਆਪਣੇ ਸੰਬੰਧਾਂ ਦੇ ਨਵੇਂ ਪੈਟਰਨ ਅਗ੍ਰਭੂਮਿਤ ਕਰਦਾ ਹੈ । ਇਉਂ ਪ੍ਰਤਿਮਾਨਾਂ ਦਾ ਪਰਾਹਨ ਹੁੰਦਾ ਹੈ ਅਤੇ ਨਵੀਨ ਸਿਰਜਨ ਦਾ ਉਦੈ ਹੁੰਦਾ ਹੈ । ਉਦਾਹਰਣ ਲਈ ਅਸੀਂ ਡਾ: ਗੁਪਾਲ ਸਿੰਘ ਦਰਦੀ ਦੀ ਇਕ ਕਵਿਤਾ 'ਚਾਨਣ ਦਾ ਪਹਾੜ' ਨੂੰ ਲੈਂਦੇ ਹਾਂ । ਇਸ ਕਵਿਤਾ ਦੇ ਪਿੱਠ-ਭੂਮਨ ਵਿਚ ਗੁਰੂ ਨਾਨਕ ਦੇਵ ਦੀਆਂ ਜੀਵਨ-ਸਾਖੀਆਂ, ਪਿੱਠ-ਭੂਮਨ ਪ੍ਰਦਾਨ ਕਰਦੀਆਂ ਹਨ । ਕਵੀ ਇਨ੍ਹਾਂ ਸਾਖੀਆਂ ਦੇ ਪਿੱਠ-ਭੂਮਨ ਵਿਚੋਂ ਇਕ ਨਵੇਂ ਸੰਬੰਧਾਂ ਤੇ ਵਿਵਸਥਾ ਵਾਲੇ ਨਵੀਨ ਸੰਭਾਵਨਾ ਦੇ ਰੀਮਿਕ ਪੈਟਰਨ ਅਗ੍ਰਭੂਮਿਤ ਕਰਦਾ ਚਲਾ ਜਾਂਦਾ ਹੈ । ਸਾਰੀ ਕਵਿਤਾ ਗੁਰੂ ਨਾਨਕ ਦੇ ਜੀਵਨ ਦੇ ਪਿੱਠ-ਭੂਮਨ ਵਿਚੋਂ ਇਕ ਨਿਰੰਤਰਤਾ ਤੇ ਇਕਾਗਰ ਵਿਵਸਥਾ ਵਿਚ ਬੱਝੇ ਨਵੇਂ ਪੈਟਰਨ-ਸਿਸਟਮ ਨੂੰ ਪੇਸ਼ ਕਰਦੀ ਹੈ । ਕਵਿਤਾ ਬਹੁਤ ਲੰਬੀ ਹੈ, ਇਸ ਲਈ ਸਪਸ਼ਟਤਾ ਵਾਸਤੇ ਏਥੇ ਕੇਵਲ ਇਕ ਉਦਾਹਰਣ ਹੀ ਪੇਸ਼ ਹੈ :

ਮਹਿਤਾ ਕਾਲੂ ਨੇ ਗੁਰੂ ਨਾਨਕ ਨੂੰ ਕਿਹਾ
ਜਾਓ ਮੱਝਾਂ ਚਰਾ ਲਿਆਉ ।
ਬਾਬੇ ਨੇ ਆਖਿਆ : ਅਜ ਕਲ ਤਾਂ ਮੱਝਾਂ ਮਨੁੱਖਾਂ ਨੂੰ ਚਰਾਉਂਦੀਆਂ ਹਨ,
ਮੈਂ ਇਨ੍ਹਾਂ ਨੂੰ ਕਿਵੇਂ ਚਰਾਵਾਂਗਾ ?

ਇਹ ਪੰਗਤੀਆਂ ਕੇਵਲ ਪ੍ਰਤਿਮਾਨ ਦੇ ਪਰਾਹਨ ਰਾਹੀਂ ਨਵੀਨ ਅਗ੍ਰਭੂਮਿਤ ਪੈਟਰਨ ਨੂੰ ਸਪਸ਼ਟ ਕਰਨ ਦੀ ਵਿਧੀ ਨੂੰ ਸਪਸ਼ਟ ਕਰਨ ਲਈ ਦਿੱਤੀਆਂ ਗਈਆਂ ਹਨ । ਮੱਝਾਂ ਨੂੰ ਚਰਾਉਣ ਦੀ ਸਾਖੀ ਪਿੱਠ-ਭੂਮੀ ਵਿਚ ਹੈ, ਕਵੀ ਨਵੀਨ ਸੰਭਾਵਨਾ ਨੂੰ ਜਗਾ ਕੇ ਅਜਿਹਾ ਸਿਰਜਨ ਕਰਦਾ ਹੈ ਜੋ ਸਾਨੂੰ ਅਰਥਾਂ ਦੇ ਨਵੇਂ ਉਭਾਰੇ ਜਾ ਰਹੇ ਪੈਟਰਨ ਨੂੰ ਸਮਝਣ ਲਈ ਸੁਚੇਤ ਕਰਕੇ ਸਾਡੀਆਂ ਬਿਰਤੀਆਂ ਦਾ ਅਗ੍ਰਭੂਮਨ ਕਰ ਦੇਂਦਾ ਹੈ । ਇਸੇ ਮੁਦਰਾ ਨੂੰ ਬਾਰ ਬਾਰ ਦੁਹਰਾ ਕੇ ਕਵੀ ਨਵੀਨ ਸਿਰਜਨ ਕਰਦਾ ਹੈ ਤਾਂ ਇਉਂ ਇਕ ਨਵਾਂ ਸਮਾਨੰਤਰਤਾਵਾਦ ਦਾ ਵਿਵਸਥਿਤ ਪੈਟਰਨ-ਸਿਸਟਿਮ ਉਜਾਗਰ ਹੁੰਦਾ ਹੈ ਜੋ ਕਿ ਕਾਵਿਕ ਕਲਪਨਾ ਦੇ ਨਵੀਨ ਸੰਭਾਵਨਾਵਾਂ ਨੂੰ ਜਗਾਉਣ ਅਤੇ ਭਾਸ਼ਾ ਦੀਆਂ ਲੁਪਤ ਸੰਭਾਵਨਾਵਾਂ ਨੂੰ ਉਜਾਗਰ ਕਰਨ ਰਾਹੀਂ ਸਾਰੀ ਕਵਿਤਾ ਵਿਚ ਕਾਰਜਸ਼ੀਲ ਹੈ । ਇਸੇ ਜੁਗਤ ਰਾਹੀਂ ਕਵੀ ਮਰਯਾਦਾ ਦੀ ਨਿਰੰਤਰਤਾ ਨੂੰ ਰੋਕ ਕੇ, ਨਵੀਨ ਨਿਯੰਤ੍ਰਣ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਨ੍ਹਦਾ ਹੈ ਅਤੇ ਇਉਂ ਹੀ ਨਵੀਨ ਸਿਰਜਨ ਦਾ ਜਨਮ ਹੁੰਦਾ ਹੈ। ਅਜਿਹਾ ਸਾਹਿਤਕਾਰ, ਭਾਸ਼ਾ ਦੇ ਪੂਰਬਲੀ ਪਿੱਠ-ਭੂਮਨ ਦੀ ਯੋਗਤਾ ਵਿਚੋਂ ਨਵੀਨ ਪ੍ਰਕਾਰ ਦੇ ਨਿਭਾਉ ਦੇ ਪੈਟਰਨਾਂ ਨੂੰ ਜਗਾ ਦੇਣ ਦੀ ਵਿਧੀ ਰਾਹੀਂ ਹੀ ਕਰ ਸਕਣ ਦੇ ਯੋਗ ਹੁੰਦਾ ਹੈ। ਇਉਂ ਸਾਹਿਤ, ਮਰਯਾਦਾਗਤ ਭਾਸ਼ਾ ਦਾ ਹੀ ਪਰਾਹਨ ਕਰਕੇ ਭਾਸ਼ਾ ਦੇ ਵੱਖੋ ਵੱਖਰੇ ਪ੍ਰਯੋਜਨਾਂ ਦੀ ਪੂਰਤੀ ਕਰਦਾ ਹੈ ਤੇ ਸਾਹਿਤ ਵੀ ਭਾਸ਼ਾ ਦਾ ਹੀ ਪ੍ਰਾਹਿਤ ਪ੍ਰਯੋਗ ਹੀ ਹੈ। ਇਹ ਪ੍ਰਾਹਿਤ ਪ੍ਰਯੋਗ ਕਵਿਤਾ ਵਿਚ ਅਲੰਕਾਰ ਤੋਂ ਸ਼ੁਰੂ ਹੋ ਕੇ ਵਿਰੋਧਾਭਾਸ ਤਕ ਚਲਾ ਜਾਂਦਾ ਹੈ ਤੇ ਬਾਕੀ ਗਲਪ ਵਿਚ ਭਾਸ਼ਾ ਦਾ ਇਹ ਰੂਪ ਫੈਲਦਾ ਹੈ : ਘਟਨਾਵਾਂ ਵਿਚ, ਪਾਤਰਾਂ ਵਿਚ, ਕਥਾਨਕ/ਪਲਾਟ ਵਿਚ ਅਤੇ ਟਿੱਪਣੀਆਂ ਵਿਚ। ਭਾਸ਼ਾ ਤੇ ਸਾਹਿਤ ਦਾ ਸੰਬੰਧ ਇਥੇ ਪਲਾਟ, ਘਟਨਾਵਾਂ, ਪਾਤਰਾਂ ਤੇ ਟਿੱਪਣੀ ਆਦਿ ਸਭ ਨੂੰ ਜਦੋਂ ਭਾਸ਼ਾ ਵਾਂਗ ਗ੍ਰਹਿਣ ਕਰਨ ਉਤੇ ਬਲ ਦੇਂਦਾ ਹੈ ਤਾਂ ਉਸ ਦਾ ਭਾਵ ਇਹ ਹੈ ਕਿ ਉਥੇ ਇਨ੍ਹਾਂ ਨੂੰ ਵਸਤਾਂ ਦੀ ਨਕਲ ਅਤੇ ਵਸਤਾਂ ਦੇ ਬਦਲ ਤੋਂ ਵਖ ਕਰਨਾ ਅਤਿਅੰਤ ਲਾਜ਼ਮੀ ਬਣ ਜਾਂਦਾ ਹੈ। ਜਦੋਂ ਕਿਸੇ ਸਾਰੀ ਸਾਹਿਤਕ ਕਿਰਤ ਨੂੰ ਵਸਤਾਂ, ਘਟਨਾਵਾਂ, ਪਾਤਰਾਂ ਦੀ ਨਕਲ ਤੇ ਵਸਤਾਂ ਦੇ ਬਦਲ ਤੋਂ ਵਖ ਕਰ ਦੇਂਦੇ ਹਾਂ ਤਾਂ ਇਹ ਇਕ ਚਿਹਨ-ਵਿਗਿਆਨ ਬਣ ਜਾਂਦਾ ਹੈ ਜੋ ਕਿ ਸਾਡੀ ਜਾਣੀ ਪਛਾਣੀ ਮਰਯਾਦਾਗਤ ਪਿੱਠ-ਭੂਮੀ ਵਿਚੋਂ ਉਭਾਰੇ ਜਾ ਰਹੇ ਨਵੀਨ ਸਾਹਿਤਕ ਚਿਹਨ-ਵਿਗਿਆਨਕ ਪ੍ਰਵਚਨ ਪ੍ਰਤੀ ਸੁਚੇਤ ਹੋਣ ਲਈ ਸਾਡੇ ਧਿਆਨ ਨੂੰ ਅਗ੍ਰਭੂਮਿਤ ਕਰਦਾ ਹੈ। ਇਹੋ ਸਾਹਿਤਕ ਪੇਸ਼ਬੰਦੀ ਦਾ ਪ੍ਰਮੁਖ ਕਾਰਜ ਹੈ। ਭਾਸ਼ਾ ਤੇ ਸਾਹਿਤ ਦਾ ਆਪਸੀ ਸਬੰਧ ਹੀ ਇਹ ਹੈ ਕਿ ਸਾਹਿਤ ਵੀ ਆਪਣਾ ਇਕ ਨਵਾਂ ਸਿਰਜਿਤ ਚਿਹਨ-ਮੰਡਲ ਸਿਰਜਦਾ ਹੈ, ਜਿਸ ਦੇ ਪਿੱਠ-ਭੂਮਨ ਵਿਚ ਭਾਸ਼ਾ, ਮਰਯਾਦਾਗਤ ਤੇ ਨਿਰੰਤਰਤਾ ਦੇ ਅਚੇਤ ਪੱਧਰ ਤੇ ਕਾਰਜਸ਼ੀਲ ਚਿਹਨਾਂ ਦੇ ਸਿਸਟਮ ਵਜੋਂ ਕੰਮ ਕਰ ਰਹੀ ਹੁੰਦੀ ਹੈ।

ਇਸ ਸਾਰੀ ਕਿਰਿਆ-ਪ੍ਰਕਿਰਿਆ ਵਿਚ ਚਿਹਨਾਂ ਦੀ ਚੋਣ ਤੇ ਚਿਹਨਾਂ ਦੇ ਸੰਯੋਜਨ ਦੀ ਦੋ ਪਾਸਾਰੀ ਪ੍ਰਕਿਰਿਆ ਕਾਰਜਸ਼ੀਲ ਰਹਿੰਦੀ ਹੈ। ਸਾਹਿਤਕਾਰ ਵਿਸ਼ੇਸ਼ ਪ੍ਰਕਾਰ ਦੇ ਪੈਰਾਡਾਈਮ-ਬਿੰਦੂ ਉਤੇ ਆਪਣੇ ਨਵੀਨ ਚਿਹਨ-ਮੰਡਲ ਨੂੰ ਸੰਗਠਿਤ ਕਰਦਾ ਹੈ। ਆਮ ਤੌਰ ਤੇ ਸਾਹਿਤਕਾਰ ਤਿੰਨ ਪੈਰਾਡਾਈਮ-ਬਿੰਦੂ ਬਣਾਂਦਾ ਹੈ : ਇਕ ਕਾਵਿ ਜਾਂ ਪ੍ਰਗੀਤ ਦਾ, ਦੂਜਾ ਨਾਵਲ, ਕਹਾਣੀ ਜਾਂ ਗਲਪ ਦਾ ਅਤੇ ਤੀਜਾ ਨਾਟਕ ਦਾ। ਉਹ ਇਨ੍ਹਾਂ ਬਿੰਦੂਆਂ ਉਤੇ ਸਾਹਿਤਕ ਚਿਹਨਕਤਾ ਨੂੰ ਕਾਰਜਸ਼ੀਲ ਕਰਦਾ ਹੈ। ਇਸ ਸਾਰੀ ਕਿਰਿਆ-ਪ੍ਰਕਿਰਿਆ ਵਿਚ ਸਹਿਤਕ ਪ੍ਰਕਾਰਜ ਵਿਚ ਭਾਵੇਂ ਕਵੀ ਹੈ, ਨਾਵਲਕਾਰ, ਕਹਾਣੀਕਾਰ ਜਾਂ ਨਾਟਕਕਾਰ, ਉਸਦੇ ਸਾਹਿਤਕ ਪ੍ਰਕਾਰਜ ਦਾ ਇਕ ਵਿਆਪਕ ਪ੍ਰਕਾਰਜ ਇਹ ਹੁੰਦਾ ਹੈ ਕਿ ਉਹ ਯਥਾਰਥ ਵਿਚ ਪ੍ਰਾਪਤ ਚਿਹਨਾਂ ਦੀ ਪਿੱਠ-ਭੂਮੀ ਵਿਚੋਂ ਵਿਚਤਰੀਕਰਨ ਕਰਦਾ ਹੈ। ਯਥਾਰਥ ਦਾ ਵਿਚਤਰੀਕਰਨ, ਯਥਾਰਥ ਦੀ ਪੇਸ਼ਕਾਰੀ ਨਹੀਂ, ਇਹ ਉਸ ਦਾ ਸਾਹਿਤਕ ਦ੍ਰਿਸ਼ਟੀ ਤੋਂ ਨਵੀਨ ਸੰਕਲਪਨ ਹੈ। ਨਵੀਨ ਸੰਕਲਪਨ ਰਾਹੀਂ ਹੀ ਚਿਹਨ-ਵਿਗਿਆਨ ਦਾ ਵਿਸਤਾਰ ਦੁਜੈਲੀ ਸਿਰਜਨ-ਪ੍ਰਕਿਰਿਆ ਰਾਹੀਂ ਕੀਤਾ ਜਾਂਦਾ ਹੈ। ਨਾਵਲ ਜਾਂ ਕਹਾਣੀ-ਰਚਨਾ ਸਮੇਂ ਸਾਹਿਤਕ ਪਲਾਟ, ਪਾਤਰ, ਘਟਨਾਵਾਂ, ਵਾਤਾਵਰਨ, ਟਿੱਪਣੀ ਆਦਿ ਸਭ ਮਿਲ ਕੇ ਸਾਹਿਤਕਾਰ ਦੇ ਗਲਪੀ ਪ੍ਰਯੋਜਨ ਨੂੰ ਅਗ੍ਰਭੂਮਿਤ ਕਰਨ ਲਈ ਵਰਤੇ ਗਏ ਚਿਹਨ ਹਨ। ਇਸ ਵਿਧੀ ਨਾਲ ਗਲਪਕਾਰ ਦੇ ਸਾਰੇ ਵੇਰਵੇ ਵਾਸਤਵਿਕ ਸਮੇਂ ਤੇ ਸਥਾਨ ਤੋਂ ਨਿਖੜ ਕੇ ਗਲਪ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਕ ਪ੍ਰਵਚਨ ਦਾ ਅੰਗ ਬਣ ਜਾਂਦੇ ਹਨ । ਅਤੇ ਉਹ [illegible] ਸਮੇਂ ਸਥਾਨ ਵਿਚ ਸ਼ਾਮਲ ਹੋ ਕੇ ਅਤੇ ਇਉਂ ਭਾਸ਼ਾਈ ਮਸ਼ੀਨ ਵਿਚ ਪੈ ਕੇ, ਭਾਸ਼ਾ ਦੀ ਲਪੇਟ ਵਿਚ ਆ ਜਾਂਦੇ ਹਨ । ਕਿਉਂਕਿ ਇਥੇ ਇਹ ਸ਼ੁਧ ਭਾਸ਼ਾ ਨਹੀਂ ਰਹਿੰਦੇ ਤੇ ਇਕ ਸੰਕਲਪਨ ਵਿਚ ਬਝੇ ਪ੍ਰਵਚਨ ਦਾ ਅੰਗ ਬਣ ਜਾਦੇ ਹਨ, ਇਸ ਲਈ ਉਹ ਚਿਹਨ ਬਣ ਜਾਂਦੇ ਹਨ । ਇਵੇਂ ਹੀ ਦੂਜੈਲੀ ਮਾਡਲ ਸਿਰਜਨ ਦਾ ਪ੍ਰਵਚਨ-ਸਿਧਾਂਤ, ਸਾਹਿਤਕ ਕਿਰਤਾਂ ਦੇ ਸਿਰਜਨ ਵਿਚ ਕਾਰਜਸ਼ੀਲ ਹੁੰਦਾ ਹੈ । ਭਾਸ਼ਾ ਇਥੇ ਇਕ ਮਾਡਲ ਹੈ, ਜਿਸ ਦੇ ਪੂਰਨਿਆਂ/ਸੰਸ-ਕਾਰਾਂ ਉਤੇ ਹਰ ਵੇਰਵਾ ਤੁਰਦਾ ਹੈ । ਇਸੇ ਵਿਧੀ ਰਾਹੀਂ ਹੀ ਵਿਸ਼ੁਧ ਤੇ ਆਮ ਵਿਹਾਰ ਦੀ ਮਿਆਰੀ ਭਾਸ਼ਾ ਕਾਟੇ ਹੇਠ ਆਉਂਦੀ ਹੈ ਅਤੇ ਉਸ ਉਪਰ ਤੇ ਉਸ ਰਾਹੀਂ ਨਵਾਂ ਸੰਕਲਪਨ ਅਗ੍ਰਭੂਮਿਤ ਵੀ ਹੁੰਦਾ ਹੈ । ਭਾਸ਼ਾ ਦਿਸਦੀ ਤਾਂ ਰਹਿੰਦੀ ਹੈ ਪਰ ਉਸ ਉਪਰ ਜੋ ਦਿਸਦਾ ਹੈ ਉਹ ਸਾਹਿਤ ਹੁੰਦਾ ਹੈ । ਇਵੇਂ ਹੀ ਇਤਿਹਾਸ, ਦਰਸ਼ਨ ਤੇ ਵਿਗਿਆਨ ਆਦਿ ਅਨੁਸ਼ਾਸ਼ਨ ਵੀ ਭਾਸ਼ਾ ਤੋਂ ਨਿਖੇੜੇ ਨਹੀਂ ਜਾ ਸਕਦੇ, ਕੇਵਲ ਵੱਖਰੇ ਤੌਰ ਤੇ ਪਛਾਣੇ ਜਾ ਸਕਦੇ ਹਨ । ਇਨ੍ਹਾਂ ਅਰਥਾਂ ਵਿਚ ਭਾਸ਼ਾ ਇਕ ਮਾਡਲ ਹੈ, ਜੋ ਸਾਡੇ ਅਵਚੇਤਨ ਵਾਂਗ ਚੁਪ ਚਾਪ ਹਰ ਮਨੁੱਖੀ ਪ੍ਰਾਪਤੀ ਨੂੰ ਸੁਨੇਮਤ ਵੀ ਕਰਦੀ ਹੈ ਅਤੇ ਉਸ ਦੀ ਵੱਖਰਤਾ ਨੂੰ ਵੀ ਸਾਕਾਰ ਕਰਦੀ ਹੈ । ਭਾਸ਼ਾਈ ਤੇ ਸਾਹਿਤਕ ਪ੍ਰਵਚਨ ਬੋਲ ਤੇ ਪੈਰੋਲ ਹਨ ਤੇ ਪਿਛੇ ਨੇਮਾਂ ਦਾ ਧਰਾਤਲ ਮਾਡਲ ਤੇ ਪੂਰਨੇ ਹਨ ਜੋ ਚੁਪ ਦੇ ਪੈਰਾਡਾਈਮ ਰਾਹੀਂ ਕਰਜਸ਼ੀਲ ਰਹਿੰਦੇ ਹਨ । ਇਉਂ ਹਰ ਕਿਰਤ ਭਾਸ਼ਾਈ ਪੂਰਨਿਆਂ ਦੀ ਰਚਨਾ ਹੈ ਤੇ ਸਾਹਿਤ ਵੀ ਉਨ੍ਹਾਂ ਵਿਚੋਂ ਇਕ ਹੈ । ਇਹੋ ਭਾਸ਼ਾ ਤੇ ਸਾਹਿਤ ਦਾ ਸੰਬੰਧ ਹੈ ।

ਇਥੇ ਸਾਹਿਤਕ ਦ੍ਰਿਸ਼ਟੀ ਨੂੰ ਸਪਸ਼ਟ ਕਰਨ ਲਈ ਦੂਸਰੇ ਭਾਸ਼ਾਈ ਸੰਜਮਾਂ, ਇਤਿਹਾਸ, ਸਾਇੰਸ, ਫਿਲਾਸਫੀ ਤੇ ਵਿਗਿਆਨਕ ਸੰਜਮਾਂ ਤੋਂ ਨਿਖੇੜਨਾ ਯੋਗ ਹੈ । ਇਸ ਲਈ ਇਕ ਪਰਿਪੇਖ ਪੇਸ਼ ਕਰਨਾ ਹੀ ਯੋਗ ਹੈ, ਜਿਸ ਵਿਚੋਂ ਭਿੰਨ ਭਿੰਨ ਸੰਜਮਾਂ ਦੇ ਵਿਸ਼ੇਸ਼ ਪ੍ਰਯੋਜਨ ਦੇ ਪ੍ਰਦਰਸ਼ਨ ਨੂੰ ਵਿਆਪਕ ਭਾਸ਼ਾਈ ਪ੍ਰਕਾਰਜ ਵਿਚੋਂ ਅਗ੍ਰਭੂਮਨ ਕੀਤਾ ਜਾਵੇ । ਇਤਿਹਾਸ ਵਿਚ ਭਾਸ਼ਾ ਦਾ ਪ੍ਰਯੋਜਨ, ਤੱਥ ਪ੍ਰਦਰਸ਼ਨ ਕਰਨਾ ਹੁੰਦਾ ਹੈ, ਵਿਗਿਆਨ, ਸੰਕਲਪ ਦਾ ਪ੍ਰਦਰਸ਼ਨ ਕਰਦਾ ਹੈ; ਫਿਲਾਸਫੀ, ਵਿਚਾਰ ਦਾ ਪ੍ਰਦਰਸ਼ਨ ਕਰਦੀ ਹੈ ਅਤੇ ਇਨ੍ਹਾਂ ਦੇ ਪਰਿਪੇਖ ਵਿਚ ਸਾਹਿਤ ਸੰਕਲਪਨਾ, ਕਲਪਨਾ ਤੇ ਸੰਭਾਵਨਾ ਨੂੰ ਮਿਲਾਕੇ ਪੇਸ਼ ਕਰਦਾ ਹੈ । ਆਪਣੇ ਇਸੇ ਪ੍ਰਯੋਜਨ ਕਰ ਕੇ ਸਾਹਿਤ ਹੋਰ ਭਾਸ਼ਾਈ ਸੰਜਮਾਂ ਤੋਂ ਨਿਖੜ ਜਾਂਦਾ ਹੈ । ਸੰਕਲਪਨਾ ਦਾ ਭਾਵ ਇਹ ਹੈ ਕਿ ਸਾਹਿਤਕਾਰ ਜ਼ਿੰਦਗੀ ਦੇ ਕਿਸੇ ਪੱਖ ਦਾ ਚਿੰਤਨ ਹੀ ਕਿਸੇ ਵਿਸ਼ੇਸ਼ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ । ਸਾਹਿਤਕ ਦ੍ਰਿਸ਼ਟੀ ਤੋਂ ਜ਼ਿੰਦਗੀ ਦਾ ਚਿੰਤਨ ਕਰਨਾ ਹੀ, ਜ਼ਿੰਦਗੀ ਦੀ ਸਾਹਿਤਕ ਸੰਕਲਪਨਾ ਬਣਾਉਣ ਦੇ ਬਰਾਬਰ ਹੈ । ਪ੍ਰਸ਼ਨ ਹੈ : ਸਾਹਿਤਕ ਦ੍ਰਿਸ਼ਟੀ ਕੀ ਹੈ ? ਇਸ ਵਿਚ ਕਲਪਨਾ ਤੇ ਸੰਭਾਵਨਾ ਦੋਵੇਂ ਸਮਸਾਮਿਅਕ ਤੌਰ ਤੇ ਕਾਰਜਸ਼ੀਲ ਹੁੰਦੀਆਂ ਹਨ । ਕਲਪਨਾ, ਜੋ ਦਿਸਦਾ ਤੇ ਪ੍ਰਦਤ ਹੈ, ਉਸ ਤੋਂ ਵਖਰੀ ਹੁੰਦੀ ਹੈ । ਜੋ ਪ੍ਰਦਤ ਤੇ ਦਿਸਦਾ ਹੈ, ਉਹ ਯਥਾਰਥ ਹੈ । ਪ੍ਰਕਿਰਤੀ ਦਾ ਗੁਲਾਬ ਦਾ ਫੂਲ ਪ੍ਰਦਤ ਹੈ । ਪਰ ਜਦੋਂ ਸਾਹਿਤਕ ਦ੍ਰਿਸ਼ਟੀ ਤੋਂ ਕਲਪਨਾ ਕਾਰਜਸ਼ੀਲ ਹੁੰਦੀ ਹੈ ਤੇ ਕਵੀ ਉਸਨੂੰ ਸੰਕਲਪਦਾ ਹੈ ਤਾਂ ਉਹ ਕਿਸੇ ਗੁਲਾਬ ਨੂੰ ਸਵੇਰ ਵੀ ਬਣਾ ਸਕਦਾ ਹੈ ਤੇ ਰੋਂਦੇ ਮਨੁੱਖ ਦੇ ਹੰਝੂ ਵੀ । ਜਦੋਂ ਗੁਲਾਬ ਨੂੰ ਸਵੇਰ ਜਾਂ ਰੋਂਦੇ ਮਨੁੱਖ ਦਾ ਰੂਪ ਦੇ ਦਿੱਤਾ ਗਿਆ ਤਾਂ ਕਵੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਈ ਵਸਤ ਨੂੰ ਕਲਪਿਤ ਰੂਪ ਦੇ ਦਿੱਤਾ। ਇਉਂ ਕਲਪਨਾ ਵਿਚੋਂ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਨਿਕਲਦੀਆਂ ਹਨ। ਇਸ ਦਾ ਭਾਵ ਹੈ ਕਿਸੇ ਪ੍ਰਦਤ ਚੀਜ਼ ਨੂੰ ਇਕ ਸੇਧ ਵਿਚ ਪਾ ਕੇ ਕਿਸੇ ਹੋਰ ਵਸਤ ਨਾਲ ਤੁਲਨਾ ਦੇ ਦਿਉ ਤਾਂ ਇਉਂ ਹੀ ਅਲੰਕਾਰ ਤੇ ਉਪਮਾ ਦੀ ਸੰਭਾਵਨਾ ਜਾਗ ਪੈਂਦੀ ਹੈ ਤੇ ਆਮ ਵਰਤੋਂ ਦੀ ਭਾਸ਼ਾ, ਸਾਹਿਤਕ ਭਾਸ਼ਾ ਵਿਚ ਬਦਲ ਕੇ ਵੱਖ ਪਛਾਣੀ ਜਾਂਦੀ ਹੈ। ਉਦਾਹਰਣ ਲਈ 'ਦੁਖ' ਦੀ ਭਾਵਨਾ ਨੂੰ ਜਦੋਂ ਕਵੀ ਸਾਹਿਤਕ ਦ੍ਰਿਸ਼ਟੀ ਤੋਂ ਸੰਕਲਪਦਾ ਹੈ ਤਾਂ ਕਲਪਨਾ ਕਾਰਜਸ਼ੀਲ ਹੁੰਦੀ ਹੈ ਤੇ ਸੰਭਾਵਨਾ ਦਾ ਪਾਸਾਰ ਇਸ ਸਮੂਰਤਨ ਦਾ ਰੂਪ ਧਾਰਦਾ ਹੈ ਜੋ ਬਿਲਕੁਲ ਨਵੀਨ ਅਗ੍ਰਭੂਮਨ ਹੈ :

ਮੈਂ ਕੰਡਿਆਲੀ ਥੋਰ ਵੇ ਸਜਨਾ
ਉਗੀ ਕਿਸੇ ਕੁਰਾਹੇ
ਨ ਕਿਸੇ ਮਾਲੀ ਸਿੰਜਿਆ ਮੈਨੂੰ
ਨ ਕੋਈ ਸਿੰਜਣਾ ਚਾਹੇ
ਮੈਂ ਉਹ ਚੰਦਰੀ
ਜਿਸ ਦੀ ਡੋਲੀ
ਲੁਟ ਲਈ ਆਪ ਕੁਹਾਰਾ
ਬਨ੍ਹਣ ਦੀ ਥਾਂ ਜਿਸ ਦੇ ਬਾਬਲ
ਆਪ ਕਲੀਰੇ ਲਾਹੇ।

ਉਪਰੋਕਤ ਉਦਾਹਰਣ ਵਿਚ ਕੰਡਿਆਲੀ ਥੋਰ ਕਵੀ ਦੇ ਦੁਖ ਨੂੰ ਪੇਸ਼ ਕਰਨ ਲਈ ਤੁਲਨਾ ਦੀ ਸੰਭਾਵਨਾ ਨੂੰ ਉਭਾਰਦੀ ਹੈ। ਉਹਨੇ ਦੁਖ ਨੂੰ ਸਿੱਧਾ ਪੇਸ਼ ਨਹੀਂ ਕੀਤਾ। ਦੁਖ ਨੂੰ ਕੰਡਿਆਲੀ ਥੋਰ ਵਿਚ ਉਤਾਰ ਦਿੱਤਾ ਹੈ। ਤੇ ਬਾਅਦ ਵਿਚ ਦੁਖ ਨੂੰ ਤੁਲਨਾ ਦੇਣ ਵਾਲੀਆਂ ਹੋਰ ਸੰਭਾਵਨਾਵਾਂ ਨਿਕਲਦੀਆਂ ਆਉਂਦੀਆਂ ਹਨ, ਕਹਾਰ ਡੋਲੀ ਲੁਟ ਰਹੇ ਹਨ, ਬਾਬਲ ਕਲੀਰੇ ਲਾਹ ਰਿਹਾ ਹੈ। ਉਪਰੋਂ ਵੇਖਿਆਂ ਇਹ ਸਮੂਰਤ ਦ੍ਰਿਸ਼ ਹੈ, ਪਰ ਜਦੋਂ ਅਸੀਂ ਇਸ ਅਰਥ ਤੇ ਦ੍ਰਿਸ਼ਟੀ ਨੂੰ ਵੇਖਣਾ ਹੁੰਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਸ ਵਿਚ ਸੰਕਲਪਨਾ ਵੀ ਹੈ, ਕਲਪਨਾ ਵੀ ਤੇ ਸੰਭਾਵਨਾ ਵੀ। ਇਸ ਤਰ੍ਹਾਂ ਸਾਹਿਤ ਦੀ ਆਪਣੀ ਇਕ ਦ੍ਰਿਸ਼ਟੀ ਹੈ ਜੋ ਹੋਰ ਭਾਸ਼ਾਈ ਸੰਜਮਾਂ ਵਿਚ ਨਹੀਂ ਹੁੰਦੀ।

ਇਸੇ ਤਰ੍ਹਾਂ ਗਲਪ ਵਿਚ ਵਿਚਤਰੀਕਰਨ ਦੀ ਵਿਧੀ ਕਾਰਜਸ਼ੀਲ ਹੁੰਦੀ ਹੈ। ਇਹ ਵੀ ਪ੍ਰਦਤ ਵਸਤ ਨੂੰ ਸਿੱਧਾ ਪੇਸ਼ ਨਹੀਂ ਕਰਦੀ। ਇਹ ਪਰਦਰਸ਼ਨ ਤੇ ਚਿਤਰੀਕਰਨ ਨਹੀਂ, ਇਹ ਵਿਚਤਰੀਕਰਨ ਹੈ। ਇਸ ਵਿਚ ਚਿੱਤਰ ਵੀ ਹੈ, ਅਜਨਬੀਕਰਨ ਵੀ ਹੈ ਤੇ ਐਂਦ੍ਰੀਯ ਬਿੰਬ ਵੀ ਹੈ। ਇਹ ਸਮੂਰਤ ਚਿੰਤਨ ਹੈ। ਇਸੇ ਲਈ ਇਹ ਨਿਰੀ ਯਥਾਰਥ ਦੀ ਪੇਸ਼ਕਾਰੀ ਨਹੀਂ। ਇਹ ਯਥਾਰਥ ਦਾ ਵਿਚਤਰੀਕਰਨ ਹੈ। ਇਹ ਗਲਪ ਦਾ ਪ੍ਰਵਚਨ ਹੈ। ਉਦਾਹਰਣ ਲਈ ਗੁਰੂ ਨਾਨਕ ਦੇ ਜਨਮ ਦੀ ਸਾਖੀ ਵੇਖੋ। ਉਨ੍ਹਾਂ ਦਾ ਜਨਮ ਤਾਂ ਯਥਾਰਥਕ ਸਮੇਂ ਵਿਚ ਹੁੰਦਾ ਹੈ। ਪਰੰਤੂ ਬਾਕੀ ਸਾਰੇ ਵੇਰਵੇ ਉਨ੍ਹਾਂ ਦੇ ਜਨਮ ਦਾ ਭਾਰਤੀ ਅਵਤਾਰ-ਮਿੱਥ ਕੇ ਕੋਡ ਵਿਚ ਉਨ੍ਹਾਂ ਦੇ ਜਨਮ ਦਾ ਵਿਚਤਰੀਕਰਨ ਹੀ ਕਰਦਾ ਹੈ। ਜਨਮ ਇਸਲੋਕ ਵਿਚ ਹੋ ਰਿਹਾ ਹੈ, ਪਰ ਅਨਹਦ ਵਾਜੇ ਧਰਮੇਸ਼ਰ ਦੇ ਦਰਬਾਰ ਵਜ ਰਹੇ ਹਨ। 33 ਕਰੋੜ ਦੇਵਤੇ, ਸਿੱਧ, ਨਾਥ ਆਦਿ ਸੰਪ੍ਰਦਾਵਾਂ ਦੇ ਆਗੂ ਸਭ ਨਮਸਕਾਰ ਕਰਦੇ ਹਨ ਕਿ ਵਡਾ ਭਗਤ ਜਗਤ ਕੋ ਨਿਸਤਾਰਨ ਆਇਆ। ਇਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਖੀਕਾਰ [illegible] ਨੂੰ [illegible] ਦੇ [illegible] ਦੇ ਸੰਕਲਪਨ ਵਿਚ ਉਤਾਰ ਕੇ ਸਾਰੇ ਯਥਾਰਥ ਦਾ ਵਿਚਤਰੀਕਰਨ ਕਰ ਦੇਂਦਾ ਹੈ। ਸਾਖੀ ਦੀ ਸਿਰਜਨਾ ਵਿਚ ਸੰਕਲਪਨਾ ਵੀ ਹੈ, ਕਲਪਨਾ ਵੀ ਤੇ ਸੰਭਾਵਨਾ ਵੀ। ਇਹੋ ਸਾਹਿਤਕ ਦ੍ਰਿਸ਼ਟੀ ਹੈ ਜੋ ਸਾਹਿਤਕ ਕਿਰਤ ਨੂੰ ਭਾਸ਼ਾ ਦੇ ਹੋਰ ਪ੍ਰਯੋਗਾਂ/ਵਰਤਾਰਿਆਂ ਤੇ ਉਚਾਰਾਂ/ਉਕਤੀਆਂ/ਪ੍ਰਵਚਨਾਂ ਨਾਲੋਂ ਨਖੇੜਦੀ ਹੈ। ਪਰ ਹੁੰਦਾ ਇਹ ਸਭ ਕੁਝ ਭਾਸ਼ਾ ਵਿਚ ਵਿਆਪਕ ਹੀ ਹੈ। ਨਾਟਕ ਵਿਚ ਵੀ ਕੋਈ ਨਾ ਕੋਈ ਸੰਕਲਪਨ, ਯਥਾਰਥ ਦਾ ਕਲਪਿਤ ਤੇ ਸੰਭਾਵਿਤ ਵਿਚਤ੍ਰਿਤ ਬਿੰਬ ਪੇਸ਼ ਕਰਦਾ ਹੈ ਪਰ ਉਥੇ ਅਗ੍ਰਭੂਮਨ ਉਤੇ ਨਾਟਕੀ ਕਾਰਜ ਦਾ ਆ ਜਾਂਦਾ ਹੈ। ਇਸ ਲਈ ਜਦੋਂ ਵੀ ਯਥਾਰਥ ਨੂੰ ਕਿਸੇ ਸੂਤ੍ਰਿਤ ਸੰਕਲਪਨ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਜਾਂਦਾ ਹੈ ਤਾ ਉਹ ਵਿਚਿਤ੍ਰਿਤ ਬਿੰਬ ਵਿਚ ਪ੍ਰਕਾਸ਼ਮਾਨ ਹੋ ਕੇ ਸਾਹਿਤਕ ਦ੍ਰਿਸ਼ਟੀ ਨੂੰ ਹੀ ਪੇਸ਼ ਕਰਦਾ ਹੈ। ਅਗੇ ਉਸ ਦੇ ਭਿੰਨ ਭਿੰਨ ਪੈਰਾਡਿਗਮੈਟਿਕ ਬਿੰਦੂ ਵਖਰੇ ਹੁੰਦੇ ਜਾਂਦੇ ਹਨ। ਕੋਈ ਕਵਿਤਾ ਬਣ ਜਾਂਦੀ ਹੈ, ਕੋਈ ਨਾਟਕ ਤੇ ਕੋਈ ਨਾਟਕ ਤੇ ਕੋਈ ਕਿੱਸਾ, ਕਹਾਣੀ ਜਾਂ ਨਾਵਲ। ਪਰ ਇਹ ਸਭ ਭਾਸ਼ਾ ਵਿਚ ਪ੍ਰਕਾਸ਼ਮਾਨ ਹੁੰਦੇ ਹਨ। ਆਪਣੀਆ ਜੁਗਤਾਂ ਰਾਹੀਂ ਤੇ ਅਗ੍ਰਭੂਮਨ ਰਾਹੀਂ ਵਖਰੇ ਪਛਾਣੇ ਜਾਂਦੇ ਹਨ। ਕਵਿਤਾ ਦੇ ਅਗ੍ਰਭੂਮਨ ਵਿਚ ਰੂਪਕ ਤੁਲਨਾ ਤੇ ਵਿਰੋਧਾਭਾਸ ਆ ਜਾਂਦੇ ਹਨ। ਨਾਵਲ ਤੇ ਨਿਕੀ ਕਹਾਣੀ ਵਿਚ ਪਲਾਟ, ਪਾਤਰ, ਵਾਤਾਵਰਨ, ਟਿੱਪਣੀ ਆਦਿ ਦੀਆਂ ਜੁਗਤਾਂ ਦੀ ਵਰਤੋਂ ਅਗ੍ਰਭੂਮਿਤ ਹੁੰਦੀਆਂ ਹਨ ਤੇ ਨਾਟਕ ਵੀ ਇਹੋ ਜੁਗਤਾਂ ਵੀ ਵਰਤਦਾ ਹੈ ਪਰ ਨਾਟਕ ਵਿਚ ਅਗ੍ਰਭੂਮੀ ਉਤੇ ਕਾਰਜ ਦੀ ਸਿਧੀ ਪੇਸ਼ਕਾਰੀ ਸਟੇਜ ਉਤੇ ਹੁੰਦੀ ਹੈ ਤੇ ਨਾਵਲ ਵਿਚ ਇਨ੍ਹਾਂ ਜੁਗਤਾਂ ਨੂੰ ਵਰਣਨ ਤੇ ਬਿਰਤਾਂਤ ਵਿਚ ਪੇਸ਼ ਕੀਤਾ ਜਾਂਦਾ ਹੈ।

ਪਾਠਕ ਦੀ ਸਾਹਿਤਕ ਕਿਰਤ ਵਿਚੋਂ ਉਹਦਾ ਵਿਲੱਖਣ ਸੰਕਲਪਨ ਪਛਾਣ ਸਕਣ ਦੀ ਯੋਗਤਾ ਉਹਦੇ ਸਾਹਿਤਕ ਕਿਰਤਾਂ ਬਾਰੇ ਸੁਚੇਤ ਹੋ ਕੇ ਅਧਿਐਨ-ਵਿਸ਼ਲੇਸ਼ਣ ਦੇ ਅਨੁਭਵ ਪੁੰਜਾਂ ਨਾਲ ਸੰਬੰਧਿਤ ਹੈ। ਉਸ ਦੀ ਅਧਿਐਨ/ਪਹੁੰਚ-ਵਿਧੀ ਉਤਨੀ ਹੀ ਸੁਯੋਗ ਹੋਵੇਗੀ, ਜਿਤਨੀ ਕਿ ਉਸ ਦੀ ਭਾਸ਼ਾ ਤੇ ਉਹਦਾ ਸਮਾਜ ਤੇ ਸੰਸਕ੍ਰਿਤੀ ਵਿਚਲੇ ਵਿਆਪਕ ਸਥਾਨ ਬਾਰੇ ਚੇਤਨਾ ਬਲਵਾਨ ਹੋਵੇਗੀ। ਭਾਸ਼ਾ ਤੇ ਸਾਹਿਤ ਦਾ ਆਪਸੀ ਸੰਬੰਧ ਤੇ ਨਿਖੇੜਾ ਸਾਨੂੰ, ਇਸੇ ਦਿਸ਼ਾ ਵਿਚ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਤੇ ਸੰਦੇਸ਼ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਹਨ ਵਿਗਿਆਨ : ਦੂਜੈਲੀ ਮਾਡਲ ਸਿਰਜਨਾ

ਚਿਹਨ ਵਿਗਿਆਨਕ ਸਮੀਖਿਆ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਮਗਰੋਂ ਬੜੀ ਤੇਜ਼ੀ ਨਾਲ ਪ੍ਰਚਲਿਤ ਹੋਣ ਵਾਲੀ ਪ੍ਰਣਾਲੀ ਹੈ। ਇਸ ਦਾ ਬੁਨਿਆਦੀ ਸੰਬੰਧ ਆਧੁਨਿਕ ਭਾਸ਼ਾ ਵਿਗਿਆਨ ਨਾਲ ਹੈ। ਆਧੁਨਿਕ ਭਾਸ਼ਾ ਵਿਗਿਆਨ ਜਗਤ ਪ੍ਰਸਿਧ ਭਾਸ਼ਾ ਵਿਗਿਆਨੀ ਸਾਸੂਰ ਦੁਆਰਾ ਸਾਹਮਣੇ ਆਉਂਦਾ ਹੈ। ਸਾਸੂਰ ਭਾਸ਼ਾ ਨੂੰ ਪ੍ਰਬੰਧ-ਮੂਲਕ ਦ੍ਰਿਸ਼ਟੀ ਤੋਂ ਨਿਸ਼ਚਿਤ ਕਰਨ ਤੋਂ ਬਾਅਦ, ਮਨੁੱਖ ਦੇ ਸਮੁਚੇ ਸਭਿਆਚਾਰ ਨੂੰ ਇਸੇ ਪ੍ਰਬੰਧ ਦਾ ਵਿਸਤਾਰ ਮੰਨਦਾ ਹੈ ਅਤੇ ਇਸ ਸਾਰੇ ਵਿਸਤਾਰ ਨੂੰ ਚਿਹਨ-ਵਿਗਿਆਨ ਕਹਿੰਦਾ ਹੈ। ਸਾਸੂਰ ਦੀ ਅਜਿਹੀ ਲਭਤ ਦੇ ਆਧਾਰ ਉਪਰ ਸੰਸਕ੍ਰਿਤੀ ਦਾ ਅਧਿਐਨ ਕਰਨ ਵਾਲੇ ਵਿਦਵਾਨ ਭਾਸ਼ਾ ਨੂੰ ਸਮੁੱਚੇ ਸਭਿਆਚਾਰ ਦਾ ਅਵਚੇਤਨ ਮਨ ਲੈਂਦੇ ਹਨ ਅਤੇ ਇਸ ਆਧਾਰ ਉਤੇ ਇਹ ਦ੍ਰਿੜ ਕਰਦੇ ਹਨ ਕਿ ਸਭਿਆਚਾਰ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਆਧਾਰ ਤੇ ਸਿਰਜਨ-ਸ੍ਰੋਤ ਇਹ ਹੀ ਅਵਚੇਤਨ ਹੈ। ਇਕ ਤਰ੍ਹਾਂ ਨਾਲ ਉਹ ਭਾਸ਼ਾ ਨੂੰ ਮਨੁੱਖੀ ਸਭਿਆਚਾਰ ਦਾ ਆਧਾਰ ਧਰਾਤਲ ਮੰਨ ਲੈਂਦੇ ਹਨ ਅਤੇ ਭਾਸ਼ਾ ਅਤਿਰਿਕਤ ਸਾਰੀਆਂ ਸਾਂਸਕ੍ਰਿਤਕ ਪ੍ਰਾਪਤੀਆਂ ਨੂੰ ਉਸਾਰ ਸੰਰਚਨਾਵਾਂ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹਨ। ਇਸ ਤਰ੍ਹਾਂ ਇਸ ਅਧਿਐਨ ਦੇ ਅੰਤਰਗਤ ਦੁਜੈਲੀ ਮਾਡਲ ਸਿਰਜਨਾ ਪਰਵੇਸ਼ ਕਰ ਜਾਂਦੀ ਹੈ। ਇਸੇ ਮਾਡਲ-ਸਿਰਜਨਾ ਨੂੰ ਚਿਹਨਕੀ ਪ੍ਰਕਿਰਿਆਵਾਂ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਇਉਂ ਇਸ ਸਾਰੇ ਪ੍ਰਸੰਗ ਵਿਚ ਬੁਨਿਆਦੀ ਮਾਡਲ ਸਿਰਜਨਾ ਭਾਸ਼ਾ ਹੈ ਤੇ ਦੁਜੈਲੀ ਮਾਡਲ ਸਿਰਜਨਾ ਭਾਸ਼ਾ ਦੇ ਅਧਾਰ ਉਤੇ ਸਿਰਜਿਤ ਵੱਖਰੇ ਵੱਖਰੇ ਚਿਹਨ-ਪ੍ਰਬੰਧ ਹਨ। ਜੇਕਰ ਰਤਾ ਕੁ ਵਿਆਪਕ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ ਇਹ ਗੱਲ ਉਘੜਦੀ ਹੈ ਕਿ ਸਭਿਆਚਾਰਾਂ ਦੇ ਵਿਰਾਟ ਦ੍ਰਿਸ਼ ਵਿਚ ਜਿੰਨੇ ਵੀ ਮਨੁੱਖੀ ਵਰਤਾਰੇ ਵਿਚਰਦੇ ਹਨ, ਸਾਰੇ ਭਾਸ਼ਾ ਅਤਿਰਿਕਤ ਚਿਹਨਾਂ ਦੇ ਬਣੇ ਹੋਏ ਹਨ। ਭਾਸ਼ਾ ਆਪਣੀ ਵਿਆਕਰਣ ਸਮੇਤ ਇਨ੍ਹਾਂ ਦੀ ਗਹਿਨ ਸੰਰਚਨਾ ਵਿਚ ਪਈ ਰਹਿੰਦੀ ਹੈ। ਇਸ ਲਈ ਸਾਰਾ ਸਾਂਸਕ੍ਰਿਤਿਕ ਪਾਸਾਰ ਚਿਹਨਕੀ ਵਰਤਾਰਿਆਂ ਵਿਚ ਕਾਰਜਸ਼ੀਲ ਹੁੰਦਾ ਹੈ। ਇਨ੍ਹਾਂ ਚਿਹਨਕੀ ਵਰਤਾਰਿਆਂ ਦਾ ਅਧਿਐਨ ਚਿਹਨ-ਵਿਗਿਆਨ ਹੈ। ਭਾਸ਼ਾ-ਵਿਗਿਆਨ ਦੇ ਆਧਾਰ ਉਤੇ ਭਾਸ਼ਾ ਦੀ ਗ੍ਰਾਮਰ ਸਿਰਜੀ ਜਾਂਦੀ ਹੈ। ਚਿਹਨ-ਵਿਗਿਆਨ ਦੇ ਆਧਾਰ ਉਤੇ ਵੱਖਰੇ ਚਿਹਨਕੀ ਵਰਤਾਰਿਆ ਦੀ ਗ੍ਰਾਮਰ ਬਣਾਈ ਜਾਂਦੀ ਹੈ।

ਸਾਹਿਤ ਵੀ ਇਸ ਸਾਰੇ ਪਰਿਪੇਖ ਦੇ ਅੰਤਰਗਤ ਇਕ ਚਿਹਨਕੀ ਵਰਤਾਰੇ ਦੇ ਅਰਥਾਂ ਵਿਚ ਸਾਡੇ ਸਾਹਮਣੇ ਆਉਂਦਾ ਹੈ ਅਤੇ ਸਾਹਿਤ ਸੰਬੰਧੀ ਇਸ ਪ੍ਰਸੰਗ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ [illegible] ਚਿਹਨਾ ਦਾ ਬਣਿਆ ਹੋਇਆ ਪ੍ਰਬੰਧ ਹੈ, ਜਿਸ ਦਾ ਅਧਿਐਨ ਭਾਸ਼ਾ ਦੇ ਆਧਾਰ ਉਤੇ ਹੀ ਕੀਤਾ ਜਾ ਸਕਦਾ ਹੈ ਅਤੇ ਇਸ ਆਧਾਰ ਉਤੇ ਕੀਤਾ ਅਧਿਐਨ ਸਾਹਿਤ ਦਾ ਚਿਹਨ-ਵਿਗਿਆਨ ਹੋ ਨਿਬੜਦਾ ਹੈ। ਇਸੇ ਨੂੰ ਅਸੀਂ ਚਿਹਨ ਵਿਗਿਆਨਕ ਅਲੋਚਨਾ ਕਹਿੰਦੇ ਹਾਂ।

ਇਥੇ ਇਕ ਨੁਕਤਾ ਜੋ ਖਾਸ ਧਿਆਨ ਦੀ ਮੰਗ ਕਰਦਾ ਹੈ ਉਹ ਇਹ ਹੈ ਕਿ ਅੰਗ੍ਰੇਜ਼ੀ ਵਿਚ ਚਿਹਨ-ਵਿਗਿਆਨ ਲਈ Semiology ਤੇ Semiotic ਦੋ ਪਰਿਭਾਸਕ ਪਦ ਪ੍ਰਚਲਿਤ ਹੋਏ। ਸਾਸੂਰ ਨੇ ਸ਼ਬਦ Semiology ਵਰਤਿਆ ਤੇ ਪੀਅਰਸੇ ਨੇ Semiotics. ਚਿਹਨ-ਵਿਅਿਆਨਕ ਖੇਤਰਾਂ ਵਿਚ ਇਹ ਬੜੀ ਦਿਲਚਸਬੀ ਵਾਲੀ ਪ੍ਰਤਿਬਧਤਾ ਨੂੰ ਪੇਸ਼ ਕਰਨ ਵਾਲੇ ਪਰਿਭਾਸ਼ਕ ਸ਼ਬਦਵਾਲੀ ਦੇ ਜੋੜੇ ਆਪਣੇ ਆਪ ਵਿਚ ਹੀ ਕੋਡ ਬਣ ਗਏ। ਜੇ ਕਿਸੇ ਵਿਦਵਾਨ ਨੇ ਸਾਸੂਰ ਦੇ ਭਾਸ਼ਾ ਵਿਗਿਆਨਕ ਮਾਡਲ ਨਾਲ ਆਪਣੀ ਪ੍ਰਤਿਬਧਤਾ ਦਸਣੀ ਹੋਵੇ ਤਾਂ ਉਹ ਨੇ ਆਪਣੇ ਲਈ ਪਦ Semiologist ਵਰਤ ਲਿਆ ਤੇ ਦੂਜੇ ਪਾਸੇ ਜੇ ਕਿਸੇ ਨੇ ਉਤਰੀ ਅਮਰੀਕਾ ਦੇ ਪੀਅਰਸੇ ਰਾਹੀਂ ਪੇਸ਼ ਕੀਤੇ ਮਾਡਲ ਨਾਲ ਪ੍ਰਤਿਬਧਤਾ ਪੇਸ਼ ਕਰਨੀ ਹੋਵੇ ਤਾਂ ਉਹਨੇ ਆਪਣੇ ਲਈ 'Semiotician' ਪਦ ਦੀ ਵਰਤੋਂ ਕਰਨੀ ਅਰੰਭ ਕਰ ਦਿੱਤੀ। ਇਤਿਹਾਸਕ ਦਬਾ ਕੁਝ ਅਜਿਹੇ ਬਣੇ ਕਿ ਜਦੋਂ ਸੰਰਚਨਾਤਮਕ ਭਾਸ਼ਾ ਵਿਗਿਆਨ ਦੀ ਇਤਿਹਾਸਕ ਭਾਸ਼ਾ ਵਿਗਿਆਨ ਵਿਚ ਚੜ੍ਹਤ ਦਾ ਸਮਾਂ ਆਇਆ ਤਾਂ ਸਾਸੂਰ ਦਾ ਚਿਹਨ-ਵਿਗਿਆਨ ਸਥਾਪਿਤ ਹੋ ਗਿਆ ਜੋ ਬਾਅਦ ਵਿਚ ਜਾ ਕੇ ਲੇਵੀ ਸਤ੍ਰਾਸ ਤੇ ਰੋਲਾਂ ਬਾਰਤ ਵਿਚ ਵਿਕਸਿਤ ਹੋਇਆ। ਅਰੰਭ ਵਿਚ ਚਿਹਨ ਵਿਗਿਆਨ ਦੇ ਕੇਂਦਰ ਵਿਚ ਸੰਰਚਨਾਵਾਦ ਹੀ ਰਿਹਾ ਪਰ ਬਾਅਦ ਵਿਚ ਜਦੋਂ ਸੰਰਚਨਾਵਾਦ ਵਿਚ ਰੂਪਵਾਦੀ ਪਰਵਿਰਤੀ ਪੈਦਾ ਹੁੰਦੀ ਗਈ ਤਾਂ ਉਹਦੇ ਵਿਚੋਂ ਚਿਹਨ-ਵਿਗਿਆਨ ਨੇ ਆਪਣੇ ਆਪ ਨੂੰ ਪੂਰੇ ਅਨੁਸ਼ਾਸਨ ਵਜੋਂ ਵੱਖ ਕਰ ਲਿਆ।

ਸਾਹਿਤ ਦੀ ਚਿਹਨ-ਵਿਗਿਆਨਕ ਆਲੋਚਨਾ ਨੂੰ ਸਮਝਣ ਲਈ ਸਾਨੂੰ ਇਸ ਆਲੋਚਨਾ-ਪ੍ਰਣਾਲੀ ਦੇ ਵਿਰੋਧ ਵਿਚ ਕੰਮ ਕਰਦੀਆਂ ਦੂਜਰੀਆਂ ਆਲੋਚਨਾ ਪ੍ਰਣਾਲੀਆਂ ਨੂੰ ਵੀ ਆਪਣੇ ਸਾਹਮਣੇ ਰਖਣਾ ਪੈਂਦਾ ਹੈ। ਇਤਨੀ ਗੱਲ ਤਾਂ ਸਪੱਸ਼ਟ ਹੀ ਹੈ ਕਿ ਸਾਹਿਤ-ਅਧਿਐਨ ਦੀ ਪਰੰਪਰਾ ਖਾਸੀ ਪੁਰਾਣੀ ਹੈ। ਪੱਛਮ ਵਿਚ ਇਸ ਦਾ ਅਰੰਭ ਯੂਨਾਨੀ ਰੋਮਨ ਕਾਵਿ-ਸ਼ਾਸਤਰ ਦੁਆਰਾ ਹੁੰਦਾ ਹੈ ਅਤੇ ਇਸ ਕਲਾਸਕੀ ਕਾਵਿ-ਸ਼ਾਸਤਰ ਦੇ ਜ਼ਮਾਨੇ ਤੋਂ ਲੈ ਕੇ ਵੀਹਵੀਂ ਸਦੀ ਦੀ ਨਵ ਅਲੋਚਨਾ ਤਕ ਸਾਹਿਤ-ਸਿਰਜਨਾ ਦੇ ਨਾਲ ਨਾਲ ਸਾਹਿਤ-ਅਧਿਐਨ ਦੀ ਲੰਬੀ ਪਰੰਪਰਾ ਹੈ। ਇਸ ਵਿਚ ਅਨੁਕਰਣ ਦੀ ਕੋਟੀ ਕਲਾਸਕੀ ਯੁਗ ਤੋਂ ਆਧੁਨਿਕ ਯੁਗ ਤਕ ਦੀ ਯਾਤਰਾ ਕਰਦੀ ਹੈ। ਇਸ ਯਾਤਰਾ ਵਿਚ ਇਸ ਵਿਚ ਤਬਦੀਲੀ ਏਨੀ ਕੁ ਆਉਂਦੀ ਹੈ ਕਿ ਇਹ ਸਮੂਰਤ ਅਨੁਕਰਣ ਦੇ ਸੰਕਲਪ ਤੋਂ ਅਮੂਰਤ ਰੂਪ ਦੇ ਸੰਕਲਪ ਨਾਲ ਜਾ ਜੁੜਦੀ ਹੈ। ਕਲਾਸਕੀ ਯੁਗ ਵਿਚ ਜਿਥੇ ਅਨੁਕਰਣ ਦੁਆਰਾ ਸਾਹਿਤ ਦੇ ਸੁਹਜਮਈ ਪ੍ਰਯੋਜਨ ਨੂੰ ਸਮੂਰਤ ਦ੍ਰਿਸ਼-ਵਿਧਾਨ ਨਾਲ ਜੋੜਿਆ ਜਾਂਦਾ ਸੀ, ਉਥੇ ਰੂਪਵਾਦੀ ਸ਼ਾਸਤਰ ਵਿਚ ਸਾਹਿਤ ਦੀ ਕਲਾਤਮਕ ਤਾਤਵਿਕਤਾ ਨੂੰ ਦ੍ਰਿੜ ਕਰਨ ਦੇ ਯਤਨ ਅਰੰਭ ਹੋ ਗਏ। ਇਨ੍ਹਾਂ ਹਾਲਤਾਂ ਵਿਚ ਸਾਹਿਤ ਜਾਂ ਤਾਂ ਅਨੁਭਵ ਨਾਲ ਸੰਬੰਧਤ ਰਿਹਾ ਜਾਂ ਯਥਾਰਥ ਨਾਲ, ਜਾਂ ਸੰਵੇਦਨਾ ਨਾਲ ਤੇ ਜਾਂ ਤਾਤਵਿਕਤਾ ਨਾਲ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੰਪਰਾ ਦਾ ਅਲੋਚਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕਰਨ ਤੋਂ ਇਹ ਪਤਾ ਚਲਦਾ ਹੈ ਕਿ ਪਰੰਪਰਾ ਅਨੁਕਰਣ ਤੋਂ ਸ਼ੁਰੂ ਹੋ ਕੇ ਰੂਪ ਤਕ ਦੀ ਯਾਤਰਾ ਕਰਦੀ ਹੈ। ਅਨੁਕਰਣ ਸਿਧਾਂਤ ਤਾਂ ਅਰਸਤੂ ਦੁਆਰਾ ਪੇਸ਼ ਹੋ ਜਾਂਦਾ ਹੈ ਅਤੇ ਇਹ ਰੂਪਵਾਦੀ ਅਲੋਚਨਾ ਦੇ ਖੇਤਰ ਤਕ ਕਾਇਮ ਰਹਿੰਦਾ ਹੈ। ਅਰਸਤੂ ਭਾਵੇਂ ਅਨੁਕਰਣ ਨੂੰ ਸਿਰਜਨ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਤਰਕ ਵੀ ਉਸਾਰਦਾ ਰਿਹਾ ਪਰੰਤੂ ਇਤਿਹਾਸ ਵਿਚ ਸਾਰੀ ਗੱਲ ਅਨੁਕਰਣ ਉਤੇ ਹੀ ਟਿਕੀ ਰਹੀ। ਸਾਹਿਤ ਰਚਨਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਣ ਵਾਲੇ ਗਲਪ ਵਿਚ, ਤਾਂ ਸਿੱਧਾ ਹੀ ਵਾਸਤਵਿਕਤਾ ਦਾ ਅਨੁਕਰਣ ਦੇਖਣ ਦਾ ਯਤਨ ਕਰਦੇ ਰਹੇ ਅਤੇ ਕਵਿਤਾ ਵਿਚ ਆਪਣੇ ਇਸ ਸੰਕਲਪ ਨੂੰ ਸਮੂਰਤ ਤੇ ਚਿਤਰਸ਼ੀਲ ਸੰਵੇਦਨਾ ਨਾਲ ਜੋੜਦੇ ਰਹੇ। ਇਹ ਸਿਧਾਂਤ ਵੀਹਵੀਂ ਸਦੀ ਵਿਚ ਵਸਤੂਵਾਦੀਆਂ ਨੇ ਵੀ ਸਵੀਕਾਰ ਕੀਤਾ ਤੇ ਰੂਪਵਾਦੀਆਂ ਨੇ ਵੀ। ਮਿਸਾਲ ਵਜੋਂ ਜਦੋਂ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀ ਨੇ ਮਨੁੱਖ ਦੀ ਸਮੁੱਚੀ ਸੋਚਣ-ਵਿਧੀ ਉਪਰ ਆਪਣਾ ਪ੍ਰਭਾਵ ਪਾਇਆ ਤਾਂ ਸਾਹਿਤ ਤੇ ਸਾਹਿਤ-ਅਧਿਐਨ ਵਿਚ ਇਸ ਦਾ ਅਸਰ ਇਹ ਹੋਇਆ ਕਿ ਯਥਾਰਥ ਨੂੰ ਚਿਤਰਨ ਤੇ ਚਿਤਰੇ ਹੋਏ ਯਥਾਰਥ ਨੂੰ ਸਮਝਣ ਦੀ ਗੱਲ ਤੁਰ ਪਈ। ਸਾਹਿਤਕਾਰ ਯਥਾਰਥਕ ਚਿਤਰਨ ਵਿਚ ਮਸਰੂਫ਼ ਹੋ ਗਏ ਤੇ ਅਲੋਚਕ ਇਸ ਚਿਤਰਿਤ ਯਥਾਰਥ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਗੇ। ਯਥਾਰਥਵਾਦ ਦੇ ਅਜਿਹੇ ਬੋਲ ਬਾਲੇ ਵਿਚ ਸਾਹਿਤ ਦੀ ਰੂਪਕ ਬਣਤਰ ਅਨੁਕਰਣ ਵਾਲੀ ਹੀ ਰਹੀ। ਹਾਲੀ ਤੀਕ ਜਾਰਜ ਲੂਕਾਚ ਦੀ ਸਮੀਖਿਆ ਮਾਰਕਸਵਾਦੀ ਹਲਕਿਆਂ ਵਿਚ ਬੜੀ ਪ੍ਰਸਿਧ ਹੈ। ਇਸ ਸਮੀਖਿਆ ਵਿਚ ਸਾਹਿਤ ਦੀ ਰੂਪਾਤਮਕਤਾ ਦਾ ਸੰਕਲਪ ਅਨੁਕਰਣ ਦੀ ਕੋਟੀ ਵਾਲਾ ਹੀ ਹੈ ਅਤੇ ਵਿਸ਼ੇ-ਵਸਤੂ ਦੀ ਪੇਸ਼ਕਾਰੀ ਦਾ ਮਸਲਾ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀ ਨਾਲ ਸੰਬੰਧਿਤ ਹੈ।

ਇਸੀ ਤਰ੍ਹਾਂ ਰੂਪਵਾਦੀਆਂ ਨੇ ਤਾਂ ਆਪਣੇ ਆਪ ਨੂੰ ਸਿੱਧਾ ਹੀ ਅਰਸਤੂ ਦਾ ਵਾਰਿਸ ਸਮਝਿਆ। ਉਨ੍ਹਾਂ ਨੇ ਅਨੁਕਰਣ ਦੀ ਕੋਟੀ ਨੂੰ ਰੂਪ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਅਤੇ ਇਸ ਨੂੰ ਸਮਝਣ ਲਈ ਇਸ ਦੇ ਵਿਰੋਧ ਵਿਚ ਵਿਗਿਆਨ ਦੇ ਰੂਪਾਤਮਕ ਸੰਕਲਪ ਨੂੰ ਪੇਸ਼ ਕੀਤਾ। ਉਹ ਆਪਣੀ ਇਸ ਤਰਕ ਨੂੰ ਨਿਖਾਰਨ ਲਈ ਦੋ ਕੋਟੀਆਂ ਬਣਾ ਲੈਂਦੇ ਹਨ। ਇਕ ਕੋਟੀ ਅਮੂਰਤ ਵਿਸ਼ਵ ਵਿਆਪਕਤਾ (Abstract universal) ਦੀ ਤੇ ਦੂਸਰੀ ਕੋਟੀ ਸਮੂਰਤ ਵਿਸ਼ਵ ਵਿਆਪਕਤਾ (Concrete universal) ਦੀ। ਅਮੂਰਤ ਵਿਸ਼ਵ ਵਿਆਪਕਤਾ, ਦਰਸ਼ਨ ਤੇ ਵਿਗਿਆਨ ਦੇ ਖੇਤਰ ਨਾਲ ਸੰਬੰਧਿਤ ਕਰ ਦਿੱਤੀ ਜਾਂਦੀ ਹੈ ਤੇ ਸਮੂਰਤ ਵਿਸ਼ਵ ਵਿਆਪਕਤਾ ਰੂਪ ਨਾਲ ਜਾ ਜੁੜਦੀ ਹੈ। ਅਮੂਰਤ ਵਿਸ਼ਵ ਵਿਆਪਕਤਾ ਦਾ ਸੰਬੰਧ ਗਿਆਨ ਨਾਲ ਹੈ। ਸਮੂਰਤ ਵਿਸ਼ਵ ਵਿਆਪਕਤਾ ਦਾ ਸੰਬੰਧ ਸੁਹਜ ਉਤਪਾਦਨਾ ਨਾਲ ਹੈ। ਇਸੇ ਸੰਕਲਪ ਦੇ ਆਧਾਰ ਉਤੇ ਰੂਪਵਾਦੀ ਤੇ ਇਨ੍ਹਾਂ ਦੇ ਨਾਲ ਲਗਦੇ ਕਲਾਵਾਦੀ ਵਿਦਵਾਨ ਆਪਣੇ ਸਮੀਖਿਆ-ਸ਼ਾਸਤਰ ਵਿਚ ਸਾਹਿਤ ਦਾ ਅੰਤਮ ਪ੍ਰਯੋਜਨ ਸੁਹਜ-ਸਿਰਜਨਾ ਨਾਲ ਜੋੜਦੇ ਹਨ ਅਤੇ ਇਸ ਸੁਹਜ-ਸਿਰਜਨਾ ਨੂੰ ਗਿਆਨ ਤੇ ਵਿਹਾਰ ਤੋਂ ਵੱਖ ਕਰ ਲੈਂਦੇ ਹਨ। ਇਸ ਸਮੀਖਿਆ-ਸ਼ਾਸਤਰ ਦੀਆਂ ਕਈ ਉਦਾਹਰਣਾ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਪਰ ਇਸ ਸਾਰੇ ਨਾਲ ਸੰਬੰਧਿਤ ਪ੍ਰਸਿਧ ਪੁਸਤਕ, ਪ੍ਰਸਿਧ ਕਾਵਿ-ਸ਼ਤਰੀ ਨਾਰਥਰੋ ਫ਼ਰਾਈ ਦੁਆਰਾ ਰਚਿਤ Anatomy of Criticism ਹੈ। ਇਹ ਪੁਸਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਗਿਆਨ ਦੇ ਅੰਤਰਗਤ ਉਘੜੇ ਰੂਪ ਦੇ ਸੰਕਲਪ ਨੂੰ ਅਧਾਰ ਬਣਾ ਕੇ, ਅਰਸਤੂ ਦੁਆਰਾ ਨਿਸ਼ਚਿਤ ਅਨੁਕਰਣ ਦੀ ਕੋਟੀ ਨੂੰ ਸਾਹਿਤਕ ਰੂਪ ਵਜੋਂ ਸਮਝਣ ਦਾ ਯਤਨ ਕਰਦੀ ਹੈ । ਇਸ ਤਰ੍ਹਾਂ ਸਾਹਿਤ-ਅਧਿਐਨ ਦੀ ਇਸ ਲੰਬੀ ਪਰੰਪਰਾ ਦੇ ਇਤਿਹਾਸ ਵਿਚ ਵੀਹਵੀਂ ਸਦੀ ਦੇ ਅੱਧ ਵਿਚਾਲੇ ਜਦੋਂ ਭਾਸ਼ਾ ਵਿਗਿਆਨ, ਸੰਸਕ੍ਰਿਤੀ ਤੇ ਸੰਸਕ੍ਰਿਤੀ-ਅਧਿਐਨ ਦੇ ਕੇਂਦਰੀ ਮਾਡਲ ਸਾਹਮਣੇ ਆਉਂਦੇ ਹਨ ਤਾਂ ਸਾਰੀ ਗੱਲ ਹੀ ਬਦਲ ਜਾਂਦੀ ਹੈ । ਇਸ ਯੁਗ ਵਿਚ ਜਿਵੇਂ ਕਿ ਅਸੀਂ ਉਪਰ ਵੀ ਸੰਕੇਤ ਕਰ ਆਏ ਹਾਂ, ਸਭ ਤੋਂ ਪਹਿਲਾਂ ਇਹ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਮਨੁੱਖ ਦੀਆਂ ਸਾਰੀਆਂ ਪ੍ਰਾਪਤੀਆਂ ਜਿਸ ਵਿਚ ਵਿਹਾਰ, ਵਿਚਾਰ ਤੇ ਵਰਤਾਰਾ ਆਦਿ ਸ਼ਾਮਲ ਹਨ, ਬੁਨਿਆਦੀ ਤੌਰ ਉਤੇ ਭਾਸ਼ਾਈ ਹਨ । ਰਹਤਲ ਦੇ ਉਹ ਪੱਖ ਜੋ ਆਪਣੇ ਦ੍ਰਿਸ਼ਟੀ ਵਿਚ ਸਮੂਰਤ ਅਨੁਭੂਤੀ ਦਾ ਸਮੂਰਤਨ ਪੇਸ਼ ਕਰਦੇ ਹਨ, ਆਪਣੀ ਸਾਰਥਕਤਾ ਵਿਚ ਭਾਸ਼ਾਈ ਹੀ ਹੁੰਦੇ ਹਨ । ਇਨ੍ਹਾਂ ਦੀ ਸਾਰਥਕਤਾ ਦਾ ਨਿਰਣਾ ਕਰਨ ਲਗਿਆਂ; ਭਾਸ਼ਾ ਪਹਿਲੇ ਨੰਬਰ ਉਤੇ ਆਉਂਦੀ ਹੈ, ਤੇ ਸਮੂਰਤ ਦ੍ਰਿਸ਼ ਦੀ ਪ੍ਰਤੀਤੀ ਦੂਜੇ ਨੰਬਰ ਉਤੇ । ਇਸ ਤਰ੍ਹਾਂ ਮਨੁੱਖ ਦੇ ਸਮੁੱਚੇ ਸਭਿਆਚਾਰ ਦੇ ਸੰਗਠਨ ਵਿਚ ਭਾਸ਼ਾ ਦਾ ਰੋਲ ਇਕ ਉਚੇਚੀ ਮਹੱਤਤਾ ਗ੍ਰਹਿਣ ਕਰ ਜਾਂਦਾ ਹੈ । ਇਸ ਦੇ ਆਧਾਰ ਉਤੇ ਅਗੋਂ ਭਾਸ਼ਾ ਵਿਗਿਆਨ ਦੇ ਮਾਡਲ ਨੂੰ ਅੰਤਰ-ਅਨੁਸ਼ਾਸਨੀ ਅਧਿਐਨ-ਵਿਧੀ ਦਾ ਮਾਡਲ ਬਣਾ ਲਿਆ ਜਾਂਦਾ ਹੈ ਅਤੇ ਇਸ ਮਾਡਲ ਦੇ ਅਧੀਨ ਸਾਰ ਅਧਿਐਨ ਦੀ ਦਿਸ਼ਾ ਚਿਹਨ ਵਿਗਿਆਨਕ ਹੋ ਜਾਂਦੀ ਹੈ । ਇਸ ਦੇ ਅੰਤਰਗਤ ਜਦੋਂ ਸਾਹਿਤ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਂਦਾ ਹੈ ਤਾਂ ਅਨੁਕਰਣ, ਅਨੁਭੂਤੀ, ਸੰਵੇਦਨਾ, ਤਾਤਵਿਕਤਾ ਆਦਿ ਦੀਆਂ ਸਾਰੀਆਂ ਕੋਟੀਆਂ ਇਕਲਾਂਭੇ ਹੋ ਜਾਂਦੀਆਂ ਹਨ ਅਤੇ ਸਾਹਿਤ ਨੂੰ ਭਾਸ਼ਾ ਦੁਆਰਾ ਨਿਰਮਿਤ ਇਕ ਵਿਸ਼ੇਸ਼ ਬਣਤਰ ਖਿਆਲ ਕੀਤਾ ਜਾਂਦਾ ਹੈ । ਇਥੇ ਯਾਤਰਾ ਵਾਸਤਵਿਕਤਾ, ਸੰਵੇਦਨਾ ਜਾਂ ਅਨੁਭੂਤੀ ਤੋਂ ਸ਼ੁਰੂ ਨਹੀਂ ਹੁੰਦੀ, ਸਗੋਂ ਮਾਨਸਿਕਤਾ ਤੋਂ ਸ਼ੁਰੂ ਹੁੰਦੀ ਹੈ । ਮਾਨਸਿਕਤਾ ਦੀ ਸੰਰਚਨਾ ਚਿਹਨਕਾਰੀ ਤੋਂ ਬਿਨਾ ਸੰਭਵ ਨਹੀਂ । ਇਨ੍ਹਾਂ ਅਰਥਾਂ ਵਿਚ ਸਾਹਿਤ ਮਾਨਸਿਕਤਾ ਵਿਚ ਸੰਗਠਿਤ ਸੰਕਲਪਨਾਂ ਦਾ ਚਿਹਨੀ-ਕਰਨ ਹੈ, ਕਿਸੇ ਪੂਰਬ ਨਿਸ਼ਚਿਤ ਯਥਾਰਥ ਦਾ ਅਨੁਕਰਨ ਨਹੀਂ ਅਤੇ ਨ ਹੀ ਕਿਸੇ ਉਤੇਜਨਾ ਦੇ ਪ੍ਰਤਿਕਰਮ ਵਿਚ ਪ੍ਰਗਟੀ ਸੰਵੇਦਨਾ ਹੈ । ਇਸੇ ਹਾਲਤ ਵਿਚ ਸਾਹਿਤ ਨੂੰ ਇਕ ਲਿਖਿਤ ਦੇ ਅਰਥਾਂ ਵਿਚ ਗ੍ਰਹਿਣ ਕਰਨ ਦਾ ਸੰਕਲਪ ਤੁਰਦਾ ਹੈ । ਲਿਖਿਤ ਦੇ ਤਾਂ ਅਰਥ ਹੀ ਹੋ ਸਕਦੇ ਹਨ, ਵਾਸਤਵਿਕਤਾ ਨਹੀਂ । ਅਧਿਐਨ ਦੀ ਪਰੰਪਰਾ ਵਿਚ ਅਰਥ, ਵਾਸਤਵਿਕਤਾ ਦਾ ਦਬਾਇਆ ਹੋਇਆ ਰਿਹਾ ਹੈ । ਚਿਹਨ-ਵਿਗਿਆਨ ਦੇ ਸਾਹਮਣੇ ਆਉਣ ਨਾਲ ਅਰਥ ਆਪਣੀ ਆਜ਼ਾਦੀ ਵਿਚ ਜ਼ਾਹਰ ਹੋਇਆ ਹੈ । ਇਸ ਨਾਲ ਅਰਥ ਦੀ ਭੌਤਿਕਤਾ ਉਘੜੀ ਹੈ । ਇਉਂ ਚਿਹਨ ਵਿਗਿਆਨ ਦਾ ਸਾਰਾ ਸਫ਼ਰ ਵਾਸਤਵਿਕਤਾ ਦੇ ਅਧਿਆਤਮ ਤੋਂ ਸ਼ੁਰੂ ਹੋ ਕੇ ਅਰਥ ਦੀ ਭੌਤਿਕਤਾ ਤਕ ਜਾਣ ਵਾਲਾ ਹੈ । ਇਸੇ ਦਿਸ਼ਾ ਵਿਚ ਕਾਰਜਸ਼ੀਲ ਅਧਿਐਨ-ਵਿਧੀ ਤੇ ਅਲੋਚਨਾ ਨੂੰ ਚਿਹਨ-ਵਿਗਿਆਨਕ ਅਲੋਚਨਾ ਕਿਹਾ ਜਾਂਦਾ ਹੈ । ਸੰਰਚਨਾਵਾਦ ਉੱਤਰ ਸੰਰਚਨਾਵਾਦ ਤੇ ਇਸ ਤੋਂ ਅਗਲੀਆਂ ਪ੍ਰਾਪਤੀਆਂ ਵਿਚ ਚਿਹਨ-ਵਿਗਿਆਨਕ ਅਧਿਐਨ ਦੇ ਮਾਡਲ ਤੇ ਸੰਦ ਕਾਰਜਸ਼ੀਲ ਹਨ ।

ਪੰਜਾਬੀ ਵਿਚ ਸਾਹਿਤ-ਸਮੀਖਿਆ ਵੀਹਵੀਂ ਸਦੀ ਵਿਚ ਹੀ ਸ਼ੁਰੂ ਹੋਈ ਅਤੇ

01884

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਾ ਵਿਕਾਸ ਵੀ ਇਸੇ ਸਦੀ ਵਿਚ ਹੋਇਆ । ਵੀਹਵੀਂ ਸਦੀ ਪੱਛਮ ਦੇ ਪ੍ਰਭਾਵ ਦੀ ਸਦੀ ਹੈ, ਇਸ ਲਈ ਸਾਡੀ ਸਮੀਖਿਆ ਦੇ ਸਾਰੇ ਮਾਡਲ ਪੱਛਮ ਦੇ ਅੰਗ੍ਰੇਜ਼ੀ ਵਿਦਿਆ ਪ੍ਰਣਾਲੀ ਦੇ ਅਧੀਨ ਸਾਡਾ ਸਾਹਿਤ-ਅਧਿਐਨ ਹਡਸਨ ਦੀ ਪ੍ਰਸਿਧ ਪੁਸਤਕ "An Introduction to the Study of Literature" ਤੋਂ ਸ਼ੁਰੂ ਹੁੰਦਾ ਹੈ ਤੇ ਐਸ ਵੇਲੇ ਤੀਕ ਚਿਹਨ ਵਿਗਿਆਨਕ ਸਮੀਖਿਆ ਤੀਕ ਪੁਜ ਗਿਆ ਹੈ । ਹਡਸਨ ਦੀ ਸਮੀਖਿਆ ਵਿਚ ਸਾਹਿਤ ਨੂੰ ਅਧਿਕਤਰ ਅਰਸਤੂਵਾਦੀ ਆਧਾਰਾਂ ਉਤੇ ਹੀ ਪੜ੍ਹਨ ਦਾ ਉੱਦਮ ਕੀਤਾ ਗਿਆ ਹੈ । ਪਰ ਇਸ ਸਮੀਖਿਆ ਵਿਚ ਸ਼ਾਸਤਰੀ ਦ੍ਰਿਸ਼ਟੀ ਦੀ ਬਜਾਏ ਸਾਧਾਰਨ ਵਿਹਾਰਕਤਾ ਦੀ ਦ੍ਰਿਸ਼ਟੀ ਸਾਹਮਣੇ ਰਖੀ ਗਈ ਹੈ । ਪੰਜਾਬੀ ਜਗਤ ਵਿਚ ਹੁਣ ਵੀ ਅਧਿਕਤਰ ਵਿਹਾਰਕ ਸਮੀਖਿਆ ਦਾ ਸਾਮੂਹਕ ਪੱਧਰ ਉਤੇ ਜੋ ਰੂਪ ਪਰਵਾਨ ਹੈ ਉਹ ਹਡਸਨ ਵਾਲਾ ਹੀ ਹੈ । ਪਰ ਕੁਝ ਕੁ ਵਿਦਵਾਨ ਅਜਿਹੇ ਵੀ ਹੋਏ ਹਨ, ਜਿਨ੍ਹਾਂ ਨੇ ਸਮੀਖਿਆ ਦੇ ਇਸ ਸਾਮੂਹਕ ਵਰਤਾਰੇ ਤੋਂ ਉਪਰ ਉਠ ਕੇ ਨਵੀਆਂ ਸਮੀਖਿਆਤਮਕ ਪ੍ਰਣਾਲੀਆਂ ਨਾਲ ਸਾਂਝ ਪਾਈ ਹੈ । ਅਰਸਤੂ ਦਾ ਕਾਵਿ-ਸ਼ਾਸਤਰ, ਨਵ ਅਮਰੀਕੀ ਸਮੀਖਿਆ, ਮਾਰਕਸਵਾਦੀ ਸਮੀਖਿਆ, ਸ਼ੈਲੀ ਵਿਗਿਆਨ, ਰੂਪਵਾਦ, ਸੰਰਚਨਾਵਾਦ ਅਤੇ ਚਿਹਨ-ਵਿਗਿਆਨ ਆਦਿ ਪ੍ਰਣਾਲੀਆਂ ਅਜਿਹੇ ਵਿਦਵਾਨਾ ਦੀ ਲਗਾਤਾਰ ਮਿਹਨਤ ਦਾ ਫਲ ਸਰੂਪ ਪੰਜਾਬੀ ਜਗਤ ਨਾਲ ਆ ਜੁੜੀਆਂ ਹਨ ।

ਇਸ ਸ਼ਾਸਤਰੀ ਆਯਾਮ ਵਿਚ ਪ੍ਰਕਿਰਿਆ-ਸ਼ੀਲ ਹੋਣ ਦਾ ਵਧੇਰੇ ਕੰਮ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਹੀ ਹੋਇਆ ਹੈ । ਪ੍ਰੋ: ਹਰਿਭਜਨ ਸਿੰਘ ਜੋ ਇਸ ਵੇਲੇ ਐਮੈਰੀਟਸ ਪ੍ਰੋਫ਼ੈਸਰ ਹਨ, ਇਸ ਕੰਮ ਵਿਚ ਵਿਸ਼ੇਸ਼ ਅਗਵਾਈ ਦੇਣ ਵਾਲੇ ਰਹੇ ਹਨ । 1968 ਤੋਂ ਲੈ ਕੇ 1979 ਤਕ ਆਪਣੀ ਪ੍ਰੋਫ਼ੈਸਰੀ ਦੇ ਦਰਮਿਆਨ ਹਰਿਭਜਨ ਸਿੰਘ ਨੇ ਪੰਜਾਬੀ ਸਮੀਖਿਆ ਤੇ ਸ਼ੋਧਕਾਰੀ ਨੂੰ ਅਰਸਤੂ ਦੇ ਕਾਵਿ-ਸ਼ਾਸਤਰ ਤੋਂ ਸ਼ੁਰੂ ਕਰ ਕੇ, ਰੂਪਵਾਦ ਵਿਚੋਂ ਲੰਘਦਿਆਂ ਅੰਤ ਵਿਚ ਚਿਹਨ-ਵਿਗਿਆਨ ਤੀਕ ਲੈ ਆਂਦਾ ਹੈ । ਇਸ ਪੱਖ ਵਿਚ ਹਰਿਭਜਨ ਸਿੰਘ ਦੀ ਦੇਣ ਨਿਰਸੰਦੇਹ ਮਹੱਤਵਸ਼ੀਲ ਹੈ । ਪਰ ਹਰਿਭਜਨ ਸਿੰਘ ਦੀ ਬਹੁਤੀ ਆਲੋਚਨਾ ਅਧਿਆਪਕੀ ਆਲੋਚਨਾ ਤੀਕ ਹੀ ਸੀਮਿਤ ਰਹਿਣ ਦੀ ਪਰਵਿਰਤੀ ਵਾਲੀ ਹੀ ਰਹੀ । ਚਿਹਨ-ਵਿਗਿਆਨ ਨੂੰ ਸਹੀ ਅਰਥਾਂ ਵਿਚ ਪੰਜਾਬੀ ਜਗਤ ਨਾਲ ਜੋੜਨ ਵਾਲਾ ਵਿਦਵਾਨ ਪ੍ਰੋਫ਼ੈਸਰ ਹਰਜੀਤ ਸਿੰਘ ਗਿਲ ਹੈ । ਪ੍ਰੋਫ਼ੈਸਰ ਹਰਜੀਤ ਸਿੰਘ ਗਿਲ ਨੇ ਆਪਣਾ ਸਾਰਾ ਕੰਮ ਭਾਸ਼ਾ ਵਿਗਿਆਨ ਤੇ ਚਿਹਨ-ਵਿਗਿਆਨ ਦੇ ਆਧਾਰ ਉਤੇ ਹੀ ਕੀਤਾ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ-ਵਿਗਿਆਨ ਵਿਭਾਗ ਵਿਚ ਅਨੇਕਾਂ ਸ਼ੋਧ-ਨਿਬੰਧ ਡਾ: ਹਰਜੀਤ ਸਿੰਘ ਗਿਲ ਦੀ ਨਿਗਰਾਨੀ ਹੇਠ ਇਸੇ ਸੇਧ ਵਿਚ ਤਿਆਰ ਕੀਤੇ ਗਏ ਹਨ । ਇਸ ਤੋਂ ਉਪਰੰਤ ਹਰਜੀਤ ਸਿੰਘ ਗਿਲ ਨੇ 'ਭਾਖਾ ਸੰਜਮ' ਨਾਮ ਦਾ ਖੋਜ-ਪੱਤਰ ਵੀ ਜਾਰੀ ਕੀਤਾ । ਇਸ ਖੋਜ-ਪੱਤਰ ਵਿਚ ਵੀ ਭਾਸ਼ਾ-ਵਿਗਿਆਨ ਤੇ ਚਿਹਨ-ਵਿਗਿਆਨ ਸੰਬੰਧੀ ਨਵੀਆਂ ਦਿਸ਼ਾਵਾ ਪੇਸ਼ ਕਰਨ ਦਾ ਯਤਨ ਕੀਤਾ ਗਿਆ । ਪਰ ਹਰਜੀਤ ਸਿੰਘ ਗਿਲ ਦਾ ਕੰਮ ਪੰਜਾਬੀ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਅਧਿਕਤਰ ਅੰਗ੍ਰੇਜ਼ੀ ਭਾਸ਼ਾ ਵਿਚ ਹੀ ਰਿਹਾ । ਇਸੇ ਦਿਸ਼ਾ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਸੁਰਜੀਤ ਲੀਹ ਦਾ ਕੰਮ ਵੀ ਧਿਆਨ ਦੀ ਮੰਗ ਕਰਦਾ ਹੈ । ਸੁਰਜੀਤ ਲੀਹ ਨੇ ਖਾਸ ਤੌਰ ਉਤੇ ਐਮ. ਫਿਲ ਦਿਆਂ ਖੋਜ-ਨਿਬੰਧਾਂ ਵਿਚ ਪੰਜਾਬ ਦੇ ਸਭਿਆਚਾਰਕ ਜਿਹਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਗਿਆਨ ਦਾ ਅਧਿਐਨ ਕਰਵਾਇਆ ਹੈ । ਉਦਾਹਰਣ ਲਈ ਪੰਜਾਬ ਦੇ ਤਿਉਹਾਰ ਤੀਆਂ, ਅਲਾਹੁਣੀਆਂ ਆਦਿ ਨਾਲ ਸੰਬੰਧਿਤ ਲੋਕ-ਗੀਤਾਂ ਦਾ ਚਿਹਨ-ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕਰਾਇਆ ਗਿਆ ਹੈ । ਆਪਣੇ ਅਜਿਹੇ ਅਧਿਐਨ ਵਿਚ ਉਹ ਸਾਂਸਕ੍ਰਿਤਿਕ ਚਿਹਨ-ਵਿਗਿਆਨ ਦੀਆਂ ਸਿਧਾਂਤਕ ਉਲਝਨਾ, ਜੋ ਪੱਛਮ ਵਿਚ ਉਥੋਂ ਦੀਆਂ ਵਿਸ਼ੇਸ਼ ਪਰੰਪਰਾਵਾਂ ਦੇ ਦਬਾਵਾਂ ਹੇਠ ਵਿਕਸਿਤ ਹੋਏ ਮਾਡਲ ਹਨ ਤੇ ਜੋ ਪੱਛਮ ਦੇ ਚਿੰਤਨ ਦੀ ਨਿਰੰਤਰ ਲੜੀ ਨੂੰ ਅੱਗੇ ਤੋਰਦੇ ਹਨ, ਉਹ ਇਨ੍ਹਾਂ ਸਾਰੇ ਸਿਧਾਂਤਕ ਵੇਰਵਿਆਂ ਦੇ ਚੌਖਟੇ ਨੂੰ ਪਿੱਠਭੂਮੀ ਵਿਚ ਹੀ ਰਖਦਾ ਹੈ । ਇਨ੍ਹਾਂ ਸਿਧਾਂਤਕ ਵੇਰਵਿਆਂ ਨੂੰ ਅਗ੍ਰਭੂਮਨ ਕਰਨ ਦੀ ਬਜਾਏ ਸੁਰਜੀਤ ਲੀਹ ਨੇ ਸਗੋਂ ਸਾਡੇ ਸਭਿਆਚਾਰ ਦੀਆਂ ਗੀਤਾਂ-ਰਸਮਾ ਤੇ ਲੋਕ-ਗੀਤਾਂ ਅਤੇ ਹੋਰ ਸਾਹਿਤਕ ਪਾਠਾਂ ਦਾ ਅਧਿਐਨ ਕਰਾਇਆ ਹੈ । ਇਸ ਦਿਸ਼ਾ ਵਿਚ ਅੱਗੇ ਵਧ ਕੇ ਹੋਰ ਵਧੇਰੇ ਕੰਮ ਕਰਨ ਦੀ ਲੋੜ ਹੈ ਤਾਕਿ ਪੰਜਾਬੀ ਸਭਿਆਚਾਰ ਦਾ ਆਪਣਾ ਚਿਹਨ-ਵਿਗਿਆਨਕ ਮਾਡਲ ਸਾਡੇ ਆਪਣੇ ਨਵੇਂ ਇਤਿਹਾਸਕ ਪ੍ਰਸੰਗ ਵਿਚੋਂ ਉਭਰ ਕੇ ਸਾਹਮਣੇ ਆ ਸਕੇ । ਇਸੇ ਦਿਸ਼ਾ ਵਿਚ ਪੰਜਾਬੀ ਵਿਚ ਚਿਹਨ-ਵਿਗਿਆਨਕ ਸਮੀਖਿਆ-ਸ਼ਾਸਤਰ ਨੂੰ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਪਹਿਲੂਆਂ ਨਾਲ ਜੋੜ ਕੇ ਕੰਮ ਕਰਨ ਵਾਲਾ ਵਿਦਵਾਨ ਡਾ: ਤਰਲੋਕ ਸਿੰਘ ਕੰਵਰ ਹੈ, ਜੋ ਸੰਰਚਨਾਵਾਦੀ ਪੱਦ ਨਾਲ ਬਦਨਾਮ ਹੈ । ਪਰੰਤੂ ਸੰਰਚਨਾਵਾਦ ਤੇ ਇਸ ਤੋਂ ਪਾਰ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਭਰੋਸੇਯੋਗ ਪ੍ਰਮਾਣਕਤਾ ਨਾਲ ਪੰਜਾਬ ਦੀ ਪਰੰਪਰਾ ਨਾਲ ਸੰਬੰਧਿਤ ਕਰਨ ਵਿਚ ਇਸ ਵਿਦਵਾਨ ਦਾ ਆਪਣਾ ਹਿੱਸਾ ਹੈ । ਇਸ ਵਿਦਵਾਨ ਨੇ ਪੰਜਾਬ ਦੇ ਸ਼ਬਦ-ਸਭਿਆਚਾਰ ਦੇ ਅੰਤਰਗਤ ਭਿੰਨ-ਭਿੰਨ ਪ੍ਰਾਪਤੀਆਂ ਤੇ ਪ੍ਰਣਾਲੀਆਂ ਦਾ ਚਿਹਨ-ਵਿਗਿਆਨਕ ਅਧਿਐਨ ਵੀ ਕੀਤਾ ਹੈ ਤੇ ਇਸ ਆਧਾਰ ਉਪਰ ਪੰਜਾਬੀ ਦਾ ਕਾਵਿ-ਸ਼ਾਸਤਰ ਸਿਰਜਨ ਦੇ ਯਤਨ ਵਿਚ ਨਿਰੰਤਰ ਉਦਮਸ਼ੀਲ ਵੀ ਹੈ ।

ਚਿਹਨ ਵਿਗਿਆਨਕ ਦ੍ਰਿਸ਼ਟੀ ਤੋਂ ਇਕ ਅਧਿਐਨ ਡਾ: ਓਮ ਪ੍ਰਕਾਸ਼ ਵਸ਼ਿਸ਼ਟ ਨੇ ਗੁਰ ਨਾਨਕ-ਬਾਣੀ ਦੇ ਵਿਸ਼ੇ ਨਾਲ ਸੰਬੰਧਿਤ ਵੀ ਪੇਸ਼ ਕੀਤਾ ਹੈ । ਇਸ ਅਧਿਐਨ ਵਿਚ ਡਾ: ਵਸ਼ਿਸ਼ਟ ਨੇ ਯਾਂਤਰਿਕ ਵਿਧੀ ਨਾਲ ਸਾਧਾਰਨ ਕੋਟੀਆਂ ਬਣਾ ਕੇ, ਗੁਰੂ ਨਾਨਕ ਦੇਵ ਦੀ ਬਾਣੀ ਦਾ ਚਿਹਨ-ਵਿਗਿਆਨਕ ਅਧਿਐਨ ਕੀਤਾ ਹੈ । ਇਸੇ ਦਿਸ਼ਾ ਵਿਚ ਰਣਜੀਤ ਸਿੰਘ ਰੰਗੀਲਾ ਚਿਹਨ-ਵਿਗਿਆਨ ਦੇ ਖੇਤਰ ਵਿਚਲੇ ਕੇਂਦਰੀ ਸੰਕਲਪ ਚਿਹਨ ਨੂੰ ਵਖਰੀ ਦਿਸ਼ਾ ਵਿਚ ਪਾਰਿਭਾਸ਼ਿਤ ਕਰਨ ਦੇ ਨਿਰੰਤਰ ਯਤਨ ਪ੍ਰਯਤਨ ਵਿਚ ਰੁਝਿਆ ਹੋਇਆ ਹੈ । ਉਸ ਪਾਸੋਂ ਇਸ ਖੇਤਰ ਵਿਚ ਹੋਰ ਵਧੇਰੇ ਪ੍ਰਮਾਣਕ ਕੰਮ ਕੀਤੇ ਜਾਣ ਦੀ ਸਾਨੂੰ ਆਸ ਹੈ ।

ਇਸ ਤੋਂ ਬਿਨਾ ਹੋਰ ਬਹੁਤ ਸਾਰੇ ਨੌਜੁਆਨ ਆਲੋਚਕ ਵੀ ਹਨ ਜੋ ਚਿਹਨ-ਵਿਗਿਆਨ ਨੂੰ ਮਾਰਕਸਵਾਦ ਨਾਲ ਜੋੜ ਕੇ ਪੰਜਾਬੀ ਦੀਆਂ ਰਚਨਾਵਾਂ ਦਾ ਅਧਿਐਨ ਕਰਨ ਵਲ ਉਦਾਮਸ਼ੀਲ ਹਨ । ਇਨ੍ਹਾਂ ਵਿਚ ਪ੍ਰੋ: ਗੁਰਭਗਤ ਸਿੰਘ, ਡਾ: ਐਸ. ਐਸ. ਨੂਰ, ਡਾ: ਜਗਬੀਰ ਸਿੰਘ, ਡਾ: ਗੁਰਬਚਨ, ਡਾ: ਰਣਜੀਤ ਸਿੰਘ ਬਾਜਵਾ ਆਦਿ ਦੇ ਨਾਂ ਪ੍ਰਮੁੱਖ ਤੌਰ ਉਤੇ ਲਏ ਜਾ ਸਕਦੇ ਹਨ । ਇਸ ਤੋਂ ਇਲਾਵਾ ਪੰਜਾਬੀ ਦੇ ਸੈਮੀਨਾਰਾਂ ਵਿਚ ਵੀ ਅੱਜ ਕਲ ਚਿਹਨ-ਵਿਗਿਆਨਕ ਸਮੀਖਿਆ ਦਾ ਬੋਲ ਬਾਲਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਟਰਨ-ਚੇਤਨਾ ਤੇ ਬਾਣੀ-ਵਿਚਾਰ

1

ਬਾਣੀ-ਵਿਚਾਰ ਵਿਚ ਪੈਟਰਨ-ਚੇਤਨਾ ਦੀ ਸਾਰਥਕਤਾ ਨੂੰ ਨਿਸ਼ਚਿਤ ਕਰਨ ਤੋਂ ਪਹਿਲਾਂ ਪੈਟਰਨ-ਚੇਤਨਾ ਦੇ ਸਰੂਪ ਨੂੰ ਵਿਚਾਰ ਲੈਣਾ ਉਚਿਤ ਹੈ। ਪੈਟਰਨ-ਚੇਤਨਾ, ਸਮੁੱਚ-ਚੇਤਨਾ ਨਾਲ ਸੰਬੰਧਿਤ ਹੈ, ਵੇਰਵਾ-ਚੇਤਨਾ ਨਾਲ ਨਹੀਂ। ਕੋਈ ਵੀ ਇੱਕਲਾ ਵੇਰਵਾ ਆਪਣੇ ਆਪ ਵਿਚ ਪੈਟਰਨ ਦੇ ਲੱਛਣ ਦਾ ਧਾਰਨੀ ਨਹੀਂ ਹੋ ਸਕਦਾ। ਪੈਟਰਨ ਦੀ ਹੋਂਦ ਲਈ ਇਕ ਤੋਂ ਵਧੇਰੇ ਤੱਤਾਂ ਦਾ ਹੋਣਾ ਲਾਜ਼ਮੀ ਹੈ। ਤੱਤ/ਵੇਰਵੇ ਆਪਣੇ ਆਪ ਵਿਚ ਵਿਵਧ ਤੇ ਵਿਸਤ੍ਰਿਤ ਹੁੰਦੇ ਹਨ। ਬਹੁ-ਬਿਧ ਤੱਤ/ਵੇਰਵੇ ਨਿਸ਼ਚਿਤ ਸੰਬੰਧਾਂ ਵਿਚ ਜੁੜ ਕੇ ਸੰਗਠਿਤ ਸਮੁੱਚ ਵਿਚ ਕਾਰਜਸ਼ੀਲ ਹੁੰਦੇ ਹਨ। ਸੰਗਠਿਤ ਸਮੁੱਚ ਵਿਚ ਕਾਰਜਸ਼ੀਲ ਵੇਰਵਿਆਂ ਦੇ ਆਪਸੀ ਸੰਬੰਧਾਂ ਅਤੇ ਉਨ੍ਹਾਂ ਵੇਰਵਿਆਂ ਦੇ ਸਮੁੱਚ ਨਾਲ ਸੰਬੰਧ-ਸਮੂਹ (a set of relationships) ਨੂੰ ਹੀ ਪੈਟਰਨ ਦਾ ਨਾਂ ਦਿੱਤਾ ਜਾਂਦਾ ਹੈ। ਇਉਂ ਪੈਟਰਨ-ਚੇਤਨਾ, ਕਿਸੇ ਸੰਗਠਿਤ ਖੇਤਰ ਵਿਚਲੀ ਸੰਬੰਧ-ਚੇਤਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਪੱਖੋਂ ਪੈਟਰਨ-ਚੇਤਨਾ ਸੰਰਚਾਵਾਦੀ ਅਧਿਐਨ ਵਿਧੀ ਵਿਚ ਵਿਸ਼ੇਸ਼ ਥਾਂ ਰਖਦੀ ਹੈ। ਸੰਰਚਾਨਾਮਕ ਚਿੰਤਨ ਕਿਸੇ ਸੰਗਠਿਤ ਖੇਤਰ ਦੇ ਵੇਰਵਿਆਂ ਦੇ ਆਪਸੀ ਸੰਬੰਧਾਂ ਅਤੇ ਉਨ੍ਹਾਂ ਸਾਰਿਆਂ ਦੇ ਸਮੁੱਚੇ ਪੈਟਰਨ ਨਾਲ ਸੰਬੰਧ-ਸਮੂਹਾਂ ਨੂੰ ਜਾਣਨ-ਪਛਾਣਨ ਦੀ ਪ੍ਰਕਿਰਿਆ ਹੈ। ਪੈਟਰਨ-ਚੇਤਨਾ ਦੀ ਬਿਰਤੀ ਵੀ ਇਹੋ ਹੈ।

ਕਿਸੇ ਨਵੇਂ ਖੇਤਰ ਵਿਚ ਸੰਮਿਲਤ ਵੇਰਵੇ ਨਵੀਨ ਸੰਬੰਧਾਂ ਵਿਚ ਸੰਗਠਿਤ ਕੀਤੇ ਜਾਂਦੇ ਹਨ। ਪੈਟਰਨ-ਚੇਤਨਾ ਉਨ੍ਹਾਂ ਦੇ ਹੁਣਵੇਂ ਸੰਬੰਧਾਂ ਦੇ ਪੈਟਰਨ ਨੂੰ ਪਛਾਣਨ ਵਲ ਤੱਤਪਰ ਹੁੰਦੀ ਹੈ। ਕਿਸੇ ਪੈਟਰਨ ਵਿਚ ਸੰਮਿਲਿਤ ਵੇਰਵੇ ਕਈ ਖੇਤਰਾਂ ਤੋਂ ਲਏ ਜਾ ਸਕਦੇ ਹਨ। ਭਿੰਨ-ਭਿੰਨ ਖੇਤਰਾਂ ਤੋਂ ਆਏ ਵੇਰਵੇ, ਨਵੀਨ ਪੈਟਰਨ ਵਿਚ ਨਵੀਨ ਸਾਰਥਕਤਾ ਗ੍ਰਹਿਣ ਕਰ ਲੈਂਦੇ ਹਨ। ਨਵੀਨ ਸਿਰਜਨ ਲਈ ਵੇਰਵਿਆਂ ਨੂੰ ਪੁਰਾਣੇ ਖੇਤਰਾਂ ਵਿਚੋਂ ਪੁੱਟ ਕੇ (ਵਿਸਥਾਪਿਤ ਕਰਕੇ) ਨਵੇਂ ਪੈਟਰਨ ਵਿਚ ਸਾਰਥਕ ਕਰ ਦਿੱਤਾ ਜਾਂਦਾ ਹੈ। ਪੈਟਰਨ-ਚੇਤਨਾ ਹੁਣਵੇਂ ਸੰਗਠਿਤ ਖੇਤਰ ਦੀ ਨਵੀਨ ਸਥਾਪਤੀ ਨੂੰ ਸਮਝਣ ਲਈ ਰੁਚਿਤ ਹੁੰਦੀ ਹੈ! ਨਵੀਨ ਸਿਰਜਿਤ ਪੈਟਰਨ ਵਿਚ ਸੰਗਠਿਤ ਵੇਰਵੇ ਪੂਰਬਲੇ ਸੰਦਰਭਾਂ ਵਾਲੀ ਸਾਰਥਕਤਾ ਨੂੰ ਤਿਆਗ ਕੇ ਨਵੀਨ ਸਾਰਥਕਤਾ ਨੂੰ ਉਭਾਰ ਰਹੇ ਹੁੰਦੇ ਹਨ। ਇਸ ਤਰ੍ਹਾਂ ਪੈਟਰਨ-ਚੇਤਨਾ ਹਰ ਖੇਤਰ ਦੀ ਸੁਤੰਤਤਰ ਹੋਂਦ ਨੂੰ ਪਛਾਣਨ ਵਲ ਰੁਚਿਤ ਹੁੰਦੀ ਹੈ। ਇਨ੍ਹਾਂ ਅਰਥਾਂ ਵਿਚ ਪੈਟਰਨ-ਚੇਤਨਾ, ਵੇਰਵਾ-ਚੇਤਨਾ ਦੀ ਵਿਰੋਧੀ ਬਿਰਤੀ ਵਜੋਂ ਸਾਹਮਣੇ ਆਉਂਦੀ ਪ੍ਰਤੀਤ ਹੁੰਦੀ ਹੈ। ਵੇਰਵਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਤੀ ਕਿਸੇ [illegible] ਪੈਟਰਨ ਨੂੰ ਉਸ ਦੇ [illegible] ਵਿਚ ਘਟਾ ਕੇ ਉਸ ਦੀ ਵੇਰਵਾ ਸਾਰਥਕਤਾ ਨੂੰ ਨਿਸ਼ਚਿਤ ਕਰਦੀ ਹੈ। ਪਰੰਤੂ ਪੈਟਰਨ-ਚੇਤਨਾ ਹੁਣਵੀਂ ਸਮੁੱਚੀ ਸਾਰਥਕਤਾ ਨੂੰ ਜਾਣਨ ਵਲ ਰੁਚਿਤ ਹੁੰਦੀ ਹੈ। ਵੇਰਵਿਆਂ ਦੀ ਹੋਂਦ ਤਾਂ ਦੂਸਰੇ ਖੇਤਰਾਂ ਨਾਲ ਮਿਲਵੀਂ ਹੋ ਸਕਦੀ ਹੈ। ਪਰ ਕਿਸੇ ਖੇਤਰ ਦੀ ਨਵੀਨ ਸਾਰਥਕਤਾ ਉਸ ਦੇ ਨਵੇਂ ਪੈਟਰਨਗਤ ਸੰਬੰਧ-ਸਮੂਹ ਨੂੰ ਪਛਾਣਨ ਵਾਲੀ ਚੇਤਨਾ ਦੇ ਰੂਪ ਵਿਚ ਗ੍ਰਹਿਣ ਕੀਤੀ ਜਾਂਦੀ ਹੈ।

ਕਿਸੇ ਸੰਗਠਿਤ ਖੇਤਰ ਦੀ ਅਧਿਐਨ-ਪ੍ਰਕਿਰਿਆ ਦਾ ਅੰਤਮ ਪੜਾ ਉਸਦੇ ਪੈਟਰਨਗਤ ਸੰਬੰਧ-ਸਮੂਹ ਨੂੰ ਪਛਾਣਨ ਤਕ ਪੁੱਜਣ ਦਾ ਹੁੰਦਾ ਹੈ। ਇਸ ਪ੍ਰਕਿਰਿਆ ਦਾ ਪਹਿਲਾ ਪੜਾ ਉਲਝਾਉ ਤੇ ਧੁੰਧੂਕਾਰ ਦੀ ਅਵਸਥਾ ਨਾਲ ਮਿਲਦਾ ਹੈ। ਯਤਨ ਉਪਰੰਤ ਅਧਿਏਤਾ ਕੁਝ ਅਜਿਹੇ ਸੰਬੰਧ-ਸਮੂਹਾਂ ਨੂੰ ਲਭਦਾ ਹੈ ਜੋ ਕਿ ਉਸ ਖੇਤਰ ਨੂੰ ਸੰਗਠਿਤ ਕਰ ਰਹੇ ਹੁੰਦੇ ਹਨ। ਸੰਬੰਧ-ਸਮੂਹਾਂ ਦੀ ਪਛਾਣ ਹੀ ਪੈਟਰਨ-ਪ੍ਰਾਪਤੀ ਦੀ ਅਵਸਥਾ ਹੈ। ਕਿਸੇ ਖੇਤਰ ਨੂੰ ਸਮਝਣਯੋਗ ਬਣਾਣ ਲਈ ਇਹ ਅਵਸਥਾ ਉਸ ਖੇਤਰ ਦੀ ਅੰਤਰ-ਦ੍ਰਿਸ਼ਟੀ insight ਨੂੰ ਪ੍ਰਦਾਨ ਕਰਦੀ ਹੈ। ਅੰਤਰ-ਦ੍ਰਿਸ਼ਟੀ ਦੀ ਪ੍ਰਾਪਤੀ ਉਦੋਂ ਹੁੰਦੀ ਹੈ ਜਦੋਂ ਕਿਸੇ ਖੇਤਰ ਦੇ ਵੇਰਵਿਆਂ ਨੂੰ ਇਕ ਦੂਜੇ ਨਾਲ ਅੰਤਰ-ਸੰਬੰਧਿਤ ਅਤੇ ਅੰਤਰ-ਅਧਾਰਿਤ ਮਹਿਸੂਸ ਕੀਤਾ ਜਾਂਦਾ ਹੈ। ਜੀਵ-ਵਿਗਿਆਨੀ ਕੋਹਲਰ ਨੇ ਕਈ ਪ੍ਰਯੋਗਾਂ ਰਾਹੀਂ ਇਸ ਤੱਥ ਨੂੰ ਸਪਸ਼ਟ ਕੀਤਾ ਹੈ। ਉਸ ਦੇ ਇਕ ਪ੍ਰਯੋਗ ਦੇ ਜ਼ਿਕਰ ਨਾਲ ਇਹ ਤੱਥ ਵਧੇਰੇ ਸਪਸ਼ਟ ਹੋ ਜਾਵੇਗਾ। ਇਕ ਕਮਰੇ ਵਿਚ ਇਕ ਕੇਲਾ ਛਤ ਨਾਲ ਲਟਕਾ ਦਿੱਤਾ ਗਿਆ। ਕੇਲੇ ਤੋਂ ਰਤਾ ਕੁ ਪਰੇਰੇ ਹੇਠਾਂ ਇਕ ਸੰਦੂਕ ਰਖ ਦਿੱਤਾ ਗਿਆ। ਕਮਰੇ ਵਿਚ ਛੇ ਬੰਦਰਾਂ ਨੂੰ ਛਡਿਆ ਗਿਆ। ਪਹਿਲਾਂ ਬੰਦਰਾਂ ਨੇ ਇਕ ਦਮ ਉਛਲ ਉਛਲ ਕੇ ਕੇਲੇ ਤਕ ਪੁੱਜਣ ਦਾ ਅਸੰਭਵ ਕਾਰਜ ਅਰੰਭਿਆ। ਫਿਰ ਅਚਾਨਕ ਹੀ ਇਕ ਬੰਦਰ ਨੇ ਉੱਛਲਣਾ ਬੰਦ ਕਰ ਦਿੱਤਾ। ਉਹ ਸਾਰੇ ਕਮਰੇ ਵਿਚ ਘੁੰਮਿਆ। ਅਚਾਨਕ ਉਹ ਸੰਦੂਕ ਕੋਲ ਠਹਿਰ ਗਿਆ। ਸੰਦੂਕ ਨੂੰ ਉਸਨੇ ਧਕੇਲ ਕੇ ਕੇਲੇ ਹੇਠ ਲਿਆਂਦਾ ਤੇ ਉਸ ਉਪਰੋਂ ਛਾਲ ਮਾਰ ਕੇ ਕੇਲੇ ਨੂੰ ਪ੍ਰਾਪਤ ਕਰ ਲਿਆ। ਇਸ ਸਥਿਤੀ ਵਿਚ ਬੰਦਰ ਦੀ ਪਹਿਲੀ ਅਵਸਥਾ ਉਲਝਾਉ ਦੀ ਹੈ। ਪਹਿਲਾਂ ਬੰਦਰ ਇਸ ਸਥਿਤੀ ਵਿਚਲੀਆਂ ਵਸਤਾਂ ਨੂੰ ਅੰਤਰ-ਸੰਬੰਧਿਤ ਹੋਇਆ ਤੇ ਇਕ ਪੈਟਰਨ ਵਿਚ ਪਰੁਚਿਆ ਅਨੁਭਵ ਨਹੀਂ ਕਰ ਸਕਿਆ। ਇਸ ਲਈ ਵਿਅਰਥ ਛਾਲਾਂ ਮਾਰਦਾ ਰਿਹਾ। ਪਰ ਕਮਰੇ ਵਿਚ ਘੁੰਮਦਿਆਂ ਅਚਾਨਕ ਹੀ ਉਸਨੇ ਸੰਦੂਕ ਕੇਲੇ ਤੇ ਛਾਲ ਤਿੰਨਾ ਵੇਰਵਿਆ ਨੂੰ ਇਕ ਕਾਰਜਸ਼ੀਲ ਸੰਬੰਧ-ਸਮੂਹ ਵਿਚ ਪਰੁਚੇ ਹੋਏ ਅਨੁਭਵ ਕੀਤਾ। ਇਸੇ ਸੰਬੰਧ-ਸਮੂਹ ਨੇ ਸਥਿਤੀ ਨੂੰ ਸਮਝਣਯੋਗ ਬਣਾਇਆ। ਇਸੇ ਨੇ ਉਸ ਨੂੰ ਸਮੱਸਿਆ ਦਾ ਹਲ ਪ੍ਰਦਾਨ ਕੀਤਾ। ਇਹੋ ਇਸ ਸਮੱਸਿਆ ਦੀ ਅੰਤਰ-ਦ੍ਰਿਸ਼ਟੀ ਹੈ। ਅੰਤਰ-ਦ੍ਰਿਸ਼ਟੀ ਦੀ ਪ੍ਰਾਪਤੀ, ਕੋਹਲਰ ਅਨੁਸਾਰ, ਉਦੋਂ ਹੁੰਦੀ ਹੈ, ਜਦੋਂ ਪੈਟਰਨ ਉਭਰ ਕੇ ਸਾਹਮਣੇ ਆਉਂਦਾ ਹੈ। ਸੰਬੰਧ ਸਮੂਹ ਦੀ ਕਾਰਜਸ਼ੀਲਤਾ ਦੀ ਅਜਿਹੀ ਪੈਟਰਨ-ਚੇਤਨਾ ਸੰਰਚਨਾਵਾਦੀ ਚਿੰਤਨ ਵਿਚ ਖਾਸ ਮਹੱਤਾ ਰਖਦੀ ਹੈ। ਸੰਰਚਨਾਵਾਦੀ ਮਾਡਲ ਅਨੁਸਾਰ ਕੋਈ ਸੰਰਚਨਾ ਸਮਝਣਯੋਗ ਉਦੋਂ ਬਣਦੀ ਹੈ ਜਦੋਂ ਕਿ ਉਸ ਵਿਚ ਸੰਮਲਿਤ ਵੇਰਵਿਆਂ ਦਾ ਇਕ ਦੂਜੇ ਨਾਲ ਸੰਬੰਧ ਤੇ ਉਨ੍ਹਾਂ ਸਾਰਿਆਂ ਦੀ ਸਮੁੱਚੀ ਕਾਰਜਸ਼ੀਲਤਾ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਪੈਟਰਨ ਕਿਸੇ ਸੰਰਚਨਾ ਦੇ ਸੰਬੰਧ-ਸਮੂਹ ਦੀ ਕਾਰਜਸ਼ੀਲਤਾ ਨਾਲ ਸੰਬੰਧਿਤ ਚੇਤਨਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਜਦੋਂ ਪੈਟਰਨ ਵਿਚਲੇ ਸੰਬੰਧ-ਸਮੂਹ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ ਤਾਂ ਦੁਹਰਾਉਮੂਲਕ ਪੈਟਰਨ ਦੀ ਪ੍ਰਾਪਤੀ ਹੁੰਦੀ ਹੈ। ਇਹ ਦੁਹਰਾਉਮੂਲਕ ਪੈਟਰਨ ਮਨੁੱਖ ਦੁਆਰਾ ਸੰਗਠਿਤ ਖੇਤਰ ਦੀ ਵਿਸ਼ੇਸ਼ਤਾ ਹੁੰਦੇ ਹਨ। ਮਨੁੱਖ ਦੁਆਰਾ ਸੰਗਠਿਤ ਖੇਤਰਾਂ ਵਿਚੋਂ ਭਾਸ਼ਾ-ਖੇਤਰ ਬੁਨਿਆਦੀ ਮਹੱਤਾ ਰਖਦਾ ਹੈ। ਭਾਸ਼ਾ ਦੇ ਹਰ ਉਚਾਰ ਵਿਚ ਪੈਟਰਨ ਬਾਰ ਬਾਰ ਦੁਹਰਾਏ ਜਾਂਦੇ ਹਨ। ਪੰਜਾਬੀ ਭਾਸ਼ਾ ਦੇ ਉਚਾਰ-ਸਿਰਜਨ ਲਈ ਕਰਤਾ-ਕਰਮ-ਕਿਰਿਆ ਦਾ ਪੈਟਰਨ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਹ ਸੰਬੰਧ ਸਮੂਹ ਪੰਜਾਬੀ ਵਿਆਕਰਣ ਦਾ ਬੁਨਿਆਦੀ ਪੈਟਰਨ ਹੈ। ਅੰਗ੍ਰੇਜ਼ੀ ਭਾਸ਼ਾ ਦੇ ਬੁਨਿਆਦੀ ਪੈਟਰਨ ਨਾਲੋਂ ਇਹ ਭਿੰਨ ਹੈ। ਅੰਗ੍ਰੇਜ਼ੀ ਭਾਸ਼ਾ ਦੇ ਉਚਾਰ ਸਿਰਜਨ ਲਈ ਕਰਤਾ-ਕਿਰਿਆ-ਕਰਮ ਦੇ ਬੁਨਿਆਦੀ ਪੈਟਰਨ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। ਹਰ ਭਾਸ਼ਾ ਖੇਤਰ ਵਿਚ ਅਜਿਹੇ ਕਈ ਤਰ੍ਹਾਂ ਦੇ ਸੰਬੰਧ-ਸਮੂਹਾਂ ਦੇ ਪੈਟਰਨ ਬਾਰ ਬਾਰ ਦੁਹਰਾਏ ਜਾਂਦੇ ਹਨ। ਇਹ ਪੈਟਰਨ ਆਪਸ ਵਿਚ ਅੰਤਰ-ਸੰਬੰਧਿਤ ਹੋ ਕੇ ਕਿਸੇ ਭਾਸ਼ਾ ਦੇ ਵਿਆਕਰਣ ਸਿਸਟਮ ਨੂੰ ਸਿਰਜਦੇ ਹਨ।

ਅਜਿਹਾ ਪੈਟਰਨ ਜਾਂ ਸਿਸਟਮ ਹਰ ਵਿਸ਼ੇਸ਼ ਉਚਾਰ ਦੀ ਅਰਥ-ਵਿਆਖਿਆ ਪੇਸ਼ ਨਹੀਂ ਕਰਦਾ। ਇਹ ਸਿਸਟਮ ਤਾਂ ਉਨ੍ਹਾਂ ਸਥਿਤੀਆਂ (conditions) ਦੀ ਵਿਆਖਿਆ ਕਰਦਾ ਹੈ, ਜਿਨ੍ਹਾਂ ਵਿਚੋਂ ਅਰਥ ਉਦੈ ਹੁੰਦਾ ਹੈ। ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਡੂੰਘੇ ਪੱਧਰ ਤੇ ਕੰਮ ਕਰ ਰਹੇ ਅਜਿਹੇ ਪੈਟਰਨ-ਸਿਸਟਮ ਲਈ 'ਲੈਂਗ' ਤੇ ਭਿੰਨ ਭਿੰਨ ਉਚਾਰਾਂ ਲਈ 'ਪੈਰੋਲ' ਦੇ ਪਰਿਭਾਸ਼ਕ ਸੰਕੇਤ ਵਰਤੇ ਜਾਂਦੇ ਹਨ। ਭਾਸ਼ਾ ਦੇ ਵਕਤੇ/ਸ੍ਰੋਤੇ ਜੋ ਬੋਲ ਉਚਾਰਦੇ ਹਨ, ਉਹ 'ਪੈਰੋਲ' ਹਨ। ਇਹ 'ਪੈਰੋਲ' ਹਰ ਵਿਅਕਤੀ ਦੀ ਆਪਣੀ ਵਿਸ਼ੇਸ਼ ਸਥਿਤੀ ਅਨੁਸਾਰ ਵਿਲੱਖਣ ਹੁੰਦੇ ਹਨ। ਵਿਲੱਖਣਤਾ ਪ੍ਰਦਾਨ ਕਰਨ ਵਾਲੇ ਚਾਰ ਪ੍ਰਮੁਖ ਲੱਛਣ ਇਹ ਹਨ : (1) ਵਕਤੇ ਦਾ ਉਚਾਰ ਨੂੰ ਪੇਸ਼ ਕਰਨ ਦਾ ਉਦੇਸ਼ (2) ਉਚਾਰ ਦੀ ਪੇਸ਼ਕਾਰੀ ਪਿਛੇ ਉਸਦੀ ਭਾਵਨਾ (3) ਉਚਾਰ ਦੀ ਸਥਿਤੀ/ਪ੍ਰਸੰਗ (4) ਵਕਤੇ ਦੀ ਸਿਮਰਤੀ ਦਾ ਪਸਾਰ। ਇਨ੍ਹਾਂ ਗੁਣ ਲੱਛਣਾ ਦੇ ਪ੍ਰਭਾਵ ਕਾਰਨ ਉਚਾਰ ਵਿਲੱਖਣ ਤੇ ਸਮੂਰਤ ਬਣਦੇ ਹਨ। ਇਹ ਵਿਲੱਖਣ ਲੱਛਣ ਕਿਸੇ ਉਚਾਰ ਵਿਚ ਪੇਸ਼ ਕੀਤੀ ਜਾ ਰਹੀ ਵੱਥ (content) ਹਨ। ਪਰੰਤੂ ਜੇ ਇਸ ਵੱਥ ਨੂੰ ਵਿਚੋਂ ਖਾਰਜ ਕਰ ਦਿੱਤਾ ਜਾਵੇ ਤਾਂ ਸਾਨੂੰ ਭਾਸ਼ਾ-ਖੇਤਰ ਦੇ ਵੱਥ-ਵਿਹੂਣੇ ਪੈਟਰਨਾ ਦੀ ਪ੍ਰਾਪਤੀ ਹੁੰਦੀ ਹੈ। ਅਜਿਹੇ ਵੱਥ-ਵਿਹੂਣੇ ਪੈਟਰਨ ਕੇਵਲ ਅਮੂਰਤ ਸੰਬੰਧ-ਸਮੂਹਾਂ ਨੂੰ ਹੀ ਪੇਸ਼ ਕਰਦੇ ਹਨ। ਇਨ੍ਹਾਂ ਅਮੂਰਤ ਸੰਬੰਧ-ਸਮੂਹਾਂ ਦੇ ਸਿਸਟਮ ਨੂੰ ਹੀ ਵਿਆਕਰਣ-ਸਿਸਟਮ ਦਾ ਨਾਂ ਦਿੱਤਾ ਜਾਂਦਾ ਹੈ।

ਕਿਸੇ ਸਾਂਸਕ੍ਰਿਤਕ ਸਮੂਹ ਦੇ ਭਾਸ਼ਾ-ਉਚਾਰਾਂ ਪਿਛੇ ਇਹ ਅਮੂਰਤ ਪੈਟਰਨ ਉਸ ਸਮੂਹ ਦੀਆਂ ਭਾਸ਼ਕ ਆਦਤਾਂ ਦੇ ਰੂਪ ਵਿਚ ਸਦਾ ਕਾਰਜਸ਼ੀਲ ਰਹਿੰਦੇ ਹਨ। ਪੈਟਰਨਾਂ ਦਾ ਸਿਸਟਮ ਬੋਲ (speech) ਦਾ ਸਮਾਜਕ ਪਸਾਰ ਹੈ ਜੋ ਕਿ ਵਿਅਕਤੀ ਤੋਂ ਸੁਤੰਤਰ ਹੁੰਦਾ ਹੈ। ਵਿਅਕਤੀ ਆਪਣੇ ਆਪ ਵਿਚ ਨ ਇਹਨੂੰ ਸਿਰਜ ਸਕਦਾ ਹੈ ਤੇ ਨ ਹੀ ਬਦਲ ਸਕਦਾ ਹੈ। ਭਾਸ਼ਾ ਦੇ ਇਸੇ ਪਸਾਰ ਨੂੰ ਸੋਸਿਊਰ 'ਲੈਂਗ' ਦਾ ਨਾਂ ਦਿੰਦਾ ਹੈ। ਪੈਟਰਨਾਂ ਦੇ ਇਸ ਸਿਸਟਮ ਨੂੰ ਹਰ ਵਕਤਾ ਆਪਣੇ ਸਾਂਸਕ੍ਰਿਤਿਕ ਅਨੁਭਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚੋਂ ਸਹਿਜ ਹੀ ਗ੍ਰਹਿਣ ਕਰ ਲੈਂਦਾ ਹੈ। ਵਕਤੇ ਦੇ ਹਰ ਸਥਿਤੀਗਤ ਉਚਾਰ ਵਿਚ ਇਨ੍ਹਾਂ ਪੈਟਰਨਾਂ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਸਪਸ਼ਟ ਪਛਾਣਿਆ ਜਾ ਸਕਦਾ ਹੈ। ਨਿਤ ਦੁਹਰਾਉ ਦੀ ਪ੍ਰਕਿਰਿਆ ਕਾਰਨ ਇਹ ਪੈਟਰਨ ਰੂੜ੍ਹ ਹੋ ਜਾਂਦੇ ਹਨ। ਅਜਿਹੇ ਰੂੜ੍ਹ ਹੋਏ ਪੈਟਰਨ ਕਿਸੇ ਪਰੰਪਰਾ ਦੀ ਕੰਗਰੋੜ ਹੁੰਦੇ ਹਨ। ਇਨ੍ਹਾਂ ਪੈਟਰਨਾ ਵਿਚ ਕਿਸੇ ਸਾਂਸਕ੍ਰਿਤਿਕ ਸਮੂਹ ਦੀ ਅਰਥ-ਸੰਚਾਰ ਦੀ ਯੋਗਤਾ ਸਮਾਈ ਰਹਿੰਦੀ ਹੈ। ਇਨ੍ਹਾਂ ਦੀ ਸਾਂਝ ਕਾਰਨ ਹੀ ਕਿਸੇ ਸਾਂਸਕ੍ਰਿਤਿਕ ਸਮੂਹ ਦੇ ਵਿਅਕਤੀ ਇਕ ਦੂਜੇ ਤਕ ਆਪਣੇ ਭਾਵ ਤੇ ਭਾਵਨਾ ਦਾ ਸੰਚਾਰ ਕਰਦੇ ਹਨ। ਇਨ੍ਹਾਂ ਦੀ ਸਾਂਝ ਕਾਰਨ ਹੀ ਵਕਤਾ/ਸ੍ਰੋਤਾ ਕਿਸੇ ਪ੍ਰਸੰਗ ਅਨੁਸਾਰ ਇਕ ਦੂਜੇ ਪ੍ਰਤੀ ਅਨੁਕਿਰਿਆਸ਼ੀਲ ਹੋਣ ਲਈ ਪੂਰਬ-ਅਨੁਮਾਨ ਜਾਂ ਤਵੱਕੋ ਲਾ ਲੈਂਦੇ ਹਨ। ਅਨੁਮਾਨ ਤੇ ਤਵੱਕੋ ਦਾ ਅਧਾਰ ਅਮੂਰਤ ਸੰਬੰਧ-ਸਮੂਹਾਂ ਦੇ ਪੈਟਰਨਾ ਦੀ ਸਾਂਝ ਹੈ। ਇਨ੍ਹਾਂ ਬਿਨਾ ਭਾਸ਼ਾ ਅਰਥ-ਰਹਿਤ ਧੁਨੀਆ ਦਾ ਸ਼ੋਰ ਬਣ ਕੇ ਰਹਿ ਜਾਏ। ਇਸ ਲਈ ਭਾਸ਼ਾ-ਵਿਗਿਆਨ ਦੀ ਮੂਲ ਸਥਾਪਨਾ ਹੈ ਕਿ ਕਿਸੇ ਭਾਸ਼ਾ ਖੇਤਰ ਦੇ ਉਚਾਰ ਅਰਥਸ਼ੀਲ ਉਸੇ ਸ੍ਰੋਤੇ ਲਈ ਹਨ ਜਿਸ ਦੇ ਅੰਦਰ ਡੂੰਘੇ ਪੱਧਰ ਤੇ ਇਹ ਪੈਟਰਨ-ਸਿਸਟਮ ਵਸਿਆ ਹੋਇਆ ਹੈ।

ਭਾਸ਼ਾ-ਵਿਗਿਆਨੀ ਪੈਟਰਨਾਂ ਦੇ ਅਜਿਹੇ ਸਿਸਟਮ ਨੂੰ ਨਿਸ਼ਚਿਤ ਕਰਨ ਦਾ ਜਤਨ ਕਰਦਾ ਹੈ। ਸਾਹਿਤ-ਵਿਗਿਆਨੀ ਵੀ ਇਸੇ ਦੇ ਸਮਾਨੰਤਰ ਤੁਰਦਾ ਹੈ। ਸਾਹਿਤ-ਵਿਗਿਆਨਕ ਅਧਿਐਨ ਸਾਹਿਤ-ਯੋਗਤਾ ਦੇ ਪੈਟਰਨਾਂ ਨੂੰ ਨਿਸ਼ਚਿਤ ਕਰਨ ਨਾਲ ਸੰਬੰਧਿਤ ਹੈ। ਇਨ੍ਹਾਂ ਅਰਥਾਂ ਵਿਚ ਸਾਹਿਤ-ਵਿਗਿਆਨਕ ਅਧਿਐਨ ਇਕ ਸਾਹਿਤ-ਪਾਠ ਦੇ ਅਧਿਐਨ ਨਾਲੋਂ ਭਿੰਨ ਹੋ ਜਾਂਦਾ ਹੈ। ਕਿਸੇ ਵਿਸ਼ੇਸ਼ ਸਾਹਿਤ-ਪਾਠ ਦਾ ਅਧਿਐਨ ਉਸ ਦੇ ਵਿਸ਼ੇਸ਼ ਅਰਥਾਂ ਨੂੰ ਨਿਸ਼ਚਤ ਕਰਦਾ ਹੈ। ਸਾਹਿਤ-ਵਿਗਿਆਨਕ ਅਧਿਐਨ ਅਰਥ ਨੂੰ ਉਦੈ ਕਰਨ ਵਾਲੀ ਯੋਗਤਾ ਦੇ ਪੈਟਰਨਾਂ ਨੂੰ ਨਿਸ਼ਚਿਤ ਕਰਦਾ ਹੈ। ਇਉਂ ਸਾਹਿਤ-ਵਿਗਆਨਕ ਅਧਿਐਨ ਲਈ ਪੈਟਰਨ-ਚੇਤਨਾਂ ਦਾ ਮਹੱਤਵ ਸਪਸ਼ਟ ਹੁੰਦਾ ਹੈ। ਇਸ ਪੈਟਰਨ-ਸਿਸਟਮ ਦੀ ਜਾਣਕਾਰੀ ਸੰਬੰਧਿਤ ਕਾਵਿ-ਪਰੰਪਰਾ ਦੀਆਂ ਸਮੂਹ ਕਾਵਿ-ਕਿਰਤਾਂ ਵਿਚਲੀ ਸਾਰਥਕਤਾ ਨੂੰ ਪਛਾਣਨ ਵਿਚ ਸਹਾਇਕ ਹੁੰਦੀ ਹੈ। ਜਿਵੇਂ ਕਿਸੇ ਭਾਸ਼ਾ ਦਾ ਵਕਤਾ ਆਪਣੀ ਭਾਸ਼ਾ ਦੇ ਪੈਟਰਨ-ਸਿਸਟਮ ਨੂੰ ਮਨੋਵਾਸ ਕਰ ਲੈਣ ਬਾਅਦ ਹਰ ਸਮੂਰਤ ਉਚਾਰ ਦੇ ਵਿਸ਼ੇਸ਼ ਪ੍ਰਸੰਗਾਰਥ ਨੂੰ ਵੀ ਸਮਝ ਲੈਂਦਾ ਹੈ, ਇਵੇਂ ਹੀ ਕਿਸੇ ਕਵੀ/ਕਾਵਿ-ਪਰੰਪਰਾ ਦੇ ਪੈਟਰਨਾਂ-ਸਿਸਟਮ ਨੂੰ ਨਿਸ਼ਚਿਤ ਕਰ ਲੈਣ ਨਾਲ ਉਸ ਕਾਵਿ ਪਰੰਪਰਾ ਦੇ ਪ੍ਰਵਚਨਾਂ ਦੇ ਥੀਮਾਂ ਨੂੰ ਨਿਸ਼ਚਿਤ ਕਰਨ ਵਿਚ ਸਹਾਇਤਾ ਮਿਲਦੀ ਹੈ। ਹਰ ਕਲਾਕਾਰ ਆਪਣੀ ਵਿਸ਼ੇਸ਼ ਥੀਮਕ ਚੇਤੰਨਤਾ ਨੂੰ ਪਰੰਪਰਾਗਤ ਪੈਟਰਨਾਂ ਦੀ ਪਿੱਠ-ਭੂਮੀ ਵਿਚੋਂ ਹੀ ਉਭਾਰਦਾ ਹੈ। ਭਾਵੇਂ ਕਲਾਕਾਰ ਪਰੰਪਾਗਤ ਪੈਟਰਨਾ ਦਾ ਪ੍ਰਾਹਨ ਵੀ ਕਰੇ, ਤਦ ਵੀ ਉਸ ਪਾਸ ਇਨ੍ਹਾਂ ਦੀ ਯੋਗਤਾ ਦਾ ਹੋਣਾ ਲਾਜ਼ਮੀ ਹੈ। ਸ੍ਰੋਤਾ ਵੀ ਕਲਾਕਾਰ ਦੀ ਪ੍ਰਾਹਨ-ਬਿਰਤੀ ਦੀ ਪਛਾਣ ਇਨ੍ਹਾਂ ਪੈਟਰਨਾਂ ਦੀ ਯੋਗਤਾ ਤੋਂ ਬਿਨਾਂ ਨਹੀਂ ਕਰ ਸਕਦਾ। ਪਰੰਪਰਾ, ਪੈਟਰਨ ਦੀ ਯੋਗਤਾ ਪ੍ਰਦਾਨ ਕਰਦੀ ਹੈ ਤੇ ਇਸ ਯੋਗਤਾ ਦੀ ਸਹਾਇਤਾ ਨਾਲ ਵਕਤਾ/ਸ੍ਰੋਤਾ ਵਿਸ਼ੇਸ਼ ਸਥਿਤੀ ਸਮੇਂ ਸੰਚਾਰ ਲਈ ਅਨੁਮਾਨ ਤੇ ਤਵੱਕੋ ਸਾਹਿਤ ਅਨੁਕਿਰਿਆਸ਼ੀਲ ਹੁੰਦਾ ਹੈ। ਕਲਾਕਾਰ ਸ੍ਰੋਤੇ ਦੇ ਅਨੁਮਾਨਾਂ ਤੇ ਤਵੱਕੋ ਨੂੰ ਪੂਰਾ ਵੀ ਕਰਦਾ ਹੈ ਤੇ ਉਨ੍ਹਾਂ ਦਾ ਪ੍ਰਾਹਨ ਵੀ। ਪੂਰਨਤਾ ਰਾਹੀਂ ਸ੍ਰੋਤੇ ਨੂੰ ਸੰਤੁਸ਼ਟੀ ਦੀ ਪ੍ਰਾਪਤੀ ਹੁੰਦੀ ਹੈ ਤੇ ਪ੍ਰਾਹਨ-ਬਿਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਹੀਂ ਕਲਾਕਾਰ ਦੀ ਕਲਾ ਪ੍ਰਤੀ ਹੈਰਾਨੀ । ਪਰ ਪੈਟਰਨ-ਪਛਾਣ ਦੀ ਯੋਗਤਾ ਬਿਨਾਂ ਨ ਸੰਤੁਸ਼ਟੀ ਸੰਭਵ ਹੈ ਨ ਹੈਰਾਨੀ । ਇਉਂ ਸਾਹਿਤ-ਵਿਗਿਆਨਕ ਪ੍ਰਕਿਰਿਆ ਦਾ ਸੰਬੰਧ ਕਿਸੇ ਸਾਹਿਤ ਪਰੰਪਰਾ ਦੇ ਪਿਛੇ ਕੰਮ ਕਰ ਰਹੇ ਅਜਿਹੇ ਪੈਟਰਨ-ਸਿਸਟਮ ਦੀ ਯੋਗਿਤਾ ਨੂੰ ਨਿਸ਼ਚਿਤ ਕਰਨ ਨਾਲ ਹੈ, ਜਿਸ ਰਾਹੀਂ ਸੰਬੰਧਿਤ ਪਰੰਪਰਾ ਆਪਣੀਆਂ ਸਿਰਜਨਾਤਮਕ ਸੰਭਾਵਨਾਵਾਂ ਨੂੰ ਉਘਾੜਦੀ ਹੈ ।

2

ਹੁਣ ਬਾਣੀ-ਵਿਚਾਰ ਵਿਚ ਪੈਟਰਨ-ਚੇਤਨਾ ਦੀ ਸਾਰਕਤਾ ਉਪਰ ਚਰਚਾ ਉਚਿਤ ਪ੍ਰਤੀਤ ਹੁੰਦੀ ਹੈ । ਮਧਕਾਲ ਤੋਂ ਹੀ ਬਾਣੀ-ਵਿਚਾਰ-ਪਰੰਪਰਾ ਦਾ ਅਰੰਭ ਹੋ ਜਾਂਦਾ ਹੈ । ਜਨਮ-ਸਾਖੀਆਂ ਨੇ ਬਾਣੀ ਦੇ ਪ੍ਰਸੰਗ ਤੇ ਸੰਦਰਭ ਸਪਸ਼ਟ ਕਰਨ ਦਾ ਯਤਨ ਕੀਤਾ । ਭਾ: ਗੁਰਦਾਸ ਨੇ ਸਤਿ-ਸਾਹਿਤ ਪਰੰਪਰਾ ਦੇ ਅੰਤਰਗਤ ਇਸ ਦੀ ਸਾਰਥਕਤਾ ਨੂੰ ਸਪਸ਼ਟ ਕੀਤਾ । ਭਾ: ਮਨੀ ਸਿੰਘ ਨੇ ਬਾਣੀ ਨੂੰ ਇਕ ਸ਼ਬਦ-ਯੁਕਤ ਪ੍ਰਬੰਧ ਦੇ ਰੂਪ ਵਿਚ ਗ੍ਰਹਿਣ ਕਰਨ ਵਲ ਧਿਆਨ ਦਿਵਾਇਆ । ਉਨ੍ਹਾਂ ਅਨੁਸਾਰ ਸ਼ਬਦ-ਪ੍ਰਬੰਧ ਉਪਰ ਧਿਆਨ ਕੇਂਦ੍ਰਿਤ ਕਰਨ ਲਈ ਸ਼ਬਦ-ਬਾਹਰੇ ਵੇਰਵਿਆਂ ਦਾ ਤਿਆਗ ਕਰਨਾ ਲਾਜ਼ਮੀ ਹੈ । ਆਧੁਨਿਕ ਪ੍ਰਸੰਗ ਵਿਚ ਸਾਹਿਤ ਅਧਿਐਨ ਲਈ ਇਹ ਮੂਲ ਸ਼ਰਤ ਹੈ । ਪੈਟਰਨ-ਚੇਤਨਾ ਵੀ ਬਾਹਰਲੇ ਵੇਰਵਿਆਂ ਤੋਂ ਧਿਆਨ ਹਟਾ ਕੇ ਸ਼ਬਦ-ਪ੍ਰਬੰਧ ਵਿਚਲੇ ਹੁਣਵੇਂ ਪੈਟਰਨ ਦੇ ਸੰਬੰਧ-ਸਮੂਹ ਨੂੰ ਪਛਾਣਨ ਵਲ ਰੁਚਿਤ ਹੁੰਦੀ ਹੈ । ਬਾਣੀ ਵਿਚਾਰ ਦੇ ਇਤਿਹਾਸ ਵਿਚ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਕਿ ਬਾਣੀ-ਅਧਿਐਨ ਪੈਟਰਨ-ਚੇਤਨਾ ਤੋਂ ਧਿਆਨ ਹਟਾ ਕੇ ਵੇਰਵਾ ਚੇਤਨਾ ਦਾ ਸ਼ਿਕਾਰ ਹੋ ਗਿਆ । ਬਾਣੀ ਦੇ ਆਪਣੇ ਵਿਲੱਖਣ ਪੈਟਰਨ ਨੂੰ ਜਾਣਨ-ਪਛਾਣਨ ਦੀ ਸਮਮਿਆ ਅਣਗੌਲੀ ਹੀ ਪਈ ਰਹੀ । ਵਿਲੱਖਣ-ਪੈਟਰਨ ਨੂੰ ਪਛਾਣਨ ਲਈ ਪੈਟਰਨ-ਚੇਤਨਾ ਵਲ ਰੁਚਿਤ ਹੋਣਾ ਲਾਜ਼ਮੀ ਹੈ । ਨਵੀਨ ਸਿਰਜਨ ਦੀ ਪਛਾਣ ਪੈਟਰਨ-ਚੇਤਨਾ ਦੁਆਰਾ ਸੰਭਵ ਹੈ । ਨਵੀਨ ਸਿਰਜਨ ਲਈ ਵੇਰਵਿਆਂ ਨੂੰ ਪੁਰਾਣੇ ਖੇਤਰਾਂ ਵਿਚੋਂ ਪੁੱਟ ਕੇ (ਵਿਸਥਾਪਿਤ ਕਰ ਕੇ) ਨਵੇਂ ਪੈਟਰਨ ਵਿਚ ਸਥਾਪਿਤ ਕਰ ਦਿੱਤਾ ਜਾਂਦਾ ਹੈ । ਪੈਟਰਨ-ਚੇਤਨਾ ਵੇਰਵਿਆਂ ਦੇ ਸੰਦਰਭਾ ਵਲੋਂ ਧਿਆਨ ਹਟਾ ਕੇ, ਉਨ੍ਹਾਂ ਦੇ ਹੁਣਵੇਂ ਸੰਗਠਨ ਦੇ ਪ੍ਰਸੰਗ ਨੂੰ ਪਛਾਣਨ ਵਲ ਤੱਤਪਰ ਰਹਿੰਦੀ ਹੈ । ਇਸ ਲਈ ਬਾਣੀ-ਵਿਚਾਰ ਦੇ ਖੇਤਰ ਵਿਚ ਵੇਰਵਾ-ਬਿਰਤੀ ਦੁਆਰਾ ਪਾਏ ਗਏ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਪੈਟਰਨ-ਚੇਤਨਾ ਹੀ ਸਹਾਇਕ ਹੋ ਸਕਦੀ ਹੈ ।

ਬਾਣੀ ਵਿਚਾਰ ਦੀ ਟੀਕਾ-ਪਰੰਪਰਾ ਨੇ ਭਿੰਨ ਭਿੰਨ ਬਾਣੀ ਕਿਰਤਾਂ ਦੇ ਅਰਥ ਸਪਸ਼ਟ ਕਰਨ ਵਲ ਵਿਸ਼ੇਸ਼ ਧਿਆਨ ਦਿੱਤਾ ਹੈ । ਬਾਣੀ-ਵਿਚਾਰ ਦੇ ਖੇਤਰ ਵਿਚ ਟੀਕਾ-ਪਰੰਪਰਾ ਨੇ ਭਿੰਨ ਭਿੰਨ ਬਾਣੀ-ਕਿਰਤਾਂ ਦੇ ਅਰਥ ਤਾਂ ਨਿਸ਼ਿਚਤ ਕੀਤੇ ਹਨ ਪਰੰਤੂ ਬਾਣੀ-ਕਿਰਤਾਂ ਦਾ ਸਮੁੱਚਾ ਕਾਵਿ ਵਿਗਿਆਨਕ ਅਧਿਐਨ ਅਜੇ ਅਣਗੌਲਿਆ ਹੀ ਪਿਆ ਹੈ । ਅਜਿਹੇ ਕਾਵਿ-ਵਿਗਿਆਨਕ ਅਧਿਐਨ ਲਈ ਪੈਟਰਨ-ਚੇਤਨਾ ਹੀ ਸਹਾਇਕ ਹੈ । ਹਰ ਪਰੰਪਰਾ ਥੀਮ ਨੂੰ ਉਜਾਗਰ ਕਰਨ ਲਈ ਪੈਟਰਨਾ ਦੀ ਵਰਤੋਂ ਕਰਦੀ ਹੈ । ਇਹ ਪੈਟਰਨ ਕਿਸੇ ਕਾਵਿ-ਪਰੰਪਰਾ ਵਿਚ ਅਰਥ ਨੂੰ ਗ੍ਰਹਿਣ ਕਰਨ ਲਈ ਰਾਹਬਰ ਵੀ ਹੁੰਦੇ ਹਨ ਅਤੇ ਕਿਸੇ ਕਿਰਤ ਵਿਚੋਂ ਵਿਸ਼ੇਸ਼ ਭਾਂਤ ਦੀ ਹੀ ਥੀਮ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰਹਿਣ ਕਰਨ ਲਈ ਕਈ ਪ੍ਰਤਿਬੰਧ ਵੀ ਲਾਉਂਦੇ ਹਨ । ਇਹ ਪੈਟਰਨ ਨਿਸ਼ਚਿਤ ਹੋ ਜਾਣ ਨਾਲ ਕਿਸੇ ਕਿਰਤ ਦੇ ਕਈ ਥੀਮਿਕ ਸਿੱਟੇ ਸੰਭਵ ਤੇ ਕੁਝ ਅਸੰਭਵ ਹੋ ਜਾਂਦੇ ਹਨ । ਇਉਂ ਇਹ ਪੈਟਰਨ ਅਰਥ ਨੂੰ ਨਿਸ਼ਚਿਤ ਕਰਨ ਦੀ ਬੁਨਿਆਦੀ ਯੋਗਤਾ ਨੂੰ ਸਾਂਭੀ ਬੈਠੇ ਹੁੰਦੇ ਹਨ । ਇਸ ਲਈ ਹੀ ਰੂਸੀ ਰੂਪਵਾਦੀਆਂ ਨੇ ਥੀਮ-ਜੁਗਤ-ਏਕਤਾ ਉਪਰ ਬਲ ਦਿਤਾ ਹੈ ਅਤੇ ਕਾਵਿ-ਅਧਿਐਨ ਵਿਚ ਕਾਵਿ-ਵਿਗਿਆਨਕ ਪ੍ਰਕਿਰਿਆ ਨੂੰ ਪ੍ਰਾਥਮਿਕਤਾ ਦਿੱਤੀ ਹੈ । ਬਾਣੀ-ਵਿਚਾਰ ਖੇਤਰ ਵਿਚ ਅਜਿਹੇ ਅਧਿਐਨ ਲਈ ਪੈਟਰਨ-ਚੇਤਨਾ-ਦੀ ਸਾਰਥਕਤਾ ਅਤਿਅੰਤ ਸਪਸ਼ਟ ਹੈ । ਇਨ੍ਹਾਂ ਅਰਥਾਂ ਵਿਚ ਪੈਟਰਨ-ਚੇਤਨਾ ਬਾਣੀ ਦੀ ਵਿਆਕਰਣ ਨੂੰ ਉਸਾਰਨ ਵਾਲੀ ਚੇਤਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ । ਪ੍ਰੋ: ਸਾਹਿਬ ਸਿੰਘ ਨੇ ਗੁਰਬਾਣੀ ਵਿਆਕਰਣ ਦੀ ਖੋਜ ਕਰਕੇ ਇਸ ਪਾਸੇ ਵਲ ਇਕ ਨਿਸ਼ਚਿਤ ਕਦਮ ਪੁਟਿਆ ਹੈ । ਬਾਣੀ ਦੇ ਸਿਸਟਮੀ-ਅਧਿਐਨ ਲਈ ਇਹ ਕਾਰਜ ਭੂਮਿਕਾ ਦਾ ਕੰਮ ਕਰਦਾ ਹੈ । ਪਰ ਪ੍ਰੋ: ਸਾਹਿਬ ਸਿੰਘ ਹੋਰਾਂ ਦੀ ਵਿਆਕਰਣ ਦਾ ਖੇਤਰ ਵਾਕ-ਪੱਧਰ ਤਕ ਹੀ ਸੀਮਿਤ ਹੈ । ਵਾਕ ਤੋਂ ਪਰ੍ਹੇ ਪ੍ਰਵਚਨ ਦਾ ਪਸਾਰ ਹੈ । ਬਾਣੀ ਵੀ ਇਕ ਵਿਸ਼ੇਸ਼ ਭਾਂਤ ਦਾ ਕਾਵਿ-ਪ੍ਰਵਚਨ ਹੀ ਹੈ । ਬਾਣੀ-ਵਿਚਾਰ ਦੇ ਅੰਤਰਗਤ ਪੈਟਰਨ-ਸਿਸਟਮ ਨੂੰ ਨਿਸ਼ਚਤ ਕੀਤਾ ਜਾ ਸਕਦਾ ਹੈ । ਇਉਂ ਬਾਣੀ ਦੇ ਕਾਵਿ-ਵਿਗਿਆਨਿਕ ਅਧਿਐਨ ਦਾ ਅਰੰਭ ਸੰਭਵ ਹੋ ਸਕਦਾ ਹੈ । ਸਾਡੀ ਅਕਾਦਮਿਕ ਆਲੋਚਨਾ ਵਿਚ ਅਜਿਹੀ ਬਿਰਤੀ ਦੀ ਭਾਲ ਬਿਰਥਾ ਹੈ । ਸਾਡੇ ਬਾਣੀ-ਖੇਤਰ ਦੇ ਸਿਰਕੱਢ ਆਲੋਚਕ ਵੀ ਬਾਣੀ ਦੇ ਡੂੰਘੇ ਪੱਧਰ ਤੇ ਕੰਮ ਕਰਨ ਕਰ ਰਹੇ ਪੈਟਰਨਾ ਨੂੰ ਨਿਸ਼ਚਿਤ ਕਰਨ ਵਲ ਰੁਚਿਤ ਨਹੀਂ ਹੋ ਸਕੇ । ਕਾਵਿ-ਸ਼ਾਸਤਰੀ ਅਧਿਐਨ ਦਾ ਕਾਰਜ ਭਿੰਨ ਭਿੰਨ ਕਾਵਿ-ਕਿਰਤਾਂ (ਬਾਣੀ-ਪੈਰੋਲਾਂ) ਦੇ ਪਿਛੇ ਕੰਮ ਕਰਦੇ ਪੈਟਰਨ-ਸਿਸਟਮ/ਬਾਣੀ-ਲੈਂਗ ਨੂੰ ਪਛਾਣਨ ਦਾ ਹੈ । ਪਰੰਤੂ ਸਾਡੀ ਬਹੁਤੀ ਆਲੋਚਨਾ ਬਾਣੀ-ਪੈਰੋਲ ਦੇ ਸਮਾਨੰਤਰ ਹੋਰ ਪੈਰੋਲ ਨੂੰ ਪੇਸ਼ ਕਰਕੇ ਹੀ ਬਾਣੀ-ਅਧਿਐਨ ਦੇ ਕਾਰਜ ਨੂੰ ਸੰਪੂਰਨ ਹੋਇਆ ਸਮਝਦੀ ਰਹੀ ਹੈ । ਡਾ: ਮੋਹਨ ਸਿੰਘ ਤੇ ਡਾ: ਗੋਪਾਲ ਸਿੰਘ ਦਰਦੀ ਦੀ ਬਾਣੀ ਆਲੋਚਨਾ ਵਿਚੋਂ ਅਜਿਹੀ ਬਿਰਤੀ ਦੀਆਂ ਬੇਅੰਤ ਉਦਾਹਰਣਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ । ਇਥੇ ਕੇਵਲ ਵੰਨਗੀ ਮਾਤਰ ਦੋਹਾਂ ਆਲੋਚਕਾਂ ਦੀ ਇਕ ਇਕ ਉਦਾਹਰਣ ਪੇਸ਼ ਹੈ :—

> "ਘਾਲ ਘਾਲੇ ਬਾਬਾ ਨਨਕਾਣੇ ਵਾਲਾ ਤੇ ਛੁਟ ਜਾਏ ਕੇਤੀ,
> ਕੇਤੀ ਸੰਗਤ ਮਕਿਓਂ ਲੈ ਕੇ ਸੰਗਲਦੀਪ ਤੀਕਰ ਤੇ
> ਬਲੋਚਿਸਤਾਨੋਂ ਲੈ ਕੇ ਆਸਾਮ ਤੀਕਰ, ਵਿੱਚੇ ਮਰਦ, ਵਿੱਚੇ
> ਤੀਵੀਆਂ, ਵਿੱਚੇ ਬਾਲ, ਵਿੱਚੇ ਬਿਰਥ, ਵਿੱਚੇ ਚੋਰ, ਯਾਰ,
> ਹਰਾਮ-ਖੋਰ, ਵਿੱਚੇ ਹਤਿਆਰੇ ਪਾਪੀ ਕੂੜ, ਮਲੇਛ, ਮਲ ਖਾਹੀਏ
> ਨਿੰਦਕ, ਨੀਚ, ਜੋਰ ਸਿਤਮੀਏ ਹਾਂ ਵਿੱਚੇ ਮੂਰਖ ਅੰਧ ਘੋਰ ।
> ਕਿਹਨਾਂ ਦੇ ਸਦਕੇ ? ਬਾਬੇ ਘਾਲੀਏ ਮੁਸ਼ਕਤੀਏ ਦੇ ਸਦਕੇ ਤੇ ਉਹਦੇ
> ਵਰਗੇ ਜਪੀਆਂ, ਪੂਜਕਾਂ, ਤਪੀਆਂ, ਗਰੰਥੀਆਂ, ਜੋਗੀਆਂ ਉਦਾਸੀਆਂ,
> ਭਗਤਾਂ, ਸਤੀਆ, ਦਤਾਰਾਂ, ਸੂਰਾਂ, ਮੋਨੀਆਂ ਦੇ ਸਦਕੇ । ਇਹ
> ਸੱਭੀ ਓਸ ਇਕ ਵਿਚ ਅਮੁਲ ਹਨ ।"

—ਡਾ. ਮੋਹਨ ਸਿੰਘ, 'ਜਿਤਿੰਦਰ ਸਾਹਿਤ ਸਰੋਵਰ' ਪੰਨਾ 311

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ [illegible] ਆਲੋਚਨਾਤਮਕ ਬਿਰਤੀ ਦੀ [illegible] ਬਿਰਥੀ ਹੈ। ਇਹ ਤਾਂ 'ਜਪ' ਦੀ ਅੰਤਿਮ-ਪੰਗਤੀ—'ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ'' ਵਿਚਲੀ ਬਾਣੀ-ਪੈਰੋਲ ਦੇ ਮੁਕਾਬਲੇ ਵਿਚ ਇਕ ਹੋਰ ਪੈਰੋਲ ਨੂੰ ਹੀ ਪੇਸ਼ ਕਰ ਦਿੰਦੀ ਹੈ। 'ਜਪ' ਦੀ ਪੈਰੋਲ ਸੰਜਮ-ਬੱਧ ਤੇ ਛੰਦ-ਬੱਧ ਹੈ ਪਰ ਡਾ. ਮੋਹਨ ਸਿੰਘ ਦੀ 'ਪੈਰੋਲ' ਸੰਜਮ-ਰਹਿਤ। ਅਜਿਹਾ ਕਾਰਜ ਆਲੋਚਨਾਤਮਕ ਬਿਰਤੀ ਦਾ ਕਾਰਜ ਨਹੀਂ। ਡਾ. ਗੋਪਾਲ ਸਿੰਘ ਵੀ ਅਜਿਹੀ ਅਣਆਲੋਚਨਾਮਕ ਬਿਰਤੀ ਦਾ ਸ਼ਿਕਾਰ ਹੈ :—

> ''ਉਹ ਮਿੱਠਾ ਹੈ, ਏਨਾ ਜਿਵੇਂ 'ਖਜੂਰੀਆਂ' ਪਕੀਆਂ ਜਾਂ
> 'ਮਾਖਿਉ ਦੀ ਨਦੀ ਵਰਗਾ; ਸ਼ੱਕਰ, ਖੰਡ, ਨਬਾਤ, ਗੁੜ ਜਾਂ
> ਮਾਝੇ ਦੁਧ ਵਰਗਾ ਮਿਠਾ :—
>
> ''ਗੁਸਾਈਂ ਮਹਿੰਡਾ ਇੱਠੜਾ
> ਅੰਬ ਅਬੇ ਥਾਵਹੁ ਮਿੱਠੜਾ।
>
> ... ...
>
> ਉਹ ਮਿੱਠਾ ਹੀ ਨਹੀਂ ਸੁੰਦਰ ਵੀ ਹੈ, ਅੰਮ੍ਰਿਤ ਭਿੰਨੀ ਦੇਹੁਰੀ'
> ਵਾਲਾ, ਕੰਚਨ ਵੰਨੇ ਪਾਸਿਆਂ 'ਵਾਲਾ' ਅੰਮ੍ਰਿਤ ਬਾਂਕੇ ਲੋਇਣ'
> ਵਾਲਾ ਕੇਸ਼ਵ, ਲੰਮੜੇ ਕੁੰਡਲੇ ਵਾਲਾ, ਸੋਹਣੇ ਖਿਚਵੇਂ ਨੱਕ ਵਾਲਾ,
> ਰੀਸਾਲੂ ਦੰਦਾਂ ਵਾਲਾ, ਤਰਲ ਜਵਾਨ ਠੁਮਕ ਠੁਮਕ ਨਾਜ਼
> ਨਾਲ ਤੁਰਨ ਵਾਲਾ, ਢੋਲਾ, ਲਾਲ ਗੁਲਾਲ, ਰੰਗੀਲਾ, ਮਨਮੋਹਕ
> ਸ਼ਿਆਮ, ਸੁੰਦਰ ਛਬੀਲਾ, ਚੰਨ ਚਾਨਣੀ ਵਰਗਾ ਚਿੱਟਾ,
> ਠੰਡਾ ਰਸਕ... ...
>
> ''ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
> ਸੋਹਣੇ ਨੱਕ ਜਿਨਿ ਲੰਮੜੇ ਵਾਲਾ ॥''
>
> —ਡਾ. ਗੋਪਾਲ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' ਪੰਨੇ 23-27

ਉਪਰੋਕਤ ਉਦਾਹਰਣ ਵਿਚ 'ਬਾਣੀ-ਉਚਾਰਾਂ' ਦੇ ਸਮਾਨੰਤਰ ਹੋਰ ਉਚਾਰਾਂ ਨੂੰ ਪੇਸ਼ ਕਰਨ ਦੀ ਬਿਰਤੀ ਸਪਸ਼ਟ ਹੈ। ਅਧਿਐਨ ਦੀ ਯਾਤਰਾ 'ਬਾਣੀ-ਉਚਾਰਾਂ ਤੋਂ ਤੁਰਕੇ ਉਨ੍ਹਾਂ ਪਿਛੇ ਕੰਮ ਕਰ ਰਹੇ ਸੰਬੰਧ-ਸਮੂਹ ਦੇ ਅਮੂਰਤ ਪੈਟਰਨ-ਸਿਸਟਮ ਨੂੰ ਉਸਾਰਨ ਵਲ ਦੀ ਹੁੰਦੀ ਹੈ। ਪਰੰਤੂ ਸਾਡਾ ਆਲੋਚਨਾਤਮਕ ਉਦਮ ਇਸ ਦਿਸ਼ਾ ਵਲ ਤੁਰਦਾ ਹੀ ਨਹੀਂ। ਅਜਿਹੀ ਸਥਿਤੀ ਵਿਚ ਪੈਟਰਨ-ਚੇਤਨਾ ਦੀ ਲੋੜ ਹੋਰ ਵੀ ਤੀਬਰ ਹੋ ਉਠਦੀ ਹੈ। ਪੈਟਰਨ ਪ੍ਰਤੀ ਸੁਚੇਤ ਹੋਏ ਬਿਨਾਂ ਅਸੀਂ ਕਿਸੇ ਵੀ ਪ੍ਰਕਾਰ ਦੇ ਅਧਿਐਨ ਵਲ ਵਧ ਨਹੀਂ ਰਹੇ ਹੁੰਦੇ। ਪੈਟਰਨ-ਚੇਤਨਾ ਸਾਨੂੰ ਕਿਸੇ ਵਿਸ਼ੇਸ਼ ਖੇਤਰ/ਹੋਂਦ-ਵਿਧੀ ਦੀਆਂ ਘੱਟੋ ਘੱਟ ਸਥਿਤੀਆਂ ਨੂੰ ਪਰਿਭਾਸ਼ਤ ਕਰਨ ਵਿਚ ਸਹਾਈ ਹੁੰਦੀ ਹੈ। ਅਤੇ ਇਉਂ ਇਹ ਉਸ ਖੇਤਰ ਦੀ ਆਪਣੀ ਖ਼ੁਦਮੁਖ਼ਤਾਰ ਹੋਂਦ ਨੂੰ ਨਿਸ਼ਚਿਤ ਕਰਨ ਵਿਚ ਰਾਹਬਰ ਹੁੰਦੀ ਹੈ। ਪੈਟਰਨ-ਚੇਤਨਾ ਦੀ ਅਜਿਹੀ ਸਾਰਥਕਤਾ ਨੂੰ ਮਹਿਸੂਸ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਏ ਅਸੀਂ ਬਾਣੀ ਦੇ ਕੁਝ ਕੁ ਬੁਨਿਆਦੀ ਪੈਟਰਨਾਂ ਨੂੰ ਨਿਸ਼ਚਿਤ ਕਰਨ ਦਾ ਯਤਨ ਕਰਾਂਗੇ ।

3

ਅਧਿਐਨ ਦਾ ਅਰੰਭ ਅਸੀਂ ਹੇਠ-ਲਿਖੀਆਂ ਦੋ ਕਿਰਤਾਂ ਤੋਂ ਕਰਦੇ ਹਾਂ :—

(1) ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨਾ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੪॥੨॥
(ਸਿਰੀਰਾਗੁ ਮਹਲਾ ੧)

(2) ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈਂ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ ਬਿਰਹ ਬਿਰੋਧ ਤਨੁ ਛੀਜੈ ॥
ਕੋਕਿਲੁ ਅੰਬਿ ਸੁਹਾਵੀ ਬੋਲੈ ਕਿਉ ਦੁਖਿ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੩॥
—ਤੁਖਾਰੀ ਛੰਤ ਮਹਲਾ ੧, ਬਾਰਹਮਾਹਾ

ਉਪਰੋਕਤ ਉਦਾਹਰਣਾ ਵਿਚੋਂ ਇਕੋ ਪੈਟਰਨ ਦੇ ਸੰਬੰਧ-ਸਮੂਹਾਂ ਦਾ ਬਾਰ ਬਾਰ ਦੁਹਰਾਉ ਅਤਿ ਸਪਸ਼ਟ ਹੈ । ਪਹਿਲੇ ਪਦੇ ਦੇ ਚਾਰ ਖੰਡ ਹਨ । ਚਾਹੁੰਆਂ ਖੰਡਾਂ ਦੀਆਂ ਪਹਿਲੀਆਂ ਦੋ ਪੰਗਤੀਆਂ ਵਿਚਲੇ ਤੱਤ ਆਪਣੀ ਪ੍ਰਕਿਰਤੀ ਵਿਚ ਸਮਾਨਤਾ-ਧਰਮੀ ਹਨ । ਇਹ ਸਾਰੇ ਰਲ ਕੇ ਇਹਲੌਕਿਕ ਭਾਸ਼ਕ ਵੇਰਵੇ ਦੀ ਰਚਨਾ ਕਰਦੇ ਹਨ । ਕਿਸੇ ਵੀ ਵਸਤੂ-ਸਥਿਤੀ ਵਿਚ ਸਮਰੂਪ ਤੱਤਾਂ ਦੀ ਪ੍ਰਕਿਰਤੀ ਇਕ ਸੰਗਠਿਤ ਇਕਾਈ ਵਿਚ ਜੁੜ ਜਾਣ ਦੀ ਹੁੰਦੀ ਹੈ । ਇਨ੍ਹਾਂ ਤੱਤਾਂ ਵਿਚਲੀ ਏਕਤਾ ਕਾਰਨ ਹੀ ਅਸੀਂ ਇਨ੍ਹਾਂ ਨੂੰ ਇਕ ਸੰਗਠਿਤ ਇਕਾਈ ਵਜੋਂ ਗ੍ਰਹਿਣ ਕੀਤਾ ਹੈ । ਇਸ ਇਕਾਈ ਦੀ ਰਚਨਾ-ਜੁਗਤ ਸਮ-ਪ੍ਰਕਿਰਤੀ ਦੇ ਲੌਕਿਕ ਭਾਸ਼ਕ ਤੱਤਾਂ ਨੂੰ ਜੋੜਨ ਦੀ ਹੈ :—

ਤੱਤ + ਤੱਤ + ਤੱਤ + ਤੱਤ = ਇਹਲੌਕਿਕ ਭਾਸ਼ਾਈ ਬਿੰਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਜੁਗਤ ਨੂੰ ਪਹਿਲੇ ਪਦੇ ਦੇ ਚਹੁੰਆਂ ਬੰਦਾਂ ਦੀਆਂ ਪਹਿਲੀਆਂ ਦੋ ਪੰਗਤੀਆਂ ਵਿਚ ਹਰ ਵਾਰ ਦੁਹਰਾਇਆ ਗਿਆ ਹੈ। ਇਸੇ ਜੁਗਤ ਰਾਹੀਂ ਦੂਸਰੇ ਪਦੇ ਦੀਆਂ ਪਹਿਲੀਆਂ ਪੰਜ ਪੰਗਤੀਆਂ ਦੀ ਰਚਨਾ ਕੀਤੀ ਗਈ ਹੈ। ਹਰ ਦੁਹਰਾਉ ਵਿਚ ਸਿਰਜਨ ਦਾ ਅਮੂਰਤ ਨੇਮ ਉਹੋ ਰਹਿੰਦਾ ਹੈ, ਪਰ ਹਰ ਦੁਹਰਾਉ ਦਾ ਸਮੂਰਤ ਪ੍ਰਗਟਾਵਾ ਭਿੰਨ ਹੋ ਜਾਂਦਾ ਹੈ। ਇਹ ਵੇਰਵਾ ਬਾਣੀ-ਪੈਟਰਨ ਦੀ ਆਂਸ਼ਿਕ ਇਕਾਈ ਨੂੰ ਪੇਸ਼ ਕਰਦਾ ਹੈ। ਕੇਵਲ ਇਹਲੌਕਿਕ ਤੱਤਾਂ ਦੇ ਭਾਸ਼ਕ ਵੇਰਵੇ ਭਾਵੇਂ ਕਿਤਨੀਆਂ ਵੀ ਪੰਗਤੀਆਂ ਤਕ ਫੈਲ ਜਾਣ ਉਹ ਬਾਣੀ ਦੇ ਸਮੁੱਚੇ ਪੈਟਰਨ ਨੂੰ ਉਸਾਰ ਨਹੀਂ ਸਕਦੇ। ਇਹਲੌਕਿਕ ਬਿੰਬ, ਬਾਣੀ-ਪੈਟਰਨ ਦੇ ਉਦੈ ਹੋਣ ਲਈ ਕੇਵਲ ਇਕ ਵੇਰਵਾ ਹੈ। ਸਾਰੀਆਂ ਉਦਾਹਰਣਾਂ ਵਿਚ ਪੈਟਰਨ ਦਾ ਉਦੈ ਤਦ ਹੀ ਹੁੰਦਾ ਹੈ ਜਦੋਂ ਕਿ ਇਹਲੌਕਿਕ ਭਾਸ਼ਕ ਵੇਰਵੇ ਦੇ ਵਿਰੋਧ ਵਿਚ 'ਨਾਮ' ਤੇ 'ਹਰਿ' ਦੇ ਪਾਰਲੌਕਿਕ ਵੇਰਵੇ ਨੂੰ ਪੇਸ਼ ਕਰ ਦਿੱਤਾ ਜਾਂਦਾ ਹੈ। ਇਉਂ ਬਾਣੀ-ਪੈਟਨ ਦੀ ਸਿਰਜਨਾ ਅਸਮ-ਪ੍ਰਕਿਰਤਿਕ ਵੇਰਵਿਆਂ ਦੇ ਤਣਾਉਸ਼ੀਲ ਸੰਬੰਧਾਂ ਦੀ ਕਾਰਜਸ਼ੀਲਤਾ ਵਿਚੋਂ ਕੀਤੀ ਜਾਂਦੀ ਹੈ।

ਉਪਰੋਕਤ ਪਦਿਆਂ ਵਿਚ ਬਾਣੀ-ਪੈਟਰਨ ਦੇ ਵਿਰੋਧਾਤਮਕ ਤਣਾਉ ਦੇ ਸੰਬੰਧ-ਸਮੂਹ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ। ਇਹ ਵਿਰੋਧਾਤਮਕ ਤਣਾਉ ਬਾਣੀ-ਪੈਟਰਨ ਦੇ ਜੁਗਤ-ਮੂਲਕ ਦ੍ਵੈਤ ਨੂੰ ਪੇਸ਼ ਕਰਦਾ ਹੈ। ਭਾਵੇਂ ਬਾਣੀ ਦੀ ਚਰਮ ਸੀਮਾ ਪਾਰਲੌਕਿਕ ਬ੍ਰਹਮ ਨਾਲ ਏਕਾਕਾਰ ਹੈ, ਪਰੰਤੂ ਉਸ ਦੀ ਪੈਟਰਨ-ਉਸਾਰੀ ਦਾ ਆਧਾਰ ਪਾਰਲੌਕਿਕ ਅਧਿਆਤਮ ਤੇ ਇਹਲੌਕਿਕ ਪ੍ਰਪੰਚ ਦਾ ਦ੍ਵੈਤ ਹੈ। ਇਸ ਦ੍ਵੈਤ ਵਿਚ ਦੋਹਾਂ ਧਿਰਾ ਦੀ ਵਿਰੋਧਤਾ ਵੀ ਹੈ, ਪਰ ਇਨ੍ਹਾਂ ਦੇ ਪਰਸਪਰ ਸੰਬੰਧਾਂ ਨੂੰ ਧਿਆਨ ਵਿਚ ਰਖਣਾ ਵੀ ਲਾਜ਼ਮੀ ਹੈ। ਦੋਹਾਂ ਧਿਰਾਂ ਦੀ ਵਿਰੋਧਤਾ ਅਤੇ ਸੰਬੰਧਾਂ ਉਪਰ ਧਿਆਨ ਕੇਂਦ੍ਰਿਤ ਕੀਤਿਆਂ ਸਾਨੂੰ ਬਾਣੀ-ਪੈਟਰਨ ਸਪਸ਼ਟ ਹੋਣੇ ਸ਼ੁਰੂ ਹੋ ਜਾਂਦੇ ਹਨ। ਬਾਣੀਕਾਰ ਇਹ-ਲੌਕਿਕ ਸਥਿਤੀਆਂ ਦੇ ਕਲਾ-ਪ੍ਰਤੱਖਣ ਵਲ ਰੁਚਿਤ ਨਹੀਂ। ਅਜੇਹਾ ਸਿਰਜਨ, ਬਾਣੀ ਦੇ ਸਮੁੱਚੇ ਪੈਟਰਨ ਦਾ ਇਕ ਵੇਰਵਾ ਹੈ। ਇਸ ਦੇ ਨਾਲ ਪਾਠਕ ਬਾਣੀ ਦੇ ਵਿਸ਼ੇਸ਼ ਪ੍ਰੇਰਕਾਂ ਨੂੰ ਪ੍ਰਾਪਤ ਕਰਨ ਲਈ ਕੇਵਲ ਸੁਚੇਤ ਹੀ ਹੁੰਦਾ ਹੈ। ਇਹਲੌਕਿਕ ਵੇਰਵਾ ਬਾਣੀ ਸਿਰਜਨ ਲਈ ਕੇਵਲ ਪ੍ਰਸੰਗ ਮਾਤਰ ਹੈ। ਇਹ ਪ੍ਰਸੰਗ ਬਾਣੀ ਸਿਰਜਨ ਦੀ ਇਕ ਜੁਗਤ ਵੀ ਹੈ। ਇਹਦੇ ਸਿਰਜਨ ਰਾਹੀਂ ਹੀ ਬਾਣੀਕਾਰ ਆਪਣੀ ਪ੍ਰੇਰਕ ਥੀਮਿਕ ਚੇਤੰਨਤਾ ਨੂੰ ਉਜਾਗਰ ਕਰਨ ਲਈ ਪਿੱਠ-ਭੂਮੀ ਨੂੰ ਤਿਆਰ ਕਰਦਾ ਹੈ। ਇਸ ਪਿੱਠ-ਭੂਮੀ ਉਪਰ ਹੀ ਬਾਣੀ-ਪੈਟਰਨ ਨੇ ਅਗ੍ਰਭੂਮਿਤ ਹੋਣਾ ਹੁੰਦਾ ਹੈ। ਬਾਣੀ ਦੀ ਪ੍ਰੇਰਕ ਪਾਰਲੌਕਿਕ ਚੇਤਨਤਾ ਦਾ ਆਪਣਾ ਕੋਈ ਰੰਗ-ਰੂਪ ਨਹੀਂ। ਉਹ ਤਾਂ ਨਿਰਗੁਣ ਬ੍ਰਹਮ ਹੈ। ਉਸਦੇ ਅਗ੍ਰਭੂਮਨ ਲਈ ਬਾਣੀ ਲੌਕਿਕ ਪਿੱਠ-ਭੂਮੀ ਦਾ ਸਿਰਜਨ ਇਕ ਜੁਗਤ ਵਾਂਗ ਕਰਦੀ ਹੈ। ਉਪਰੋਕਤ ਉਦਾਹਰਣਾਂ ਵਿਚ ਇਸੇ ਕਾਰਨ ਹੀ ਪਾਰਲੌਕਿਕ 'ਨਾਮ' ਤੇ 'ਹਰਿ' ਦੇ ਵੇਰਵੇ ਨੂੰ ਪੇਸ਼ ਕਰਨ ਤੋਂ ਪਹਿਲਾਂ ਇਹਲੌਕਿਕ ਵੇਰਵਿਆਂ ਨੂੰ ਪੇਸ਼ ਕੀਤਾ ਗਿਆ ਹੈ। ਪਹਿਲੇ ਪਦੇ ਵਿਚ ਕਰੋੜਾਂ ਵਰ੍ਹਿਆਂ ਦੀ ਉਮਰ ਵਾਲੇ ਮਨੁੱਖ ਦਾ ਗੁਫ਼ਾ ਵਿਚ ਨਿਰੰਤਰ ਸਮਾਧੀ ਲੀਨ ਹੋਣ ਦਾ ਚਿੱਤਰ, ਵਾਰਨੇ ਜਾਣ ਵਾਲੇ ਮਨੁੱਖ ਦਾ ਕੋਹੇ ਜਾਣ, ਵਾਰ ਵਾਰ ਕੱਟੇ ਜਾਣ, ਚੱਕੀ ਵਿਚ ਪੀਸੇ ਜਾਣ ਤੇ ਅੱਗ ਵਿਚ ਪਾ ਕੇ ਸਾੜੇ ਜਾਣ ਦਾ ਚਿੱਤਰ, ਅਕਾਸ ਦੀਆਂ ਅਦਿਸ ਉਚਾਈਆਂ ਵਿਚ ਸੈਂਕੜੇ ਅਸਮਾਨ ਤਕ ਉਡਦੇ ਜਾ ਰਹੇ ਪੰਛੀ ਦਾ ਚਿੱਤਰ, ਲੱਖਾਂ ਮਣ ਕਾਗਜ਼ ਉਤੇ ਪੜ੍ਹਾਈ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੱਢੇ ਤੱਗਾਂ ਦਾ ਮੋਹ ਵਾਂਗ ਤੇਜ਼ ਚਲਦੀ ਕਲਮ ਰਾਹੀਂ ਲਿਖੇ ਲੇਖਾਂ ਦਾ ਚਿੱਤਰ; ਅਤੇ ਦੂਸਰੀ ਉਦਾਹਰਣ ਵਿਚ ਬਸੰਤ ਦੇ ਵਾਤਾਵਰਣ ਵਿਚ ਵਿਜੋਗਣ ਦਾ ਚਿੱਤਰ ਆਦਿ ਸੁੰਦਰ ਇਹਲੌਕਿਕ ਵੇਰਵੇ ਹਨ । ਇਨ੍ਹਾਂ ਸਮੂਰਤ ਵੇਰਵਿਆਂ ਦੀ ਪਿੱਠ-ਭੂਮੀ ਉਪਰ 'ਨਾਮ' ਤੇ 'ਹਰਿ' ਪਾਰਲੌਕਿਕ ਵੇਰਵਿਆਂ ਨੂੰ ਪੇਸ਼ ਕੀਤਾ ਗਿਆ ਹੈ । ਇਹ ਪਰਮ-ਚਿਹਨ ਬ੍ਰਹਮ ਦੀ ਪ੍ਰਕਿਰਤੀ ਵਾਂਗ ਹੀ ਅਮੂਰਤ ਹਨ । ਆਮ ਭਾਸ਼ਕ ਚਿਹਨ ਨਾਲੋਂ ਇਹ ਇਸ ਪੱਖੋਂ ਭਿੰਨ ਹਨ ਕਿ ਇਨ੍ਹਾਂ ਨਾਲ ਕਿਸੇ ਵੀ ਪ੍ਰਕਾਰ ਦੀ ਵਾਸਤਵਿਕਤਾ ਸੰਬੰਧਿਤ ਨਹੀਂ । ਇਹ ਚਿਹਨ ਸ਼ੁਧ ਚੇਤਨਤਾ ਦੇ ਚਿਹਨ ਹਨ । ਬਾਣੀਕਾਰ ਇਹਲੌਕਿਕ ਪ੍ਰਸੰਗ ਦੀ ਮੂਰਤ ਪਿੱਠ-ਭੂਮੀ ਇਸ ਲਈ ਸਿਰਜਦੇ ਹਨ ਤਾਕਿ ਉਸ ਦੇ ਵਿਰੋਧ ਵਿਚ ਪਾਰਲੌਕਿ ਅਮੂਰਤ ਵੇਰਵੇ ਨੂੰ ਉਭਾਰਿਆ ਜਾ ਸਕੇ । ਨਿਰਗੁਣ ਬ੍ਰਹਮ ਦੀ ਅਰੂਪ ਹੋਂਦ ਨੂੰ ਕੇਵਲ ਮੂਰਤ ਰੂਪ ਦੇ ਵਿਰੋਧ ਵਜੋਂ ਹੀ ਉਘਾੜਿਆ ਜਾ ਸਕਦਾ ਹੈ । ਪੈਟਰਨ ਸਦਾ ਪਿੱਠ-ਭੂਮੀ ਵਿਚੋਂ ਹੀ ਉਜਾਗਰ ਹੁੰਦਾ ਹੈ । ਸਾਧਾਰਨ ਕਲਾਤਮਕ ਕਿਰਤ ਵਿਚ ਪੈਟਰਨ ਦੀ ਅਗਰਭੂਮੀ, ਪਿੱਠ-ਭੂਮੀ ਦੇ ਮੁਕਾਬਲੇ ਵਿਚ ਵਧੇਰੇ ਗੂੜ੍ਹੀ ਤੇ ਸਪੱਸ਼ਟ ਹੁੰਦੀ ਹੈ ਤੇ ਪਿੱਠ-ਭੂਮੀ ਵਿਰਲੀ ਤੇ ਅਸਪੱਸ਼ਟ । ਪਰੰਤੂ ਬਾਣੀ-ਪੈਟਰਨ ਦੇ ਨਾਇਕ ਦਿੱਬ ਹੋਂਦ ਦੀ ਅਮੂਰਤ ਤੇ ਅਲੌਕਿਕ ਪ੍ਰਕਿਰਤੀ ਕਾਰਨ, ਬਾਣੀ-ਪੈਟਰਨ ਵਿਚ ਸਧਾਰਨ ਕਲਾ-ਪੈਟਰਨ ਵਾਲਾ ਨੇਮ ਉਲਟਾ ਦਿੱਤਾ ਜਾਂਦਾ ਹੈ । ਬਾਣੀ-ਸਿਰਜਨ ਸਮੇਂ ਪਿੱਠ-ਭੂਮੀ ਨੂੰ ਖਾਸ ਮਹੱਤਵ ਮਿਲ ਜਾਂਦਾ ਹੈ । ਉਪਰੋਕਤ ਉਦਾਹਰਣਾਂ ਵਿਚ ਪਿੱਠ-ਭੂਮੀ ਦਾ ਲੌਕਿਕ ਵੇਰਵਾ ਪੈਟਰਨ ਦੇ ਪਾਰਲੌਕਿਕ ਵੇਰਵੇ ਦੇ ਮੁਕਾਬਲੇ ਵਿਚ ਵਧੇਰੇ ਸ਼ੋਖ ਤੇ ਮੂਰਤ ਹੈ । ਨਾਮ ਦੀ ਪ੍ਰਤੀਤੀ ਲੌਕਿਕ ਮੂਰਤ ਵੇਰਵੇ ਦੇ ਵਿਰੋਧ ਵਜੋਂ ਹੀ ਕਰਾਈ ਗਈ ਹੈ । ਪਿੱਠ-ਭੂਮੀ ਵਾਸਤਵਿਕ ਤੇ ਇੰਦ੍ਰੀਗਤ ਪ੍ਰਪੰਚ ਦਾ ਰੂਪਾਂਤ੍ਰਿਤ ਪ੍ਰਤੱਖ ਸਿਰਜਦੀ ਹੈ । ਇਸ ਪਿੱਠ-ਭੂਮੀ ਦੇ ਪ੍ਰਸੰਗ ਵਿਚ ਨਾਮ ਦੇ ਵਰਵੇ ਨੂੰ ਪੇਸ਼ ਕਰਨ ਨਾਲ ਜੋ ਨਵੀਨ ਥੀਮਕ ਚੇਤਨਤਾ ਉਜਾਗਰ ਹੁੰਦੀ ਹੈ, ਉਹ ਹੀ ਬਾਣੀ-ਪੈਟਰਨ ਹੈ । ਇਉਂ ਬਾਣੀਕਾਰਾਂ ਦੀ ਕਲਾਕਾਰੀ ਇਸ ਜੁਗਤ ਵਿਚ ਹੈ ਕਿ ਉਹ ਇੰਦ੍ਰੀਅਤੀਤ ਬ੍ਰਹਮ ਦਾ ਵਿਵੇਕ ਇੰਦ੍ਰੀਗਤ ਪਰਤੱਖਣ ਰਾਹੀਂ ਪੇਸ਼ ਕਰਦੇ ਹਨ ।

ਲੌਕਿਕ ਵੇਰਵੇ ਤੋਂ ਬਾਅਦ ਪਾਰਲੌਕਿਕ ਵੇਰਵੇ ਦੀ ਪੇਸ਼ਕਾਰੀ ਦਾ ਬਾਣੀ-ਪੈਟਰਨ ਦੀ ਕਾਰਜਸ਼ੀਲਤਾ ਉਪਰ ਵਿਸ਼ੇਸ਼ ਪ੍ਰਭਾਵ ਪੈਂਦਾ ਹੈ । ਇਸ ਰਾਹੀ ਪੂਰਬ ਸਿਰਜਿਤ ਲੌਕਿਕ ਵੇਰਵੇ ਉਪਰ ਨਾਮ ਦੀ ਨਵੀਨ 'ਥੀਮਕ ਰੋਸ਼ਨੀ' ਪੈਂਦੀ ਹੈ । ਬਾਣੀ ਦਾ ਪ੍ਰੇਰਕ ਪ੍ਰਧਾਨ ਤੱਤ ਹਾਜ਼ਰ ਹੁੰਦਿਆਂ ਹੀ ਪੂਰਬ ਸਿਰਜਿਤ ਲੌਕਿਕ ਵੇਰਵੇ ਦਾ ਮਹੱਤਵ ਖੁਰ ਜਾਂਦਾ ਹੈ । ਇਸ ਵਿਧੀ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਣੀ-ਪੈਟਰਨ ਦਾ ਪ੍ਰਬੱਲ,ਪ੍ਰੇਰਕ ਤੇ ਪ੍ਰਧਾਨ ਤੱਤ ਕਿਹੜਾ ਹੈ । ਪ੍ਰਬੱਲ ਤੇ ਪ੍ਰੇਰਕ ਤੱਤ ਦੇ ਉਜਾਗਰ ਹੁੰਦਿਆਂ ਹੀ ਲੌਕਿਕ ਬਿੰਬ ਦੀ ਮਹੱਤਾ ਗੌਣ ਹੋ ਜਾਂਦੀ ਹੈ । ਇਥੇ ਹੀ ਬਾਣੀ-ਪੈਟਰਨ ਦੀ ਸੰਚਾਰ ਪ੍ਰਕਿਰਿਆ ਦਾ ਗਤੀਵਾਦ ਦਾ ਪੈਟਰਨ ਉਘੜਦਾ ਹੈ । ਦੋਹਾਂ ਵੇਰਵਿਆਂ ਨੂੰ ਆਹਮੋ ਸਾਹਮਣੇ ਕਰਦਿਆਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਣੀ-ਪੈਟਰਨ ਵਿਚ ਸੰਚਾਰਕ ਗਤੀਵਾਦ ਦੀ ਵੱਧ ਤੋਂ ਵੱਧ ਸ਼ਕਤੀ ਨਾਮ ਨੂੰ ਪ੍ਰਾਪਤ ਹੈ । ਲੌਕਿਕ ਬਿੰਬ ਨਾਲ ਸੰਬੰਧਿਤ ਕਾਵਿ ਇਸ ਵਿਚ ਹੇਠਲੀ ਪੱਧਰ ਉਪਰ ਕਾਰਜਸ਼ੀਲ ਹੁੰਦਾ ਹੈ ਅਤੇ ਗਿਆਨ ਮੂਲਕ ਅਧਿਆਤਮਕ ਚੇਤਨਤਾ ਉਪਰਲੀ ਪੱਧਰ ਉਪਰ । ਇਥੋਂ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਕਾਵਿ, ਬਾਣੀ-ਪੈਟਰਨ ਦਾ ਵਿਦਾ-ਬਿੰਦੂ ਹੈ, ਪਹੁੰਚ-ਬਿੰਦੂ ਨਹੀਂ । ਬਾਣੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹੁੰਚ-ਬਿੰਦ ਅਜਿਹੇ ਪੈਟਰਨ ਦਾ ਸਿਰਜਨ ਹੈ ਜਿਸ ਦਾ ਇਕ ਵੇਰਵਾ ਪਰਪੰਚ ਦੀ ਸੁਹਜ ਮੁਖ ਸੰਵੇਦਨਾ ਨਾਲ ਸੰਬੰਧਿਤ ਹੋਵੇ ਤੇ ਦੂਜਾ ਅਧਿਆਤਮ ਤੇ ਗਿਆਨਮੁਖ ਅਮੂਰਤ ਪਾਸਾਰਾਂ ਨਾਲ। ਇਥੇ ਧਿਆਨਯੋਗ ਤੱਥ ਇਹ ਹੈ ਕਿ ਬਾਣੀ-ਪੈਟਰਨ ਦਾ ਉਦੈ ਸੁਹਜ ਤੇ ਗਿਆਨ ਦੇ ਕਾਰਜਸ਼ੀਲ ਸਮੁੱਚ ਵਿਚੋਂ ਹੀ ਹੁੰਦਾ ਹੈ। ਇਸ ਲਈ ਪੈਟਰਨ ਦੇ ਉਜਾਗਰ ਹੋਣ ਦਾ ਨੇਮ ਸਹੁਜ ਤੇ ਗਿਆਨ, ਪ੍ਰਪੰਚ ਤੇ ਅਧਿਆਤਮ, ਇਹ-ਲੌਕਿਕਤਾ ਤੇ ਪਾਰਲੌਕਿਕਤਾ ਦੀ ਕਾਰਜਸ਼ੀਲਤਾ ਹੈ। ਦੋਹਾਂ ਵਿਚੋਂ ਪ੍ਰਬੱਲ ਭਾਵੇਂ ਨਾਮ ਤੇ ਗਿਆਨ ਦਾ ਤੱਤ ਹੈ ਪਰ ਬਾਣੀ-ਪੈਟਰਨ ਦੇ ਉਜਾਗਰ ਹੋਣ ਲਈ ਲੌਕਿਕ ਵੇਰਵੇ ਦੀ ਉਤਨੀ ਹੀ ਲੋੜ ਹੈ ਜਿਤਨੀ ਨਾਮ-ਵੇਰਵੇ ਦੀ। ਦੋਹਾਂ ਦੇ ਸੰਬੰਧਾਂ ਵਿਚੋਂ ਜੋ ਸਮੁੱਚੀ ਸਾਰਥਕਤਾ ਉਜਾਗਰ ਹੁੰਦੀ ਹੈ, ਉਸਨੂੰ ਉਜਾਗਰ ਕਰਨ ਤਕ ਇਕ ਤੱਤ ਗੌਣ ਹੈ ਤੇ ਦੂਜਾ ਪ੍ਰਾਥਮਿਕ, ਇਕ ਪਿੱਠ-ਭੂਮੀ ਹੈ ਤੇ ਦੂਜਾ ਅਗ੍ਰਭੂਮਿਤ ਪੈਟਰਨ, ਇਕ ਮੂਰਤ ਸੁਹਜ-ਸੰਵੇਦਨਾ-ਮੁਖ ਤੇ ਦੂਜਾ ਅਮੂਰਤ ਗਿਆਨ ਮੁਖ। ਪਰ ਜਦੋਂ ਹੀ ਪੈਟਰਨ ਦੀ ਉਸਾਰੀ ਰਾਹੀਂ ਸਮੁੱਚੀ ਸਾਰਥਕਤਾ ਉਜਾਗਰ ਹੁੰਦੀ ਹੈ ਤਾਂ ਦੋਵੇਂ ਹੀ ਤੱਤ ਆਪਣੇ ਵਿਅਕਤੀਗਤ ਲੱਛਣਾਂ ਤੋਂ ਮੁਕਤ ਹੋ ਕੇ ਨਵੀਨ ਸਿਰਜਿਤ ਸਾਰਥਕਤਾ ਗ੍ਰਹਿਣ ਕਰਦੇ ਹਨ। ਇਉਂ ਵਾਸਤਵਿਕ ਲੌਕਿਕਤਾ ਆਪਣੀ ਸ਼ੁਧ ਲੌਕਿਕਤਾ ਤਿਆਗਦੀ ਹੈ ਤੇ ਸ਼ੁਧ ਅਧਿਅਤਿਮ ਆਪਣੀ ਸੁੰਨ ਸਮਾਧ ਵਿਚੋਂ ਨਿਕਲ ਕੇ ਲੌਕਿਕ ਰੂਪ ਧਾਰ ਲੈਂਦਾ ਹੈ। ਦੋਹਾਂ ਨੂੰ ਦੋਹਾਂ ਦੇ ਵਿਅਤੀਗਤ ਲੱਛਣਾ ਤੋਂ ਅਜਨਬੀ ਬਣਾ ਕੇ ਬਾਣੀ-ਪੈਟਰਨ ਦਾ ਸਿਰਜਨ ਕੀਤਾ ਜਾਂਦਾ ਹੈ। ਦੋਹਾਂ ਦਾ ਮਿਲਨ ਬਾਣੀ ਦੇ ਭਾਸ਼ਕ ਪੈਟਰਨ ਦੀ ਸਿਰਜਨ ਜੁਗਤ ਦਾ ਚਮਤਕਾਰ ਹੈ! ਇਹੋ ਚਮਤਕਾਰ ਬਾਣੀ-ਪੈਟਰਨ ਨੂੰ ਕਾਵਿ-ਪੈਟਰਨ ਨਾਲ ਜੋੜਦਾ ਵੀ ਹੈ ਤੇ ਨਿਖੇੜਦਾ ਵੀ। ਇਹੋ ਹੀ ਇਸਨੂੰ ਲੌਕਿਕਤਾ ਤੇ ਪਾਰਲੌਕਿਕਤਾ ਦੋਹਾਂ ਨਾਲੋਂ ਵੀ ਨਿਖੇੜਦਾ ਹੈ। 'ਨਾਮ' ਬਾਣੀ-ਸੰਸਾਰ ਵਿਚ ਸ਼ਾਮਲ ਹੋ ਕੇ ਆਪਣੇ ਪਾਰਲੌਕਿਕ ਸੰਕੇਤ ਤੋਂ ਵੀ ਮੁਕਤ ਹੋ ਜਾਂਦਾ ਹੈ। ਬਾਣੀ ਵਿਚ ਸ਼ਾਮਲ ਹੋਇਆ 'ਨਾਮ' ਚਿਹਨ, ਪਾਰਲੌਕਿਕ ਬ੍ਰਹਮ ਦਾ ਚਿਹਨ ਹੀ ਨਹੀਂ, ਖ਼ੁਦ ਬ੍ਰਹਮ ਹੈ। ਇਉਂ ਬਾਣੀ-ਪੈਟਰਨ ਇਕ ਅਜਿਹੀ ਸੁਤੰਤਰ ਪਰ ਭਾਸ਼ਾਗਤ ਬੀਮਿਕ ਚੇਤਨਤਾ ਨੂੰ ਪੈਟਰਨ-ਬੱਧ ਕਰਦਾ ਹੈ ਜੋ ਲੌਕਿਕਤਾ ਤੇ ਪਾਰਲੌਕਿਕਤਾ ਦੋਹਾਂ ਨੂੰ ਬੋਧਗਮ ਬਣਾ ਦਿੰਦੀ ਹੈ। ਪ੍ਰਪੰਚ, ਬ੍ਰਹਮ-ਵਿਵੇਕ ਨੂੰ ਸਪੱਸ਼ਟ ਕਰਦਾ ਹੈ ਤੇ ਬ੍ਰਹਮ, ਪ੍ਰਪੰਚ ਨੂੰ ਨਵੀਨ ਸਾਰਥਕਤਾ ਦਿੰਦਾ ਹੈ। ਇਹ ਕਮਾਲ ਬਾਣੀ-ਪੈਟਰਨ ਦੀ ਸਿਰਜਨ-ਜੁਗਤ ਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ ਦਾ ਪ੍ਰਵਚਨ-ਸਿਧਾਂਤ

ਸਭਿਆਚਾਰ ਨੂੰ ਵਸਤੂ ਆਧਾਰੀ ਜਾਂ ਵਿਚਾਰ ਆਧਾਰੀ ਮੰਨਣਾ ਜਾਂ ਉਸ ਨੂੰ ਸ਼ਬਦ ਆਧਾਰੀ ਮੰਨਣਾ ਦੋ ਵੱਖੋ ਵੱਖਰੀਆਂ ਵਿਧੀਆਂ ਜਾਂ ਜੁਗਤਾਂ ਹਨ। ਪੰਜਾਬੀ ਸਭਿਆਚਾਰ ਦੀ ਪਰੰਪਰਾ ਜੋ ਮੱਧਕਾਲ ਵਿਚ ਨਿਰਮਿਤ ਹੁੰਦੀ ਹੈ, ਆਪਣੇ ਅਵਚੇਤਨ-ਵਿਧਾਨ ਵਿਚ ਇਨ੍ਹਾਂ ਦੋਹਾਂ ਜੁਗਤਾਂ ਨੂੰ ਸਮੇਟੀ ਬੈਠੀ ਹੈ। ਅਸਲ ਵਿਚ ਜੁਗਤ-ਮੂਲਕ ਵਿਧਾਨ, ਸਭਿਆਚਾਰਕ ਅਵਚੇਤਨ ਵਿਚ ਕਾਰਜਸ਼ੀਲ ਰਹਿੰਦਾ ਹੀ ਹੈ। ਲੋੜ ਸਿਰਫ਼ ਇਸ ਨੂੰ ਚੇਤੰਨ ਪੱਧਰ ਉਪਰ ਲਿਆ ਕੇ ਇਸ ਦਾ ਸਿਸਟਮ ਬਣਾਉਣ ਦੀ ਹੁੰਦੀ ਹੈ।

ਜਦੋਂ ਅਸੀਂ ਪੰਜਾਬੀ ਸਭਿਆਚਾਰ ਦੀ ਮੱਧਕਾਲੀ ਪਰੰਪਰਾ ਨੂੰ ਆਪਣੇ ਸਨਮੁਖ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਦੇ ਅੰਤਰਗਤ ਗੁਰਬਾਣੀ ਤੋਂ ਬਿਨਾ ਦੂਸਰੀਆਂ ਪ੍ਰਣਾਲੀਆਂ ਜਿਹਾ ਕਿ ਸੂਫੀ-ਕਾਵਿ, ਕਿੱਸਾ-ਕਾਵਿ, ਵਾਰ-ਕਾਵਿ ਆਦਿ ਵੀ ਕਾਰਜਸ਼ੀਲ ਹਨ। ਇਨ੍ਹਾਂ ਦੇ ਅਵਚੇਤਨ ਵਿਚ ਪਈਆਂ ਜੁਗਤਾਂ ਨੂੰ ਪਛਾਣਨ ਦੇ ਯਤਨ ਕਰਨ ਵਿਚੋਂ ਇਹ ਸੂਚਨਾ ਮਿਲਦੀ ਹੈ ਕਿ ਗੁਰਬਾਣੀ ਦੀ ਸਾਰੀ ਜੁਗਤ ਸ਼ਬਦ ਆਧਾਰੀ ਹੈ ਜਦ ਕਿ ਦੂਸਰੀਆ ਪ੍ਰਣਾਲੀਆਂ ਦੀ ਜੁਗਤ ਜਾਂ ਤਾਂ ਵਸਤੂ ਆਧਾਰੀ ਹੈ ਜਾਂ ਵਿਚਾਰ ਆਧਾਰੀ। ਅਸੀਂ ਇਨ੍ਹਾਂ ਦੋਹਾਂ ਪ੍ਰਕਾਰ ਦੀਆਂ ਪ੍ਰਣਾਲੀਆਂ ਦਾ ਤੁਲਨਾਤਮਕ ਅਧਿਐਨ ਕਰਕੇ ਹੀ ਗੁਰਬਾਣੀ ਦੇ ਚਰਿੱਤਰ ਨੂੰ ਪ੍ਰਵਚਨ ਦੇ ਅਰਥਾਂ ਵਿਚ ਗ੍ਰਹਿਣ ਕਰ ਸਕਦੇ ਹਾਂ। ਪਰ ਇਸ ਦੇ ਨਾਲ ਹੀ ਗੁਰਬਾਣੀ ਦਾ ਪਾਠ ਕਰਦਿਆਂ ਸਾਨੂੰ ਇਹ ਸੂਚਨਾ ਵੀ ਮਿਲਦੀ ਹੈ ਕਿ ਗੁਰਬਾਣੀ ਆਪ ਵੀ ਪ੍ਰਵਚਨ ਹੈ ਤੇ ਇਸ ਦੇ ਅੰਤਰਗਤ ਪ੍ਰਵਚਨ-ਨਿਰਮਾਣ ਦਾ ਸਿਧਾਂਤ ਵੀ ਮਿਲਦਾ ਹੈ। ਪਰ ਗੁਰਬਾਣੀ ਦੀ ਅਜਿਹੀ ਵਿਸ਼ੇਸ਼ਤਾ ਉਪਰ ਪੁੱਜਣ ਤੋਂ ਪਹਿਲਾਂ ਸਾਡੇ ਲਈ ਇਹ ਜ਼ਰੂਰੀ ਬਣਦਾ ਹੈ ਕਿ ਅਸੀਂ ਦੂਸਰੀਆਂ ਪ੍ਰਣਾਲੀਆਂ ਦੇ ਚਰਿੱਤਰ ਨੂੰ ਵੀ ਇਸ ਪੱਖ ਤੋਂ ਪਛਾਣ ਲਈਏ। ਸਭ ਤੋਂ ਪਹਿਲਾਂ ਅਸੀਂ ਲੋਕ-ਵਾਰਾਂ ਨੂੰ ਲੈਂਦੇ ਹਾਂ। ਲੋਕ-ਵਾਰਾਂ ਦਾ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਚ ਛੋਟੇ ਛੋਟੇ ਰਜਵਾੜਿਆਂ ਦੀਆਂ ਆਪਸੀ ਲੜਾਈਆਂ ਦੇ ਚਿੱਤਰ ਪੇਸ਼ ਕੀਤੇ ਗਏ ਹਨ। ਇਹ ਵਾਰਾਂ ਆਪਣੀ ਬਿਰਤੀ ਵਿਚ ਸਾਮੂਹਕ ਹਨ ਤੇ ਰਜਵਾੜਿਆਂ ਦੇ ਯੁਧ-ਬਿਰਤਾਂਤ ਲੋਕਾਂ ਤੀਕ ਪੁਚਾ ਕੇ ਉਨ੍ਹਾਂ ਦਾ ਮਨੋਰੰਜਨ ਕਰਦੀਆਂ ਹਨ। ਜ਼ਾਹਰ ਹੈ ਇਨ੍ਹਾਂ ਵਾਰਾਂ ਵਿਚਲੇ ਸਾਰੇ ਚਿੱਤਰ ਵਾਸਤਵਿਕ ਜੀਵਨ ਵਿਚ ਪਹਿਲਾ ਵਾਪਰ ਚੁਕੀ ਘਟਨਾ ਉਪਰ ਆਧਾਰਿਤ ਹਨ। ਇਸ ਤਰ੍ਹਾਂ ਇਹ ਵਾਰਾਂ ਅਨੁਕਰਣ ਬਿਰਤੀ ਦੀਆਂ ਲਖਾਇਕ ਹਨ। ਜਿਸ ਦਾ ਭਾਵ ਇਹ ਹੈ ਕਿ ਇਸ ਵਿਚ ਰਚੈਤਾ ਤੇ ਪਾਠਕ ਦੋਹਾਂ ਦਾ ਧਿਆਨ ਵਾਰ ਦੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਲਪੀ ਜਾਂ [illegible] ਉਪਰ ਨਹੀਂ, ਸਗੋਂ ਉਦੇਸ਼ ਉਪਰ ਹੈ । ਇਸ ਤਰ੍ਹਾਂ ਇਹ ਵਾਰਾਂ ਆਪਣੇ ਦੁਆਰਾ ਕਿਸੇ ਹੋਈ ਬੀਤੀ ਘਟਨਾ ਨੂੰ ਪੇਸ਼ ਕਰਨ ਵਾਲੀਆਂ ਬਣ ਨਿਬੜੀਆਂ ਹਨ । ਜ਼ਾਹਰ ਹੈ ਕਿ ਇਨ੍ਹਾਂ ਵਾਰਾਂ ਦੀ ਗਹਿਨ ਸੰਰਚਨਾ ਵਿਚ ਵਸਤੂ ਆਧਾਰੀ ਜੁਗਤ ਪਈ ਹੋਈ ਹੈ ।

ਇਸੀ ਤਰ੍ਹਾਂ ਜਦੋਂ ਅਸੀਂ ਕਿੱਸਾ-ਕਾਵਿ ਵਿਚ ਪਰਵੇਸ਼ ਹਾਂ ਤਾਂ ਪਤਾ ਚਲਦਾ ਹੈ ਕਿ ਕਿੱਸਾ-ਕਾਵਿ ਵਿਚ ਵੀ ਸਾਰਾ ਦ੍ਰਿਸ਼ ਬਿਰਤਾਂਤ ਦਾ ਹੀ ਹੈ । ਬਹੁਤਿਆਂ ਕਿਸਿਆਂ ਵਿਚ ਬਿਰਤਾਂਤਕ ਦ੍ਰਿਸ਼ ਹੀ ਪੇਸ਼ ਕੀਤੇ ਗਏ ਹਨ ਅਤੇ ਪੰਜਾਬੀ ਵਿਚ ਇਨ੍ਹਾਂ ਨੂੰ ਪੜ੍ਹਨ ਦੀ ਪਰਵਿਰਤੀ ਵੀ ਇਹੀ ਹੈ । ਇਸਦਾ ਭਾਵ ਹੈ ਇਹ ਹੈ ਕਿ ਪੰਜਾਬੀ ਕਿਸਿਆਂ ਦਾ ਪਾਠਕ ਕਿਸਿਆਂ ਵਿਚ ਪੰਜਾਬੀ ਸਭਿਆਚਾਰ ਦੇ ਬਿਰਤਾਂਤ ਵਿਚ ਫੈਲੇ ਭਿੰਨ ਦ੍ਰਿਸ਼ਾ ਨੂੰ ਹੀ ਵੇਖਣ ਦਾ ਚਾਹਵਾਨ ਹੁੰਦਾ ਹੈ । ਇਹ ਪਰਵਿਰਤੀ ਸਾਧਾਰਣ ਪਾਠਕ ਤੋਂ ਲੈ ਕੇ ਵਿਸ਼ੇਸ਼ਗ ਅਲੋਚਕ ਤਕ ਚਲੀ ਗਈ ਹੈ । ਇਸ ਤਰ੍ਹਾਂ ਕਿਸਿਆਂ ਨੂੰ ਇਕ ਐਸੀ ਪ੍ਰਾਪਤੀ ਮੰਨਿਆ ਗਿਆ ਹੈ, ਜਿਸ ਰਾਹੀਂ ਮੱਧਕਾਲੀ ਪੰਜਾਬੀ ਸਭਿਆਚਾਰ ਆਪਣੇ ਭਰਪੂਰ ਚਿਤਰ ਸਮੇਤ ਪੇਸ਼ ਹੁੰਦਾ ਹੈ । ਕਿਸਿਆਂ ਦੀ ਇਹ ਸਾਰੀ ਬਿਰਤੀ ਵੀ ਵਸਤੂ ਆਧਾਰੀ ਹੀ ਹੈ । ਇਸ ਵਿਚ ਸ਼ਬਦ ਆਧਾਰੀ ਜਾ ਸ਼ਬਦ-ਅਤਿਰਿਕਤ ਕੋਡ ਮਾਧਿਅਮ ਹੈ, ਤੇ ਸਾਰਥਕਤਾ ਇਸ ਵਿਚ ਸਭਿਆਚਾਰਕ ਦ੍ਰਿਸ਼ ਦੀ ਹੈ ।

ਇਸੀ ਤਰ੍ਹਾਂ ਜਦੋਂ ਅਸੀਂ ਸੂਫ਼ੀ-ਕਾਵਿ ਵਿਚ ਪਰਵੇਸ਼ ਕਰਦੇ ਹਾਂ ਤਾਂ ਉਥੇ ਵੀ ਥੋੜੇ ਜਿਹੇ ਅੰਤਰ ਨਾਲ ਵਸਤੂ ਆਧਾਰੀ ਤੇ ਵਿਚਾਰ ਆਧਾਰੀ ਜੁਗਤ-ਵਿਧਾਨ ਹੀ ਕਾਰਜਸ਼ੀਲ ਹੁੰਦਾ ਦਿਸਦਾ ਹੈ । ਸੂਫ਼ੀ-ਕਾਵਿ ਵਿਚ ਅਧਿਕਤਰ ਚਿੱਤਰ ਪੇਸ਼ ਕੀਤੇ ਗਏ ਹਨ । ਅਤੇ ਇਨ੍ਹਾਂ ਚਿੱਤਰਾਂ ਰਾਹੀਂ ਕਈ ਥਾਈ ਤਾਂ ਸੂਫ਼ੀ ਸਿਧਾਂਤ ਦੇ ਕੁਝ ਪਹਿਲੂਆਂ ਨੂੰ ਪ੍ਰਦਰਸ਼ਤ ਕੀਤਾ ਗਿਆ ਹੈ ਜਾਂ ਪੰਜਾਬੀ ਜੀਵਨ-ਵਿਵਹਾਰ ਦੇ ਵੱਖ ਵੱਖ ਚਿੱਤਰ ਪੇਸ਼ ਕੀਤੇ ਗਏ ਹਨ । ਜਿਥੋਂ ਤੀਕ ਸੂਫ਼ੀ-ਕਾਵਿ ਵਿਚ ਸ਼ਬਦ-ਮਾਧਿਅਮ ਦੇ ਪ੍ਰਯੋਗ ਦਾ ਸੰਬੰਧ ਹੈ, ਉਸ ਸੰਬੰਧੀ ਇਹ ਹੀ ਕਿਹਾ ਜਾ ਸਕਦਾ ਹੈ ਕਿ ਸੂਫ਼ੀ ਇਸ ਬਾਰੇ ਉਚੇਚੀ ਚੇਤੰਨਤਾ ਦੇ ਧਾਰਨੀ ਨਹੀਂ । ਉਨ੍ਹਾਂ ਦਾ ਜ਼ੋਰ ਅਧਿਕਤਰ ਮਾਰਫ਼ਤ ਆਧਾਰੀ ਰਹਸ ਉਪਰ ਹੈ ਜਾਂ ਬਿੰਬ ਪ੍ਰਦਰਸ਼ਨ ਉਪਰ । ਇਸ ਤਰ੍ਹਾਂ ਸ਼ਬਦ ਨਾਲੋਂ ਵਿਚਾਰ ਤੇ ਸੰਵੇਦਨਾ, ਇਸ ਪਰਪਾਟੀ ਵਿਚ ਵਿਸ਼ੇਸ਼ ਮਹੱਤਵ ਰਖਦੇ ਹਨ । ਪਰ ਇਸ ਸਾਰੇ ਦ੍ਰਿਸ਼ ਵਿਚ ਗੁਰਬਾਣੀ ਇਕ ਨਿਰੋਲ ਵੱਖਰੀ ਪ੍ਰਕਾਰ ਦੀ ਸੰਪ੍ਰਦਾਇ ਹੈ । ਗੁਰਬਾਣੀ ਦਾ ਸਾਰਾ ਅਵਚੇਤਨ ਤੇ ਸ਼ਾਸਤਰੀ ਧਰਾਤਲ ਸ਼ਬਦ ਉਪਰ ਆਧਾਰਿਤ ਹੈ, ਜਿਸ ਦਾ ਅਰਥ ਇਹ ਹੈ ਕਿ ਗੁਰਬਾਣੀ ਦੀ ਗਹਿਨ ਸੰਰਚਨਾ ਵਿਚ ਸ਼ਬਦ ਇਕ ਨਿਸ਼ਚਿਤ ਆਧਾਰ ਦੀ ਭੂਮਿਕਾ ਨਿਭਾਂਦਾ ਹੈ । ਫਿਰ ਗੁਰੂਆਂ ਨੇ ਆਪਣੀ ਬਾਣੀ ਵਿਚ ਥਾਂ ਪਰ ਥਾਂ ਸ਼ਬਦ-ਨਿਰਮਾਣ ਦੀ ਵੀ ਗੱਲ ਕੀਤੀ ਹੈ ਅਤੇ ਦਸਿਆ ਹੈ ਕਿ ਸ਼ਬਦ ਘੜਿਆ ਜਾਂਦਾ ਹੈ ਤੇ ਇਸ ਘੜੇ ਹੋਏ ਸ਼ਬਦ ਦੁਆਰਾ ਮਾਨਸਿਕਤਾ ਘੜੀ ਜਾਂਦੀ ਹੈ । ਇਹ ਹੀ ਕਾਰਨ ਹੈ ਕਿ ਗੁਰਬਾਣੀ ਨੇ ਵਿਭਿਨ ਸਮਾਜਕ ਦਿਸ਼ਾਵਾਂ ਤੇ ਸਮਸਿਆਵਾਂ ਨੂੰ ਅਪਣਾਂਦਿਆਂ ਹੋਇਆਂ ਵੀ, ਉਨ੍ਹਾਂ ਨੂੰ ਆਖ਼ਰੀ ਅਰਥਾਂ ਵਿਚ ਸ਼ਬਦ ਦੇ ਅੰਤਰਗਤ ਹੀ ਨਿਸ਼ਚਿਤ ਕੀਤਾ ਹੈ । ਜਦੋਂ ਸਮਗਰੀ ਦੀ ਸਾਰੀ ਸੰਭਾਲ ਸ਼ਬਦ ਵਿਚ ਕੀਤੀ ਜਾਂਦੀ ਹੈ ਤਾਂ ਉਸ ਦਾ ਸ਼ਪੱਸ਼ਟ ਅਰਥ ਇਹ ਹੈ ਕਿ ਸਮਗਰੀ ਨੂੰ ਪ੍ਰਪੰਚਸ਼ੀਲ ਖਲਜਗਨ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੌਰ ਕੇ [illegible] ਲਿਆ ਜਾਵੇ। ਗੁਰਬਾਣੀ ਵਿਚ ਅਨੇਕ ਥਾਵਾਂ ਉਤੇ ਇਹ ਹੀ ਵਿਧੀ ਚਲਦੀ ਹੈ। ਸ਼ਬਦ ਤੋਂ ਸਾਮਗਰੀ ਵਲ ਜਾਂਦੀ ਦਿਸ਼ਾ ਜਦੋਂ ਭਾਸ਼ਾ ਤੋਂ ਬੇਮੁਹਾਰ ਹੋ ਜਾਂਦੀ ਹੈ ਤਾਂ ਗੁਰੂਆਂ ਦੀ ਯੋਜਨਾ ਆਧਾਰੀ ਬੁੱਧ ਮੁੜ ਇਸੇ ਆਧਾਰ ਉਤੇ ਸਮੇਟਦੀ ਹੈ। ਇਸ ਤਰ੍ਹਾਂ ਗੁਰਬਾਣੀ ਵਿਚੋਂ ਪ੍ਰਦਰਸ਼ਣੀ ਤੇ ਪ੍ਰਤਿਬਿੰਬਣੀ ਵਿਸ਼ੇਸ਼ਤਾ ਖਤਮ ਹੁੰਦੀ ਜਾਂਦੀ ਹੈ ਤੇ ਸਾਰੀ ਗੁਰਬਾਣੀ ਇਕ ਸੋਚੀ ਸਮਝੀ ਤੇ ਨਿਸ਼ਚਿਤ ਚਿਹਨ-ਪ੍ਰਣਾਲੀ ਦੇ ਅਰਥ ਦੇਣ ਲਗਦੀ ਹੈ। ਗੁਰਬਾਣੀ ਦੇ ਅਜਿਹੇ ਜੁਗਤ-ਵਿਧਾਨ ਤੋਂ ਪ੍ਰਭਾਵਿਤ ਹੁੰਦਿਆਂ ਹੀ ਅਸੀਂ ਇਹ ਕਹਿਣ ਦੇ ਯੋਗ ਹੁੰਦੇ ਹਾਂ ਕਿ ਗੁਰਬਾਣੀ ਇਕ ਅਜਿਹੀ ਰਚਨਾ ਹੈ ਜਿਸ ਦਾ ਅਧਿਆਤਮ ਵੀ ਇਸ ਦੀ ਆਪਣੀ ਭੌਤਿਕਤਾ ਦੇ ਅੰਕ ਸਮਾਇਆ ਹੋਇਆ ਹੈ। ਇਸ ਤਰ੍ਹਾਂ ਗੁਰਬਾਣੀ ਇਕ ਅਜਿਹੀ ਰਚਨਾ ਦੇ ਅਰਥ ਦੇਣ ਲਗਦੀ ਹੈ ਜੋ ਆਪਣੇ ਆਪ ਵਿਚ ਅਪਾਰਦਰਸ਼ੀ ਹੋ ਜਾਂਦੀ ਹੈ। ਪ੍ਰਵਚਨ ਦੀ ਬੁਨਿਆਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਕਿਸੇ ਤਰ੍ਹਾਂ ਦੇ ਵਾਸਤਵਿਕ ਖਿਲਾਰੇ ਜਾਂ ਵੇਰਵੇ ਨੂੰ ਆਪਣੇ ਰਾਹੀਂ ਜ਼ਾਹਰ ਨਹੀਂ ਕਰਦਾ ਸਗੋਂ ਉਹ ਤਾਂ ਇਕ ਅਜਿਹਾ ਪਾਠ-ਪ੍ਰਬੰਧ-ਹੁੰਦਾ ਹੈ ਜੋ ਆਪਣੀ ਵਿਸ਼ੇਸ਼ਤਾ ਵਿਚ ਪ੍ਰਤੀਕੀ ਹੁੰਦਾ ਹੈ। ਪ੍ਰਤੀਕੀ ਵਿਸ਼ੇਸ਼ਤਾ ਵਾਲਾ ਪਾਠ-ਪ੍ਰਬੰਧ ਉਸ ਨੂੰ ਕਹਿੰਦੇ ਹਨ ਜਿਸ ਵਿਚੋਂ ਮਾਧਿਅਮ ਤੇ ਉਦੇਸ਼ ਦਾ ਦਵੈਤ ਖਤਮ ਹੋ ਚੁਕਿਆ ਹੋਵੇ। ਇਸ ਤਰ੍ਹਾਂ ਪ੍ਰਵਚਨ ਇਕ ਅਜਿਹੀ ਭਾਸ਼ਾ-ਬੱਧ ਜਾਂ ਸ਼ਬਦ-ਬੱਧ ਰਚਨਾ ਦਾ ਪ੍ਰਬੰਧ ਕਰਦਾ ਹੈ ਜੋ ਮਨੁੱਖ ਦੀ ਬੁੱਧੀ ਵਿਚ ਪ੍ਰਕਾਸ਼ ਲਿਆਂਦੀ ਹੈ ਜਾਂ ਉਸ ਦੀਆਂ ਗਿਆਨਪਰਕ ਸੰਭਾਵਨਾਵਾਂ ਦਾ ਰਾਹ ਖੋਲ੍ਹਦੀ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਵੇਖ ਚੁਕੇ ਹਾਂ, ਮੱਧਕਾਲੀ ਪੰਜਾਬ ਵਿਚ ਨਿਸ਼ਚੇ ਹੀ ਗੁਰਬਾਣੀ ਇਸੇ ਧਰਮ ਨੂੰ ਨਿਭਾਉਣ ਵਾਲੀ ਭਾਸ਼ਾ ਜਾਂ ਚਿਹਨਕੀ ਪ੍ਰਣਾਲੀ ਹੈ।

ਆਪਣੀ ਗੱਲ ਦੀ ਵਜ਼ਾਹਤ ਕਰਨ ਲਈ ਅਸੀਂ ਗੁਰਬਾਣੀ ਵਿਚੋਂ ਉਦਾਹਰਣਾ ਆਪਣੇ ਸਨਮੁਖ ਕਰਨਾ ਚਾਹਵਾਂਗੇ। ਅਸੀਂ ਮੂਲ ਮੰਤਰ ਨੂੰ ਹੀ ਲੈਂਦੇ ਹਾਂ। ਮੂਲ ਮੰਤਰ ਗੁਰਬਾਣੀ ਦੀ ਆਪਣੀ ਮਾਨਤਾ ਅਨੁਸਾਰ ਨਿਰਗੁਣ ਬ੍ਰਹਮ ਨੂੰ ਉਸ ਦੀਆਂ ਵੱਖ ਵੱਖ ਵਿਸ਼ੇਸ਼ਤਾਵਾਂ ਸਹਿਤ ਪ੍ਰਗਟਾਉਂਦਾ ਹੈ। ਇਸ ਦਾ ਕੋਈ ਪਦ ਵੀ ਅਜਿਹਾ ਨਹੀਂ ਜੋ ਕਿਸੇ ਪ੍ਰਕਾਰ ਦੀ ਵਾਸਤਵਿਕਤਾ ਜਾਂ ਵਿਵਰਣ ਦਾ ਨਿਰੂਪਣ ਕਰਦਾ ਹੋਵੇ। ਇਸ ਤਰ੍ਹਾਂ ਦੀ ਰਚਨਾ ਨਿਸ਼ਚੇ ਹੀ ਪ੍ਰਵਚਨ ਦੇ ਪਦ ਉਤੇ ਪੁਜ ਜਾਂਦੀ ਹੈ। ਮੂਲ ਮੰਤਰ ਦੇ ਸਾਰੇ ਪਦਾਂ ਨੂੰ ਅਸੀਂ ਵਿਸ਼ੁਧ ਚਿਹਨਕੀ ਪਦ ਕਹਿ ਸਕਦੇ ਹਾਂ। ਇਨ੍ਹਾਂ ਪਦਾਂ ਦੇ ਆਪਸੀ ਸੰਬੰਧਾਂ ਤੇ ਅੰਤਰਾਂ ਨੂੰ ਨਿਸ਼ਚਿਤ ਕਰਦਿਆਂ ਅਸੀਂ ਇਸ ਨਤੀਜੇ ਉਤੇ ਵੀ ਪਹੁੰਚ ਸਕਦੇ ਹਾਂ ਕਿ ਇਹ ਨਿਰਗੁਣ ਬ੍ਰਹਮ ਦੇ ਸੰਕਲਪ ਨੂੰ ਹੀ ਪੇਸ਼ ਕਰਦੇ ਹਨ। ਪਰ ਅਸੀਂ ਆਪਣੀ ਚਿਹਨਕੀ ਸਿਖਲਾਈ ਦੁਆਰਾ ਇਸ ਵਿਚ ਸ਼ਾਮਲ ਹੋ ਕੇ ਇਸ ਦਾ ਅਨੁਵਾਦ ਨਵੀਨ ਮੁਹਾਵਰੇ ਵਿਚ ਵੀ ਕਰ ਸਕਦੇ ਹਾਂ। ਨਵੀਨ ਮੁਹਾਵਰੇ ਰਾਹੀਂ ਚਿਹਨਕੀ ਦਿਸ਼ਾ ਵਿਚ ਇਸ ਦਾ ਅਨੁਵਾਦ ਇਹ ਦਸੇਗਾ ਕਿ ਇਸ ਵਿਚ ਵਿਸ਼ੁਧ ਚਿਹਨਕ ਦਾ ਸਰੂਪ ਨਿਸ਼ਚਿਤ ਕੀਤਾ ਗਿਆ ਹੈ। ਵਿਸ਼ੁਧ ਚਿਹਨਕ ਮਾਨਸਿਕਤਾ ਦੀ ਉਚੇਰੀ ਅਵਸਥਾ ਨੂੰ ਰੂਪਮਾਨ ਕਰਦਾ ਹੈ ਤੇ ਇਸ ਨੂੰ ਸਮਝਣ ਤੋਂ ਇਸ ਗੱਲ ਦਾ ਵੀ ਗਿਆਨ ਹੁੰਦਾ ਹੈ ਕਿ ਇਹ ਚਿਹਨਕ ਸਮੁੱਚੇ ਸਭਿਆਚਾਰਕ ਪ੍ਰਬੰਧ ਨੂੰ ਨੇਮਬਧ ਕਰਦਾ ਹੈ। ਇਸ ਚਿਨਹਕੀ ਵਿਸ਼ੁਧਤਾ ਰਾਹੀਂ ਅਸੀਂ ਚਿਹਨ ਦੇ ਸਰੂਪ ਨੂੰ ਵੀ ਪਛਾਣਦੇ ਹਾਂ ਤੇ ਗ਼ੈਰ-ਚਿਹਨਕੀ ਪਾਸਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਸਰਕਦੇ [illegible] ਨੂੰ ਵੀ ਸਾਂਭਦੇ ਹਾਂ। ਇਸ ਤਰ੍ਹਾਂ ਪਰੰਪਰਾਗਤ ਨੁਕਤੇ ਤੋਂ ਮੂਲਮੰਤਰ ਬ੍ਰਹਮ ਨੂੰ ਨਿਸ਼ਚਿਤ ਕਰਦਾ ਹੈ, ਪਰ ਚਿਹਨ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਇਸ ਵਿਚ ਵਿਸ਼ੁਧ ਚਿਹਨਕ ਦੀ ਪਰਵਿਰਤੀ-ਨਿਵਿਰਤੀ ਦਾ ਭੇਦ ਸਮਝਾਇਆ ਗਿਆ ਹੈ। ਇਸ ਤਰ੍ਹਾਂ ਇਹ ਮੂਲ ਮੰਤਰ ਆਪ ਪ੍ਰਵਚਨ ਵੀ ਹੈ ਤੇ ਪ੍ਰਵਚਨ-ਨਿਰਮਾਣ ਦਾ ਸਿਧਾਂਤ ਵੀ।

ਮੂਲ ਮੰਤਰ ਤੋਂ ਉਪਰੰਤ ਜਦੋਂ ਅਸੀਂ ਜਪੁ ਜੀ ਸਾਹਿਬ ਦਾ ਪਉੜੀਵਾਰ ਪਾਠ ਕਰਦੇ ਹਾਂ ਤਾਂ ਜੋ ਗੱਲ ਸਪੱਸ਼ਟ ਹੋ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਇਸ ਸਾਰੀ ਬਾਣੀ ਵਿਚ ਮਾਨਵੀ ਜੈਵਿਕਤਾ ਦਾ ਰੂਪਾਂਤ੍ਰਣ ਹੈ। ਜੈਵਿਕਤਾ ਦਾ ਰੂਪਾਂਤ੍ਰਣ ਕਰਨਾ, ਜੈਵਿਕਤਾ ਦੀ ਸ਼ਕਤੀ ਆਧਾਰੀ ਬਿਰਤੀ ਨੂੰ ਗਿਆਨ ਆਧਾਰੀ ਬੁੱਧ ਵਿਚ ਪਰਵਿਰਤਿਤ ਕਰਨਾ ਹੈ। 'ਜਪੁ ਜੀ' ਵਿਚ ਅਜਿਹੇ ਸਾਰੇ ਉਦਾਹਰਣ ਮੌਜੂਦ ਹਨ ਜਿਨ੍ਹਾਂ ਵਿਚ ਜੈਵਿਕਤਾ ਨੂੰ ਵਿਸੇਸ਼ ਤੌਰ ਉਤੇ ਘੜਨ ਤੇ ਰੂਪਾਂਤ੍ਰਣ ਦੀ ਪ੍ਰਕਿਰਿਆ ਵਿਚ ਪਾਇਆ ਗਿਆ ਹੈ ਅਤੇ ਇਸ ਤਰ੍ਹਾਂ ਦਸਿਆ ਗਿਆ ਹੈ ਕਿ ਮਨੁੱਖ ਦੀ ਉਤਕ੍ਰਿਸ਼ਟ ਮਨੁੱਖਤਾ ਇਹੇ ਗੱਲ ਉਪਰ ਆਧਾਰਿਤ ਹੈ ਕਿ ਉਹ ਵਿਸ਼ੁਧ ਚਿਹਨਕਤਾ ਦੇ ਮਰਮ ਨੂੰ ਲੱਖ ਜਾਵੇ, ਕਿਉਂਕਿ ਮਨੁੱਖ ਦੀ ਬੁੱਧੀ ਦਾ ਅਵਤਰਨ ਇਸੇ ਵਿਚੋਂ ਚਿਹਨਕਤਾ ਦੁਆਰਾ ਹੁੰਦਾ ਹੈ। ਯਾਦ ਰਖਣਾ ਚਾਹੀਦਾ ਹੈ ਕਿ ਬੁੱਧ, ਮਤ ਦਾ ਕੋਈ ਸਰੀਰਕ ਆਕਾਰ ਨਹੀਂ ਹੁੰਦਾ, ਸਗੋਂ ਇਹ ਤਾਂ ਵਿਸ਼ੁਧ ਚਿਹਨਕਤਾ ਦੁਆਰਾ ਹੀ ਆਪਣਾ ਸਰੂਪ ਉਘਾੜਦੀ ਹੈ। ਇਸੇ ਲਈ ਜਪੁ ਜੀ ਵਿਚ ਸਾਰੀ ਗੱਲ '੧ਓ' ਤੋਂ 'ਨਿਰੰਕਾਰੁ' ਤਕ ਜਾਂਦੀ ਹੈ। '੧ਓ' ਵੀ ਆਕਾਰਯੁਕਤ ਵਸਤੂਆਂ ਤੋਂ ਮੁਕਤ ਹੈ ਤੇ ਨਿਰੰਕਾਰ ਵੀ। ਇਸ ਤਰ੍ਹਾਂ 'ਜਪੁ ਜੀ' ਦਾ ਆਦਿ ਤੇ ਅੰਤ ਦੋਵੇਂ ਹੀ ਵਿਸ਼ੁਧ ਚਿਹਨਕਤਾ ਦੇ ਸੂਚਕ ਹਨ। ਇਸੇ ਆਧਾਰ ਉਤੇ ਇਹ ਬੋਧ ਹੁੰਦਾ ਹੈ ਕਿ ਜਪੁ ਜੀ ਇਕ ਪ੍ਰਵਚਨ ਹੈ ਜੋ ਰੂਪਾਂਤ੍ਰਣ ਪ੍ਰਕਿਰਿਆ ਨੂੰ ਜੁਗਤ ਵਜੋਂ ਇਸਤੇਮਾਲ ਕਰ ਕੇ ਮਾਨਵੀ ਜੈਵਿਕਤਾ ਨੂੰ ਚਿਹਨਕੀ ਦ੍ਰਿਸ਼ਟੀ ਤੋਂ ਪੁਨਰ ਸੰਗਠਨ ਦੇਂਦਾ ਹੈ।

ਇਸੇ ਤਰ੍ਹਾਂ ਅਸੀਂ ਕਈ ਬਾਣੀਆਂ ਵਿਚ ਇਹ ਵੇਖਦੇ ਹਾਂ ਕਿ ਉਥੇ ਪਹਿਲਾਂ ਵਸਤੂ ਵਿਸਤਰਣ ਦਾ ਨਜ਼ਾਰਾ ਹੈ ਤੇ ਮਗਰੋਂ ਉਸ ਨੂੰ ਚਿਹਨਕੀ ਸੰਜਮ ਵਿਰ ਸਮੇਟਣ ਦਾ ਪ੍ਰਯਤਨ। ਇਹ ਯਾਤਰਾ ਵੀ ਵਸਤੂ-ਪ੍ਰਦਰਸ਼ਨ ਤੋਂ ਤੁਰ ਕੇ, ਪ੍ਰਵਚਨ ਵਲ ਜਾਣ ਦੀ ਹੈ। ਮਿਸਾਲ ਵਜੋਂ ਸਿਰੀ ਰਾਗ ਦਾ ਹੇਠਲਾ ਸ਼ਬਦ ਅਸੀਂ ਆਪਣੇ ਸਨਮੁਖ ਕਰ ਸਕਦੇ ਹਾਂ :

> ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
> ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
> ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
> ਹਰਿ ਬਿਨੁ ਜੀਉ ਜਲਿ ਬਲਿ ਜਾਉ ॥
> ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
> ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
> ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
> ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

CC-0. In Public Domain. Gurukul Kangri Collection, Haridwar

ਸਿਧੁ ਹੋਵਾਂ ਸਿਧਿ ਲਾਈ ਰਿਧਿ ਆਖਾ ਆਉ ॥
Digitized by Arya Samaj Foundation Chennai and eGangotri
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਅਤਿ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾਂ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤਿ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਸਿਰੀ ਰਾਗੁ ਮਹਲਾ ੧

ਇਸ ਤਰ੍ਹਾਂ ਉਪਰੋਕਤ ਸ਼ਬਦ ਤੋਂ ਇਹ ਪਤਾ ਲਗਦਾ ਹੈ ਕਿ ਇਸ ਸ਼ਬਦ ਵਿਚ ਬੁੱਧੀ ਨੂੰ ਆਪਣੇ ਭਰਮ ਜਾਲ ਵਿਚ ਫਸਾਣ ਵਾਲਾ ਵਿਸਥਾਰ ਵੀ ਹੈ ਤੇ ਅੰਤ ਉਤੇ ਉਸ ਵਿਸਥਾਰ ਨੂੰ ਚਿਹਨਕੀ ਸੰਜਮ ਵਿਚ ਉਤਾਰਨ ਦੀ ਸੂਚਨਾ ਵੀ ਹੈ। ਸ਼ਬਦ ਦਾ ਪਾਠ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਚਾਰ ਦ੍ਰਿਸ਼ ਹਨ। ਪਹਿਲਾ ਦ੍ਰਿਸ਼ ਅਤਿਅੰਤ ਸੁੰਦਰ ਮਹਲ ਦਾ ਦ੍ਰਿਸ਼ ਹੈ। ਦੂਸਰਾ ਮਨਮੋਹਣੀ ਇਸਤ੍ਰੀ ਦਾ ਦ੍ਰਿਸ਼ ਹੈ। ਤੀਸਰਾ ਰਿਧੀਆਂ ਸਿਧੀਆਂ ਉਪਰ ਅਧਿਕਾਰ ਪ੍ਰਾਪਤ ਕਰ ਚੁੱਕੇ ਸਿੱਧ ਦਾ ਚਿੱਤਰ ਹੈ। ਚੌਥਾ ਚਹੁੰਕੂਟਾਂ ਵਿਚ ਆਪਣੇ ਹੁਕਮ ਨੂੰ ਚਲਾਉਣ ਵਾਲੇ ਰਾਜੇ ਦਾ ਚਿੱਤਰ ਹੈ। ਇਨ੍ਹਾਂ ਦੇ ਮੁਕਾਬਲੇ ਉਪਰ ਮਨ ਨੂੰ ਇਕਾਗਰ ਦਸ਼ਾ ਵਿਚ ਰਖਣ ਵਾਲੀ ਥਾਉਂ ਦਾ ਵਰਣਨ "ਹਰ ਬਿਨੁ ਜੀਉ ਜਲਿ ਬਲਿ ਜਾਉ" "ਮੈਂ ਆਪਣਾ ਗੁਰ ਪੂਛਿ ਦੇਖਿਆ ਅਵਰਿ ਨਾਹੀ ਥਾਉ ॥" ਦੀ ਪੰਗਤੀ ਦੁਆਰਾ ਕੀਤਾ ਗਿਆ ਹੈ। ਧਿਆਨ ਨਾਲ ਵੇਖਿਆਂ ਇਹ ਪਤਾ ਲਗੇਗਾ ਕਿ ਚਾਰ ਦ੍ਰਿਸ਼ ਮਾਨਵੀ ਜੈਵਿਕਤਾ ਦੇ ਮੁਹਾਣ ਨੂੰ ਖੋਲ੍ਹਣ ਵਾਲੇ ਹਨ। ਰੁਚੀ ਵਸਤਾਂ ਵਲ ਜਾਣ ਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਅਜਿਹੀ ਰੁਚੀ ਮਨੁੱਖ ਦੇ ਸੰਜਮ ਲਈ ਖਤਰਾ ਹੈ ਤਾਂ ਉਸ ਦਾ ਮਤਲਬ ਇਹ ਹੀ ਹੈ ਕਿ ਅਜਿਹੀ ਦਸ਼ਾ ਵਿਚ ਚਿਹਨਕੀ ਵਿਹਾਰ ਇਕ ਪਾਸੇ ਰਹਿ ਜਾਂਦਾ ਹੈ ਤੇ ਜੈਵਿਕਤਾ ਆਪਣੇ ਪੂਰੇ ਜਾਹੋ ਜਲਾਲ ਵਿਚ ਸਾਹਮਣੇ ਆ ਜਾਂਦੀ ਹੈ। ਮਾਨਵੀ ਸੰਜਮ, ਚਿਹਨਕੀ ਵਿਹਾਰ ਸਦਕਾ ਹੀ ਸੰਭਵ ਹੈ। ਇਸ ਸ਼ਬਦ ਵਿਚ ਇਸ ਗੱਲ ਦੇ ਅਰਥ 'ਹਰਿ' 'ਗੁਰੂ' 'ਨਾਉ' ਰਾਹੀਂ ਸਮਝਾਏ ਗਏ ਹਨ। ਇਸ ਤਰ੍ਹਾਂ ਇਸ ਸ਼ਬਦ ਵਿਚ ਪ੍ਰਵਚਨਹੀਨ ਤੇ ਪ੍ਰਵਚਨਸ਼ੀਲ ਅਵਸਥਾਵਾਂ ਦਾ ਦਵੰਦਾਤਮਕ ਰਿਸ਼ਤਾ ਬਣਾਇਆ ਗਿਆਂ ਹੈ।

ਇਸੀ ਤਰ੍ਹਾਂ ਗੁਰਬਾਣੀ ਦੇ ਅੰਤਰਗਤ ਅਜਿਹੇ ਸ਼ਬਦ ਵੀ ਮੌਜੂਦ ਹਨ, ਜਿਨ੍ਹਾਂ ਵਿਚ ਵਿਦਾ-ਬਿੰਦੂ ਕਈ ਪ੍ਰਕਾਰ ਦੇ ਵਸਤੂ-ਵਿਵਰਣਾ ਤੋਂ ਹੁੰਦਾ ਹੈ, ਪਰ ਉਨ੍ਹਾਂ ਵਿਚ ਵੀ ਪਹੁੰਚ-ਬਿੰਦੂ ਪ੍ਰਵਚਨਸ਼ੀਲਤਾ ਦਾ ਹੁੰਦਾ ਹੈ। ਮਿਸਾਲ ਵਜੋਂ ਆਸਾ ਦੀ ਵਾਰ ਤੇ ਮਾਝ ਵਾਰ ਦਾ ਚੋਖਾ ਭਾਗ ਇਸ ਤਰ੍ਹਾਂ ਦੀ ਸਾਮਗਰੀ ਉਪਰ ਆਧਾਰਿਤ ਹੈ। ਇਨ੍ਹਾਂ ਵਾਰਾਂ ਵਿਚ ਗੁਰੂ ਨਾਨਕ ਨੇ ਆਪਣੇ ਵੇਲੇ ਦੇ ਸਮੁੱਚੇ ਨਿਜ਼ਾਮ ਦੀ ਉਲਝੀ ਤਾਣੀ ਨੂੰ ਪੇਸ਼ ਕੀਤਾ ਹੈ। ਜਦੋਂ ਅਸੀਂ ਅਜਿਹੇ ਦ੍ਰਿਸ਼ਾਂ ਵਿਚ ਪਰਵੇਸ਼ ਕਰਦੇ ਹਾਂ ਤਾਂ ਅਸੀਂ ਸਮਸਿਆਗ੍ਰਸਤ ਪ੍ਰਪੰਚ ਦੇ ਰੂ-ਬ-ਰੂ ਹੁੰਦੇ ਹਾਂ, ਪਰ ਗੁਰੂ ਸਾਹਿਬ ਹੌਲੀ ਹੌਲੀ ਵੇਰਵਿਆਂ, ਸਮਸਿਆਵਾਂ ਨੂੰ ਪੇਸ਼ ਕਰਦੇ ਕਰਦੇ ਅੰਤਮ ਬਿੰਦੂ ਉਤੇ ਗੁਰ-ਗਿਆਨ ਜਾਂ ਗੁਰ-ਸ਼ਬਦ ਉਪਰ ਜਾ ਪੁਜਦੇ ਹਨ। ਅਸਲ ਵਿਚ ਇਹ ਯਾਤਰਾ ਜਟਿਲ ਸਿੰਨਟੈਮ ਤੋਂ ਪ੍ਰਮਾਣਿਕ ਪੈਰਾਡਾਈਮ ਤਕ ਦੀ ਹੈ। ਅਤੇ ਅਜਿਹੀ ਯਾਤਰਾ ਵਿਚ ਚਿਹਨਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਿਰਿਆ ਪ੍ਰਕਾਸ਼ ਵਿਚ ਵੀ ਹੁੰਦੀ ਹੈ ਤੇ ਫਿਰ ਸਤਖੀ ਵੀ ਜਾਂਦੀ ਹੈ। ਇਸ ਤਰ੍ਹਾਂ ਦੀ ਵਿਆਖਿਆ ਜਦੋਂ ਅਸੀਂ ਕਰਦੇ ਹਾਂ ਤਾਂ ਅਸੀਂ ਨਿਸ਼ਚੇ ਹੀ ਪ੍ਰਵਚਨੀ ਪ੍ਰਤਿਉੱਤਰ ਰਾਹੀਂ ਗੁਰਬਾਣੀ ਨੂੰ ਦੇਖ ਰਹੇ ਹੁੰਦੇ ਹਾਂ। ਇਹ ਪ੍ਰਵਚਨੀ ਪ੍ਰਤੀਉੱਤਰ ਅਸੀਂ ਗੁਰਬਾਣੀ ਉਪਰ ਠੋਸਣ ਦਾ ਯਤਨ ਨਹੀਂ ਕਰਦੇ, ਸਗੋਂ ਵਿਹ ਤਾਂ ਗੁਰਬਾਣੀ ਦੀ ਆਪਣੀ ਗਹਿਨ-ਸੰਰਚਨਾ ਦੇ ਅੰਤਭਗਤ ਪਿਆ ਹੋਇਆ ਹੈ ਅਤੇ ਸਾਨੂੰ ਇਸ ਗੱਲ ਬਾਰੇ ਸਾਵਧਾਨ ਕਰਦਾ ਹੈ ਕਿ ਗੁਰਬਾਣੀ ਇਕ ਨਿਯੋਜਿਤ ਸ਼ਬਦ ਪ੍ਰਬੰਧ ਹੈ ਤੇ ਇਸੇ ਆਧਾਰ ਉਤੇ ਅਸੀਂ ਇਸ ਨੂੰ ਸਭਿਆਚਾਰ-ਮਿਰਮਾਣ ਦਾ ਗਿਆਨ ਦੇਣ ਵਾਲੀ ਵੀ ਕਹਿ ਸਕਦੇ ਹਾਂ।

ਗੁਰਬਾਣੀ ਤੋਂ ਬਿਨਾ ਦੂਸਰੀਆਂ ਪ੍ਰਣਾਲੀਆਂ ਜਿਥੇ ਸਾਨੂੰ ਸਤਿਆਚਾਰਕ ਪਰੰਪਰਾ ਨੂੰ ਭੋਗਣ ਦੀ ਸਾਮਗਰੀ ਨੂੰ ਦੇਂਦੀਆਂ ਹਨ, ਉਥੇ ਗੁਰਬਾਣੀ ਸਾਨੂੰ ਗਿਆਨ-ਜਗਿਆਸਾ ਦੇ ਰਾਹ ਉਤੇ ਪਾਂਦੀ ਹੈ। ਇਸੇ ਦਿਸ਼ਾ ਵਿਚ ਅਸੀਂ ਗੁਰਬਾਣੀ ਦੇ ਪ੍ਰਵਚਨ ਸਿੱਧਾਂਤ ਨੂੰ ਸਮਝ ਸਕਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ-ਅਧਿਐਨ, ਅਧਿਆਪਨ ਤੇ ਖੋਜ-ਵਿਧੀਆਂ

ਗੁਰਬਾਣੀ ਪੰਜਾਬ ਦੇ ਸ਼ਬਦ-ਸਭਿਆਚਾਰ ਦੇ ਅੰਤਰਗਤ ਆਪਣੀ ਵੱਖਰੀ ਤੇ ਨਵੇਕਲੀ ਪਛਾਣ ਰਖਣ ਵਾਲੀ ਪ੍ਰਣਾਲੀ ਹੈ। ਇਹ ਪ੍ਰਣਾਲੀ ਆਪਣੇ ਰਚਨ-ਕਾਲ ਤੋਂ ਲੈ ਕੇ, ਅੱਜ ਦੇ ਸਮੇਂ ਤੀਕ ਇਕ ਸਾਰਥਕ ਵਿਸ਼ਵ-ਦ੍ਰਿਸ਼ਟੀ ਪੇਸ਼ ਕਰਨ ਵਾਲੀ ਪ੍ਰਣਾਲੀ ਦੇ ਰੂਪ ਵਿਚ ਸਵੀਕਾਰੀ ਜਾਂਦੀ ਹੈ। ਇਸ ਪ੍ਰਣਾਲੀ ਪ੍ਰਤੀ ਸਾਮੂਹਕ ਪ੍ਰਤੀ-ਉੱਤਰ ਧਾਰਮਿਕ ਹੀ ਰਿਹਾ ਹੈ ਅਤੇ ਇਹ ਪ੍ਰਤੀਉੱਤਰ ਇਸ ਸਾਰੀ ਪ੍ਰਣਾਲੀ ਨੂੰ ਧੁਰ ਕੀ ਬਾਣੀ ਮੰਨ ਕੇ ਇਸ ਨੂੰ ਆਪਣਾ ਜੀਵਨ ਸਫ਼ਲ ਬਣਾਉਣ ਲਈ ਵਰਤੋਂ ਵਿਚ ਲਿਆਉਣ ਦਾ ਅਭਿਆਸੀ ਹੈ। ਆਮ ਕਰ ਕੇ ਗੁਰਬਾਣੀ ਦਾ ਅਧਿਐਨ ਤੇ ਅਧਿ-ਆਪਨ ਇਸੇ ਰਾਹੇ ਤੁਰਦਾ ਰਿਹਾ। ਅਧਿਐਨ-ਅਧਿਆਪਨ ਦੇ ਇਸ ਪ੍ਰਸੰਗ ਵਿਚ ਗੁਰਬਾਣੀ ਦੀ ਖੋਜ ਵੀ ਇਸੇ ਰਾਹੇ ਤੁਰਨ ਵਾਲੀ ਵਿਆਖਿਆ ਦੇ ਭਰਪੂਰ ਸਮਰਥਨ ਕਰਨ ਨਾਲ ਸੰਬੰਧਿਤ ਰਹੀ ਹੈ। ਸਮੂਹੀ ਪ੍ਰਤੀਉੱਤਰ ਤੋਂ ਪ੍ਰੇਰਨਾ ਲੈਣ ਵਾਲੇ ਵਿਆਖਿਆਕਾਰ ਗੁਰਬਾਣੀ ਵਿਚਲੇ ਸੁਨੇਹੇ ਨੂੰ ਉਘਾੜ ਕੇ, ਲੋਕਾਂ ਤੀਕ ਪੁਚਾਣ ਦਾ ਯਤਨ ਕਰਦੇ ਰਹੇ ਹਨ ਤੇ ਖੋਜੀ ਅਗੋਂ ਅਜਿਹੀ ਵਿਆਖਿਆ ਨੂੰ ਕ੍ਰਾਸ-ਪੰਗਤੀ ਵਿਆਖਿਆ ਬਣਾਣ ਦਾ ਜਤਨ ਕਰਦੇ ਰਹੇ ਹਨ। ਗੁਰਬਾਣੀ-ਪਰੰਪਰ ਦੇ ਮਹਾਤਮਾ ਨੂੰ ਦ੍ਰਿੜ ਕਰਨ ਵਾਲੇ ਅਧਿਐਨ, ਅਧਿਆਪਨ ਤੇ ਖੋਜ ਦੇ ਇਸ ਪ੍ਰਸੰਗ ਵਿਚ ਇਕ ਤਾਂ ਗੁਰਬਾਣੀ ਦੀ ਆਪਣੀ ਮਿੱਥ ਪਰਪੱਕ ਹੁੰਦੀ ਰਹੀ ਹੈ ਤੇ ਦੂਸਰਾ ਇਸ ਦੀ ਸੰਦੇਸ਼ਮੂਲਕ ਵਿਆਪਕਤਾ ਪੇਸ਼ ਹੁੰਦੀ ਰਹੀ ਹੈ।

ਗੁਰਬਾਣੀ ਦਾ ਸਾਧਾਰਨ ਪਾਠ ਹੀ ਇਹ ਦਸ ਪਾ ਦੇਂਦਾ ਹੈ ਕਿ ਇਸ ਵਿਚਲਾ ਸੰਦੇਸ਼ ਦਿੱਬ ਪੱਧਰ ਉਤੇ ਤੇ ਸੰਸਾਰਕ ਪੱਧਰ ਉਤੇ ਅਤਿਅੰਤ ਵਿਆਪਕ ਹੈ ਪਰ ਇਸ ਬਾਣੀ ਦੇ ਰਚਨਹਾਰ ਤੇ ਵਿਸ਼ੇਸ਼ ਕਰ ਕੇ ਇਸ ਦੀ ਸੰਭਾਲ ਕਰਨ ਵਾਲੇ ਸਿਖ ਗੁਰੂ ਹਨ, ਇਸ ਲਈ ਇਸ ਦਾ ਸੰਬੰਧ ਵੀ ਪੰਜਾਬ ਦੀ ਸਿਖ-ਪਰੰਪਰਾ ਨਾਲ ਜੁੜਿਆ ਹੋਇਆ ਹੈ। ਸਿਖ-ਸਮੂਹ ਤਾਂ ਇਸ ਨੂੰ ਜੀਅ ਦਾਨ ਦੇਣ ਵਾਲੀ ਤੇ ਆਤਮ ਕਲਿਆਣ ਕਰਨ ਵਾਲੀ ਬਾਣੀ ਦੇ ਰੂਪ ਵਿਚ ਸਵੀਕਾਰ ਕਰਦੇ ਹਨ। ਇਸ ਬਾਣੀ ਦੇ ਧਾਰਮਿਕ, ਅਧਿਆਤਮਕ ਤੇ ਵਿਆਪਕ ਸੰਦੇਸ਼ ਉੱਪਰ ਧਿਆਨ ਏਨਾ ਟਿਕਿਆ ਰਿਹਾ ਹੈ ਕਿ ਇਸ ਦੇ ਮਾਧਿਅਮ ਤੇ ਵਿਧੀ ਉਪਰ ਕਿਸੇ ਨੇ ਵੀ ਕਦੇ, ਵਿਸ਼ੇਸ਼ ਤੌਰ ਉਤੇ ਵਿਚਾਰ ਘੱਟ ਹੀ ਕੀਤੀ ਹੈ। ਪੰਜਾਬ ਦੀ ਜ਼ਬਾਨ ਪੰਜਾਬੀ ਹੈ ਪਰ 'ਆਦਿ ਗੁਰੂ ਗ੍ਰੰਥ ਸਾਹਿਬ' ਦੀ ਜ਼ਬਾਨ ਮਧਕਾਲੀ ਭਾਰਤ ਦੀ ਵਿਵਿਧ ਸ਼ੈਲੀਆ ਵਾਲੀ ਭਾਸ਼ਾ ਹੈ। ਪਰੰਪਰਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਐਨ ਨੇ ਕਦੇ ਵੀ ਗੁਰਬਾਣੀ ਦੇ ਅਜਿਹੇ ਮਾਧਿਅਮ ਨੂੰ ਧਿਆਨ ਨਾਲ ਗੌਲਣ ਦੀ ਕੋਸ਼ਸ਼ ਨਹੀਂ ਕੀਤੀ। ਸਮਕਾਲੀ ਹਾਲਾਤ ਵਿਚ ਪੰਜਾਬੀ ਜ਼ਬਾਨ ਦੇ ਮਸਲੇ ਨੂੰ ਵਿਦਿਅਕ, ਸਾਹਿਤਕ ਤੇ ਰਾਜਨੀਤਕ ਪੱਧਰਾਂ ਉਪਰ ਕਾਫ਼ੀ ਜ਼ਿਆਦਾ ਚੁਕਿਆ ਜਾ ਰਿਹਾ ਹੈ ਪਰੰਤੂ ਇਸ ਮਸਲੇ ਨੂੰ ਪੰਜਾਬ ਦੀ ਪ੍ਰਮਾਣਿਕ ਸੰਸਥਾ ਅਰਥਾਤ ਗੁਰਬਾਣੀ ਦੇ ਪ੍ਰਸੰਗ ਵਿਚ ਵਿਚਾਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਮਾਧਿਅਮ ਨਾਲੋਂ ਗੁਰਬਾਣੀ ਵਿਚਲਾ ਸੰਦੇਸ਼ ਅਧਿਐਨ ਤੇ ਅਧਿਆਪਕ ਵਿਚ ਤਰਜੀਹ ਲੈਂਦਾ ਰਿਹਾ ਹੈ। ਵਿਵਿਧ ਭਾਸ਼ਾਈ ਮਾਧਿਅਮ, ਜੋ ਗੁਰਬਾਣੀ ਦਾ ਉਚਿਤ ਮਾਧਿਅਮ ਹੈ, ਭਾਸ਼ਾ ਸੰਬੰਧੀ ਇਕ ਪ੍ਰਸਤਾਵ ਪੇਸ਼ ਕਰਦਾ ਹੈ। ਇਹ ਪ੍ਰਸਤਾਵ ਭਾਸ਼ਾ ਨੂੰ ਸਥਾਨਕ ਤੇ ਦੇਸੀ ਸੀਮਾਵਾਂ ਵਿਚ ਸੰਕੁਚਿਤ ਕਰ ਕੇ ਵੇਖਣ ਦੀ ਬਜਾਏ, ਇਸ ਨੂੰ ਇਕ ਅਤਿਅੰਤ ਵਿਆਪਕ ਸੰਚਾਰ-ਮਾਧਿਅਮ ਬਣਾਉਣ ਨਾਲ ਸੰਬੰਧਿਤ ਹੈ। ਭਾਰਤ ਦੀ ਅਜੋਕੀ ਸੰਕਟਗ੍ਰਸਤ ਸਥਿਤੀ ਵਿਚ ਅਜਿਹੇ ਪ੍ਰਸਤਾਵ ਦਾ ਸਾਹਮਣੇ ਆਉਣਾ ਦੇਸ਼ ਦੀ ਅਖੰਡਤਾ ਤੇ ਰਾਸ਼ਟਰ ਦੀ ਏਕਤਾ ਨੂੰ ਗਹਿਰਾਈ ਦੇਣ ਦਾ ਜ਼ਰੀਆ ਬਣ ਸਕਦਾ ਹੈ। ਪਰ ਜਿਵੇਂ ਕਿ ਸਮੂਹੀ ਪ੍ਰਤੀਉੱਤਰ ਦੀ ਆਦਤ ਹੁੰਦੀ ਹੈ, ਉਹ ਰਚਨਾ ਦੀਆਂ ਤਕਨੀਕੀ ਤੇ ਮਾਧਿਅਮਨਿਸ਼ਠ ਜੁਗਤਾਂ ਉਪਰ ਧਿਆਨ ਦੇਣ ਨੂੰ ਫਾਲਤੂ ਸਮਝਦਾ ਹੈ ਤੇ ਇਸ ਵਿਚਲੇ ਸੰਦੇਸ਼ ਨੂੰ ਸਿੱਧਾ ਹੀ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਵੀਹਵੀਂ ਸਦੀ ਤੋਂ ਪਹਿਲਾਂ ਦਾ ਗੁਰਬਾਣੀ ਅਧਿਐਨ ਇਸ ਦੇ ਸੰਦੇਸ਼ ਪ੍ਰਤੀ ਭਾਵੇਂ ਚੇਤੰਨ ਰਿਹਾ ਹੈ ਪਰ ਇਸ ਦੇ ਮਾਧਿਅਮ ਨੂੰ ਅਚੇਤ ਹੀ ਗ੍ਰਹਿਣ ਕਰਦਾ ਚਲਾ ਆਇਆ ਹੈ। ਵੀਹਵੀਂ ਸਦੀ ਦੇ ਲਗਭਗ ਦੂਸਰੇ ਅੱਧ ਤਕ ਵੀ ਗੁਰਬਾਣੀ ਅਧਿਐਨ ਦੀ ਪ੍ਰਕਿਰਿਆ ਇਸੇ ਤਰ੍ਹਾਂ ਦੀ ਰਹੀ ਹੈ। ਪਹਿਲੀ ਸਹਜ ਅਤੇ ਪਰੰਪਰਾ ਮਾਰਗੀ ਵਿਧੀ ਤੋਂ, ਇਸ ਦੀ ਵੱਖਰ ਇਸ ਗਲ ਵਿਚ ਰਹੀ ਹੈ ਕਿ ਇਸ ਵਿਚ ਗੁਰਬਾਣੀ ਦੇ ਪਾਠ ਵਿਚ ਕਾਰਜਸ਼ੀਲ ਕੁਝ ਉਘੜਵੀਆਂ ਕੋਟੀਆਂ ਨੂੰ ਸੰਕਲਪਾਂ ਦੇ ਰੂਪ ਵਿਚ ਵੱਖ ਕਰ ਲਿਆ ਗਿਆ ਹੈ ਤੇ ਫਿਰ ਇਨ੍ਹਾਂ ਸੰਕਲਪਾਂ ਨੂੰ ਗੁਰਬਾਣੀ ਤੇ ਗੁਰਬਾਣੀ ਤੋਂ ਪਹਿਲਾਂ ਦੀ ਅਧਿਆਤਮੀ ਪਰੰਪਰਾ ਦੀ ਮਦਦ ਨਾਲ ਇਨ੍ਹਾਂ ਇਰਦ ਗਿਰਦ ਵਿਆਖਿਆ ਦਾ ਭਰਵਾਂ ਤੇ ਗਾੜ੍ਹਾ ਪ੍ਰਸੰਗ ਬਣਾ ਲਿਆ ਗਿਆ ਹੈ। ਇਹ ਵਿਧੀ ਅਧਿਐਨ ਦੀ ਵੀ ਹੈ ਤੇ ਖੋਜ ਦੀ ਵੀ। ਅਸਲ ਵਿਚ ਅਧਿਐਨ ਤੇ ਅਧਿਆਪਨ ਹੀ ਇਕ ਪ੍ਰਮਾਣਿਕ ਸਿਧਾਂਤਕਤਾ ਦੇ ਸਤਰ ਉਤੇ ਪੁਜ ਕੇ ਖੋਜ-ਪਰਕ ਬਣ ਜਾਂਦਾ ਹੈ। ਇਹ ਯਾਦ ਰਖਣ ਵਾਲੀ ਗਲ ਹੈ ਕਿ ਅਧਿਐਨ, ਅਧਿਆਪਨ ਤੇ ਖੋਜ ਪਰਸਪਰ ਵਿਰੋਧੀ ਨਹੀਂ ਸਗੋਂ ਪੂਰਕ ਹਨ ਅਤੇ ਇਕ ਮਾਰਗੀ ਸਤਰ ਤੇ ਹੀ ਕਿਸੇ ਗਲ ਨੂੰ ਪ੍ਰਮਾਣਿਕ ਤੋਂ ਪ੍ਰਮਾਣਿਕਤਰ ਬਣਾਣ ਵਿਚ ਯੋਗਦਾਨ ਪਾਂਦੇ ਹਨ। ਗੁਰਬਾਣੀ ਸੰਬੰਧੀ ਇਹ ਪ੍ਰਸੰਗ ਚਲਿਆ ਤਾਂ ਭਾਵੇਂ ਇਸੇ ਰਾਹੇ ਹੈ ਪਰ ਇਸ ਪ੍ਰਸੰਗ ਵਿਚ ਕੇਵਲ ਅਧਿਐਨ, ਅਧਿਆਪਨ ਤੇ ਖੋਜ ਕਰਮ-ਕਾਂਡ ਨੂੰ ਹੀ ਪੂਰਿਆਂ ਕੀਤਾ ਗਿਆ ਹੈ। ਜਿਥੋਂ ਤੀਕ ਵੱਥ-ਵਿਆਖਿਆ ਦਾ ਸੰਬੰਧ ਹੈ, ਇਸ ਨੇ ਅਧਿਕਤਰ ਸਹਾਇਤਾ ਸਮੂਹੀ ਪ੍ਰਤੀਉੱਤਰ ਜਾਂ ਪਰੰਪਰਾਈ ਵਿਆਖਿਆ ਤੋਂ ਹੀ ਲਈ ਹੈ। ਗੁਰਬਾਣੀ ਦੀ ਇਸ ਪ੍ਰਚਲਿਤ ਵਿਆਖਿਆ ਦੇ ਅੰਗ-ਸੰਗ ਇਸ ਦਾ ਮਾਧਿਅਮ ਤੇ ਇਸ ਦੀਆਂ ਤਕਨੀਕੀ ਜੁਗਤਾਂ ਅਚੇਤ ਹੀ ਤੁਰਦੀਆਂ ਰਹੀਆਂ ਹਨ। ਕੁਝ ਵਿਦਵਾਨਾ ਨੇ ਗੁਰਬਾਣੀ ਨੂੰ ਪਛਮੀ ਸਾਹਿਤ-ਸੰਸਕ੍ਰਿਤੀ ਦੇ ਅਧੀਨ ਕਾਵਿ-ਰਚਨਾ ਗ੍ਰਹਿਣ ਕਰਦਿਆਂ, ਇਸ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ। ਅਜਿਹੇ ਵਿਦਵਾਨਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧੀ ਤੇ ਵਰਤਣ ਵਿਚ ਦੂਜੇ ਨਾਲ ਸੰਵਾਦ ਵਿਚ ਬੱਝਣ ਦੀ ਬਜਾਏ ਇਕ ਦੂਜੇ ਤੋਂ ਟੁਟਦੇ ਰਹੇ ਹਨ। ਇਸ ਪ੍ਰਕਿਰਿਆ ਵਿਚ ਗੁਰਬਾਣੀ ਨੂੰ ਇਕ ਅਜਨਬੀ ਪ੍ਰਸੰਗ ਵਿਚ ਰਖ ਕੇ ਉਸ ਦੀ ਵਿਆਖਿਆ ਕਾਵਿ-ਰਚਨਾ ਦੇ ਭਿੰਨ ਭਿੰਨ ਪਹਿਲੂਆਂ ਤੋਂ ਕਰ ਦਿੱਤੀ ਗਈ ਹੈ। ਪੰਜਾਬੀ ਵਿਚ ਅਜਿਹੇ ਅਧਿਐਨ ਦਾ ਪ੍ਰਤੀਨਿਧ ਵਿਦਵਾਨ ਡਾ. ਗੋਪਾਲ ਸਿੰਘ ਹੈ। ਡਾ. ਗੋਪਾਲ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਦੇ ਅੰਤਰਗਤ ਰੱਬ ਦੇ ਸੁਹਜ-ਸੁਆਦੀ ਸਰੂਪ ਨੂੰ ਚਿਤਵਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਅਜਿਹੇ ਅਧਿਐਨ ਨੂੰ ਗੋਪਾਲ ਸਿੰਘ ਨੇ ਕਾਫ਼ੀ ਦੇਰ ਤੀਕ ਪ੍ਰਚਾਰਿਆ ਤੇ ਆਪਣੇ ਢੰਗ ਨਾਲ ਪ੍ਰਮਾਣਿਕ ਬਣਾਣ ਦਾ ਯਤਨ ਕੀਤਾ। ਪੰਜਾਬੀ ਜਨਤਾ ਇਸ ਤੋਂ ਕਾਫ਼ੀ ਪ੍ਰਭਾਵਿਤ ਵੀ ਹੋਈ, ਪਰ ਇਸ ਅਧਿਐਨ ਦਾ ਦੁਖਾਂਤ ਇਹ ਰਿਹਾ ਕਿ ਇਸ ਵਿਚੋਂ ਗੁਰਬਾਣੀ ਦੇ ਵੱਥ ਦਾ ਸਮੁੱਚ ਇਕ ਲਾਂਭੇ ਰਿਹਾ। ਵਿਦਵਾਨ ਨੇ ਗੁਰਬਾਣੀ ਵਿਚੋਂ ਮਨਮੋਹਕ ਉਤੇਜਨਾਪੂਰਤ ਦੇ ਸਿੰਗਾਰ ਪਰਸਾਰਨ ਵਾਲੀਆਂ ਟੂਕਾਂ ਨੂੰ ਉਘਾੜ ਉਘਾੜ ਕੇ ਪੇਸ਼ ਕੀਤਾ, ਜਿਸ ਨਾਲ ਸੁਹਜ ਸੁਆਦ ਦਾ ਸੰਕਲਪ, ਜੋ ਪੰਜਾਬੀ ਸੰਸਕ੍ਰਿਤੀ ਨੇ ਅੱਧਾ ਅੱਧੂਰਾ ਗ੍ਰਹਿਣ ਕੀਤਾ ਸੀ, ਸਮਰਥਨ ਪ੍ਰਾਪਤ ਕਰਦਾ ਰਿਹਾ। ਅਸਲ ਵਿਚ ਗੋਪਾਲ ਸਿੰਘ ਦੇ ਜ਼ਮਾਨੇ ਤੀਕ ਗੁਰਬਾਣੀ ਦਾ ਪਰੰਪਰਾਈ ਅਧਿਐਨ ਅੰਗ੍ਰੇਜ਼ੀ ਸਾਮਰਾਜ ਅਧੀਨ ਪੁਨਰ ਸੁਗਠਿਤ ਹੋਏ ਤੇ ਵਿਕਸਿਤ ਹੋਏ ਸ਼ਹਿਰਾਂ ਤੋਂ ਦੂਰ ਦੁਰਾਡੇ ਪਿੰਡਾਂ ਦੇ ਡੇਰਿਆਂ, ਗੁਰੂਦੁਆਰਿਆਂ ਤੇ ਠਾਕੁਰਦੁਆਰਿਆਂ ਵੱਲ ਚਲਾ ਗਿਆ। ਇਨ੍ਹਾਂ ਨੇ ਪਰੰਪਰਾ ਨੂੰ ਇਕ ਪਾਵਨ ਵਿਧੀ ਸਮਝ ਕੇ ਆਪੋ ਆਪਣੇ ਦਾਰਿਆਂ ਵਿਚ ਸਮੇਟ ਲਿਆ। ਸ਼ਹਿਰਾਂ ਵਿਚ ਪੱਛਮੀ ਸਾਹਿਤਕ ਵਿਦਿਆ ਦੇ ਪਰਵੇਸ਼ ਨਾਲ ਸੈਕੂਲਰ ਫ਼ਿਜ਼ਾ ਪੈਦਾ ਹੋ ਗਈ, ਜਿਸ ਨੇ ਧਰਮ ਨੂੰ ਜਾਂ ਧਾਰਮਿਕ ਵੱਥ ਨੂੰ ਮਹੱਤਵਸ਼ੀਲ ਤਾਂ ਸਮਝਿਆ, ਪਰ ਇਸ ਨੂੰ ਕੇਂਦਰ ਤੋਂ ਲਾਂਭੇ ਕਰ ਦਿੱਤਾ। ਜਾਂ ਸਾਹਿਤ ਦਾ ਪ੍ਰਕਾਰਜ ਇਸ ਪ੍ਰਸੰਗ ਵਿਚ ਸੁਹਜ-ਸੁਆਦ ਮੰਨਿਆ ਜਾਣ ਲਗਿਆ ਤੇ ਸੁਹਜ-ਸੁਆਦ ਦੀ ਵਿਆਖਿਆ ਭਾਵ-ਭੋਗ ਜਾਂ ਮਨੋਰੰਜਨ ਦੇ ਅਰਥਾਂ ਵਿਚ ਕੀਤੀ ਜਾਣ ਲਗੀ। ਡਾ. ਗੋਪਾਲ ਸਿੰਘ ਦੀ 'ਆਦਿ ਗ੍ਰੰਥ' ਦੀ ਸਾਰੀ ਅਧਿਐਨ-ਵਿਧੀ ਵਿਚ ਐਸੇ ਹੀ ਸੁਹਜ-ਸੁਆਦੀ ਸੰਕਲਪ ਦਾ ਜ਼ੋਰ ਹੈ। ਮਜ਼ੇਦਾਰ ਗੱਲ ਇਹ ਹੈ ਕਿ ਇਸ ਪ੍ਰਸੰਗ ਵਿਚ ਗੋਪਾਲ ਸਿੰਘ ਸੁਹਜ-ਸੁਆਦ ਦੀ ਪਰਿਭਾਸ਼ਾ ਜਾਂ ਵਿਆਖਿਆ ਕਿਤੇ ਨਹੀਂ ਕਰਦਾ, ਸਗੋਂ ਭਾਵ-ਉਤੇਜਨਾ ਨਾਲ ਸੰਬੰਧਿਤ ਪੰਗਤੀਆਂ ਨੂੰ ਉਚੇਰੇ ਸੁਰ ਵਿਚ ਬਿਆਨ ਕਰਦਾ ਜਾਂਦਾ ਹੈ ਤੇ ਅਜਿਹੀਆਂ ਪੰਗਤੀਆਂ ਨੂੰ ਅਗੋਂ ਹੋਰ ਪੰਗਤੀਆਂ ਨਾਲ ਜ਼ਰਬ ਦੇਈ ਜਾਂਦਾ ਹੈ। ਸਾਰਾ ਵਾਤਾਵਰਨ ਇਹ ਪ੍ਰਭਾਵ ਦੇਂਦਾ ਹੈ ਕਿ ਇਨ੍ਹਾਂ ਵਿਚਲਾ ਲੇਖਕ ਆਪ ਇਕ ਵਿਸ਼ੇਸ਼ ਪ੍ਰਕਾਰ ਦੇ ਭਾਵ-ਆਵੇਗਾ ਵਿਚ ਵਹਿੰਦਾ ਤੁਰਿਆ ਜਾ ਰਿਹਾ ਹੈ ਤੇ ਇਸ ਨੂੰ ਗਤੀਮਾਨ ਕਰਨ ਲਈ ਗੁਰਬਾਣੀ ਵਿਚੋਂ ਟੂਕਾਂ ਦੇਈ ਜਾਂਦਾ ਹੈ।

ਇਸ ਚਰਚਾ ਵਿਚ ਗੁਰਬਾਣੀ ਸੰਬੰਧੀ ਪ੍ਰਤੀਉੱਤਰ ਬਦਲ ਜਾਂਦਾ ਹੈ। ਪਹਿਲਾ ਪ੍ਰਤੀਉੱਤਰ ਪਰੰਪਰਾਈ ਤੇ ਬਾਣੀ ਵਿਚਲੇ ਸੰਦੇਸ਼ ਦੀ ਵਿਆਪਕਤਾ ਨਾਲ ਸੰਬੰਧਿਤ ਹੈ ਤੇ ਦੂਸਰਾ ਪ੍ਰਤੀਉੱਤਰ ਮਨੋਰੰਜਨ ਆਧਾਰੀ ਸੁਹਜ-ਸੁਆਦ ਉਪਰ ਨਿਰਭਰ ਕਰਦਾ ਹੈ। ਪਰ ਇਹ ਦੋਵੇਂ ਪ੍ਰਤੀਉੱਤਰ ਆਪੋ ਆਪਣੇ ਪ੍ਰਸੰਗ ਵਿਚ ਸਹਿਜ ਤੇ ਸਮੂਹੀ ਪ੍ਰਤੀਉੱਤਰ ਹਨ। ਸਹਿਜ ਤੇ ਸਮੂਹੀ ਪ੍ਰਤੀਉੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਮਾਣਿਕ ਅਰਥਾਂ ਵਿਚ, ਅਧਿਐਨ, ਅਧਿਆਪਨ ਤੇ ਖੋਜ ਦੇ ਲਖਾਇਕ ਨਹੀਂ ਹੁੰਦੇ। ਕਾਰਨ ਸਪਸ਼ਟ ਹੈ ਕਿ ਇਨ੍ਹਾਂ ਵਿਚ ਅਧਿਐਨ ਦੀ ਕਿਸੇ ਸਿਸਟਮਮੂਲਕ ਪਹੁੰਚ ਨੂੰ ਨਹੀਂ ਅਪਣਾਇਆ ਗਿਆ ਹੁੰਦਾ। ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ ਕਿ ਵੀਹਵੀਂ ਸਦੀ ਦੇ ਅਰੰਭ ਵਿਚ ਪਰੰਪਰਾਈ ਅਧਿਐਨ ਪ੍ਰਣਾਲੀ ਨੂੰ ਧਿਆਨ ਵਿਚ ਰਖਦਿਆਂ ਗੁਰਬਾਣੀ ਦੇ ਕੁਝ ਵੱਥ ਆਧਾਰੀ ਅਧਿਐਨ ਵੀ ਹੋਏ ਹਨ। ਅਜਿਹੇ ਅਧਿਐਨ ਭਾਵੇਂ ਆਪਣਾ ਤਰਕਮੂਲਕ ਪ੍ਰਭਾਵ ਪੇਸ਼ ਕਰਦੇ ਹਨ ਪਰ ਇਨ੍ਹਾਂ ਵਿਚ ਵੀ ਨਾਹ ਤਾਂ ਅਧਿਐਨ ਦੀ ਵਿਦਾ-ਵਿਧੀ ਸਪਸ਼ਟ ਹੈ ਤੇ ਨ ਹੀ ਪਹੁੰਚ-ਵਿਧੀ। ਗੁਰਬਾਣੀ ਵਿਚ ਪਹਿਲਾਂ ਹੀ ਨਿਸ਼ਚਿਤ ਕੀਤੀਆਂ ਕੋਟੀਆਂ ਦੀ ਵਿਆਖਿਆ ਨੂੰ ਕੁਝ ਭਾਗਾਂ ਤੇ ਅਧਿਆਵਾਂ ਵਿਚ ਵੰਡ ਦਿੱਤਾ ਗਿਆ ਹੈ। ਇਸ ਤਰ੍ਹਾਂ ਗੁਰਬਾਣੀ ਦਾ ਅਧਿਐਨ ਤੇ ਅਧਿਆਪਨ ਜੋ ਹੋਇਆ ਵੀ ਹੈ, ਉਹ ਘਟਾਉਣ ਵਿਧੀ ਵਾਲੇ ਕਾਵਿ-ਸ਼ਾਸਤਰ ਦੀ ਮਦਦ ਨਾਲ ਹੋਇਆ ਹੈ। ਅਸੀਂ ਇਥੇ ਸ਼ਬਦ ਕਾਵਿ-ਸ਼ਾਸਤਰ ਵਰਤਿਆ ਹੈ, ਪਰੰਤੂ ਇਸ ਸੰਬੰਧ ਵਿਚ ਵਧੇਰੇ ਉਚਿਤ ਸ਼ਬਦ ਅਧਿਐਨ ਜਾਂ ਵਿਧੀ ਹੀ ਹੈ। ਇਕ ਪਾਸੇ ਇਹ ਵਿਆਖਿਆ ਦੀ ਵਿਧੀ ਧਰਮ-ਸਥਾਨਾ ਤੋਂ ਤੁਰ ਕੇ ਵਿਸ਼ਵ-ਵਿਦਿਆਲਾ ਤੀਕ ਪੁਜ ਜਾਂਦੀ ਹੈ ਤੇ ਦੂਜੇ ਪਾਸੇ ਗੁਰਬਾਣੀ ਦੇ ਪਹਿਲੇ ਪਾਠ ਨੂੰ ਨਿਸ਼ਚਿਤ ਕਰਨ ਲਈ ਇਸ ਦੇ ਪ੍ਰਮਾਣਿਕ ਅਰਥ ਨਿਸ਼ਚਿਤ ਕਰਨ ਦੇ ਯਤਨ ਜਾਰੀ ਰਹਿੰਦੇ ਹਨ। ਪ੍ਰੋ: ਸਾਹਿਬ ਸਿੰਘ, ਭਾਈ ਵੀਰ ਸਿੰਘ, ਤੇਜਾ ਸਿੰਘ ਆਦਿ ਵਿਦਵਾਨ ਗੁਰਬਾਣੀ ਦੀ ਵਿਆਖਿਆ ਨਾਲੋਂ ਕਿਤੇ ਵੱਧ ਇਸ ਦੇ ਅਰਥ ਨਿਸ਼ਚਿਤ ਕਰਨ ਦੀ ਵਿਧੀ ਵਲ ਰੁਚਿਤ ਨਜ਼ਰ ਆਉਂਦੇ ਹਨ। ਪਰ ਇਨ੍ਹਾਂ ਦੇ ਮੁਕਾਬਲੇ ਉਤੇ ਭਾਈ ਜੋਧ ਸਿੰਘ, ਭਾ. ਸ਼ੇਰ ਸਿੰਘ ਜੀ ਕਸ਼ਮੀਰ ਵਾਲੇ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੋਪਾਲ ਸਿੰਘ, ਡਾ. ਤਾਰਨ ਸਿੰਘ ਆਦਿ, ਬਿਨਾ ਗੁਰਬਾਣੀ ਦੇ ਅਰਥਾਂ ਨੂੰ ਪ੍ਰਮਾਣਿਕ ਆਧਾਰਾਂ ਉਤੇ ਨਿਸ਼ਚਿਤ ਕਰਨ ਦੇ, ਵਿਆਖਿਆ ਤੇ ਆਲੋਚਨਾ ਦੇ ਰਾਹ ਪੈ ਜਾਂਦੇ ਹਨ। ਭਾਈ ਜੋਧ ਸਿੰਘ ਗੁਰਬਾਣੀ ਦੀ ਪ੍ਰਮਾਣਿਕਤਾ ਦਾ ਸਮਾਰਥਨ ਵਿਗਿਆਨ ਤੋਂ ਪ੍ਰਾਪਤ ਕਰਦਾ ਹੈ। ਇਸੀ ਤਰ੍ਹਾਂ ਡਾ. ਸੁਰਿੰਦਰ ਸਿੰਘ ਕੋਹਲੀ 'ਆਦਿ ਗ੍ਰੰਥ ਦਾ ਆਲੋਚਨਾਤਮਕ ਅਧਿਐਨ', ਨਾਮ ਦਾ ਥੀਸਿਸ ਲਿਖ ਕੇ ਆਲੋਚਨਾਤਮਕ ਅਧਿਐਨ ਵਿਧੀ ਨਾਲ ਸੰਬੰਧਿਤ ਉਪਕਰਣਾ ਨੂੰ ਅੰਗ੍ਰੇਜ਼ੀ ਆਲੋਚਨਾ ਤੋਂ ਲੈ ਕੇ, 'ਆਦਿ ਗ੍ਰੰਥ' ਉਤੇ ਲਾਗੂ ਕਰ ਦੇਂਦਾ ਹੈ। ਜਿੱਥੇ ਕਿਤੇ 'ਆਦਿ ਗ੍ਰੰਥ' ਦੀ ਬਣਤਰ ਦੀਆਂ ਤਕਨੀਕੀ ਵਿਸ਼ੇਸ਼ਤਾਵਾਂ ਦਾ ਸੁਆਲ ਪੈਦਾ ਹੁੰਦਾ ਹੈ, ਉਥੇ ਡਾ. ਸੁਰਿੰਦਰ ਸਿੰਘ ਕੋਹਲੀ ਗੁਰਬਾਣੀ ਵਿਚ ਅੰਕਿਤ ਕੋਟੀਆਂ ਨੂੰ ਗਿਣ ਕੇ ਆਪਣੀ ਗਲ ਸਮਾਪਤ ਕਰ ਦੇਂਦਾ ਹੈ। ਪਰ ਇਸ ਅਧਿਐਨ ਦੀ ਤਹਿ ਥਲੇ ਜੋ ਭਾਵਨਾ ਕੰਮ ਕਰਦੀ ਹੈ, ਉਹ ਪਰੰਪਰਾ ਵਿਚੋਂ ਗੁਰਬਾਣੀ ਸੰਬੰਧੀ ਗ੍ਰਹਿਣ ਕੀਤੇ ਮਹਾਤਮ ਸੰਸਕਾਰ ਦੀ ਹੀ ਹੈ। ਡਾ. ਕੋਹਲੀ ਤੋਂ ਉਪਰੰਤ ਡਾ. ਤਾਰਨ ਸਿੰਘ ਵੀ ਇਸੇ ਭਾਵਨਾ ਅਧੀਨ ਗੁਰੂ ਨਾਨਕ ਦੇਵ-ਬਾਣੀ ਨੂੰ ਆਲੋਚਨਾਤਮਕ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਇਸ ਸਾਰੇ ਦ੍ਰਿਸ਼ ਵਿਚ ਭਾਈ ਸ਼ੇਰ ਸਿੰਘ ਜੀ ਕਸ਼ਮੀਰ ਵਾਲੇ ਇਸ ਸਾਰੀ ਨਿਰੰਤਰਤਾ ਤੋਂ ਤੋਂ ਬਿਲਕੁਲ ਅਲਗ ਥਲਗ ਹਨ। ਗੁਰਬਾਣੀ ਦੀ ਅਜ਼ਮਤ ਵਡਿਆਈ ਦਾ ਸੰਸਕਾਰ ਤਾਂ ਉਨ੍ਹਾਂ ਦੀਆਂ ਲਿਖਤਾਂ ਵਿਚ ਵੀ ਬੁਨਿਆਦੀ ਹੈ, ਪਰ ਉਨ੍ਹਾਂ ਨੇ ਗੁਰਬਾਣੀ ਦੇ ਪਾਠ ਦੀ ਆਤਮਾ ਨੂੰ ਗ੍ਰਹਿਣ ਕਰਦਿਆਂ, ਇਸ ਦੇ ਸੰਕਲਪਾਂ ਦੀ ਵਿਆਖਿਆ ਸਮੁੱਚੀ ਗੁਰਬਾਣੀ ਤੇ ਭਾਰਤੀ ਅਧਿਆਤਮ ਪਰੰਪਰਾ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਕੀਤੀ ਹੈ ਕਿ

CC-0. In Public Domain. Gurukul Kangri Collection, Haridwar

ਆਪਣੇ ਤਰਕ ਨੂੰ ਵਿਗਿਆਨਕ ਯੁਗ ਦੀਆਂ ਪ੍ਰਾਪਤੀਆਂ ਨਾਲ ਵੀ ਜੋੜ ਕੇ ਸਮਝਾਇਆ
Digitized by Arya Samaj Foundation Chennai and eGangotri
ਹੈ। ਇਸ ਅਧਿਐਨ ਵਿਚ ਗੁਰਬਾਣੀ ਰਾਹੀਂ ਸੰਗਤ ਨਾਲ ਇਕਸੁਰਤਾ ਵੀ ਨਜ਼ਰ ਆਉਂਦੀ ਹੈ ਤੇ ਮਾਨਸਿਕ ਵਿਕਾਸ ਨੂੰ ਗਿਆਨ-ਸ਼ਾਸਤਰੀ ਪਾਸਾਰਾਂ ਵਲ ਲੈ ਜਾਣ ਵਾਲੀ ਵਿੱਥ ਵੀ। ਮਿੱਖ ਤੇ ਵਿੱਥ ਦੇ ਸੁਮੇਲ ਉਪਰ ਆਧਾਰਿਤ ਇਹ ਅਧਿਐਨ ਨਿਸ਼ਚੇ ਹੀ ਗੁਰਬਾਣੀ ਦੇ ਅਧਿਐਨ, ਅਧਿਆਪਨ ਦੇ ਮਾਰਗ ਤੋਂ ਇਕ ਲਾਂਭੇ ਰਿਹਾ ਹੈ ਪਰ ਇਸ ਦਾ ਪਾਠ ਇਹ ਦਸਦਾ ਹੈ ਕਿ ਇਹ ਅਧਿਐਨ ਗੁਰਬਾਣੀ ਅਧਿਐਨ, ਅਧਿਆਪਨ ਤੇ ਖੋਜ ਸੰਬੰਧੀ ਬੁਨਿਆਦੀ ਤੇ ਅਗਲੇਰੇ ਪਾਸਾਰਾਂ ਨੂੰ ਉਘਾੜਨ ਦੇ ਕੰਮ ਆ ਸਕਦਾ ਹੈ।

ਉਪਰੋਕਤ ਅਧਿਐਨ, ਅਧਿਆਪਨ ਦੇ ਅਧਿਆਇ ਤੋਂ ਉਪਰੰਤ ਗੁਰਬਾਣੀ ਨੂੰ ਇਤਿਹਾਸਕ ਦਬਾਵਾਂ ਅਧੀਨ ਹੋਈ ਰਚਨਾ ਮੰਨ ਕੇ ਇਸ ਦੀ ਵਿਆਖਿਆ ਦੇ ਅਜਿਹੇ ਪ੍ਰਸੰਗ ਵੀ ਸਾਹਮਣੇ ਆਏ ਹਨ, ਜਿਨ੍ਹ ਾਰਬਾਣੀ ਦੇ ਸੰਦੇਸ਼ ਨੂੰ ਮਾਰਕਸਵਾਦੀ ਅਧਿਐਨਵਿਧੀ ਦੇ ਹਿਸਾਬ ਨਾਲ ਡੀਕੋਡ ਕਰਨ ਦ ਕੋਸ਼ਿਸ਼ ਕੀਤੀ ਹੈ। ਅਜਿਹੇ ਅਧਿਐਨ ਵਿਚ ਗੁਰਬਾਣੀ ਵਿਚਲੀ ਅਧਿਆਤਮਿਕਤਾ ਨੂੰ ਵੀ ਇਕ ਇਤਿਹਾਸਿਕ ਉਪਜ ਮੰਨ ਕੇ, ਇਸ ਵਿਚਲੇ ਵੱਥ ਨੂੰ ਸਾਮੰਤਸ਼ਾਹੀ ਦੇ ਵਿਦਰੋਹ ਦੇ ਅਰਥਾਂ ਵਿਚ ਸਾਕਾਰ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਅਜਿਹੀ ਵਿਧੀ ਨੂੰ ਪੰਜਾਬੀ ਵਿਚ ਲਿਆਉਣ ਵਾਲਾ ਵਿਦਵਾਨ ਪ੍ਰੋ: ਸੰਤ ਸਿੰਘ ਸੇਖੋਂ ਹੈ। ਸੇਖੋਂ ਨੇ ਸਮਾਜ ਤੇ ਸਾਹਿਤ ਦੋਹਾਂ ਨੂੰ ਜੋੜ ਕੇ, ਆਪਣੀ ਅਧਿਐਨ-ਵਿਧੀ ਉਸਾਰਨ ਦਾ ਯਤਨ ਕੀਤਾ ਹੈ। ਅਸਲ ਵਿਚ ਪੰਜਾਬੀ-ਜਗਤ ਵਿਚ ਸੰਤ ਸਿੰਘ ਸੇਖੋਂ ਪਹਿਲਾ ਅਜਿਹਾ ਵਿਦਵਾਨ ਹੋਇਆ ਹੈ ਜਿਸ ਨੇ ਪੰਜਾਬੀ ਅਧਿਐਨ ਨੂੰ ਇਕ ਸਮੁੱਚੇ ਪ੍ਰਬੰਧ ਵਾਂਗ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਈ ਵਿਦਵਾਨਾ ਦਾ ਤਾਂ ਵਿਚਾਰ ਹੀ ਇਹ ਹੈ ਕਿ ਇਸ ਵਿਦਵਾਨ ਨੇ ਇਕ ਵਿਸ਼ੇਸ਼ ਪ੍ਰਕਾਰ ਦੀ ਬੌਧਿਕ ਵਿੱਥ ਦੇ ਆਧਾਰ ਉਤੇ, ਪੰਜਾਬੀ ਸ਼ਬਦ-ਸਭਿਆਚਾਰ ਦੀ ਪਰੰਪਰਾ ਦਾ ਅਧਿਐਨ ਕੀਤਾ ਹੈ। ਸਭ ਤੋਂ ਪਹਿਲਾਂ ਇਸ ਨੇ ਮਾਨਵੀ ਸਮਾਜ ਨੂੰ ਗ੍ਰਹਿਣ ਕਰਨ ਦੀ ਬਜਾਏ, ਇਸ ਨੂੰ ਗਿਆਨ ਦੀ ਪੱਧਰ ਉਤੇ ਸਮਝਣ ਦਾ ਯਤਨ ਕੀਤਾ ਹੈ ਅਤੇ ਇਸ ਮਤਲਬ ਲਈ ਉਸ ਨੇ ਮਾਰਕਸਵਾਦ ਨੂੰ ਆਧਾਰ ਬਣਾਇਆ ਹੈ। ਅਤੇ ਇਹ ਗਲ ਕਾਫ਼ੀ ਹਦ ਤੀਕ ਸਪਸ਼ਟ ਹੈ ਕਿ ਮਾਨਵੀ ਸਮਾਜ ਦੀ ਬਣਤਰ, ਆਰਥਕਤਾ ਤੇ ਰਾਜਨੈਤਿਕਤਾ ਨੂੰ ਪ੍ਰਣਾਲੀਬਧ ਤਰੀਕੇ ਨਾਲ ਸਮਝਣ ਸਮਝਾਣ ਵਿਚ ਜੋ ਕੰਮ ਮਾਰਕਸਵਾਦ ਨੇ ਕੀਤਾ ਹੈ, ਉਹ ਖਾਸਾ ਪ੍ਰਮਾਣਿਕ ਹੈ। ਵੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਜਦੋਂ ਗਿਆਨ-ਸ਼ਾਸਤਰ ਦੇ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਦੀ ਲਹਿਰ ਪਛਮ ਵਿਚ ਚਲੀ ਤਾਂ ਉਦੋਂ ਵੀ ਸੰਰਚਨਾਵਾਦ ਦੇ ਸਮਰਥਕਾਂ ਨੇ, ਮਾਰਕਸ ਦੀ ਸਾਰੀ ਵਿਧੀ ਨੂੰ ਧਿਆਨ ਵਿਚ ਰਖਦਿਆਂ, ਉਸ ਨੂੰ ਪਹਿਲਾਂ ਸੰਰਚਨਾਵਾਦੀ ਚਿੰਤਕ ਮੰਨਿਆ। ਇਸ ਤੋਂ ਬਿਨਾ ਸੰਰਚਨਾਵਾਦੀ ਤੇ ਉੱਤਰ-ਸੰਰਚਨਾਵਾਦੀ ਹਲਕਿਆਂ ਵਿਚ ਜਦੋਂ ਨਿਰੋਲ ਰੂਪਕਤਾ ਨੂੰ ਅਪ੍ਰਸੰਗਿਕ ਕਿਹਾ ਗਿਆ ਤਾਂ ਵੀ ਮਾਰਕਸ ਤੇ ਉਸ ਦੀਆਂ ਲਿਖਤਾਂ ਦਾ ਪੁਨਰ ਚਿਤਵਨ ਹੋਇਆ ਤੇ ਉਸ ਦੀ ਵਿਸਥਾਪਾਨਾ ਕਰਦਿਆਂ ਅਲਥੂਸਰ ਵਰਗੇ ਚਿੰਤਕਾਂ ਨੇ ਉਸ ਵਿਚਲੀ ਵਿਗਿਆਨਕ ਵਿਧੀ ਉਪਰ ਉਚੇਚਾ ਧਿਆਨ ਦੇਣ ਦੀ ਕੋਸ਼ਿਸ਼ ਕੀਤੀ। ਸੰਤ ਸਿੰਘ ਸੇਖੋਂ ਪੰਜਾਬੀ ਦਾ ਅਜਿਹਾ ਵਿਦਵਾਨ ਹੈ ਜਿਸ ਨੇ ਪਹਿਲੀ ਵਾਰ ਮਾਰਕਸਵਾਦੀ ਵਿਧੀ ਨੂੰ ਸਮੁੱਚੀਆਂ ਸਭਿਆ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰਕ ਤੇ ਸਮਾਜਕ ਪ੍ਰਵਿਰਤੀਆਂ ਨੂੰ ਸਮਝਣ ਲਈ ਵਰਤਿਆ । ਪਰ ਸੰਤ ਸਿੰਘ ਸੇਖੋਂ ਮਾਰਕਸਵਾਦੀ ਸਮਾਜ-ਵਿਗਿਆਨ ਉਪਰ ਅਧਿਕਾਰ ਰਖਣ ਦੇ ਨਾਲ ਨਾਲ ਪੱਛਮੀ ਸਾਹਿਤ-ਸ਼ਾਸਤਰ ਦਾ ਵੀ ਗਿਆਤਾ ਹੈ। ਇਸ ਲਈ ਜਦੋਂ ਕਿਤੇ ਉਹ ਪੰਜਾਬ ਦੀ ਕਿਸੇ ਸਾਹਿਤਕ ਪ੍ਰਣਾਲੀ ਦਾ ਅਧਿਐਨ ਕਰਦਾ ਹੈ ਤਾਂ ਇਹ ਦੋਵੇਂ ਵਿਧੀਆਂ ਉਸ ਵਿਚ ਇਕੱਠੀਆਂ ਹੋ ਜਾਂਦੀਆਂ ਹਨ ।

ਇਸੇ ਪ੍ਰਸੰਗ ਵਿਚ ਜਦੋਂ ਸੇਖੋਂ ਗੁਰਬਾਣੀ ਦੇ ਅਧਿਐਨ ਨੂੰ ਆਪਣਾ ਆਧਾਰ ਬਣਾਂਦਾ ਹੈ ਤਾਂ ਉਹ ਗੁਰਬਾਣੀ ਦੀ ਮਹਾਨਤਾ ਨੂੰ ਦ੍ਰਿੜ ਕਰਦਾ ਹੋਇਆ ਵੀ, ਉਸ ਦੀ ਸਥਾਪਿਤ ਮਿੱਥ ਤੋਂ ਇਕ ਵਿੱਥ ਉਤੇ ਰਹਿੰਦਾ ਹੈ । ਇਹ ਵਿੱਥ ਉਹ ਇਸ ਲਈ ਸਥਾਪਿਤ ਕਰ ਸਕਿਆ ਹੈ ਕਿਉਂਕਿ ਉਹ ਗੁਰਬਾਣੀ ਨੂੰ ਵੇਲੇ ਦੇ ਇਤਿਹਾਸਕ ਹਾਲਾਤ ਤੇ ਵਕਤ ਦੀ ਹਕੂਮਤ ਦੇ ਪ੍ਰਸੰਗ ਵਿਚ ਰਖ ਕੇ ਵੇਖਦਾ ਹੈ ਅਤੇ ਸਭ ਤੋਂ ਪਹਿਲਾਂ ਇਹ ਗੱਲ ਦ੍ਰਿੜ ਕਰਦਾ ਹੈ ਕਿ ਬਾਣੀ ਭਾਵੇਂ ਖਸਮ ਕੀ ਬਾਣੀ ਹੈ, ਇਸ ਉਪਰ ਉਸ ਵਕਤ ਦੇ ਇਤਿਹਾਸਕ ਦਬਾਵਾਂ ਦਾ ਖਾਸਾ ਅਸਰ ਹੈ । ਇਹ ਨਜ਼ਾਮ ਦੀ ਰਾਜਨੀਤੀ ਤੋਂ ਵੀ ਪ੍ਰਭਾਵਿਤ ਹੈ ਅਤੇ ਸਾਮੰਤਸ਼ਾਹੀ ਸੰਸਕ੍ਰਿਤੀ ਦਾ ਅਸਰ ਵੀ ਇਸ ਉਤੇ ਸਾਫ਼ ਝਲਕਦਾ ਨਜ਼ਰ ਆਉਂਦਾ ਹੈ। ਇਸ ਤੋਂ ਉਪਰੰਤ ਸੇਖੋਂ ਇਤਿਹਾਸਕ ਗਤੀ ਨੂੰ ਸਾਹਮਣੇ ਰਖਦਾ ਹੋਇਆ ਇਹ ਵੀ ਦਸਦਾ ਹੈ ਕਿ ਪੰਜਾਬ ਦੀ ਇਸ ਸੰਪ੍ਰਦਾਇ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਵਿਚਲਾ ਸੰਦੇਸ਼ ਰਾਜ-ਵਿਦਰੋਹੀ ਤੇ ਲੋਕ-ਹਿਤੈਸ਼ੀ ਹੈ, ਜਦ ਕਿ ਦੂਸਰੀਆਂ ਪ੍ਰਣਾਲੀਆਂ ਆਪਣੇ ਸੰਦੇਸ਼ ਵਿਚ ਰਾਜ-ਅਨੁਰੂਪ ਹੋਣ ਕਾਰਨ ਲੋਕ-ਸ਼ੋਸ਼ਕ ਹਨ । ਇਸ ਤੋਂ ਉਪਰੰਤ ਸੰਤ ਸਿੰਘ ਸੇਖੋਂ ਗੁਰਬਾਣੀ ਦੇ ਕਾਵਿ-ਸੁਹਜ ਦਾ ਜਾਇਜ਼ਾ ਵੀ ਲੈਂਦਾ ਹੈ ਤੇ ਆਪਣੀ ਕਾਵਿ-ਸ਼ਾਸਤਰੀ ਸੂਝ ਤੇ ਸਮਰਥਾ ਅਨੁਸਾਰ ਇਸ ਦੇ ਭਿੰਨ ਭਿੰਨ ਪਹਿਲੂਆਂ ਨੂੰ ਉਜਾਗਰ ਕਰਦਾ ਹੈ । ਪਰ ਇਸ ਪੱਖ ਵਿਚ ਸਫ਼ਰ ਕਰਦਿਆਂ ਉਸ ਦੀ ਅਧਿਐਨ-ਵਿਧੀ ਦਾ ਸਮੁੱਚ ਟੁਟ ਜਾਂਦਾ ਹੈ । ਵੱਥ-ਮੂਲਕ ਅਧਿਐਨ ਦੇ ਆਧਾਰ ਤੇ ਪਾਸਾਰ ਆਪਣੀ ਸਹਾਇਤਾ ਹੋਰ ਪਾਸੇ ਤੋਂ ਲੈਂਦੇ ਹਨ ਤੇ ਸੁਹਜ-ਆਧਾਰੀ ਅਧਿਐਨ ਦੀ ਵਿਧੀ ਆਪਣੀ ਮਦਦ ਪੱਛਮੀ ਕਾਵਿ-ਸ਼ਾਸਤਰ ਤੋਂ ਲੈਂਦੀ ਹੈ। ਇਹ ਟਕਰਾਉ ਸਮਾਜਵਾਦ ਤੇ ਸਾਮਰਾਜਵਾਦ ਦਾ ਹੈ, ਜੋ ਸੇਖੋਂ ਦੀ ਗੁਰਬਾਣੀ ਅਧਿਐਨ-ਵਿਧੀ ਵਿਚ ਵੀ ਪਰਵੇਸ਼ ਹੋ ਜਾਂਦਾ ਹੈ । ਪਰ ਇਕ ਗੱਲ ਪਰਤੱਖ ਹੈ ਕਿ ਜਦੋਂ ਸੰਤ ਸਿੰਘ ਸੇਖੋਂ ਆਪਣੀ ਵਿਗਿਆਨਕ ਵਿਧੀ ਨੂੰ ਨਾਲ ਲੈ ਕੇ ਵੱਥ ਤੇ ਰੂਪ ਦਾ ਵਿਭਾਜਨ ਕੀਤੇ ਬਗੈਰ ਕਿਸੇ ਪਰਵਿਰਤੀ ਦਾ ਅਧਿਐਨ ਕਰਦਾ ਹੈ ਤਾਂ ਉਦੋਂ ਉਹ ਅਚੇਤੇ ਹੀ ਇਕ ਪ੍ਰਬੁਧ ਉਥਾਪਨਾਕਾਰ ਹੋ ਨਿਬੜਦਾ ਹੈ । ਉਸ ਦਾ ਇਕ ਲੇਖ 'ਕਵਿਤਾ ਵਿਚ ਰਹਸਵਾਦ' ਨਿਸ਼ਚੇ ਹੀ ਉਸ ਨੂੰ ਇਕ ਅਚੇਤ ਉਥਾਪਨਾ ਅਧਿਐਤਾ ਵਜੋਂ ਪੇਸ਼ ਕਰਦਾ ਹੈ। ਇਸ ਇਸ ਤਰ੍ਹਾਂ ਸੇਖੋਂ ਦੇ ਆਗਮਨ ਨਾਲ ਗੁਰਬਾਣੀ ਅਧਿਐਨ ਨਿਸ਼ਚੇ ਹੀ ਮਿੱਥਮੂਲਕ ਅਧਿਆਇ ਵਿਚੋਂ ਨਿਕਲ ਕੇ, ਵਿਗਿਆਨਕ ਅਧਿਐਨ ਦੇ ਅਧਿਆਇ ਵਿਚ ਪਰਵੇਸ਼ ਕਰ ਜਾਂਦਾ ਹੈ ।

ਸੰਤ ਸਿੰਘ ਸੇਖੋਂ ਦੀ ਇਸ ਵਿਧੀ ਤੋਂ ਪ੍ਰਭਾਵਿਤ ਪੰਜਾਬੀ ਵਿਚ ਅਲੋਚਨਾ ਵੀ ਹੋਈ ਹੈ, ਅਧਿਐਨ ਵੀ ਹੋਇਆ ਹੈ, ਅਧਿਆਪਨ ਵੀ ਹੁੰਦਾ ਰਿਹਾ ਹੈ ਅਤੇ ਵਿਸ਼ਵ-ਵਿਦਿਆਲਿਆਂ ਵਿਚ ਪੀ. ਐਚ. ਡੀ. ਤਕ ਦੀ, ਖੋਜ ਵੀ ਹੋਈ ਹੈ । ਸੇਖੋਂ ਦੀ ਅਜਿਹੀ ਚੜ੍ਹਦੀ ਕਲਾ ਨੂੰ ਵੇਖ ਕੇ ਮਾਰਕਸਵਾਦੀ ਅਧਿਐਨ ਵਿਧੀ ਨੂੰ ਵਧੇਰੇ

CC-0. In Public Domain. Gurukul Kangri Collection, Haridwar

ਵਿਗਿਆਨਕ ਆਧਾਰਾਂ ਉਤੇ ਲਾਗੂ ਕਰਨ ਵਾਲੇ ਕਈ ਹੋਰ ਵਿਦਵਾਨ ਵੀ ਸਾਹਮਣੇ
Digitized by Arya Samaj Foundation Chennai and eGangotri
ਆ ਗਏ। ਪਰ ਅਜਿਹੇ ਬਹੁਤ ਸਾਰੇ ਵਿਦਵਾਨ ਗੁਰਬਾਣੀ ਦੇ ਅਧਿਐਨ ਤੋਂ ਪਰ੍ਹਾਂ ਹੀ ਰਹੇ ਹਨ। ਮਾਰਕਸਵਾਦ ਵਧੇਰੇ ਕਕੜਾਈ ਤੇ ਭਰੋਸੇਜਨਕ ਤਰੀਕੇ ਨਾਲ ਗੁਰਬਾਣੀ ਉਤੇ ਲਾਗੂ ਕਰਨ ਵਾਲਾ ਵਿਦਵਾਨ ਪ੍ਰੋ: ਕਿਸ਼ਨ ਸਿੰਘ ਹੈ। ਇਸ ਵਿਦਵਾਨ ਨੇ ਆਪਣੀ ਪੁਸਤਕ 'ਸਾਹਿਤ ਦੇ ਸੋਮੇ' ਵਿਚ ਸਭ ਤੋਂ ਪਹਿਲਾਂ ਮਾਰਕਸਵਾਦੀ ਸਿਧਾਂਤ ਦੇ ਮੁਤਾਬਕ ਸਾਹਿਤ ਦੇ ਸ੍ਰੋਤਾਂ ਨੂੰ ਮਾਨਵੀ ਸਮਾਜ ਤੇ ਸਭਿਆਚਾਰ ਦੀ ਵਿਕਾਸ-ਤੋਰ ਵਿਚੋਂ ਲਭਿਆ ਹੈ ਤੇ ਫੇਰ ਇਹ ਦਸਿਆ ਹੈ ਕਿ ਵਿਗਿਆਨ ਦੇ ਅਮੂਰਤ ਸੱਚ ਦੇ ਵਿਪਰੀਤ ਕਿਵੇਂ ਸਾਹਿਤ ਦਾ ਸਮੂਰਤ ਸੱਚ ਆਪਣੀ ਉਪਯੋਗਤਾ ਜ਼ਾਹਰ ਕਰਦਾ ਹੈ। ਉਚੇਰੀਆਂ ਸ਼੍ਰੇਣੀਆਂ ਦੀ ਅਧੀਨਗੀ ਵਿਚ ਰਹਿ ਕੇ, ਦਲਿਤ ਸ਼੍ਰੇਣੀਆਂ ਦਾ ਸ਼ੋਸ਼ਣ ਵੀ ਕਰਦਾ ਹੈ, ਪਰ ਇਸ ਦੀ ਸ਼ਕਤੀ ਉਪਰਲੀਆਂ ਜਾਤੀਆਂ ਪ੍ਰਤੀ ਵਿਦਰੋਹ ਕਰਨ ਤੇ ਮਾਨਵੀ ਆਜ਼ਾਦੀ ਦੇ ਰਾਹ ਨੂੰ ਸਮੂਰਤ ਕਰਨ ਵਿਚ ਹੁੰਦੀ ਹੈ। ਇਸੇ ਪ੍ਰਸੰਗ ਵਿਚ ਕਿਸ਼ਨ ਸਿੰਘ ਨੇ ਗੁਰਬਾਣੀ ਦਾ ਅਧਿਐਨ ਕੀਤਾ ਹੈ। ਇਥੇ ਇਹ ਗੱਲ ਕਹਿਣੀ ਅਨੁਚਿਤ ਨਹੀਂ ਹੋਵੇਗੀ ਕਿ ਕਿਸ਼ਨ ਸਿੰਘ ਨੇ ਪੰਜਾਬ ਦੀ ਦੇਸੀ ਪਰੰਪਰਾ ਦਾ ਮਨੁੱਖ ਹੁੰਦਿਆਂ, ਮਾਰਕਸਵਾਦ ਨੂੰ ਗੁਰਬਾਣੀ ਰਾਹੀਂ ਤੇ ਗੁਰਬਾਣੀ ਨੂੰ ਮਾਰਕਸਵਾਦ ਰਾਹੀਂ ਮਾਨਵਜਾਤੀ ਦੀ ਕਲਿਆਣ ਹਿਤ ਸਮਝਣ ਦਾ ਯਤਨ ਕੀਤਾ ਹੈ। ਅਤੇ ਆਪਣੇ ਅਧਿਐਨ ਦੇ ਆਧਾਰ ਉਤੇ ਗੁਰਬਾਣੀ ਦੇ ਸੱਚ ਸੰਬੰਧੀ ਇਹ ਨਿਬੇੜਾ ਕੀਤਾ ਹੈ ਕਿ ਗੁਰਬਾਣੀ ਪੰਜਾਬ ਦੀ ਸਮੁੱਚੀ ਸਭਿਆਚਾਰਕ ਤੇ ਸਮਾਜੀ ਜ਼ਿੰਦਗੀ ਦੀ ਸਾਇੰਸ ਹੈ। ਪੰਜਾਬ ਨੂੰ ਜਾਣਨ ਦੀ ਇੱਛਾ ਰਖਣ ਵਾਲਾ ਵਿਅਕਤੀ, ਗੁਰਬਾਣੀ ਦੇ ਸਮਾਜਿਕ ਤੇ ਇਤਿਹਾਸਕ ਪ੍ਰਸੰਗ ਵਿਚ ਪੈਣ ਤੋਂ ਬਿਨਾ ਆਪਣੇ ਟੀਚੇ ਵਿਚ ਸਫ਼ਲ ਨਹੀਂ ਹੋ ਸਕਦਾ।

ਪ੍ਰੋ: ਕਿਸ਼ਨ ਸਿੰਘ ਦੀ ਇਸ ਅਧਿਐਨ-ਵਿਧੀ ਨੇ ਨਿਸ਼ਚੇ ਹੀ ਸੰਤ ਸਿੰਘ ਸੇਖੋਂ ਤੋਂ ਹੋਰ ਅਗੇਰੇ ਜਾਣ ਦਾ ਯਤਨ ਕੀਤਾ ਹੈ ਤੇ ਗੁਰਬਾਣੀ ਸੰਬੰਧੀ ਅਭਿਨੰਦਨ ਦੀ ਕਿਸੇ ਵੀ ਪੂਰਬ ਮਿਥਿਤ ਧਾਰਨਾ ਤੋਂ ਬਿਨਾ, ਇਸ ਦੀ ਵਡਿਆਈ ਨੂੰ ਸਮਾਜਕ ਤੇ ਸਭਿਆਚਾਰਕ ਪ੍ਰਸੰਗਾਂ ਵਿਚ ਉਜਾਗਰ ਕੀਤਾ ਹੈ। ਪ੍ਰਗਤੀਵਾਦੀ ਦ੍ਰਿਸ਼ਟੀ ਵਲ ਉਤਸ਼ਾਹ ਰਖਣ ਵਾਲੇ ਅਨੇਕਾਂ ਨੌਜੁਆਨਾ ਨੇ ਇਸ ਅਧਿਐਨ-ਵਿਧੀ ਤੋਂ ਲਾਭ ਉਠਾਇਆ ਹੈ।

ਇਸ ਤੋਂ ਅਗੇ ਇਹ ਯਾਦ ਰਖਣ ਦੀ ਲੋੜ ਹੈ ਕਿ ਗੁਰਬਾਣੀ ਦੀ ਆਪਣੀ ਮੌਲਿਕ ਬਿਰਤੀ, ਇਸ ਦੀ ਪਰੰਪਰਾਈ ਵਿਆਖਿਆ, ਜੋ ਇਸ ਦੇ ਸਰੂਪ ਨੂੰ ਕਈ ਸਦੀਆਂ ਤੋਂ ਨਿਸ਼ਚਿਤ ਕਰਦੀ ਆਈ ਹੈ, ਸੰਤ ਸਿੰਘ ਸੇਖੋਂ ਤੇ ਕਿਸ਼ਨ ਸਿੰਘ ਰਾਹੀਂ ਇਸ ਤਰੀਕੇ ਨਾਲ ਡੀਕੋਡ ਹੁੰਦੀ ਹੈ ਕਿ ਇਹ ਇਕ ਵੱਖਰਾ ਤੇ ਅਜਨਬੀ ਪਾਸਾਰ ਬਣ ਨਿਬੜਦੀ ਹੈ। ਇਸੇ ਲਈ ਇਸ ਦੇ ਪ੍ਰਤੀਕਰਮ ਵਿਚ ਗੁਰਬਾਣੀ ਅਧਿਐਨ ਦਾ ਇਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਇਸ ਅਧਿਆਇ ਦੀ ਸ਼ੁਰੂਆਤ ਪ੍ਰੋ: ਹਰਿਭਜਨ ਸਿੰਘ ਦੇ ਗਾਹੇ ਬਗਾਹੇ ਲਿਖੇ ਨਿਬੰਧਾਂ ਤੋਂ ਹੁੰਦੀ ਹੈ। ਹਰਿਭਜਨ ਸਿੰਘ ਗੁਰਬਾਣੀ ਨੂੰ ਧਰਮ ਤੇ ਸੁਹਜ ਦੇ ਦੂਹਰੇ ਵੱਥ-ਪ੍ਰਬੰਧ ਉਪਰ ਆਧਾਰਿਤ ਕਰਦਾ ਹੈ। ਜਿਥੇ ਡਾ. ਗੋਪਾਲ ਸਿੰਘ ਸੁਹਜ ਨੂੰ ਮਨੋਰੰਜਨ ਦੇ ਅਰਥਾ ਵਿਚ ਗ੍ਰਹਿਣ ਕਰਦਾ ਹੈ ਉਥੇ ਹਰਿਭਜਨ ਸਿੰਘ ਸੁਹਜ ਨੂੰ ਕਾਵਿ-ਸ਼ਾਸਤਰੀ ਪਰੰਪਰਾ ਅਨੁਸਾਰ ਕਲਾਤਮਕ ਤੇ ਰਾਗਾਤਮਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕਸੁਰਤਾ ਦੇ ਅਰਥਾਂ ਵਿਚ ਗ੍ਰਹਿਣ ਕਰਦਾ ਹੈ। ਇਹ ਨਿਸ਼ਚੇ ਹੀ ਗੁਰਬਾਣੀ ਦਾ ਕਾਵਿ-ਸ਼ਾਸਤਰੀ ਅਧਿਐਨ ਹੈ।

ਸਾਡੀ ਸਾਰੀ ਚਰਚਾ ਵਿਚ ਇਕ ਗੱਲ ਅਣਗੌਲੀ ਚਲੀ ਆਈ ਹੈ। ਉਸ ਦਾ ਸੰਬੰਧ ਗੁਰਬਾਣੀ ਦੇ ਅਵਚੇਤਨ ਨਾਲ ਹੈ। ਪਰੰਪਰਾਈ ਅਧਿਐਨ ਤੋਂ ਲੈ ਕੇ, ਮਾਰਕਸਵਾਦੀ ਤੇ ਰੂਪਵਾਦੀ ਅਧਿਐਨ ਤਕ ਸਾਰੀ ਗੱਲ ਗੁਰਬਾਣੀ ਦੇ ਚੇਤੰਨ ਉਪਰ ਹੀ ਆਧਾਰਿਤ ਰਹੀ ਹੈ। ਅਵਚੇਤਨ ਨੂੰ ਲਭਣ ਤੁਰੇ ਵਿਦਵਾਨ ਇਤਿਹਾਸਕ ਤੇ ਸਮਾਜਕ ਪਾਸਾਰਾਂ ਵਲ ਸਰਕ ਕੇ ਅਪ੍ਰਾਸੰਗਿਕ ਹੋ ਗਏ ਹਨ। ਆਧੁਨਿਕ ਭਾਸ਼ਾ ਵਿਗਿਆਨ, ਸੰਰਚਾਨਾਦ ਤੇ ਉੱਤਰ ਸੰਰਚਨਾਵਾਦ ਤੋਂ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਦਿਆਂ, ਗੁਰਬਾਣੀ ਦੇ ਅਵਚੇਤਨ ਵੱਲ ਧਿਆਨ ਦੇਣ ਦੀ ਪਰਵਿਰਤੀ ਪੰਜਾਬੀ ਦੇ ਜਾਣੇ ਪਛਾਣੇ ਅਧਿਆਪਕ ਤੇ ਸਮੀਖਿਆਕਾਰ ਪ੍ਰੋ: ਤਰਲੋਕ ਸਿੰਘ ਕੰਵਰ ਦੀਆਂ ਰਚਨਾਵਾਂ ਵਿਚ ਨਜ਼ਰ ਆਉਂਦੀ ਹੈ। ਉਸ ਦਾ ਨਿਸ਼ਾਨਾ ਇਸ ਦ੍ਰਿਸ਼ਟੀ ਤੋਂ ਗੁਰਬਾਣੀ ਦਾ ਕਾਵਿ-ਸ਼ਸਤਰ ਤਿਆਰ ਕਰਨ ਦਾ ਹੈ। ਉਸ ਦੀਆਂ ਲਿਖਤਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਨਿਸ਼ਚੇ ਹੀ ਗੁਰਬਾਣੀ ਅਧਿਐਨ, ਅਧਿਆਪਨ ਤੇ ਖੋਜ ਵਿਧੀ ਨੂੰ ਇਕ ਨਵੀਨ, ਵੱਖਰੀ ਤੇ ਪ੍ਰਮਾਣਿਕ ਦਿਸ਼ਾ ਪ੍ਰਦਾਨ ਕਰੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ ਤੇ ਸੂਫ਼ੀ ਕਵਿਤਾ ਦਾ ਪੰਜਾਬੀ ਸੰਸਕ੍ਰਿਤੀ ਉਤੇ ਪ੍ਰਭਾਵ

ਗੁਰਬਾਣੀ ਤੇ ਸੂਫ਼ੀ-ਕਾਵਿ, ਮੱਧਕਾਲੀ ਪੰਜਾਬ ਦੀਆਂ ਮਹੱਤਵਸ਼ੀਲ ਕਾਵਿ-ਪਰੰਪਰਾਵਾਂ ਹਨ। ਇਨ੍ਹਾਂ ਦੋਹਾਂ ਦਾ ਅੰਤਮ ਲਕਸ਼ ਤਾਂ ਅਧਿਆਤਮ ਤੇ ਰਹਸ ਦੇ ਆਯਾਮ ਦੀ ਸਾਰਥਕਤਾ ਨੂੰ ਦ੍ਰਿੜ੍ਹ ਕਰਨਾ ਹੈ ਪਰੰਤੂ ਅੰਤਮ ਲਕਸ਼ ਦੇ ਨਾਲ ਨਾਲ ਕਈ ਹੋਰ ਵੀ ਅਜਿਹੇ ਪਹਿਲੂ ਹੁੰਦੇ ਹਨ, ਜਿਨ੍ਹਾਂ ਦਾ ਸੰਬੰਧ ਸਮਾਜਕ ਤੇ ਸਭਿਆਚਾਰਕ ਜੀਵਨ ਦੇ ਭਿੰਨ ਭਿੰਨ ਮਨੋਰਥਾਂ ਨਾਲ ਹੁੰਦਾ ਹੈ। ਗੁਰਬਾਣੀ ਤੇ ਸੂਫ਼ੀ-ਕਾਵਿ ਅਧਿਆਤਮਕਤਾ ਦੇ ਨਾਲ ਨਾਲ ਅਜਿਹੇ ਮਨੋਰਥਾਂ ਤੇ ਉਦੇਸ਼ਾਂ ਦੀ ਪੂਰਤੀ ਵੀ ਕਰਦੇ ਹਨ। ਵਿਸ਼ੇਸ਼ ਕਰ ਕੇ ਗੁਰਬਾਣੀ ਦਾ ਇਸ ਪੱਖ ਤੋਂ ਮਹੱਤਵਸ਼ੀਲ ਯੋਗਦਾਨ ਹੈ।

ਗੁਰਬਾਣੀ ਮੱਧਕਾਲੀ ਪੰਜਾਬ ਵਿਚ ਸਭਿਆਚਾਰ ਦੀ ਸਿਰਜਣਾਤਮਕਤਾ ਦਾ ਰਾਹ ਖੋਲ੍ਹਣ ਵਾਲੀ ਰਚਨਾ ਹੈ। ਅਜੋਕੇ ਭਾਸ਼ਾ-ਵਿਗਿਆਨ ਤੇ ਸੰਸਕ੍ਰਿਤੀ-ਵਿਗਿਆਨ ਨੇ ਸਾਨੂੰ ਸਭਿਆਚਾਰ ਨੂੰ ਇਕ ਸਿਸਟਮ ਵਜੋਂ ਗ੍ਰਹਿਣ ਕਰਨ ਦੀ ਤਾਕੀਦ ਕੀਤੀ ਹੈ ਅਤੇ ਇਸ ਧਾਰਨਾ ਨੂੰ ਦ੍ਰਿੜ੍ਹ ਕੀਤਾ ਹੈ ਕਿ ਸਿਸਟਮ ਸਮੇਂ ਨਾਲ ਅਬਦਲ ਰਹਿੰਦਾ ਹੈ। ਇਸ ਦੇ ਨੇਮ ਸਥਾਈ ਹੁੰਦੇ ਹਨ। ਇਸ ਤਰ੍ਹਾਂ ਇਸ ਧਾਰਨਾ ਨੇ ਸੰਸਕ੍ਰਿਤੀ ਨੂੰ ਕਾਲਾਤੀਤ ਕਰਕੇ ਇਤਿਹਾਸ ਅਤੀਤ ਕਰ ਦਿੱਤਾ ਹੈ। ਪਰ ਗੁਰਬਾਣੀ ਆਪਣੇ ਵਿਚਲੀ ਅੰਦਰਲੀ ਗਵਾਹੀ ਦੇ ਆਧਾਰ ਉਤੇ ਅਜਿਹੇ ਪ੍ਰਸਤਾਵ ਤੋਂ ਅਗਾਂਹ ਤੁਰਦੀ ਹੈ। ਗੁਰਬਾਣੀ ਦੀ ਸਾਰੀ ਪ੍ਰਕਿਰਿਆ ਆਪਣੇ ਵੇਲੇ ਦੀਆਂ ਇਤਿਹਾਸਕ ਪ੍ਰਸਥਿਤੀਆਂ ਦੇ ਅਧੀਨ ਸੰਸਕ੍ਰਿਤੀ ਨਿਰਮਾਨ ਦੀ ਹੈ। ਗੁਰਬਾਣੀ ਮੱਧਕਾਲੀ ਪੰਜਾਬ ਦੀ ਅਜਿਹੀ ਪਰਪਾਟੀ ਹੈ ਜਿਸ ਨੇ ਅਤੀਤਕਾਲੀ ਪਰੰਪਰਾ ਨੂੰ ਆਪਣੇ ਨਾਲ ਰਖਦਿਆਂ, ਆਪਣੇ ਵੇਲੇ ਦੀਆਂ ਵਿਸ਼ੇਸ਼ ਸਮਸਿਆਵਾਂ ਦੇ ਅਧੀਨ ਸ਼ਬਦ-ਸਭਿਆਚਾਰ ਦੀ ਘਾੜਤ ਦਾ ਉਪਰਾਲਾ ਕੀਤਾ ਹੈ।

ਜੇ ਅਸੀਂ ਮੱਧਕਾਲ ਦੇ ਇਤਿਹਾਸ ਨੂੰ ਆਪਣੇ ਸਾਹਮਣੇ ਰਖੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਮੱਧਕਾਲ ਮੁਸਲਮਾਨੀ ਆਕ੍ਰਮਣ ਦਾ ਕਾਲ ਹੈ। ਇਸ ਕਾਲ ਵਿਚ ਮੁਸਲਮਾਨਾਂ ਤੇ ਮੁਗਲਾਂ ਨੇ ਰਾਜਨੀਤਕ ਤੇ ਸਾਂਸਕ੍ਰਿਤਿਕ ਦੋਹਾਂ ਧਰਾਤਲਾ ਉਪਰ, ਸਾਰੇ ਭਾਰਤ ਵਾਂਗ, ਪੰਜਾਬ ਨੂੰ ਵੀ ਆਪਣੇ ਅਧੀਨ ਕਰਨ ਲਈ ਯਤਨ ਕੀਤੇ। ਇਸ ਵਿਚੋਂ ਸਾਂਸਕ੍ਰਿਤਕ ਪੱਧਰ ਉਪਰ ਵੱਡਾ ਸੰਕਟ ਇਹ ਸਾਹਮਣੇ ਆਇਆ ਕਿ ਇਥੋਂ ਦੀ ਲੁਕਾਈ ਨੇ ਆਪਣੀ ਜਾਤ, ਧਰਮ, ਵੇਸ-ਭੂਸ਼ਾ ਆਦਿ ਸਾਰੀਆਂ ਸਾਂਸਕ੍ਰਿਤਕ ਵਿਸ਼ੇਸਤਾਵਾਂ ਨੂੰ ਤਿਆਗ ਕੇ ਆਪਣੇ ਆਪ ਨੂੰ ਹਾਕਮ ਜਮਾਤ ਦੇ ਅਨੁਰੂਪ ਕਰਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਤਨ ਅਰੰਭ ਲਿਆ। ਸਿੱਖ ਗੁਰੂਆਂ ਨੇ ਇਸ ਪਰਵਿਰਤੀ ਦਾ ਆਪਣੀ ਬਾਣੀ ਵਿਚ ਡਟ ਕੇ ਵਿਰੋਧ ਕੀਤਾ।

(1) ਖਤਰੀਆ ਤਾ ਧਰਮ ਛੋਡਿਆ,
ਮਲੇਛ ਭਾਖਿਆ ਗਹੀ ॥
ਸ੍ਰਿਸ਼ਟ ਸਭ ਇਕ ਵਰਨ ਹੋਈ,
ਧਰਮ ਕੀ ਗਤਿ ਰਹੀ ॥

(ਧਨਾਸਰੀ ਮਹਲਾ ੧)

(2) ਨੀਲ ਬਸਤ੍ਰ ਪਹਿਰ ਹੋਵਹਿ ਪਰਵਾਨ ॥
ਮਲੇਛ ਧਾਨ ਲੇ ਪੂਜਹਿ ਪੁਰਾਣ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰ ਕਿਸੈ ਨ ਜਾਣਾ ॥

(ਆਸਾ ਦੀ ਵਾਰ)

ਮੁਸਲਮਾਨਾ ਦੀਆਂ ਹਿੰਸਾ-ਮੂਲਕ ਤੇ ਜਰਵਾਣੀਆਂ ਕਾਰਗੁਜ਼ਾਰੀਆਂ ਨੂੰ ਗੁਰਬਾਣੀ ਵਿਚ ਨਿਝਕ ਹੋ ਕੇ ਬਿਆਨ ਕੀਤਾ ਗਿਆ ਅਤੇ ਰਾਜਿਆਂ ਨੂੰ ਨੈਤਿਕਤਾ ਦੇ ਆਧਾਰ ਉਤੇ ਆਪਣੀ ਪਰਜਾ ਸੰਬੰਧੀ ਆਪਣਿਆਂ ਫ਼ਰਜ਼ਾ ਪ੍ਰਤੀ ਆਗਾਹ ਕੀਤਾ ਗਿਆ। ਗੁਰਬਾਣੀ ਵਿਚ ਇਹ ਸੰਕਟ ਸੁਚੇਤ ਤੇ ਅਚੇਤ ਦੋਹਾਂ ਪੱਧਰਾਂ ਉਪਰ ਪੇਸ਼ ਹੈ। ਜਿਥੋਂ ਤੱਕ ਸੁਚੇਤ ਪੱਧਰ ਦਾ ਸੰਬੰਧ ਹੈ, ਗੁਰਬਾਣੀ ਆਪਣੇ ਵੇਲੇ ਦੇ ਸਮੁਚੇ ਸਮਾਜ-ਪ੍ਰਬੰਧ ਨੂੰ ਰਾਜਿਆਂ ਤੋਂ ਲੈ ਕੇ ਦਲਿਤ ਵਰਗ ਦੇ ਲੋਕਾਂ ਤੀਕ ਆਪਣੀ ਕਰੜੀ ਟਿੱਪਣੀ ਤੇ ਆਲੋਚਨਾ ਦਾ ਵਿਸ਼ੇ ਬਣਾਂਦੀ ਹੈ। ਗੁਰਬਾਣੀ ਦੀ ਬੁਨਿਆਦੀ ਧਾਰਨਾ ਹੀ ਇਹ ਹੈ ਕਿ ਸਮਾਜਕ ਤੇ ਸਭਿਆਚਾਰਕ ਪੱਧਰਾਂ ਉਤੇ ਮਾਨਵਤਾ ਦੇ ਅਰਥ ਗੁੰਮ-ਗਵਾਚ ਚੁਕੇ ਹਨ। ਇਸ ਲਈ ਲੋੜ ਇਸ ਨਿਘਰੀ ਹੋਈ ਸਥਿਤੀ ਨੂੰ ਪਛਾਣਨ ਦੀ ਹੈ। ਇਹ ਇਸ ਦਿਸ਼ਾ ਵਿਚ ਪਹਿਲਾ ਕਦਮ ਹੈ।

ਇਸ ਤੋਂ ਅਗਲਾ ਕਦਮ ਮਾਨਵਤਾ ਦੇ ਵਿਕਾਸ ਵਿਚ ਕੰਮ ਆਉਦੀਆਂ ਕਰਦਾਂ ਕੀਮਤਾਂ ਦੀ ਘਾੜਤ ਹੈ। ਇਨ੍ਹਾਂ ਦੋਹਾਂ ਪੱਧਰਾਂ ਉਪਰ ਗੁਰਬਾਣੀ ਨੇ ਭਰਪੂਰ ਸਾਮਗ੍ਰੀ ਪੇਸ਼ ਕੀਤੀ ਹੈ। ਅਸਲ ਵਿਚ ਗੁਰਬਾਣੀ ਭਾਵੇਂ ਆਪਣੇ ਵਕਤ ਦੇ ਦਬਾਵਾਂ ਨਾਲ ਪ੍ਰਤੀਉੱਤਰ ਤੇ ਸੰਵਾਦ ਵਿਚ ਬੱਝੀ ਹੋਈ ਹੈ, ਪਰ ਬੁਨਿਆਦੀ ਤੌਰ ਤੇ ਗੁਰਬਾਣੀ ਪਾਸ ਸਮੁੱਚੇ ਬ੍ਰਹਮੰਡੀ ਵਿਧਾਨ ਦੇ ਅੰਤਰਗਤ ਮਾਨਵੀ ਜਗਤ ਨੂੰ ਪਛਾਣਨ ਦੀ ਸਮਸਿਆ ਹੈ। ਇਹ ਗੁਰਬਾਣੀ ਦਾ ਸ਼ਾਸਤਰੀ ਤਥਾ ਵਿਗਿਆਨਕ ਆਯਾਮ ਹੈ ਜੋ ਇਕ ਬੁਨਿਆਦੀ ਜ਼ਮੀਨ ਵਾਂਗ ਗੁਰਬਾਣੀ ਦੇ ਆਰ ਪਾਰ ਫੈਲਿਆ ਹੋਇਆ ਹੈ। ਇਸ ਦੇ ਉਪਰ ਮੱਧਕਾਲੀ ਸਾਂਸਕ੍ਰਿਤਿਕ ਸੰਕਟ ਨਾਲ ਸੰਬੰਧਿਤ ਸਮਸਿਆਵਾਂ ਦਾ ਵਰਣਨ ਹੈ। ਅਸੀਂ ਆਪਣੀ ਗੱਲ ਦੇ ਸਪੱਸ਼ਟੀਕਰਨ ਲਈ ਗੁਰ ਨਾਨਕ ਰਚਿਤ 'ਆਸਾ ਦੀ ਵਾਰ' ਤੇ 'ਮਾਝ ਦੀ ਵਾਰ' ਨੂੰ ਆਪਣੇ ਸਾਹਮਣੇ ਰਖ ਸਕਦੇ ਹਾਂ। ਇਨ੍ਹਾਂ ਦੋਹਾਂ ਵਾਰਾਂ ਵਿਚ ਸਮਕਾਲੀ ਸਮਸਿਆਵਾਂ ਨਾਲ ਨਜਿਠਣ ਦੀ ਕੋਸ਼ਿਸ਼ ਹੈ। ਵਿਸ਼ੇਸ਼ ਕਰਕੇ 'ਆਸਾ ਦੀ ਵਾਰ' ਵਿਚ ਤਾਂ ਗੁਰੂ ਨਾਨਕ ਨੇ ਅਰਥਾਂ ਦੇ ਉਤਪਾਦਨ ਦੀ ਸਮਸਿਆ ਨੂੰ ਪ੍ਰਮੁਖ ਮੰਨਿਆ ਹੈ। ਇਸ ਵਾਰ ਨੂੰ ਧਿਆਨ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਇਸ ਦੇ ਅਰੰਭ ਵਿਚ ਹੀ ਗੁਰ ਨਾਨਕ ਦੇਵ ਆਪਣੀ ਅਰਥ-ਉਤਪਾਦਨਾ

CC-0. In Public Domain. Gurukul Kangri Collection, Haridwar

ਦੇ ਪ੍ਰਬਧ ਨੂੰ ਤ੍ਰਿਖਿਆ ਕਰਦੇ ਹਨ । ਇਹ ਗੱਲ ਉਨ੍ਹਾਂ ਨੇ ਇਕ ਉਜੜੇ ਤੇ ਸੁੰਞੇ ਖੇਤ ਦੇ ਰੂਪਕ ਰਾਹੀਂ ਸਪੱਸ਼ਟ ਕੀਤੀ ਹੈ :—

Digitized by Arya Samaj Foundation Chennai and eGangotri

ਨਾਨਕ ਗੁਰੂ ਨ ਚੇਤਨੀ, ਮਨ ਆਪਣੇ ਸੁਚੇਤ ॥
ਛੁਟੇ ਤਿਲ ਬੂਆੜ ਜਿਉਂ ਸੁੰਞੇ ਅੰਦਰਿ ਖੇਤ ॥

(ਆਸਾ ਦੀ ਵਾਰ)

ਉਨ੍ਹਾਂ ਦੇ ਮੁਤਾਬਕ ਸਮਾਜਕ ਜੀਵਨ, ਜਿਸ ਦਾ ਆਧਾਰ ਨੈਤਿਕਤਾ ਹੁੰਦੀ ਹੈ, ਆਪਣੀ ਹਰ ਪੱਧਰ ਉਤੇ ਨਸ਼ਟ ਹੋ ਚੁੱਕਾ ਹੈ ਅਤੇ ਇਹ ਬਰਬਾਦੀ ਇਥੋਂ ਤਕ ਪੁਜ ਗਈ ਹੈ ਕਿ ਇਸ ਨੂੰ ਇਕ ਸੁੰਞੇ ਖੇਤ ਨਾਲ ਉਪਮਾਇਆ ਜਾ ਸਕਦਾ ਹੈ । ਸੁੰਞਾ ਖੇਤ ਉਹ ਹੁੰਦਾ ਹੈ, ਜਿਸ ਵਿਚੋਂ ਕੁਝ ਵੀ ਪੈਦਾ ਕਰਨ ਦੀਆਂ ਸੰਭਾਵਨਾਵਾਂ ਖਤਮ ਹੋ ਜਾਣ ਅਤੇ ਗੁਰੂ ਨਾਨਕ ਤਾਂ ਆਸਾ ਦੀ ਵਾਰ ਵਿਚ ਇਹ ਪ੍ਰਸਤਾਵ ਬਣਾ ਕੇ ਚਲਦੇ ਹਨ ਕਿ ਸਮਕਾਲੀ ਪੰਜਾਬੀ ਜੀਵਨ ਵਿਚ ਸਭ ਮਾਨਵੀ ਕਦਰਾਂ ਕੀਮਤਾ ਨੇਸਤੋ ਨਾਬਦ ਹੋ ਗਈਆਂ ਹਨ । ਇਸੇ ਰੂਪਕ ਨੂੰ ਅਗਾਂਹ ਤੋਰਦਿਆਂ ਗੁਰੂ ਨਾਨਕ ਨੇ ਇਸ ਤਰ੍ਹਾਂ ਦੇ ਭਾਵ ਪ੍ਰਗਟ ਕੀਤੇ ਹਨ :

(1) ਅੰਧਲੇ ਭਾਰ ਉਠਾਇਆ
ਡੂਗਰ ਵਾਟ ਬਹੁਤ ॥
ਅਖੀ ਲੋੜੀ ਨ ਲਹਾ
ਹਉ ਚੜਿ ਲੰਘਾ ਕਿਤ ॥

(ਸੂਹੀ ਮਹਲਾ ੧)

(2) ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹਿ ਚੜਿਆ ॥

(ਮਾਝ ਕੀ ਵਾਰ, ਮਹਲਾ ੧)

(3) "ਸਰਮ ਧਰਮ ਕਾ ਡੇਰ ਦੂਰਿ ॥
ਨਾਨਕ ਕੂੜ ਰਹਿਆ ਭਰਪੂਰਿ ॥

(ਆਸਾ ਕੀ ਵਾਰ ਮਹਲਾ ੧)

ਇਸੇ ਤਰ੍ਹਾਂ ਦੀਆਂ ਬੇਅੰਤ ਟੂਕਾਂ ਢੂੰਡੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਨੇ ਅਜਿਹੇ ਸੰਕਟ ਦਾ ਵਰਣਨ ਕੀਤਾ ਹੈ । ਇਸੀ ਤਰ੍ਹਾਂ ਗੁਰੂ ਨਾਨਕ ਨੇ ਆਪਣੀ ਇਸੇ ਗੱਲ ਨੂੰ ਵਿਸਥਾਰ ਦੇਂਦਿਆਂ ਵਿਸ਼ੇਸ਼ ਕਰ ਕੇ ਆਪਣੇ ਵੇਲੇ ਦੇ ਨਿਜ਼ਾਮ ਦੀ ਟਿੱਪਣੀ ਕੀਤੀ ਹੈ । ਇਸ ਸਾਰੇ ਵਿਸਥਾਰ ਦਾ ਅਰਥ ਇਹ ਹੈ ਕਿ ਗੁਰਬਾਣੀ ਕੇਵਲ ਸਭਿਆਚਾਰਕ ਸਿਸਟਮ ਦੇ ਮਰਯਾਦਾਗਤ ਪਹਿਲੂ ਨਾਲ ਹੀ ਸੰਬੰਧਿਤ ਨਹੀਂ, ਸਗੋਂ ਇਤਿਹਾਸਕ ਪ੍ਰਸਥਿਤੀਆਂ ਸੰਬੰਧੀ ਵੀ ਖਾਸੀ ਬੇਦਾਰ ਹੈ ਅਤੇ ਇਸ ਪ੍ਰਸਤਾਵ ਨੂੰ ਦ੍ਰਿੜ੍ਹ ਕਰਦੀ ਪ੍ਰਤੀਤ ਹੁੰਦੀ ਨੂੰ ਕਿ ਸਭਿਆਚਾਰ ਤਾਂ ਹਮੇਸ਼ਾ ਸਿਰਜਨ-ਪ੍ਰਕਿਰਿਆ ਵਿਚ ਪਿਆ ਰਹਿੰਦਾ ਹੈ ਅਤੇ ਸੱਚੀ ਸਿਰਜਨਾ ਹੁੰਦੀ ਹੀ ਉਹ ਹੈ ਜੋ ਆਪਣੇ ਵਕਤ ਦੀਆਂ ਸਮਸਿਆਵਾਂ ਤੇ ਸੰਕਟਾਂ ਦੇ ਵਿਚੋਂ ਦੀ ਲੰਘਦੀ ਹੈ ।

ਇਸ ਤੋਂ ਉਪਰੰਤ ਗੁਰਬਾਣੀ ਅਜਿਹੇ ਮੂਲ-ਵਿਧਾਨ ਦੀ ਘਾੜਤ ਵੀ ਕਰਦੀ ਹੈ ਜਿਸ ਦੇ ਆਧਾਰ ਉਤੇ ਅਜਿਹਾ ਗਤੀਸ਼ੀਲ ਸੰਤੁਲਨ ਸਥਾਪਿਤ ਕੀਤਾ ਜਾ ਸਕਦਾ ਹੈ, ਜਿਸ ਨਾਲ ਵਿਭਿੰਨ ਸੰਪ੍ਰਦਾਵਾਂ ਇਕ ਸਾਂਝ ਵਿਚ ਜੁੜ ਸਕਦੀਆਂ ਹਨ । ਇਸੇ ਦਿਸ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਗੁਰਬਾਣੀ ਨੇ ਸਰਬ ਸਾਂਝੀ ਮਾਨਵਤਾ ਦੇ ਸੰਦੇਸ਼ ਦਾ ਸੰਚਾਰ ਕੀਤਾ ਹੈ । ਇਸ ਤਰ੍ਹਾਂ ਦੀ ਸਦਭਾਵਨਾ ਮੱਧਕਾਲੀ ਸਾਂਸਕ੍ਰਿਤਕ ਜੀਵਨ ਲਈ ਅਤਿਅੰਤ ਲੋੜੀਂਦੀ ਸੀ, ਕਿਉਂਕਿ ਇਸ ਤਰ੍ਹਾਂ ਦਾ ਮਾਹੌਲ ਉਸਾਰੇ ਬਿਨਾ ਕਿਸੇ ਪ੍ਰਕਾਰ ਦੀ ਸਾਰਥਕ ਸਾਂਸਕ੍ਰਿਤਕ ਘਾੜਤ ਸੰਭਵ ਨਹੀਂ ਸੀ । ਗੁਰੂਆਂ ਨੇ ਉਚੇਚੇ ਤੌਰ ਉਤੇ ਅਜਿਹੀ ਸਦਭਾਵਨਾ ਦਾ ਵਾਯੂ ਮੰਡਲ ਉਸਾਰਨ ਦਾ ਯਤਨ ਕੀਤਾ । ਗੁਰਬਾਣੀ ਵਿਚ ਪ੍ਰੇਮ, ਸਦਭਾਵਨਾਂ, ਪਰਸਪਰ ਸਾਂਝ, ਅਹਿੰਸਾ ਆਦਿ ਨਾਲ ਸੰਬੰਧਿਤ ਬੇਅੰਤ ਸ਼ਬਦ ਮਿਲਦੇ ਹਨ ।

ਇਸ ਸਦਭਾਵਨਾਂ ਨੂੰ ਵਧੇਰੇ ਸਮੂਰਤ ਕਰਨ ਲਈ ਗੁਰੂਆਂ ਨੇ ਜਿਥੇ ਸੰਪ੍ਰਦਾਇਕ ਕ੍ਰਾਸ ਦੀ ਗੱਲ ਕੀਤੀ ਉਥੇ ਇਸ ਉਦੇਸ਼ ਦੀ ਪੂਰਤੀ ਲਈ ਇਕ ਵਿਸ਼ੇਸ਼ ਪ੍ਰਕਾਰ ਦਾ ਭਾਸ਼ਾ-ਕਲਚਰ ਵੀ ਸਿਰਜਿਆ । ਇਹ ਭਾਸ਼ਾ-ਕਲਚਰ ਕਿਸੇ ਇਕ ਇਲਾਕੇ ਦੀ ਜ਼ਬਾਨ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਸਮੁੱਚੀ ਭਾਰਤੀਯਤਾ ਨੂੰ ਆਪਣੇ ਕਲਾਵੇ ਵਿਚ ਸਮੇਟਣ ਵਾਲਾ ਹੈ । ਆਦਿ ਗ੍ਰੰਥ ਦੀ ਬਾਣੀ ਦਾ ਸਾਰਾ ਭਾਸ਼ਾਈ ਕਲਚਰ ਇਸੇ ਤਰ੍ਹਾਂ ਦਾ ਹੈ । ਇਸ ਤਰ੍ਹਾਂ ਗੁਰਬਾਣੀ ਜਿਥੇ ਸਾਂਸਕ੍ਰਿਤਕ ਚੇਤੰਨਤਾ ਦੇ ਅਧੀਨ ਆਪਣੇ ਸਮੇਂ ਦੀਆਂ ਸਮਸਿਆਵਾਂ ਪ੍ਰਤੀ ਸਾਵਧਾਨ ਹੈ, ਉਥੇ ਮਾਨਵੀ ਸਦਭਾਵਨਾ ਦੇ ਮਾਹੌਲ ਪੈਦਾ ਕਰਨ ਲਈ ਵੀ ਉੱਦਮਸ਼ੀਲ ਹੈ ।

ਇਸ ਤੋਂ ਅਗਲੀ ਪੱਧਰ ਜੋ ਸੰਸਕ੍ਰਿਤੀ ਦੇ ਪੱਖ ਤੋਂ ਸਾਡੇ ਧਿਆਨ ਗੋਚਰ ਹੈ, ਉਹ ਸਭਿਆਚਾਰਕ ਵਿਕਾਸ ਦੀ ਪ੍ਰਕਿਰਿਆ ਵਿਚ ਚਿਹਨਕੀ ਪ੍ਰਕ੍ਰਿਰਿਆ ਨੂੰ ਪਛਾਣਨ ਵਾਲੀ ਹੈ । ਇਸ ਸੰਬੰਧੀ ਗੁਰਬਾਣੀ ਦਾ ਮੱਤ ਇਹ ਹੈ ਕਿ ਚਿਹਨਕੀ ਪ੍ਰਕਿਰਿਆ ਦੇ ਕਾਇਮ ਰਹਿਣ ਨਾਲ ਹੀ ਸਾਂਸਕ੍ਰਿਤਕ ਵਿਕਾਸ਼ ਦੀਆਂ ਸੰਭਾਵਨਾਵਾਂ ਕਾਇਮ ਰਹਿੰਦੀਆਂ ਹਨ । ਇਸ ਲਈ ਚਿਹਨਕੀ ਪ੍ਰਕਿਰਿਆ ਨੂੰ ਕਾਇਮ ਰਖਣ ਲਈ ਗੁਰਬਾਣੀ ਪਰੰਪਰਾ ਦੁਆਰਾ ਸਥਿਤ ਹੋਈਆਂ ਪ੍ਰਤੀਕ ਮੁਦਵਾਰਾਂ ਨੂੰ ਵੀ ਆਪਣੀ ਕਰੜੀ ਸਮੀਖਿਆ ਦਾ ਵਿਸ਼ੈ ਬਣਾਉਂਦੀ ਹੈ ਅਤੇ ਉਨ੍ਹਾਂ ਨੂੰ ਉਲੰਘ ਕੇ, ਸ਼ਬਦ ਘਾੜਤ ਪ੍ਰਤੀ ਜਾਂ ਨਾਮ ਪ੍ਰਤੀ ਸਾਵਧਾਨ ਹੋਣ ਦੀ ਤਾਕੀਦ ਕਰਦੀ ਹੈ । ਆਪਣੀ ਅਜਿਹੀ ਭਾਵਨਾ ਨੂੰ ਸਪੱਸ਼ਟ ਕਰਨ ਲਈ ਗੁਰਬਾਣੀ ਮਾਇਆ ਤੇ ਨਾਮ ਦਾ ਵਿਰੋਧ ਬਣਾ ਕੇ ਚਲਦੀ ਹੈ । ਮਾਇਆ ਮਨੁੱਖ ਨੂੰ ਮੋਹਗ੍ਰਸਤ ਕਰ ਦੇਂਦੀ ਹੈ । ਨਾਮ, ਮਨੁੱਖ ਨੂੰ ਗਿਆਨ ਦੀ ਪੱਧਰ ਉਤੇ ਚੇਤੰਨ ਕਰਦਾ ਹੈ । ਇਸ ਨਾਲ ਸੰਬੰਧਿਤ ਵੀ ਕਈ ਸ਼ਬਦ ਢੂੰਢੇ ਜਾ ਸਕਦੇ ਹਨ, ਪਰ ਮਾਇਆ ਤੇ ਨਾਮ ਦੇ ਦ੍ਵੰਦ ਦੀ ਸੋਝੀ ਗੁਰਬਾਣੀ ਵਿਚ ਸ਼ਬਦ ਦੁਆਰਾ ਹੁੰਦੀ ਹੈ ਤੇ ਗੁਰੂ ਇਸੇ ਸ਼ਬਦ-ਘਾੜਤ ਲਈ ਪਰੰਪਰਾ ਵਿਚ ਸਥਿਤ ਹੋਈਆਂ ਪ੍ਰਤੀਕ ਮੁਦਰਾਵਾਂ ਨੂੰ ਨਕਾਰਦੇ ਹਨ । ਇਸ ਤਰ੍ਹਾਂ ਗੁਰਬਾਣੀ ਇਸ ਪੱਖ ਤੋਂ ਸੰਸਕ੍ਰਿਤੀ-ਸ਼ਾਸਤਰ ਦਾ ਆਯਾਮ ਵੀ ਖੋਲ੍ਹ ਲੈਂਦੀ ਹੈ । ਇਸ ਪਹਿਲੂ ਤੋਂ ਵੇਖਣ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਮੱਧਕਾਲੀ ਪੰਜਾਬ ਵਿਚ ਪੰਜਾਬ ਦਾ ਸੰਸਕ੍ਰਿਤੀ ਨਿਰਮਾਨ ਕਰਨ ਵਾਲੀ ਪਰਪਾਟੀ ਹੈ, ਜੋ ਸਾਡੇ ਲਈ ਅੱਜ ਵੀ ਮਾਡਲ ਬਣ ਸਕਦੀ ਹੈ ।

ਜਿਥੋਂ ਤੀਕ ਸੂਫ਼ੀ-ਕਾਵਿ ਦਾ ਸੰਬੰਧ ਹੈ, ਇਹ ਵੀ ਸਾਰੀ ਮੱਧਕਾਲ ਦੀ ਰਚਨਾ ਹੈ ਅਤੇ ਇਸ ਦਾ ਵੀ ਸੰਦਰਭ-ਖੇਤਰ ਮੱਧਕਾਲ ਦਾ ਇਤਿਹਾਸ ਹੀ ਹੈ । ਪਰ ਜਿਥੇ ਗੁਰਬਾਣੀ ਆਪਣੇ ਸਮੁੱਚੇ ਵਜੂਦ ਤੇ ਪ੍ਰਯੋਜਨ ਵਿਚ ਅਤਿਅੰਤ ਵਿਆਪਕ ਹੈ, ਉਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ-ਕਾਵਿ [illegible] ਵਿਸ਼ਿਸ਼ਟ ਹੈ । ਸੂਫ਼ੀ ਕਾਵਿ ਆਪਣੀਆਂ ਸਾਰੀਆਂ ਗਤੀਵਿਧੀਆਂ ਪੰਜਾਬ ਦੇ ਇਲਾਕਾਈ ਤੇ ਲੌਕਿਕ ਪਾਸਾਰ ਨਾਲ ਜੋੜਦਾ ਹੈ । ਸੂਫ਼ੀਆਂ ਦੀ ਤਾਂ ਵਿਸ਼ੇਸ਼ ਦੇਣ ਹੀ ਇਹ ਸਮਝੀ ਗਈ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਦੇਸੀ ਭਾਸ਼ਾ, ਦੇਸੀ ਸਭਿਆਚਾਰ ਤੇ ਭਾਈਚਾਰੇ ਨੂੰ ਆਪਣੀ ਰਚਨਾ ਦਾ ਮਾਧਿਅਮ ਬਣਾਇਆ ਅਤੇ ਇਸ ਰਾਹੀਂ ਬੁਨਿਆਦੀ ਤੌਰ ਉਤੇ ਪ੍ਰੇਮ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ । ਪੰਜਾਬ ਦੇ ਸਿਰਕੱਢ ਸੂਫ਼ੀ ਸ਼ਾਇਅਰ ਬਾਬਾ ਫ਼ਰੀਦ, ਸਾਹ ਹੁਸੈਨ ਤੇ ਬੁਲ੍ਹੇ ਸ਼ਾਹ ਹੋਏ ਹਨ । ਇਨ੍ਹਾਂ ਤਿੰਨਾਂ ਦੇ ਕਲਾਮ ਵਿਚੋਂ ਸਰਬਸਾਂਝਾ ਸੰਦੇਸ਼ ਮਾਨਵੀ ਪ੍ਰੇਮ ਤੇ ਸਦਭਾਵਨਾ ਦਾ ਹੈ । ਇਸੇ ਲਈ ਸੂਫ਼ੀਆਂ ਦੇ ਇਸ ਪੱਖ ਨੂੰ ਧਿਆਨ ਵਿਚ ਰਖਦਿਆਂ ਇਤਿਹਾਸ ਵਿਗਿਆਨੀਆਂ ਤੇ ਸੰਸਕ੍ਰਿਤੀ ਵਿਗਿਆਨੀਆਂ ਨੇ ਭਾਰਤ ਦੇ ਮੱਧਕਾਲੀ ਸਾਂਸਕ੍ਰਿਤਿਕ ਸਮਨਵੈ ਵਿਚ ਇਨ੍ਹਾਂ ਦੇ ਵਿਸ਼ੇਸ਼ ਯੋਗਦਾਨ ਦੀ ਚਾਰਚਾ ਕੀਤੀ ਹੈ ।

ਇਸ ਤੋਂ ਉਪਰੰਤ ਜਦੋਂ ਅਸੀਂ ਇਨ੍ਹਾਂ ਦੀ ਕਵਿਤਾ ਦੇ ਵਿਚੋਂ ਲੰਘਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸਾਰੀ ਪ੍ਰਕਿਰਿਆ ਜਾਂ ਤਾਂ ਕਲਾਸਕੀ ਸੰਜਮ ਨਾਲ ਇਕਸੁਰ ਹੋਣ ਵਾਲੀ ਹੈ ਜਾਂ ਇਸ ਤੋਂ ਪ੍ਰਾਹਨ ਕਰਨ ਵਾਲੀ ਹੈ । ਬਾਬਾ ਫ਼ਰੀਦ ਆਪਣੀ ਬਾਣੀ ਵਿਚ ਹਰ ਪੱਧਰ ਉਤੇ ਕਲਾਸਕੀ ਸੰਜਮ ਦੇ ਪ੍ਰਤਿਮਾਨ ਨੂੰ ਧਾਰਨ ਕਰਦਾ ਹੈ । ਇਸੇ ਲਈ ਫ਼ਰੀਦ-ਬਾਣੀ ਵਿਚ ਇਕ ਕਲਾਸਕੀ ਸ਼ਾਸਤਰ ਵਾਲਾ ਠਹਿਰਾਉ ਹੈ, ਜਿਸ ਦੇ ਅੰਤਰਗਤ ਫ਼ਰੀਦ ਆਪਣੀ ਸਾਰੀ ਬਾਣੀ ਵਿਚ ਇਕ ਚੇਤੰਨ ਨਿਰਮਾਤਾ ਵਾਂਗ ਕਈ ਪ੍ਰਕਾਰ ਦੀਆਂ ਨਿਸ਼ਚਿਤ ਕੋਟੀਆਂ ਬਣਾ ਕੇ ਚਲਦਾ ਹੈ । ਪਰੰਤੂ ਇਸ ਦੇ ਉਲਟ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਕਲਾਸਕੀ ਮਰਯਾਦਾ ਤੋਂ ਪ੍ਰਾਹਿਤ ਹੋ ਕੇ ਆਪਣੀ ਸਾਰਥਕਤਾ ਨੂੰ ਅਭਿਵਿਅੰਜਨ ਦੇਂਦੇ ਹਨ । ਸ਼ਾਹ ਹੁਸੈਨ ਦੀ ਸਾਰੀ ਕਵਿਤਾ ਵਿਚ ਸ਼ਾਸਤਰੀ ਠਹਿਰਾਉ ਨਾਲੋਂ ਕਿਤੇ ਵੱਧ ਸੰਵੇਦਨਸ਼ੀਲ ਚੰਚਲਤਾ ਹੈ । ਇਸੇ ਚੰਚਲਤਾ ਦੇ ਅਧੀਨ ਉਹ ਲੋਕਲਾਜ ਤੇ ਕੁਲ ਦੀ ਮਰਯਾਦਾ ਦਾ ਥਾਂ ਥਾਂ ਉਤੇ ਤਿਆਗ ਕਰਦਾ ਹੈ । ਇਸ ਰੁਚੀ ਦੇ ਅਧੀਨ ਉਸ ਦੀ ਪ੍ਰਗਤੀਕਤਾ ਦਾ ਅੰਤਮ-ਬਿੰਦੂ ਤਾਂ ਤ੍ਰਾਸਦਕ ਦ੍ਰਿਸ਼ਟੀ ਤੇ ਹੀ ਆਉਂਦਾ ਹੈ ਪਰ ਉਹ ਆਪਣੀ ਕਾਵਿਕਤਾ ਇਸੇ ਦੁਆਰਾ ਹੀ ਪ੍ਰਗਟ ਕਰਦਾ ਹੈ । ਮਿਸਾਲਾਂ ਬੇਅੰਤ ਹਨ ਪਰੰਤੂ ਹੇਠ ਲਿਖੀਆਂ ਕੁਝ ਟੂਕਾਂ ਧਿਆਨਯੋਗ ਹਨ ।

(1) ਮੈਨੂੰ ਅੰਬੜ ਜੋ ਆਖਦੀ ਕਤਨੀ
ਮੈਨੂੰ ਭੋਲੀ ਜੋ ਆਖਦੀ ਕਤਨੀ
ਮੈਂ ਨਿਜ ਕਤਣ ਨੂੰ ਸਿਖੀਆਂ
ਮੈਨੂੰ ਲਗੀਆਂ ਸਾਗਾਂ ਤਿਖੀਆਂ
ਮੈਂ ਪਛੀ ਨੂੰ ਮਾਰਾਂ ਲਤ ਨੀ ।
ਹੰਝੂ ਰੋਂਦਾ ਸਭ ਕੋਈ
ਆਸ਼ਕ ਰੋਂਦੇ ਰਤ ਨੀ ।

(2) ਵੋ ਯਾਰ ਜਿਨ੍ਹਾ ਇਸ਼ਕ, ਤਿਨਾ ਕਤਣ ਕਿਹਾ,
ਅਲਬੇਲੀ ਕਿਉਂ ਕਤੇ ।
ਲਗਾ ਇਸ਼ਕ ਚੁਕੀ ਮਸਲਾਹਤ
ਵਿਸਰੀਆਂ ਪੰਜੇ ਸਤੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਾਇਲ ਸਾਇਅਲ ਫਿਰ ਦਿਵਾਨੀ
ਚਰਖੇ ਤੰਦ ਨ ਕਤੇ ।
ਮੇਰੀ ਤੇ ਮਾਹੀ ਦੀ ਪ੍ਰੀਤ ਚਰੋਕੀ
ਜਾਂ ਸਿਰ ਆਹੇ ਨ ਛੱਤੇ ।
ਕਹੈ ਹੁਸੈਨ ਫ਼ਕੀਰ ਨਿਮਾਣਾ
ਨੈਣ ਸਾਈ ਨਾਲ ਰਤੇ ।

(3) ਸਾਈਂ ਸਾਈਂ ਕਰੇਦਿਆਂ
ਮਾਊ ਪਿਊ ਹੁੜੇਂਦਿਆਂ
ਕੋਈ ਨਿਹੁੜਾ ਲਾਇਓ
ਵਲ ਘਰਿ ਵੰਞਣ ਕੇਹਾ ਵੇ ਮਾਹੀਆ ।

ਇਨ੍ਹਾਂ ਸਤਰਾਂ ਤੋਂ ਸਪੱਸ਼ਟ ਹੈ ਕਿ ਸ਼ਾਹ ਹੁਸੈਨ ਆਪਣੀ ਕਵਿਤਾ ਵਿਚ ਪ੍ਰਾਹਿਤ ਹੋ ਕੇ ਸਾਰਥਕਤਾ ਦਾ ਸਿਰਜਨ ਕਰਦਾ ਹੈ । ਬੁਲ੍ਹੇ ਸ਼ਾਹ ਵੀ ਇਸੇ ਰਾਹ ਚਲਦਾ ਹੈ ਪਰ ਬੁਲ੍ਹੇ ਸ਼ਾਹ ਦੀ ਪ੍ਰਗੀਤਕਤਾ ਉਸ ਦੀ ਵਿਦਵਤਾ ਦੇ ਅਧੀਨ ਹੋ ਜਾਂਦੀ ਹੈ । ਕਾਰਨ ਸਪੱਸ਼ਟ ਹੈ ਕਿ ਉਹ ਆਪਣੀ ਕਵਿਤਾ ਵਿਚ ਇਕ ਮੂੰਹ ਫਟ ਟਿੱਪਣੀਕਾਰ ਵਜੋਂ ਸਾਹਮਣੇ ਆਉਂਦਾ ਹੈ । ਇਸ ਲਈ ਉਸ ਦੀ ਕਵਿਤਾ ਦਾ ਪ੍ਰਗੀਤਕ ਪ੍ਰਭਾਵ ਘਟ ਜਾਂਦਾ ਹੈ ਤੇ ਟਿੱਪਣੀਸ਼ੀਲ ਕਾਵਿ ਦਾ ਪ੍ਰਭਾਵ ਵੱਧ ਜਾਂਦਾ ਹੈ । ਪਰ ਕੁਲ ਮਿਲਾ ਕੇ ਇਹ ਕਵੀ ਪ੍ਰੇਮ, ਸਦਭਾਵਨਾ ਤੇ ਸੰਪ੍ਰਦਾਇ ਨਿਰਪੇਖਤਾ ਦਾ ਪਰਚਾਰ ਕਰਨ ਵਾਲੇ ਕਵੀ ਹਨ । ਇਨ੍ਹਾਂ ਨੇ ਭਾਵਨਾ ਦੀ ਪੱਧਰ ਉਤੇ ਪੰਜਾਬੀ ਸੰਸਕ੍ਰਿਤੀ ਨੂੰ ਖਾਸਾ ਯੋਗਦਾਨ ਦਿੱਤਾ ਹੈ । ਅਤੇ ਪੰਜਾਬੀ ਕਾਵਿ-ਸਭਿਆਚਾਰ ਉਪਰ ਸੂਫ਼ੀਆਂ ਦੀ ਸਦਭਾਵਨਾ ਵਾਲੀ ਬਿਰਤੀ ਦਾ ਖਾਸ ਪ੍ਰਭਾਵ ਹੈ ।

ਇਸ ਤਰ੍ਹਾਂ ਗੁਰਬਾਣੀ ਤੇ ਸੂਫ਼ੀ-ਕਾਵਿ ਦੋਵੇਂ ਮਿਲ ਕੇ ਸ਼ਾਸਤਰੀ ਤੇ ਭਾਵਨਾ ਦੇ ਆਧਾਰ ਉਪਰ ਮੱਧਕਾਲੀ ਪੰਜਾਬੀ ਸਭਿਆਚਾਰ ਦੇ ਨਿਰਮਾਨ ਵਿਚ ਆਪਣਾ ਵਿਸ਼ੇਸ਼ ਰੋਲ ਅਦਾ ਕਰਨ ਵਾਲੀਆਂ ਕਾਵਿ-ਪਰਪਾਟੀਆਂ ਹਨ । ਸੰਸਕ੍ਰਿਤੀ ਦੀ ਘੋਖ-ਪਰਖ ਕਰਨ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਹੋਰ ਗਹਿਨ ਅਧਿਐਨ ਹੋਣਾ ਅਵਸ਼ਕ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪ੍ਰਦਾਇਕ ਸਦਭਾਵਨਾ ਦਾ ਸਰੂਪ

ਮੱਧਕਾਲੀ ਭਾਰਤ ਇਕ ਵਿਸ਼ੇਸ਼ ਪ੍ਰਕਾਰ ਦੇ ਸਾਂਸਕ੍ਰਿਤਿਕ ਸੰਕਟ ਦਾ ਸਾਹਮਣਾ ਕਰਨ ਵਾਲਾ ਭਾਰਤ ਹੈ। ਇਸ ਜ਼ਮਾਨੇ ਵਿਚ ਸਾਰੀ ਸਮਸਿਆ ਮੁਸਲਮਾਨੀ ਤੇ ਮੁਗ਼ਲਈ ਸਾਮੰਤਸ਼ਾਹੀ ਤੇ ਮੁਗ਼ਲ-ਪੂਰਬ ਭਾਰਤੀ ਪਰੰਪਰਾ ਦੇ ਆਪਸੀ ਟਕਰਾਉ ਉਪਰ ਕੇਂਦ੍ਰਿਤ ਹੈ। ਮੁਗ਼ਲ ਸਾਰੇ ਭਾਰਤ ਨੂੰ ਆਪਣੀ ਹਿੰਸਾਮੂਲਕ ਸ਼ਕਤੀ ਨਾਲ ਦਬਾ ਕੇ ਆਪਣੀ ਅਤਾਇਤ ਕਬੂਲ ਕਰਾਣ ਵਿਚ ਆਪਣਾ ਜ਼ੋਰ ਲਾਣ ਵਿਚ ਲਗੇ ਹੋਏ ਹਨ ਅਤੇ ਭਾਰਤੀਅਤਾ ਇਸ ਹਿੰਸਾ ਦਾ ਉੱਤਰ ਸਿਰ ਨਿਹੁੜਾ ਕੇ ਦੇ ਰਹੀ ਹੈ। ਇਸ ਤਰ੍ਹਾਂ ਇਕ ਪਾਸੇ ਜਬਰ ਜ਼ੁਲਮ ਆਪਣਾ ਜੌਹਰ ਦਿਖਾ ਰਿਹਾ ਹੈ ਤੇ ਦੂਸਰੇ ਪਾਸੇ ਨਿਸ਼ਕ੍ਰਿਅ ਮਜ਼ਲੂਮ ਅਹਿੰਸਾਮੂਲਕ ਮੁਦਰਾ ਦੁਆਰਾ ਪ੍ਰਤੀਉੱਤਰ ਦੇ ਰਿਹਾ ਹੈ। ਇਸ ਜ਼ਮਾਨੇ ਦੀ ਸਾਰੀ ਸਮਾਜ-ਉਸਾਰੀ ਤੇ ਸਭਿਆਚਾਰ-ਨਿਰਮਾਨ ਇਸੇ ਸਥਿਤੀ ਵਿਚੋਂ ਹੋਇਆ ਹੈ। ਆਮ ਤੌਰ ਉਤੇ ਇਹ ਕਿਹਾ ਜਾਂਦਾ ਹੈ ਕਿ ਸੰਸਕ੍ਰਿਤੀ ਦੇ ਪ੍ਰਫੁਲਨ ਲਈ ਹਾਲਾਤ ਦਾ ਖੁਸ਼ਗਵਾਰ ਹੋਣਾ ਲਾਜ਼ਮੀ ਹੈ। ਇਸ ਗਲ ਵਿਚ ਸਚਾਈ ਵੀ ਹੈ। ਪਰ ਮੱਧਕਾਲੀ ਭਾਰਤ ਵਿਚ ਸਾਂਸਕ੍ਰਿਤਕ ਪ੍ਰਫੁਲਨ ਤਾਂ ਹੋਇਆ ਹੀ ਨਖੁਸ਼ਗਵਾਰੀ ਦੇ ਮਾਹੌਲ ਵਿਚੋਂ ਹੈ। ਰਾਜਨੀਤਕ ਪੱਧਰ ਉਪਰ ਸਾਮੰਤਸ਼ਾਹੀ ਆਪਣੀ ਨੀਤੀ ਤੇ ਯੋਜਨਾ ਅਨੁਸਾਰ ਸਾਰੇ ਭਾਰਤ ਉਪਰ ਛਾ ਜਾਣ ਵਾਲਾ ਮਾਹੌਲ ਪੈਦਾ ਕਰ ਰਹੀ ਹੈ, ਪਰ ਨਾਗਰਿਕਤਾ ਦੀ ਪੱਧਰ ਉਤੇ ਭਾਰਤਵਾਸੀ ਹਾਲਾਤ ਦੀ ਅਜਿਹੀ ਪਿੱਠਭੂਮੀ ਨੂੰ ਕਬੂਲ ਕਰਦਿਆਂ, ਆਪਣੇ ਆਪ ਨੂੰ ਨਿਸ਼ਕ੍ਰਿਅ ਦਾਸਤਾ ਦੀ ਪੱਧਰ ਉਪਰ ਲਿਆ ਰਹੇ ਹਨ। ਜਿਉਂ ਜਿਉਂ ਸ਼ਕਤੀਸੰਪੰਨ ਰਾਜ-ਸੱਤਾ ਆਪਣਾ ਤਸਲਤ ਜਮਾਉਂਦੀ ਹੈ, ਤਿਉਂ ਤਿਉਂ ਨਿਸ਼ਕ੍ਰਿਅ ਦਾਸਤਾ ਜ਼ਰਖੇਜ਼ ਹੁੰਦੀ ਜਾਂਦੀ ਹੈ; ਅਤੇ ਇਸੇ ਪ੍ਰਕਿਰਿਆ ਵਿਚ ਇਕ ਮੁਕਾਮ ਅਜਿਹਾ ਆਉਂਦਾ ਹੈ, ਜਦੋਂ ਦਮਿਤ ਭਾਰਤੀਅਤਾ ਦੀ ਇਹ ਅਹਿੰਸਾ ਇਕ ਸ਼ਿਸ਼ਟਾਚਾਰ ਨੂੰ ਜਨਮ ਦੇ ਦੇਂਦੀ ਹੈ। ਇਹ ਸਾਰਾ ਸ਼ਿਸ਼ਟਾਚਾਰ ਜ਼ਾਲਮ ਸਤਾਣੇ ਦੀ ਕਾਰਵਾਈ ਦੇ ਉੱਤਰ ਵਜੋਂ ਆਪਣੀ ਨਿਸ਼ਕ੍ਰੀਅ ਅਹਿੰਸਾ ਨੂੰ ਪਰਤੱਖ ਕਰਦਾ ਹੈ। ਅਜਿਹੀ ਸਥਿਤੀ ਵਿਚ ਸ਼ਿਸ਼ਟਾਚਾਰ ਦੀ ਨਿਰਮਾਨਭਾਵੀ ਬਿਰਤੀ ਨੂੰ ਤਾਂ ਜ਼ਬਾਨ ਮਿਲਦੀ ਹੀ ਹੈ ਪਰ ਇਸ ਦੇ ਨਾਲ ਹੀ ਇਕ ਵਿਸ਼ੇਸ਼ ਪ੍ਰਕਾਰ ਦੀ ਪ੍ਰਤੀਕ ਸ਼ੈਲੀ ਦਾ ਵੀ ਜਨਮ ਹੋ ਜਾਂਦਾ ਹੈ। ਅਜਿਹੀ ਪ੍ਰਤੀਕ ਸ਼ੈਲੀ ਵਿਚ ਅਹਿੰਸਾ, ਨਿਸ਼ਕ੍ਰਿਅਤਾ, ਨਿੰਮ੍ਰਤਾ, ਮਿਠਾਸ ਤੇ ਦਇਆ ਆਦਿ ਦੇ ਸ਼ਿਸ਼ਟਾਚਾਰ ਦੇ ਨਾਲ ਨਾਲ ਵਕਤ ਦੀ ਰਾਜਨੀਤੀ ਉਪਰ ਵੀ ਟਿੱਪਣੀ ਪੇਸ਼ ਹੋ ਜਾਂਦੀ ਹੈ। ਆਪਣੀ ਇਸ ਗਲ ਨੂੰ ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੱਧਕਾਲ ਦੇ ਗੁਰਮਤਿ ਵਿਆਖਿਆ ਕਰਦੀ ਭਾ. ਗੁਰਦਾਸ ਦੀ ਇਸ ਪਉੜੀ ਰਾਹੀਂ ਸਪਸ਼ਟ ਕਰਦੇ ਹਾਂ :

ਸ਼ੀਹ ਪਜੂਤੀ ਬਕਰੀ ਮਰਦੇ ਵੇਲੇ ਖਿੜ ਖਿੜ ਹੱਸੀ ॥
ਸ਼ੀਹ ਪੁਛੇ ਵਿਸਮਾਦ ਹੋਏ, ਇਤ ਅਉਸਰ ਕਿਤ ਰਹਸ ਰਹਸੀ ॥
ਬਿਨਉ ਕਰੇਂਦੀ ਬਕਰੀ ਪੁੱਤਰ ਅਸਾਡੇ ਕੀਚਣ ਖਸੀ ॥
ਅਕ ਧਤੂਰਾਂ ਖਾਧਿਆ, ਸਾਡੀ ਖਲ ਉਖਲ ਵਿਣਸੀ ॥
ਮਾਸ ਖਾਣ ਤੇ ਲਹੂ ਪੀਣ, ਹਾਲ ਤਿਨਾ ਦਾ ਕਵਣ ਹੋਵਸੀ ॥

ਜਦੋਂ ਅਸੀਂ ਉਪਰੋਕਤ ਵਿਚ ਕਥਿਤ ਕਾਵਿ ਨੂੰ ਮੱਧਕਾਲ ਦੀ ਸਾਰੀ ਸਥਿਤੀ ਦਾ ਇਕ ਮਾਡਲ ਮੰਨ ਕੇ ਤੁਰਦੇ ਹਾਂ ਤਾਂ ਅਗੋਂ ਸਾਰੀ ਗਲ ਸਪਸ਼ਟ ਹੁੰਦੀ ਜਾਂਦੀ ਹੈ ਅਤੇ ਮਾਡਲ ਦੀ ਇਸ ਸਪਸ਼ਟਤਾ ਦੇ ਬਿੰਦੂ ਉਪਰ ਨਿਸ਼ਕ੍ਰਿਅਤਾ ਵਿਚੋਂ ਉਤਪੰਨ ਹੋਏ ਇਸ ਸ਼ਿਸ਼ਟਾਚਾਰ ਤੇ ਸਭਿਆਚਾਰ ਦੇ ਕਈ ਪੈਰਾਡਾਈਮ ਇਕ ਸਮਤਲ ਸਮੀਕਾਨ ਵਿਚ ਇਕ ਦੂਜੇ ਨਾਲ ਜੁੜਦੇ ਜਾਂਦੇ ਹਨ । ਇਹ ਪੈਰਾਡਾਈਮ ਹਨ : ਨਿਸ਼ਕ੍ਰਿਅਤਾ=ਅਹਿੰਸਾ=ਨਾਰੀ=ਸ਼ਿਸ਼ਟਾਚਾਰ=ਕਾਵਿ । ਇਸ ਤਰ੍ਹਾਂ ਮੱਧਕਾਲ ਦਾ ਸਾਰਾ ਸਭਿਆਚਾਰ ਉਪਰੋਕਤ ਪੈਰਾਡਾਈਮ-ਪੈਟਰਨ ਦੇ ਇਰਦ ਗਿਰਦ ਫੈਲਿਆ ਹੋਇਆ ਹੈ । ਜਰਵਾਣੇ ਦੇ ਪ੍ਰਤੀਉੱਤਰ ਵਿਚ ਇਹ ਜ਼ੁਲਮ ਵਿਰੁਧ ਸ਼ਿਸ਼ਟਾਚਾਰ ਹੈ; ਅਤਿਅੰਤ ਡਰਵਾਣੇ ਤੇ ਗਰਜਵੇਂ ਬੋਲਾਂ ਦੇ ਪ੍ਰਤੀਉੱਤਰ ਵਿਚ ਇਹ ਪ੍ਰਗੀਤ ਹੈ; ਪਿਤਾਮਾ ਅਹੰਕਾਰ ਨਾਲ ਭਰਪੂਰ ਮਰਦ-ਦ੍ਰਿਸ਼ਟੀ ਦੇ ਮੁਕਾਬਲੇ ਉਤੇ ਇਹ ਨਿਸ਼ਕ੍ਰਿਅ ਨਾਰੀ ਹੈ ਤੇ ਇਸ ਤਰ੍ਹਾਂ ਸਮੁੱਚੇ ਸਰੂਪ ਤੇ ਸੁਭਾਉ ਵਿਚ ਇਹ ਸ਼ਿਸ਼ਟਾਚਾਰ ਭਰਵੀਂ ਖਾਮੋਸ਼ੀ, ਨਿਰਮਾਨਤਾ ਤੇ ਕਰੁਣਾ ਦਾ ਪ੍ਰਗੀਤ ਹੈ । ਇਹ ਹੀ ਕਾਰਨ ਹੈ ਕਿ ਸਾਰੇ ਮੱਧਕਾਲੀ ਭਾਰਤ ਵਿਚ ਰਾਜ-ਸੱਤਾ ਦੀ ਰਾਜਨੀਤਕ ਸ਼ਕਤੀ ਦੇ ਮੁਕਾਬਲੇ ਉਤੇ ਸਭਿਆਚਾਰ ਤੇ ਸ਼ਿਸ਼ਟਾਚਾਰ ਨੇ ਆਪਣੇ ਪ੍ਰਗਟਾਉ ਲਈ ਚੁਣਿਆ ਹੀ ਪ੍ਰਗੀਤ-ਪ੍ਰਬੰਧ ਨੂੰ ਹੈ । ਪੰਜਾਬ ਵਿਚ ਇਹ ਪ੍ਰਗੀਤ-ਪ੍ਰਬੰਧ ਗੁਰੂਆਂ, ਭਗਤਾਂ ਤੇ ਸੂਫ਼ੀਆਂ ਦੀ ਕਵਿਤਾ ਰਾਹੀਂ ਰੂਪਮਾਨ ਹੋਇਆ ਹੈ ।

ਸੁਆਲ ਪੈਦਾ ਹੁੰਦਾ ਹੈ ਕਿ ਨਿਸ਼ਕ੍ਰਿਅਤਾ ਵਿਚੋਂ ਉਪਜੇ ਇਸ ਸ਼ਿਸ਼ਟਾਚਾਰ ਦਾ ਸੰਪ੍ਰਦਾਇਕਤਾ ਨਾਲ ਕੀ ਸੰਬੰਧ ਹੈ । ਇਸ ਦਾ ਉੱਤਰ ਇਹ ਹੈ ਕਿ ਨਿਸ਼ਕ੍ਰਿਅਤਾ ਵਿਚੋਂ ਉਤਪੰਨ ਹੋਣ ਵਾਲਾ ਸਭਿਆਚਾਰ ਸਦਾ ਹੀ ਜ਼ੀਰੋ ਡਿਗਰੀ ਮਾਨਵਤਾ ਦੀ ਸਦਭਾਵਨਾ ਵਿਚੋਂ ਪੈਦਾ ਹੁੰਦਾ ਹੈ । ਜ਼ੀਰੋ ਡਿਗਰੀ ਮਾਨਵਤਾ ਦੀ ਸਦਭਾਵਨਾ, ਉਸ ਮਾਨਸਿਕਤਾ ਦਾ ਨਾਮ ਹੈ, ਜਿਸ ਨੂੰ ਨਵਿਰਤੀ ਮਾਰਗ ਦੀ ਪ੍ਰਕਿਰਿਆ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ । ਨਵਿਰਤੀ ਮਾਰਗ ਵਿਸ਼ਾਲ ਅਰਥਾਂ ਵਿਚ ਇਤਿਹਾਸ ਤੇ ਰਾਜਨੀਕਤਾ ਦੀਆਂ ਦੇਸ਼, ਕਾਲ, ਕਾਰਨ ਦੀਆਂ ਸਮੂਰਤ ਸਥਿਤੀਆਂ ਵਿਚੋਂ ਆਪਣੇ ਆਪ ਨੂੰ ਬਾਹਰ ਖਿੱਚਣ ਨਾਲ ਜੁੜਿਆ ਹੋਇਆ ਹੈ । ਦੇਸ਼, ਕਾਲ, ਕਾਰਨ ਦੀਆਂ ਪ੍ਰਸਥਿਤੀਆਂ ਵਿਚੋਂ ਬਾਹਰ ਨਿਕਲਣਾ ਸੰਭਵ ਨਹੀਂ ਪਰੰਤੂ ਅਜਿਹੀ ਦਸ਼ਾ ਨੂੰ ਇਕ ਸਮਸਿਆ ਬਣਾ ਕੇ ਇਸ ਸਾਰੇ ਸੰਬੰਧੀ ਇਕ ਨਵਿਰਤੀ-ਮੂਲਕ ਮੁਦਰਾ ਅਵਸ਼ ਧਾਰਨ ਕੀਤੀ ਜਾ ਸਕਦੀ ਹੈ । ਨਵਿਰਤੀਮੂਲਕ ਮੁਦਰਾ ਕੋਈ ਕਿਉਂ ਧਾਰਨ ਕਰਦਾ ਹੈ ? ਇਸ ਲਈ ਕਿ ਪ੍ਰਦੱਤ ਹਾਲਾਤ ਸਹਿਜੇ ਹੀ ਵਿਕਾਸ ਤੇ ਪ੍ਰਫੁਲਨ ਲਈ ਨਾਖ਼ੁਸ਼ਗਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦੇ ਹਨ। ਇਹ ਹੀ ਕਾਰਨ ਹੈ ਕਿ ਕਈ ਵਾਰੀ ਦੇਸ਼ ਕਾਲ ਦੀਆਂ ਹੱਦਾਂ ਵਿਚ ਵਿਚਰਦਾ ਸਾਰਾ ਜੀਵਨ ਹੀ ਅਰਥ ਰਹਿਤ ਤੇ ਫਜ਼ੂਲ ਲਗਣ ਲਗਦਾ ਹੈ। ਗੁਰੂਆਂ, ਭਗਤਾਂ ਤੇ ਸੂਫ਼ੀਆਂ ਦੀ ਬਾਣੀ ਵਿਚ ਅਜਿਹੀ ਸਥਿਤੀ ਨਾਲ ਸੰਬੰਧਿਤ ਬੇਅੰਤ ਪ੍ਰਗੀਤ ਮਿਲਦੇ ਹਨ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਮੱਧਕਾਲ ਦੀ ਸਾਰੀ ਸ਼੍ਰਿਸ਼ਟਾਚਾਰ ਧਰਮੀ ਤੇ ਸਭਿਆਚਾਰ ਉਤਪਾਦਨੀ ਮਾਨਸਿਕਤਾ ਜ਼ੀਰੋ ਡਿਗਰੀ ਮਾਨਵੀ ਭਾਵਨਾ ਵਿਚੋਂ ਪੈਦਾ ਹੁੰਦੀ ਹੈ। ਜ਼ਾਹਰ ਹੈ ਕਿ ਉਪਰ ਕਥਿਤ ਨਵਿਰਤੀਮੂਲਕ ਪ੍ਰਕਿਰਿਆ ਕਾਰਨ ਸੰਪ੍ਰਦਾਇਕਤਾ ਇਕ ਹਦ ਤੀਕ ਇਥੇ ਆਪ੍ਰਸੰਗਕ ਹੋ ਜਾਂਦੀ ਹੈ। ਕਿਉਂਕਿ ਮਧਕਾਲ ਦਾ ਯੁਗ ਹੀ ਅਜਿਹਾ ਹੈ ਜਿਸ ਦੇ ਅੰਤਮ ਧਰਾਤਲ ਜਾਂ ਤਾਂ ਰਾਜ-ਸੱਤਾ ਨਾਲ ਜੁੜੇ ਹੋਏ ਹਨ, ਜਾਂ ਬ੍ਰਹਮ/ਰਬ ਨਾਲ। ਇਸ ਤਰ੍ਹਾਂ ਰਾਜਨੈਤਕਤਾ ਤੇ ਧਰਮ ਇਕ ਦੂਸਰੇ ਨਾਲ ਜੁੜ ਕੇ ਕਾਰਜ ਦੂਸਰਿਆਂ ਉਪਰ ਛਾ ਜਾਣ ਦਾ ਹੀ ਕਰਦੇ ਹਨ। ਜਦੋਂ ਧਰਮ ਵੀ ਅਜਿਹੇ ਕਾਰਜ ਵਿਚ ਰੁਝ ਜਾਂਦਾ ਹੈ, ਉਦੋਂ ਸਪਸ਼ਟ ਹੈ ਕਿ ਸੰਪ੍ਰਦਾਇਕਤਾ, ਵਿਰੋਧ ਤੇ ਵੈਰ ਵਿਚ ਬਦਲਦੀ ਹੈ। ਅਜਿਹੀ ਹਾਲਤ ਵਿਚ ਸ੍ਰਿਸ਼ਟਾਚਾਰ ਧਰਮੀ ਲੋਕ ਜ਼ੀਰੋ ਡਿਗਰੀ ਮਾਨਵ ਸਦਭਾਵਨਾ ਦੇ ਆਧਾਰ ਉਤੇ ਸੰਪ੍ਰਦਾਇਕਤਾ ਨੂੰ ਇਕ ਹਦ ਤੀਕ ਤਿਆਗਦੇ ਪ੍ਰਤੀਤ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਜਿਹੀ ਸਦਭਾਵਨਾ ਨਾਲ ਸੰਬੰਧਿਤ ਬੇਅੰਤ ਸ਼ਬਦ ਤੇ ਟੂਕਾਂ ਵੇਖੀਆਂ ਜਾ ਸਕਦੀਆਂ ਹਨ। ਸੰਪ੍ਰਦਾਇਕਤਾ ਦੇ ਮੁਕਾਬਲੇ ਉਤੇ ਵਿਆਪਕ ਧਰਮ ਦੀ ਭਾਵਨਾ, ਪ੍ਰੇਮ ਤੇ ਕਰੁਣਾ ਦੀ ਭਾਵਨਾ ਨੂੰ ਗੁਰਬਾਣੀ ਵਿਚ ਬਹੁਤ ਪ੍ਰਚੰਡ ਕੀਤਾ ਗਿਆ ਹੈ ਅਤੇ ਸਪਸ਼ਟ ਤੇ ਅਸਪਸ਼ਟ ਦੁਹਾ ਬਿੰਦੂਆ ਉਪਰ ਇਸ ਤਰ੍ਹਾਂ ਦਾ ਸੰਦੇਸ਼ ਗੁਰਬਾਣੀ ਵਿਚੋਂ ਪ੍ਰਾਪਤ ਹੈ।

ਅਸੀਂ ਸਭ ਤੋਂ ਪਹਿਲਾਂ ਆਪਣੀ ਗਲ ਸਪਸ਼ਟਤਾ ਦੇ ਬਿੰਦੂ ਤੋਂ ਕਰਦੇ ਹਾਂ। ਗੁਰਬਾਣੀ ਵਿਚ ਇਸ ਤਰ੍ਹਾਂ ਦੇ ਸ਼ਬਦ ਆਮ ਹਨ, ਜਿਨ੍ਹਾਂ ਵਿਚ ਜਾਤ-ਪਾਤ, ਵਡਿਆਈ-ਛੁਟਿਆਈ, ਉਤਮ-ਨੀਚ ਆਦਿ ਦੇ ਅੰਤਰ ਨੂੰ ਤਿਆਗ ਦੇ ਇਕ ਸਰਬ ਸਾਂਝੀ ਮਾਨਵਤਾ ਵਿਚ ਰਹਿਣ ਦਾ ਸੰਦੇਸ਼ ਦਿੱਤਾ ਗਿਆ ਹੈ। ਅਸੀਂ ਆਪਣੀ ਗਲ ਬਾਬਾ ਫ਼ਰੀਦ ਤੋਂ ਸ਼ੁਰੂ ਕਰਦੇ ਹਾਂ। ਫ਼ਰੀਦ ਜੀ ਫੁਰਮਾਉਂਦੇ ਹਨ :

(1) ਸਭਨਾ ਮਨ ਮਾਣਕ ਠਾਹਣ ਮੂਲ ਮਚਾਂਗਵਾ ॥
ਜੇ ਤਉ ਪ੍ਰੀਆ ਦੀ ਸਿਕ ਹਿਆਉ ਨਾ ਠਾਹਿ ਕਹੀਦਾ ॥

(2) ਫਰੀਦਾ ਖਾਲਕ ਖਲਕ ਮਹਿ, ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੂੰ ਆਖੀਐ ਜਾ ਤਿਸ ਬਿਨ ਕੋਈ ਨਾਹਿ ॥

ਇਸੀ ਤਰ੍ਹਾਂ ਫ਼ਰੀਦ ਦੇ ਹੋਰ ਸਲੋਕਾਂ ਵਿਚ ਅਜਿਹੀ ਵਿਆਪਤ ਮਾਨਵੀ ਸਦ-ਭਾਵਨਾ ਦੇ ਸੰਦੇਸ਼ ਦੀ ਗੂੰਜ ਸੁਣਾਈ ਦੇਂਦੀ ਹੈ।

ਇਸ ਤੋਂ ਉਪਰੰਤ ਜਦੋਂ ਅਸੀਂ ਗੁਰੂਆਂ ਦੀ ਬਾਣੀ ਵਿਚ ਪਰਵੇਸ਼ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਸ਼ਬਦ ਇਸ ਪ੍ਰਕਾਰ ਦੇ ਪ੍ਰਾਪਤ ਹੋ ਜਾਂਦੇ ਹਨ। ਮਿਸਾਲ ਵਜੋਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤ ਮੋਹਿ ਪਾਈ ॥
ਨ ਕੋ ਬੈਰੀ ਨਾਹਿ ਬਿਗਾਨਾ ॥
ਸਗਲ ਸੰਗ ਹਮ ਕੋ ਬਨਆਈ ॥
ਸਭ ਕੋ ਮੀਤ ਹਮ ਆਪਨ ਕੀਨਾ ॥
ਹਮ ਸਭਨਾ ਕੇ ਸਾਜਨ ॥
ਦੂਰ ਪਰਾਇਓ ਮਨ ਕਾ ਬਿਰਹਾ
ਤਾ ਮੇਲਿ ਕੀਓ ਮੇਰੇ ਰਾਜ਼ਨ ॥

ਮਾਨਵੀ ਸਦਭਾਵਨਾ ਦੇ ਅਜਿਹੇ ਸਪਸ਼ਟ ਸੰਦੇਸ਼ ਤੋਂ ਉਪਰੰਤ ਕੁਝ ਅਜਿਹੀਆਂ ਟੂਕਾਂ, ਪੰਕਤੀਆਂ ਤੇ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿਚ ਉਪਰੋਕਤ ਕਥਿਤ ਸ੍ਰਿਸ਼ਟਾਚਾਰ ਪਰੋਖ ਰੂਪ ਵਿਚ ਅਭਿਵਿਅਕਤੀ ਲੈਂਦਾ ਹੈ । ਜੇ ਧਿਆਨ ਨਾਲ ਵੇਖੀਏ ਤਾਂ ਅਜਿਹੀ ਪਰੋਖ ਵਿਧੀ ਗੁਰਬਾਣੀ ਵਿਚਲੇ ਪ੍ਰਗੀਤ ਦਾ ਇਕ ਤਰ੍ਹਾਂ ਨਾਲ ਅਵਚੇਤਨ ਬਣ ਗਈ ਹੈ । ਇਹ ਅਵਚੇਤਨ ਬਹੁਤ ਵਾਰੀ ਤਾਂ ਦਮਤੀ ਪ੍ਰੇਮ ਦੇ ਸੰਬੰਧ ਵਿਚ ਕਾਰਜਸ਼ੀਲ ਹੁੰਦਾ ਹੈ । ਪ੍ਰੇਮ ਦੀ ਅਜਿਹੀ ਮੁਦਰਾ ਵਿਚ ਨਾਰੀ ਦੀ ਨਿਸ਼ਕ੍ਰਿਅਤਾ ਉਚੇਚੇ ਤੌਰ ਉਤੇ ਪ੍ਰਗਟ ਹੁੰਦੀ ਹੈ । ਸ਼ਾਇਦ ਇਸੇ ਲਈ ਭਾਈ ਗੁਰਦਾਸ ਨੇ ਇਕ ਨਿਚੋੜ ਦੇ ਰੂਪ ਵਿਚ :

'ਪੇਵਕੜੇ ਘਰਿ ਲਾਡਲੀ ਮਾਊ ਪਿਊ ਖਰੀ ਪਿਆਰੀ ॥
ਵਿਚ ਭਰਾਵਾਂ ਭੈਣੜੀ ਨਾਨਕ ਦਾਦਕ ਸਾਪਰਵਾਰੀ ॥
ਲਖਾ ਖਰਚ ਵਿਆਹੀਐ ਗਹਿਣੇ ਦਾਜ ਸਾਜ ਅਤਿ ਭਾਰੀ ॥
ਸਾਹੁਰੜੇ ਘਰਿ ਮੰਨੀਐ, ਸਣ ਖਤੀ ਪਰਵਾਰ ਸਧਾਰੀ ॥
ਸੁਖ ਮਾਣੈ ਧਿਰ ਸੇਜੜੀ, ਛਤੀ ਭੋਜਨ ਸਦਾ ਸੀਗਾਰੀ ॥
ਲੋਕ ਵੇਖ ਗੁਣ ਗਿਆਨ ਵਿਚ, ਅਰਧ ਸਰੀਰੀ ਮੋਖ ਦੁਆਰੀ ॥
ਗੁਰਮੁਖ ਸੁਖ ਫਲ ਨਿਹਚਉ ਨਾਰੀ ॥6॥5॥'

ਕਿਹਾ ਹੈ । ਅਸੀਂ ਇਸ ਗਲ ਦੀ ਵਜ਼ਾਹਤ ਵਿਚ ਗੁਰਬਾਣੀ ਵਿਚੋਂ ਮਿਸਾਲਾਂ ਲੈਂਦੇ ਹਾਂ :

(1) ਅਜ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਏ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉਂ ਰੈਣ ਵਿਹਾਇ ॥
(2) ਜੇ ਜਾਣਾ ਲੜ ਛਿਜਣਾ ਪੀਡੀ ਪਾਈ ਗੰਢ ॥
ਤੈ ਜੇਵਡ ਮੈ ਨਾਹਿ ਕੋ ਸਭ ਜਗ ਡਿਠਾ ਹੰਡ ॥
(3) ਫਰੀਦਾ ਕੰਤ ਰੰਗਾਵਲਾ ਵਡਾ ਬੇਮੁਹਤਾਜ ॥
(4) ਸਹੁਰੇ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ, ਧਨ ਸੁਹਾਗਣ ਨਾਉ ॥
(5) ਕਵਣ ਸੁ ਅਖਰ ਕਵਣ ਗੁਣ ਕਵਣ ਸੁ ਮਣੀਆ ਮੰਤ ॥
ਕਵਣ ਸੁ ਵੇਸੋਂ ਹਉ ਕਰੀ ਜਿਤ ਵਸਿ ਆਵੈ ਕੰਤ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਵਣ ਸੁ ਅਖਰ ਖਵਣ ਗੁਣ ਜਿਹਬਾ ਮਣੀਆ ਮੰਤ ॥
ਇਹ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤ ॥

(6) ਇਆਣੀ ਬਾਲੀ ਕਿਆ ਕਰੇ ਜਾ ਧੰਨ ਕੰਤੁ ਨ ਭਾਵੈ ॥
ਕਰਣ ਪਲਾਵ ਕੀਏ ਬਹੁਤੇਰੇ ਜਾ ਬਹੁਤੇਰਾ ਧਾਵੈ ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿਸਮਾਣੀ ॥
ਏਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣ ਇਆਣੀ ॥

(7) ਇਉ ਕਿਵ ਕੰਤ ਪਿਆਰੀ ਹੋਵਾਂ ॥
ਸਹੁ ਜਾਗੈ ਹਉ ਨਿਸ ਭਰ ਸੋਵਾਂ

... ...

ਆਸ ਪਿਆਸੀ ਸੇਜੈ ਆਵਾ ॥
ਆਗੈ ਸ਼ਹੁ ਭਾਵੈ ਕਿ ਨ ਭਾਵਾਂ ॥
ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥
ਹਰਿ ਦਰਸ਼ਨ ਬਿਨ ਰਹਨ ਨ ਜਾਈ ॥
ਮਾਠ ਗੁਦਾਈ ਪਟੀਆਂ ਭਰੀਐ ਮਾਂਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰੋ ਵਿਸੂਰ ਵਿਸੂਰੇ ॥

(8) ਸੁਣ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥
ਤਿਸ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ

... ...

ਬਾਹਿ ਪਕੜ ਸਾਜਣ ਹਉ ਖਿਧੀ ਗੁਣ ਅਵਗੁਣ ਨ ਬਿਚਾਰਿਓ ॥

ਅਜਿਹੀਆਂ ਸਤਰਾਂ ਬੇਅੰਤ ਹਨ ਅਤੇ ਇਹ ਨਾਰੀ ਦੀ ਨਿਸ਼ਕ੍ਰਿਅਤਾ ਨੂੰ ਭਲੀ ਭਾਂਤ ਦ੍ਰਿੜ ਕਰਦੀਆਂ ਹਨ। ਨਾਰੀ ਦੀ ਇਹ ਹੀ ਨਿਸ਼ਕ੍ਰਿਅਤਾ ਸਾਡੇ ਵਿਵਹਾਰਕ ਜੀਵਨ ਵਿਚ ਸ੍ਰਿਸ਼ਟਾਚਾਰ ਤੇ ਪ੍ਰੇਮ ਦਾ ਪ੍ਰਤੀਕ ਹੈ ਅਤੇ ਇਹ ਗੱਲ ਵੀ ਸਪੱਸ਼ਟ ਹੈ ਕਿ ਇਹ ਉਸ ਜ਼ਮਾਨੇ ਦੇ ਹਿੰਸਾਮੂਲਕ ਵਾਤਾਵਰਨ ਦੇ ਪ੍ਰਤੀਉੱਤਰ ਵਿਚੋਂ ਨਿਕਲੀ ਦਮਿਤ ਆਵਾਜ਼ ਹੈ, ਜਿਸ ਨੂੰ ਸ੍ਰਿਸ਼ਟਾਚਾਰ ਦਾ ਆਦਰਸ਼ ਰੂਪ ਮੰਨ ਲਿਆ ਗਿਆ ਹੈ। ਅਸੀਂ ਪਿਛੇ ਇਸ ਨਿਸ਼ਕ੍ਰਿਅਤਾ ਨੂੰ ਅਹਿੰਸਾ ਨਾਲ ਜੋੜਿਆ ਹੈ ਅਤੇ ਇਹ ਗੱਲ ਹੈ ਵੀ ਠੀਕ ਕਿ ਨਿਸ਼ਕ੍ਰਿਆ ਮਾਨਸਿਕਤਾ, ਅਹਿੰਸਾਮੂਲਕ ਪ੍ਰਤੀਉੱਤਰ ਵਿਚ ਹੀ ਜ਼ਾਹਰ ਹੁੰਦੀ ਹੈ। ਅਤੇ ਇਹ ਗੱਲ ਵੀ ਭਲੀ ਭਾਂਤ ਸਪੱਸ਼ਟ ਹੈ ਕਿ ਮਾਨਵੀ ਸਦਭਾਵਨਾਂ ਦਾ ਮਾਹੌਲ ਜਿਸ ਸ੍ਰਿਸ਼ਟਾਚਾਰਕ ਬੁਨਿਆਦ ਉਤੇ ਖੜਾ ਹੈ, ਉਹ ਇਹ ਹੀ ਨਿਸ਼ਕ੍ਰਿਅਤਾ ਹੈ। ਇਸ ਵਿਚਲੀ ਪ੍ਰੇਮ-ਗੁੰਜਾਰ ਅਵਸ਼ ਹੀ ਮਾਨਵੀ ਸਦਭਾਵਨਾਂ ਨੂੰ ਤੀਬਰ ਕਰਨ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਗੁਰੂਆਂ, ਭਗਤਾਂ ਤੇ ਸੂਫੀਆਂ ਵਿਚ ਨਾਰੀ ਭਾਵਨਾ ਦੀ ਉਪਰੋਕਤ ਮੁਦਰਾ ਇਕ ਅਲੰਕਾਰ ਜਾਂ ਸ਼ੈਲੀ ਵਜੋਂ ਪੂਰੀ ਤਰ੍ਹਾਂ ਕਾਰਜਸ਼ੀਲ ਹੈ।

ਇਸ ਤਰ੍ਹਾਂ ਨਿਸ਼ਕ੍ਰਿਅਤਾ, ਨਾਰੀ ਆਪਣੇ ਮੂਕ ਬੋਲਾਂ ਨਾਲ ਮਾਨਵ ਵਿਰੋਧੀ ਹਿੰਸਾ ਦੇ ਮੁਕਾਬਲੇ ਉਤੇ ਮਾਨਵ ਹਿਤੈਸ਼ੀ ਸਦਭਾਵਨਾਂ ਦਾ ਸੁਰ ਉੱਚਾ ਕਰਦੀ ਹੈ। ਪਿਛੇ ਅਸੀਂ ਨਵਿਰਤੀਮੂਲਕ ਮਾਨਸਿਕਤਾ ਰਾਹੀਂ ਸੰਪ੍ਰਦਾਈ ਵੈਰ ਵਿਰੋਧ ਦੀ ਭਾਵਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਉਲੰਘਣ ਦੀ ਗੱਲ ਕਰਦੇ ਰਹੇ ਹਾਂ, ਪਰੰਤੂ ਇਤਿਹਾਸ ਦੀ ਸਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਅਸੀਂ ਇਤਿਹਾਸ ਦੀ ਉਲੰਘਣਾ ਪਰੋਖ ਸ਼ੈਲੀ ਜਾਂ ਨਿਸ਼ੇਧਾਤਮਕ ਮੁਦਰਾ ਰਾਹੀਂ ਤਾਂ ਕਰ ਸਕਦੇ ਹਾਂ ਪਰ ਫਿਰ ਵੀ ਇਤਿਹਾਸਕ ਯਥਾਰਥ ਦਾ ਰੋਲ ਆਪਣਾ ਹੀ ਹੁੰਦਾ ਹੈ। ਜਿਥੇ ਉਸ ਪ੍ਰਤੀ ਪਰੋਖ ਉੱਤਰ ਦਿੱਤੇ ਜਾਂਦੇ ਹਨ; ਉਥੇ ਉਸ ਨਾਲ ਸਿਧਿਆਂ ਵੀ ਦੋ ਚਾਰ ਹੋਣਾ ਪੈਂਦਾ ਹੈ। ਮੁਸਲਮਾਨਾਂ ਤੇ ਮੁਗਲਾਂ ਦੀ ਆਮਦ ਸਮੁੱਚੇ ਭਾਰਤੀ ਭਾਈਚਾਰੇ ਲਈ ਇਕ ਚੈਲੰਜ ਹੈ। ਭਾਰਤੀ ਭਾਈਚਾਰਾ ਇਕੋ ਵੇਲੇ ਵਿਭਿੰਨ ਸੰਪ੍ਰਦਾਵਾਂ ਵਿਚ ਵਿਚਰਦਾ ਹੈ। ਇਸ ਵਿਚ ਭਾਰਤੀਅਤਾ ਦੀ ਸਾਂਝ ਸੰਪ੍ਰਦਾਇਕ ਅੰਤਰਾ ਉਪਰ ਆਧਾਰਿਤ ਹੈ; ਜਿਸ ਦਾ ਭਾਵ ਇਹ ਹੈ ਕਿ ਭਾਰਤ ਵਿਚ ਸੰਪ੍ਰਦਾਇਕਤਾ ਦੇ ਸਮੂਰਤਣ, ਨਸ਼ਟ ਕਰਕੇ ਨਹੀਂ, ਸਗੋਂ ਸੰਪ੍ਰਦਾਇਕਤਾ ਦੀ ਵਿਵਧਤਾ ਵਿਚ ਇਕਸੁਰਤਾ ਕਾਇਮ ਕਰ ਕੇ ਸੰਤੁਲਨ ਕਾਇਮ ਕੀਤਾ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਸ਼ੰਪ੍ਰਦਾਇਕ ਸਦਭਾਵਨਾ ਦੇ ਸਿੱਧੇ ਸੰਦੇਸ਼ ਤੇ ਪ੍ਰਚਾਰ ਨਾਲੋਂ ਕਿਤੇ ਵੱਧ ਮਹੱਤਵ ਸੰਪ੍ਰਦਾਇਕ ਕ੍ਰਾਸ ਦਾ ਹੈ। ਜਦੋਂ ਸੰਪ੍ਰਦਾਵਾਂ ਆਪੋ ਆਪਣੇ ਫ਼ਿਰਕੇ ਦੀ ਸੀਮਾ ਉਲੰਘ ਕੇ, ਫ਼ਿਰਕੇ ਵਿਚ ਪਰਵੇਸ਼ ਕਰਦੀਆਂ ਹਨ ਤੇ ਫਿਰ ਇਸ ਸ਼ਿਰਕਤ ਵਿਚੋਂ ਕੋਈ ਸਾਂਝਾ ਪੈਗ਼ਾਮ ਦੇਂਦੀਆਂ ਹਨ ਤਾਂ ਅਵਸ਼ ਹੀ ਸੰਪ੍ਰਦਾਇਕ ਸਦਭਾਵਨਾ ਉਘੜਦੀ ਹੈ।

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਤਾਂ ਸਾਰੀ ਬਣਤਰ ਤੇ ਯੋਜਨਾ ਹੀ ਸੰਪ੍ਰਦਾਈ ਕ੍ਰਾਸ ਉਪਰ ਆਧਾਰਿਤ ਹੈ। ਇਸ ਵਿਚ ਮੱਧਕਾਲ ਦੇ ਸਾਰੇ ਸੰਕਟ ਨੂੰ ਕੇਂਦਰ ਵਿਚ ਰਖ ਕੇ ਰਚੀ ਗਈ ਗੁਰੂਆਂ, ਭਗਤਾਂ, ਸੂਫ਼ੀਆਂ ਸੰਤਾ ਦੀ ਬਾਣੀ, ਬਿਨਾ ਕਿਸੇ ਸੰਪ੍ਰਦਾਈ ਵਿਤਕਰੇ ਦੇ, ਸ਼ਾਮਲ ਕੀਤੀ ਗਈ ਹੈ। ਇਸ ਲਈ 'ਆਦਿ ਗ੍ਰੰਥ' ਦੀ ਬਣਤਰ ਵਿਚ ਹੀ ਸੰਪ੍ਰਦਾਇਕ ਸਦਭਾਵਨਾ ਦਾ ਸੰਦੇਸ਼ ਪਿਆ ਹੈ।

ਇਸ ਤੋਂ ਉਪਰੰਤ ਬਾਣੀ ਦਾ ਪਾਠ ਕਰਨ ਲਗਿਆ ਪਤਾ ਚਲਦਾ ਹੈ ਕਿ ਇਸ ਵਿਚ ਜਦੋਂ ਵੀ ਕੋਈ ਗੁਰੂ, ਭਗਤ ਜਾਂ ਸੰਤ ਕਿਸੇ ਵਿਆਪਕ ਮਸਲੇ ਬਾਰੇ ਗੱਲ ਕਰਦਾ ਹੈ ਤਾਂ ਉਸ ਵਿਚੋਂ ਸਾਰਾ ਇਤਿਹਾਸਕ ਤੇ ਮਿਥਿਹਾਸਕ ਭਾਰਤ ਉਘੜਦਾ ਪ੍ਰਤੀਤ ਹੁੰਦਾ ਹੈ। ਉਦਾਹਰਣ ਵਜੋਂ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਆਪਣੇ ਧਿਆਨ ਗੋਚਰਾ ਕਰਦੇ ਹਾਂ :

ਸਹਸਰ ਦਾਨ ਦੇ ਇੰਦ੍ਰ ਰੋਵਾਇਆ ॥
ਪਰਸਰਾਮ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮ ਨਿਕਾਲਾ ਭਇਆ ॥
ਸੀਤਾ ਲਛਮਣ ਵਿਛੜ ਗਇਆ ॥
ਰੋਵੈ ਦਹਸਰ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵੈ ਪਾਂਡਵ ਭਏ ਮਜੂਰ ॥
ਜਿਨ ਕੈ ਸੁਆਮੀ ਰਹਿਤ ਹਦੂਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਵੈ ਜਨਮੇਜਾ ਖੋਇ ਗਇਆ ॥
ਏਕੀ ਕਾਰਨ ਪਾਪੀ ਭਇਆ ॥
ਰੋਵੈ ਸੇਖ ਮਸਾਇਕ ਪੀਰ ॥
ਅੰਤ ਕੀ ਬਾਰ ਮਤ ਲਾਗੈ ਭੀਰ ॥
ਰੋਵੈ ਰਾਜਾ ਕੰਨ ਪੜਾਇ ॥
ਦਰ ਦਰ ਮਾਗੈ ਭੀਖਿਆ ਜਾਇ ॥
ਰੋਵੈ ਕਿਰਪਨ ਸੰਚੈ ਧੰਨ ਜਾਇ ॥
ਪੰਡਤ ਰੋਵੈ ਗਿਆਨ ਗਵਾਇ ॥
ਬਾਲੀ ਰੋਵੈ ਨਾਹਿ ਭਤਾਰ ॥
ਨਾਨਕ ਦੁਖੀਆ ਸਭ ਸੰਸਾਰ ॥

ਸਪੱਸ਼ਟ ਹੈ ਕਿ ਇਨ੍ਹਾਂ ਪੰਗਤੀਆਂ ਵਿਚ ਸਰਬ ਸੰਸਾਰ ਦੇ ਵਿਆਪਕ ਦੁਖ ਦੀ ਗੱਲ ਕੀਤੀ ਗਈ ਹੈ, ਪਰੰਤੂ ਇਹ ਗੱਲ ਜਿਵੇਂ ਪੇਸ਼ ਕੀਤੀ ਗਈ ਹੈ, ਉਸ ਵਿਚ ਸਮੁਚਾ ਭਾਰਤ ਆਪਣੀ ਸਾਰੀ ਵਿਰਾਸਤ ਸਮੇਤ ਉਘੜ ਰਿਹਾ ਹੈ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਇਸ ਸਾਰੀ ਗੱਲ ਦੀ ਬਣਤ ਬਣਾਣ ਵਾਲਾ ਕਰਤਾ ਹਰ ਪੰਗਤੀ ਨਾਲ ਸੰਬੰਧਿਤ ਹਰ ਦ੍ਰਿਸ਼ ਵਿਚ ਪੂਰੀ ਸ਼ਿਦਤ ਨਾਲ ਸ਼ਾਮਲ ਹੈ । ਜਿਸ ਤੋਂ ਸਪੱਸ਼ਟ ਹੈ ਕਿ ਇਸ ਬਾਣੀ ਵਿਚ ਜਾਂ ਅਜੇਹੀਆਂ ਹੋਰ ਬਾਣੀਆਂ ਵਿਚ ਕਿਸੇ ਸੰਪ੍ਰਦਾਇਕ ਸੰਕੋਚ ਦੀ ਥਾਂ ਸਮਸਤ ਭਾਰਤੀ ਸਦਭਾਵਨਾ ਨੂੰ ਪ੍ਰਗਟ ਕਰ ਦਿੱਤਾ ਗਿਆ ਹੈ ।

ਇਸੇ ਸੰਬੰਧ ਵਿਚ ਇਕ ਗੱਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਭਾਸ਼ਾ ਬਾਰੇ ਵੀ ਕਹਿਣੀ ਬਣਦੀ ਹੈ । ਆਦਿ ਗ੍ਰੰਥ ਦੀ ਸਾਰੀ ਭਾਸ਼ਾ ਇਲਾਕਾਈ ਹੱਦਾਂ, ਬਨ੍ਹੇਰਿਆਂ ਤੇ ਸੰਪ੍ਰਦਾਈ ਸੀਮਾਵਾਂ ਨੂੰ ਉਲੰਘਣ ਵਾਲੀ ਹੈ । ਗੁਰੂਆਂ ਦੀ ਜ਼ਮੀਨ ਆਪੋ ਆਪਣੇ ਇਲਾਕੇ ਦੀ ਹੈ । ਪਰੰਤੂ ਇਸ ਜ਼ਮੀਨ ਦੀ ਉਸਾਰੀ ਅਜਿਹੀ ਵਿਧੀ ਨਾਲ ਕੀਤੀ ਗਈ ਹੈ ਕਿ ਉਸ ਵਿਚ ਇਕ ਵਿਆਪਕ ਭਾਸ਼ਾਈ ਮਾਡਲ ਪਰਵੇਸ਼ ਕਰ ਗਿਆ ਹੈ ਅਤੇ ਇਸ ਦਾ ਕੰਮ ਸਮੁੱਚੇ ਭਾਰਤ ਨੂੰ ਸੰਬੰਧਿਤ ਸਾਮੰਤਵਾਦੀ ਜਬਰ ਦੇ ਵਿਰੋਧ ਵਿਚ ਅਹਿੰਸਾ ਤੇ ਮਾਨਵੀ ਸਦਭਾਵਨਾ ਦੀ ਸ਼ਕਤੀ ਵਿਚ ਬੇਦਾਰ ਕਰਨਾ ਹੈ ਅਤੇ ਇਹ ਸਾਰੀ ਸ਼ਕਤੀ ਮਧਕਾਲੀ ਭਾਰਤ ਦੇ ਸਾਂਸਕ੍ਰਿਤਕ ਸਮਨਵੈ ਦੇ ਰੂਪ ਵਿਚ ਪ੍ਰਗਟ ਹੋਈ ਹੈ । ਗੁਰੂ ਨਾਨਕ ਦੇਵ ਦੀ ਬਾਣੀ ਵਿਚ ਤਾਂ ਨਿਸ਼ਕ੍ਰਿਆ ਮੁਦਰਾ ਦੀ ਥਾਂ ਉਤੇ ਜੀਵੰਤ ਪ੍ਰਤੀਉੱਤਰ ਵਿਚ ਬੜੀਆਂ ਤਿੱਖੀਆਂ ਟਿੱਪਣੀਆਂ ਵੀ ਪੇਸ਼ ਕੀਤੀਆਂ ਗਈਆਂ ਹਨ; ਪਰੰਤੂ ਇਹ ਇਕ ਵਖਰਾ ਵਿਸ਼ਾ ਹੈ, ਜਿਸ ਬਾਰੇ ਫਿਰ ਚਰਚਾ ਕੀਤੀ ਜਾ ਸਕਦੀ ਹੈ । ਇਸ ਪਰਚੇ ਵਿਚ ਜਿਸ ਤਰਕ ਪਧਤੀ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਉਹ ਇਹ ਹੀ ਹੈ ਕਿ ਜਬਰ ਜ਼ੁਲਮ ਦੀ ਰਾਜ਼ਨੀਤਕਤਾ ਦਾ ਮੁਕਾਬਲਾ ਕਰਨ ਵਾਲਾ ਨਿਸ਼ਕ੍ਰੀਅਤਾ ਦੀ ਕੁਖ ਵਿਚੋਂ ਜਨਮਿਆ ਸ੍ਰਿਸ਼ਟਾਚਾਰ ਮਧਕਾਲ ਦੇ ਭਾਰਤ ਨੂੰ ਆਦਿ ਗ੍ਰੰਥ ਦੀ ਬਾਣੀ ਰਾਹੀਂ ਮਾਨਵੀ ਸਦ ਭਾਵਨਾ ਵਿਚ ਕਿਵੇਂ ਜਗਾਉਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦੇਵ ਜੀ ਦੀ ਧਰਮ-ਦ੍ਰਿਸ਼ਟੀ : 'ਜਪੁ' ਜੀ ਦੇ ਆਧਾਰ ਉਤੇ

ਗੁਰੂ ਨਾਨਕ ਦੇਵ ਮੱਧਕਾਲੀ ਭਾਰਤ ਵਿਚ ਮੁਸਲਮਾਨਾਂ ਤੇ ਮੁਗ਼ਲਾਂ ਦੀ ਆਮਦ ਕਾਰਨ ਵਾਪਰੇ ਉਪੱਦਰ ਨੂੰ ਪ੍ਰਤੀਉਤੱਰਸ਼ੀਲ ਹੋ ਕੇ ਮਿਲਣ ਵਾਲੇ ਭਗਤਾਂ, ਸੰਤਾਂ ਤੇ ਭਾਰਤੀ ਪਰੰਪਰਾ ਦੇ ਰਾਖਿਆਂ ਵਿਚੋਂ ਹਨ। ਪਰੰਪਰਾ ਦੀ ਰਖਵਾਲੀ ਦੀ ਸਮਸਿਆ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਕੋਈ ਬਿਗਾਨੀ ਤੇ ਓਪਰੀ ਸ਼ਕਤੀ, ਜ਼ਾਲਮ ਤੇ ਜਰਵਾਣੇ ਦਾ ਰੂਪ ਧਾਰ ਕੇ, ਦੇਸੀ ਪਰੰਪਰਾ ਦੇ ਆਧਾਰ ਉਤੇ ਬਣਾਈ ਗਈ ਕਿਸੇ ਸਭਿਆਚਾਰ ਦੀ ਪਛਾਣ ਨੂੰ ਨੇਸਤੋ ਨਾਬੂਦ ਕਰਨ ਦੀ ਧਾਰ ਲੈਂਦੀ ਹੈ, ਜਾਂ ਇਹ ਜਰਵਾਣੀ ਸ਼ਕਤੀ ਆਪਣੀਆਂ ਹਿੰਸਾਮੂਲਕ ਕਾਰਵਾਈਆਂ ਰਾਹੀਂ ਵਾਤਾਵਰਨ ਹੀ ਅਜਿਹਾ ਪੈਦਾ ਕਰ ਦੇਂਦੀ ਹੈ ਕਿ ਲੋਕਾਈ ਉਦਾਸ ਤੇ ਨਿਰਾਸ ਹੋ ਕੇ ਗਿਲਾਨੀ ਦੇ ਰਸਾਤਲ ਵਿਚ ਧਸ ਜਾਂਦੀ ਹੈ ਤੇ ਅਜਿਹੀ ਨਿਘਰੀ ਹੋਈ ਅਵਸਥਾ ਉਤੇ ਪੁਜ ਜਾਂਦੀ ਹੈ ਜਿਥੇ ਉਸ ਨੂੰ ਨਾ ਤਾਂ ਆਪਣੇ ਪਰੰਪਰਾਈ ਗੌਰਵ ਦਾ ਅਹਿਸਾਸ ਹੁੰਦਾ ਹੈ ਤੇ ਨਾ ਹੀ ਆਪਣੀ ਪਛਾਣ ਨੂੰ ਕਾਇਮ ਰਖਣ ਦੀ ਅਕਾਂਖਿਆ। ਉਹ ਤਾਂ ਚਾਰੋਂ ਪਾਸੇ ਫੈਲੀ ਗਿਲਾਨੀ ਤੋਂ ਮੁਤਾਸਰ ਹੋ ਕੇ ਆਪਣੇ ਆਪ ਤੋਂ ਪਰਦੇਸੀ ਹੋ ਜਾਂਦੀ ਹੈ ਅਤੇ ਬਦੇਸੀ ਤੇ ਪਰਾਈਆਂ ਜੀਵਨ-ਵਿਧੀਆਂ ਤੇ ਰਹਿਤਲ-ਜੁਗਤਾਂ ਨੂੰ ਦਬਾਦਬ ਧਾਰਨ ਕਰਨਾ ਸ਼ੁਰੂ ਕਰ ਦਿੰਦੀ ਹੈ। ਮੱਧਕਾਲੀ ਭਾਰਤ ਵਿਚ ਮੁਗ਼ਲਾਂ ਦੇ ਜ਼ਮਾਨੇ ਵਿਚ, ਇਸੇ ਤਰ੍ਹਾਂ ਦਾ ਮਾਹੌਲ ਸੀ। ਲੋਕਾਈ ਇਸ ਮਾਹੌਲ ਤੋਂ ਪ੍ਰਭਾਵਿਤ ਸੀ, ਪਰ ਪਰੰਪਰਾ ਦੇ ਰਾਖੇ ਭਗਤ, ਸੰਤ ਤੇ ਗੁਰੂ ਇਸ ਤੋਂ ਨਿਰਾਸ ਹੋ ਕੇ ਇਸ ਸੰਬੰਧੀ ਪ੍ਰਤੀਉਤੱਰਸ਼ੀਲ ਸਨ। ਇਸ ਤਰ੍ਹਾਂ ਲੋਕਾਈ ਉਪੱਦਰ ਦਾ ਸ਼ਿਕਾਰ ਸੀ ਪਰ ਭਗਤਾਂ, ਸੰਤਾਂ ਤੇ ਗੁਰੂਆਂ ਦੀ ਲਹਿਰ, ਇਸ ਉਪੱਦਰ ਦਾ ਮੁਕਾਬਲਾ ਕਰਨ ਵਾਲੀ ਸੀ। ਇਸੇ ਉਪੱਦਰ ਨੂੰ ਭਗਤਾਂ, ਸੰਤਾਂ ਤੇ ਗੁਰੂਆਂ ਨੇ ਆਪਣੀ ਪ੍ਰਤੀਉਤੱਰਸ਼ੀਲ ਦ੍ਰਿਸ਼ਟੀ ਦੁਆਰਾ ਧਰਮ ਦੀ-ਪੁਨਰ-ਸਥਾਪਨਾ ਕਿਹਾ ਹੈ। ਬਦਲੇ ਹੋਏ ਹਾਲਾਤ ਦੇ ਪ੍ਰਸੰਗ ਵਿਚ ਪਰੰਪਰਾ ਦੇ ਆਧਾਰ ਉਪਰ ਖੜੀ ਮਰਿਆਦਾ ਨੂੰ ਉਸ ਦੇ ਆਪਣੇ ਸੰਤੁਲਨ ਵਿਚ ਕਾਇਮ ਕਰਨ ਦਾ ਯਤਨ ਭਾਰਤੀ ਦ੍ਰਿਸ਼ਟੀ ਤੋਂ ਧਰਮ ਸਥਾਪਤੀ ਹੀ ਹੈ ਤੇ ਗੁਰੂ ਨਾਨਕ ਦੇਵ ਨਿਸ਼ਚੇ ਹੀ ਇਸ ਧਰਮ ਸਥਾਪਤੀ ਦੇ ਆਲੰਬਰਦਾਰ ਸਨ।

ਇਸ ਤੋਂ ਪਹਿਲਾਂ ਕਿ ਜਪੁ ਜੀ ਦੇ ਆਧਾਰ ਉਤੇ ਗੁਰੂ ਨਾਨਕ ਦੇਵ ਦੀ ਧਰਮ ਆਧਾਰੀ ਦ੍ਰਿਸ਼ਟੀ ਨੂੰ ਉਘਾੜਿਆ ਜਾਵੇ, ਇਹ ਜਾਣ ਲੈਣਾ ਜ਼ਰੂਰੀ ਹੈ ਕਿ ਮੱਧਕਾਲੀ ਭਾਰਤ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਰਾਜਨੈਤਿਕ ਪ੍ਰਬੰਧ ਸਥਾਪਿਤ ਹੋ ਚੁੱਕਾ ਸੀ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਬੰਧ ਵਿਚ ਹਾਕਮ ਤੇ ਮਹਿਕੂਮ ਦੀ ਪਰਵਿਰਤੀ ਸਭਿਆਚਾਰ ਦੇ ਅਵਚੇਤਨ ਵਿਚ ਇਸ ਤਰ੍ਹਾਂ ਪਰਵੇਸ਼ ਹੋ ਚੁੱਕੀ ਸੀ ਕਿ ਇਸ ਨੂੰ ਮਾਨਵੀ ਤਥਾ ਸਭਿਆਚਾਰਕ ਕੀਮਤ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ ਜਾਂ ਉਨ੍ਹਾਂ ਦੇ ਨਾਲ ਨਾਲ ਹੋਏ ਭਗਤਾਂ ਤੇ ਸੰਤਾ ਨੇ ਇਸ ਸਾਰੀ ਗਲ ਨੂੰ ਠਾਕਰ ਤੇ ਦਾਸ ਦੇ ਰਿਸ਼ਤੇ ਵਿਚ ਢਾਲ ਲਿਆ। ਜਰਵਾਣੇ ਹਾਕਮ ਦੇ ਮੁਕਾਬਲੇ ਉਪਰ ਆਪਣਾ ਠਾਕੁਰ ਸਿਰਜ ਲਿਆ ਅਤੇ ਇਸ ਠਾਕਰ ਦੇ ਗੁਣ ਜਿਵੇਂ ਗੁਰਬਾਣੀ ਸੰਕਲਿਤ ਕਰਦੀ ਹੈ, 'ਸਦ ਬਖਸਿੰਦ ਸਦਾ ਮਿਹਰਬਾਨਾ' ਦੇ ਬਣਾ ਲਏ ਤੇ ਆਪ ਪੂਰੀ ਨਿਰਮਾਨਤਾ ਸਹਿਤ ਇਸ ਦੀ ਅਧੀਨਗੀ ਨੂੰ, ਬਿਨਾਂ ਕਿਸੇ ਪ੍ਰਤੀਕਰਮ ਦੇ, ਕਬੂਲਣ ਲਗੇ।

ਇਸ ਸਾਰੀ ਗੱਲ ਨੂੰ ਭਗਤਾਂ, ਸੰਤਾਂ ਨੇ ਇਕ ਪ੍ਰਵਚਨ ਦਾ ਰੂਪ ਦਿੱਤਾ। ਇਹ ਪ੍ਰਵਚਨ ਰਾਜਨੀਤਕ ਕੋਟੀਆਂ ਨੂੰ ਸਾਂਸਕ੍ਰਿਤਿਕ ਕਦਰਾਂ ਕੀਮਤਾਂ ਵਿਚ ਤਬਦੀਲੀ ਕਰਦਾ ਹੈ ਤੇ ਉਸ ਵਿਚੋਂ ਆਪਣੀ ਮਾਨਸਿਕਤਾ ਨੂੰ ਚੜ੍ਹਦੀ ਕਲਾ ਵਿਚ ਰਖਣ ਦਾ ਸੰਦੇਸ਼ ਪ੍ਰਾਪਤ ਕਰਦਾ ਹੈ। ਇਹ ਪ੍ਰਵਚਨ-ਸ਼ਕਤੀ ਹੈ ਜੋ ਭਾਰਤੀ ਪਰੰਪਰਾ ਦੇ ਮਰਯਾਦਾਗਤ ਵਿਨਿਆਸ ਨੂੰ ਆਧਾਰ ਬਣਾ ਕੇ ਸਮੇਂ ਦੀਆਂ ਰਾਜਨੀਤਕ ਕੋਟੀਆਂ ਨੂੰ ਸਭਿਆਚਾਰਕ ਪ੍ਰਵਚਨ ਵਿਚ ਤਬਦੀਲ ਕਰਦੀ ਹੈ ਤੇ ਇਸ ਤਰ੍ਹਾਂ ਆਪਣੇ ਸਮੇਂ ਦੇ ਥਿੜਕੇ ਤਾਲ ਨੂੰ ਕਾਇਮ ਰਖਣ ਦਾ ਕਾਰਜ ਕਰਦੀ ਹੈ। ਇਹ ਹੀ ਧਰਮ ਰਖਿਆ ਤਥਾ ਧਰਮ-ਦ੍ਰਿਸ਼ਟੀ ਹੈ।

ਗੁਰੂ ਨਾਨਕ ਦੇਵ ਇਸੇ ਧਰਮ ਦ੍ਰਿਸ਼ਟੀ ਦੇ ਮਾਰਗ ਉਤੇ ਚਲਦੇ ਹਨ ਅਤੇ ਇਸੇ ਸੇਧ ਵਿਚ ਆਪਣਾ ਵਿਸ਼ੇਸ਼ ਪ੍ਰਕਾਰ ਦਾ ਪ੍ਰਵਚਨ ਸਿਰਜਦੇ ਹਨ। ਇਹ ਪ੍ਰਵਚਨ ਅੱਜ ਗੁਰਬਾਣੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਪ੍ਰਵਚਨ ਦਾ ਇਕ ਪਹਿਲੂ ਹੋਰ ਭੀ ਹੈ। ਠਾਕਰ ਦੀ ਪੂਜਾ ਵਿਚ ਜੁੜਨਾ, ਉਸ ਦੀ ਤਾਬਿਆ ਵਿਚ ਬਹਿਣਾ, ਸਮਕਾਲੀ ਹਕੂਮਤ ਦੀ ਮਜਬੂਰੀ ਦਾ ਨਤੀਜਾ ਹੈ। ਪਰ ਇਸ ਸ਼ਿਸ਼ਟਾਚਾਰਕ ਮੁਦਰਾ ਦੀ ਡੂੰਘੀ ਤਹਿ ਵਿਚ ਵਿਦਰੋਹ ਦੀ ਭਾਵਨਾ ਨਿਰੰਤਰ ਸਥਗੱਤ ਹੁੰਦੀ ਰਹਿੰਦੀ ਹੈ ਅਤੇ ਸ਼ਿਸ਼ਟਾਚਾਰਕ ਕੀਮਤਾਂ ਜੋ ਪ੍ਰਵਚਨ ਦੇ ਉਪਰਲੇ ਸਥਲ ਉਪਰ ਆ ਜਾਂਦੀਆਂ ਹਨ, ਇਸ ਨੂੰ ਕਜੀ ਰਖਦੀਆਂ ਹਨ। ਪਰ ਭਾਵਨਾ ਜਦੋਂ ਪ੍ਰਬਲ ਹੁੰਦੀ ਹੈ, ਉਸ ਦਾ ਵਿਦਰੋਹੀ ਸੁਰ, ਵੇਸ ਵਟਾ ਵਟਾ ਕੇ ਜ਼ਾਹਰ ਹੋ ਹੀ ਜਾਂਦਾ ਹੈ। ਭਗਤ ਰਵਿਦਾਸ ਆਪਣੀ ਧਰਮ-ਦ੍ਰਿਸ਼ਟੀ, ਨਿਰਮਾਨਤਾ, ਸਦਭਾਵਨਾ, ਪ੍ਰੇਮ ਤੇ ਅਧਿਆਤਮਕਤਾ ਆਦਿ ਉਪਰ ਆਧਾਰਿਤ ਕਰਦਾ ਹੈ ਪਰ ਉਸ ਦਾ ਪ੍ਰਵਚਨ ਇਹ ਸੰਦੇਸ਼ ਵੀ ਦੇਂਦਾ ਹੈ ਕਿ ਮੈਂ ਤਾਂ ਇਕ ਐਸੇ ਵਤਨ ਦਾ ਵਾਸੀ ਹਾਂ ਜਿਥੇ ਕਿਸੇ ਤਰ੍ਹਾਂ ਦਾ ਕੋਈ ਅੰਕੁਸ਼ ਨਹੀਂ, ਕੋਈ ਮਹਿਕੂਮ ਨਹੀਂ। ਅਵਲ ਤੇ ਦੋਇਮ ਦਰਜੇ ਦੀਆਂ ਕੋਈ ਕੋਟੀਆਂ ਨਹੀਂ। ਪੂਰੀ ਆਜਾਦੀ ਦਾ ਦੇਸ਼ ਹੈ। ਕਹਿੰਦਾ ਤਾਂ ਉਹ ਇਹ ਹੈ ਕਿ ਮੈਂ ਮਾਨਸਿਕ ਤੌਰ ਉਤੇ ਇਸ ਦੇਸ਼ ਵਿਚ ਵਿਚਰਦਾ ਹਾਂ ਪਰ ਅਸਲ ਵਿਚ ਵਾਸਤਵਿਕ ਪ੍ਰਸਥਿਤੀਆਂ ਪ੍ਰਤੀ ਵਿਦ੍ਰੋਹ ਦਾ ਇਹ ਸੁਰ ਰਤਾ ਕੁ ਸ਼ਿਸ਼ਟਾਚਾਰ ਦੇ ਮੰਨੇ ਹੋਏ ਸੁਰ ਤੋਂ ਵੀ ਅਲਗ ਹੈ। ਇਵੇਂ ਲਗਦਾ ਹੈ ਕਿ ਇਥੇ ਵਿਦ੍ਰੋਹੀ ਭਾਵਨਾ ਸ਼ਿਸ਼ਟਾਚਾਰ ਦੇ ਪਰਦਿਆਂ ਤੋਂ ਬਾਹਰ ਝਾਕ ਰਹੀ ਹੈ। ਪਰ ਕੁਲ ਮਿਲਾ ਕੇ ਭਗਤਾਂ, ਸੰਤਾਂ ਵਿਚ ਧਰਮ-ਸਥਾਪਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਵਾਲਾ ਪ੍ਰਵਚਨ ਰਾਜਨੀਤਕ ਕੋਟੀਆਂ ਨੂੰ ਸਭਿਆਚਾਰਕ ਕਦਰਾਂ ਵਿਚ ਤਬਦੀਲ ਕਰ ਕੇ ਅਧਿਆਤਮਕਤਾ ਵਿਚ ਵਿਲੀਨ ਹੋਣ ਦਾ ਭਾਵ ਹੀ ਦੇਂਦਾ ਹੈ। ਗੁਰੂ ਨਾਨਕ ਦੇਵ ਪ੍ਰਵਚਨ ਦੀ ਇਸ ਪਰਵਿਰਤੀ ਨੂੰ ਅਚੇਤ ਪਰਵਿਰਤੀ ਸਮਝਦੇ ਹਨ, ਇਸ ਲਈ ਉਹ ਸਮੇਂ ਦੀ ਹਕੂਮਤ ਨੂੰ ਤਾਂ ਆਪਣੇ ਦ੍ਰਿਸ਼ਟੀਸੰਪੰਨ ਪ੍ਰਤੀਉਤੱਰ ਦੀ ਪੱਧਰ ਉਤੇ ਮਿਲਦੇ ਹੀ ਹਨ, ਉਹ ਭਗਤਾਂ-ਸੰਤਾਂ ਦੇ ਸ਼ਿਸ਼ਟਾਚਾਰਕ ਵਤੀਰੇ ਵਾਲੇ ਪ੍ਰਵਚਨ ਨੂੰ ਵੀ ਸਾਵਧਾਨ ਹੋ ਕੇ ਮਿਲਦੇ ਹਨ। ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ ਪ੍ਰਤੀਉਤੱਰ ਰਾਜਨੈਤਿਕਤਾ ਤੇ ਸ਼ਿਸ਼ਟਾਚਾਰਕਤਾ ਦੋਹਾਂ ਨੂੰ ਸਾਵਧਾਨੀ ਦੀ ਪੱਧਰ ਉਪਰ ਆਪਣੀ ਚਰਚਾ-ਪਰਿਚਰਚਾ ਦਾ ਵਿਸ਼ੇ ਬਣਾ ਕੇ ਚਲਦਾ ਹੈ। ਇਸ ਲਈ ਗੁਰੂ ਨਾਨਕ ਦੇ ਪ੍ਰਵਚਨ ਵਿਚ ਪ੍ਰਵਚਨ ਤਾਂ ਹੈ ਹੀ, ਪ੍ਰਵਚਨ-ਵਿਗਿਆਨ ਵੀ ਸ਼ਾਮਲ ਹੋ ਜਾਂਦਾ ਹੈ। ਇਸ ਪ੍ਰਵਚਨ ਤੇ ਪ੍ਰਵਚਨ-ਵਿਗਿਆਨ ਵਿਚਲਾ ਸਾਰਾ ਸੰਦੇਸ਼ ਬੜੀ ਆਸਾਨੀ ਨਾਲ ਧਰਮ ਤੇ ਧਰਮ-ਵਿਗਿਆਨ ਦੇ ਅਰਥ ਦੇ ਜਾਂਦਾ ਹੈ। ਸੋ ਸਾਡੀ ਜਾਚੇ ਗੁਰੂ ਨਾਨਕ ਦੇਵ ਧਰਮ ਦੀ ਸਥਾਪਨਾ ਵੀ ਕਰਦੇ ਹਨ ਤੇ ਧਰਮ-ਵਿਗਿਆਨ ਦੀ ਗਲ ਵੀ ਸਮਝਾਂਦੇ ਹਨ।

ਪਿਛੇ ਅਸੀਂ ਧਰਮ-ਸਥਾਪਨਾ ਦੀ ਸਮਸਿਆ ਨੂੰ ਵਿਕ੍ਰਿਤ ਸਮਾਜਕ ਸੰਤੁਲਨ ਨੂੰ ਬਰਕਰਾਰ ਕਰਨ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਅਸੀਂ ਆਪਣੀ ਗਲ ਨੂੰ ਦੁਹਰਾਉਂਦੇ ਹੋਏ, ਵਿਆਖਿਆ ਵਜੋਂ, ਇਸ ਸੰਬੰਧ ਵਿਚ ਇਹ ਗੱਲ ਕਹਿਣੀ ਚਾਹਵਾਂਗੇ ਕਿ ਧਰਮ ਅਸਲ ਵਿਚ ਮਾਨਵੀ ਸਦਭਾਵਨਾ ਦਾ ਵਾਯੂਮੰਡਲ ਪ੍ਰਸਤੁਤ ਕਰਦਾ ਹੈ। ਅਸੀਂ ਅਭਿਆਸੀ ਵਿਆਖਿਆ ਦੇ ਰਾਹ ਤੁਰਦੇ ਧਰਮ ਨੂੰ ਅਖਾਉਤੀ ਅਧਿਆਤਮਕਤਾ ਨਾਲ ਜੋੜਨ ਦੇ ਆਦੀ ਹਾਂ। ਪਰ ਰਤਾ ਕੁ ਡੂੰਘੇਰੀ ਦ੍ਰਿਸ਼ਟੀ ਤੋਂ ਵੇਖਿਆਂ ਸਾਨੂੰ ਗੱਲ ਸਮਝ ਆਉਂਦੀ ਹੈ ਕਿ ਧਰਮ ਮਾਨਵੀ ਸਮਾਜ ਤੇ ਸਭਿਆਚਾਰ ਦੀ ਹੀ ਘਾੜਤ ਹੈ। ਧਰਮ-ਵਿਗਿਆਨੀਆਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਅਨਾਚਾਰੀ ਨਿਰੰਤਰਤਾ ਵਿਚੋਂ ਧਰਮ ਹੀ ਸਦਾਚਾਰੀ ਸੰਜਮ ਪੈਦਾ ਕਰਦਾ ਹੈ। ਇਹ ਅਸਲ ਵਿਚ ਪ੍ਰਕਿਰਤੀ ਨੂੰ ਉਲੰਘ ਕੇ ਸੰਸਕ੍ਰਿਤੀ ਵਿਚ ਸ਼ਾਮਲ ਹੋਣ ਦੀ ਪਰਵਿਰਤੀ ਹੈ। ਆਖਰਕਾਰ ਧਰਮ ਦੀ ਕੇਂਦਰੀ ਸਮਸਿਆ ਤਾਂ ਜ਼ਿੰਦਗੀ ਦੇ ਅਰਥ ਸਮਝਾਣ ਦੀ ਹੈ ਤੇ ਸੰਸਕ੍ਰਿਤੀ-ਵਿਗਿਆਨੀਆਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਹੋਂਦਾਂ ਦੇ ਪਦਾਰਥਕ ਜਗਤ ਨੂੰ ਉਲੰਘ ਕੇ ਸਾਰਥਕਤਾ ਦੇ ਜਗਤ ਵਿਚ ਉਤਰਨਾ ਹੀ ਸਭਿਆਚਾਰ ਹੈ। ਸਭਿਆਚਾਰ ਵਿਚ ਮਨੁੱਖ ਪਦਾਰਥਕਤਾ ਨੂੰ ਸਾਰਥਕਤਾ ਵਿਚ ਬਦਲਦਾ ਹੈ। ਪਦਾਰਥਕਤਾ ਆਪਣੇ ਪ੍ਰਾਕਿਰਤਿਕ ਰੂਪ ਵਿਚ ਦੇਸ਼, ਕਾਲ, ਕਾਰਣ ਦੇ ਅੰਤਰਗਤ ਉਪਜਦੀ, ਨਿਪਜਦੀ ਤੇ ਬਿਨਸਦੀ ਹੈ। ਸਾਰਥਕਤਾ ਦੇ ਜਗਤ ਵਿਚ ਪਦਾਰਥਕਤਾ ਦੇ ਸਾਰੇ ਪਹਿਲੂ ਇਕ ਸ਼ਾਬਦਿਕ ਰੂਪਾਂਤਰਣ ਵਿਚ ਢਲ ਜਾਂਦੇ ਹਨ। ਇਸ ਜਗਤ ਵਿਚ ਭਾਸ਼ਾ ਤੇ ਪ੍ਰਤੀਕ ਪ੍ਰਧਾਨ ਹੋ ਜਾਂਦਾ ਹੈ। ਪਦਾਰਥਕਤਾ ਇਨ੍ਹਾਂ ਦੇ ਅਧੀਨ ਪੁਨਰ-ਸੰਗਠਨ ਵਿਚ ਪ੍ਰਾਕਿਰਤਿਕ ਬੱਜਰਪੁਣਾ, ਸਾਂਸਕ੍ਰਿਤਿਕ ਸ਼ਿਸ਼ਟਾਚਾਰ ਦਾ ਰੂਪ ਧਾਰਨ ਕਰ ਲੈਂਦਾ ਹੈ। ਅਜਿਹੀ ਸਥਿਤੀ ਵਿਚ ਦਇਆ ਤੇ ਅਹਿੰਸਾ ਇਕ ਸੰਸਕਾਰ ਗ੍ਰੰਥੀ ਵਾਂਗ ਸਮੁੱਚੇ ਸ਼ਿਸ਼ਟਾਚਾਰ ਦੀਆਂ ਸੰਸਕਾਰਕ ਗ੍ਰੰਥੀਆਂ ਬਣ ਨਿਬੜਦੀਆਂ ਹਨ। ਇਹ ਸਾਂਸਕ੍ਰਿਤਿਕ ਗ੍ਰੰਥੀਆਂ ਜਦ ਤੀਕ ਪ੍ਰਕਿਰਤੀ ਨੂੰ ਆਪਣੀ ਅਹਿੰਸਾਮੂਲਕ ਟਕਸਾਲ ਵਿਚ ਨਾ ਢਾਲ ਲੈਣ, ਸਾਂਸਕ੍ਰਿਤਿਕ ਖੇਤਰ ਵਿਚ ਦਾਖਿਲ ਨਹੀਂ ਹੋਣ ਦਿੰਦੀਆਂ। ਇਹ ਪਰਵਿਰਤੀ ਹੀ ਧਰਮ ਹੈ ਅਤੇ ਇਹ ਧਰਮ, ਮਾਨਵੀ ਸਭਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਲੌਕਿਕ ਤੇ ਪਾਰਲੌਕਿਕ ਦੋਹਾਂ ਜਹਾਨਾਂ ਵਿਚ ਸਫਰ ਕਰਦਾ ਹੈ । ਲੌਕਿਕਤਾ ਦੇ ਦੇਸ ਵਿਚ ਇਹ ਆਪ ਪ੍ਰਪੰਚ ਦੇ ਦ੍ਰਿਸ਼ਾਂ ਦੀ ਪਿੱਠਭੂਮੀ ਵਿਚ ਲੁਕ ਜਾਂਦਾ ਹੈ ਤੇ ਸਾਰੇ ਖਲਜਗਨ ਨੂੰ ਸਾਂਭਣ ਤੇ ਨਜਿੱਠਣ ਦਾ ਕਾਰਜ ਕਰਦਾ ਹੈ । ਪਾਰਲੌਕਿਕ ਦੇਸ਼ ਵਿਚ ਇਹ ਆਪਣੀ ਵਿਸ਼ੁਧ ਤੇ ਪਰਿਸ਼ੁਧ ਪਛਾਣ ਵਿਚ ਜ਼ਾਹਰ ਹੁੰਦਾ ਹੈ । ਇਥੇ ਇਸ ਦਾ ਸਾਰਾ ਸਰੂਪ ਅਤਿਅੰਤ ਸੰਕਲਪੀ ਹੋ ਜਾਂਦਾ ਹੈ । ਇਹ ਸਾਰਾ ਚੱਕਰ ਵਿਹਾਰ ਤੇ ਸਿਧਾਂਤ ਦਾ ਹੈ । ਵਿਹਾਰਕ ਪੱਧਰ ਉਤੇ ਧਰਮ ਨਿਤਾਪ੍ਰਤੀ ਜੀਵਨ ਦੇ ਸੰਜਮ ਸੰਤੁਲਨ ਨੂੰ ਬਰਕਰਾਰ ਰਖਦਾ ਹੈ ਤੇ ਸਿਧਾਂਤਕ ਪੱਧਰ ਉਤੇ ਇਹ ਧਰਮ ਦੇ ਵਿਸ਼ੁਧ ਨੇਮ-ਸਿਧਾਂਤ ਨੂੰ ਦਰਸਾਂਦਾ ਹੈ ।

ਗੁਰੂ ਨਾਨਕ ਦੇਵ ਦੇ ਜੀਵਨ ਤੇ ਬਾਣੀ ਨੂੰ ਧਰਮ ਦੀ ਉਪਰੋਕਤ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਯਾਤਰਾ ਵਿਹਾਰ ਤੋਂ ਸਿਧਾਂਤ ਵਲ ਦੀ ਹੈ । ਆਪਣੀ ਧਰਮਸੰਪੰਨ ਦ੍ਰਿਸ਼ਟੀ ਦੁਆਰਾ ਜਦੋਂ ਉਹ ਆਪਣੇ ਸਮਸਿਆਗ੍ਰਸਤ ਜ਼ਮਾਨੇ ਨੂੰ ਵੇਖਦੇ ਹਨ ਤਾਂ ਉਹ ਹਰ ਕਦਮ ਉਤੇ ਪਹਿਲਾਂ ਸਮਸਿਆਵਾਂ ਦਾ ਵੇਰਵਾ ਦੇਂਦੇ ਹਨ ਤੇ ਫਿਰ ਉਨ੍ਹਾਂ ਨਾਲ ਨਜਿੱਠਣ ਦੀ ਗੱਲ ਸਮਝਾਂਦੇ ਹਨ । ਉਹ ਆਪਣੀਆਂ ਸਮਕਾਲੀ ਸਮਸਿਆਵਾਂ ਦੇ ਐਨ ਵਿਚਕਾਰ ਖੜੇ ਹਨ । ਉਨ੍ਹਾਂ ਦੇ ਸਾਰੇ ਪ੍ਰਭਾਵ ਨੂੰ ਕਬੂਲ ਵੀ ਕਰ ਰਹੇ ਹਨ ਤੇ ਸਮਝ ਵੀ ਰਹੇ ਹਨ । ਬਾਬਰਵਾਣੀ ਦੇ ਸ਼ਬਦ, ਆਸਾ ਦੀ ਵਾਰ ਮਹਲਾ ੧, ਮਾਝ ਦੀ ਵਾਰ ਮਹਲਾ ੧ ਆਦਿ ਬਾਣੀਆਂ ਵਿਚ ਉਹ ਇਸੇ ਪ੍ਰਕਾਰ ਦੀ ਸਥਿਤੀ ਵਿਚ ਹਨ । ਇਨ੍ਹਾਂ ਬਾਣੀਆਂ ਵਿਚ ਜ਼ੋਰ ਜ਼ੁਲਮ ਦੁਆਰਾ ਹੋਈ ਬਰਬਾਦੀ ਦਾ ਵੀ ਜ਼ਿਕਰ ਹੈ, ਮਾਨਵੀ ਕੀਮਤਾਂ ਦੇ ਖੈ ਹੋ ਜਾਣ ਦਾ ਅਫਸੋਜ਼ਦਾ ਬਿਆਨ ਹੈ ਅਤੇ ਮਰਿਆਦਾ ਦੇ ਆਧਾਰ ਉਤੇ ਉਸਰੀ ਹੋਈ ਆਪਣੀ ਦੇਸੀ ਪਛਾਣ ਨੂੰ ਕਾਇਮ ਰਖਣ ਦੀ ਸਮਸਿਆ ਵੀ ਮੌਜੂਦ ਹੈ । ਇੰਜ ਲਗਦਾ ਹੈ ਕਿ ਗੁਰੂ ਨਾਨਕ ਦੇਵ ਇਕ ਦੁਸ਼ਟਦਮਨ ਦੇ ਰੂਪ ਵਿਚ ਆਪਣੇ ਵੇਲੇ ਦੇ ਸਾਰੇ ਮਸਲਿਆਂ ਨਾਲ ਜੂਝ ਰਹੇ ਹਨ ਅਤੇ ਥਾਂ ਪਰ ਥਾਂ ਧਾਰਮਿਕ ਕੀਮਤਾਂ ਨੂੰ ਕਾਇਮ ਕਰਨ ਦੀ ਚੇਤਾਵਨੀ ਵੀ ਦੇਂਦੇ ਹਨ । ਪਰ ਇਨ੍ਹਾਂ ਸਾਰੀਆਂ ਬਾਣੀਆਂ ਵਿਚ ਗੁਰੂ ਨਾਨਕ ਦੇਵ ਧਰਮ ਨੂੰ ਮਾਨਵੀ, ਸਮਾਜਕ ਤੇ ਸਭਿਆਚਾਰਕ ਵਾਯੂਮੰਡਲ ਨਾਲ ਜੋੜ ਰਹੇ ਹਨ । ਇਹ ਸਾਰੀ ਸਮਸਿਆ ਵਿਹਾਰ-ਖੰਡ ਵਿਚ ਧਰਮ ਦੀ ਅਹਿਮੀਅਤ ਨੂੰ ਦ੍ਰਿੜ੍ਹ ਕਰਨ ਦੀ ਹੈ । ਇਸ ਪ੍ਰਸੰਗ ਵਿਚ ਗੁਰੂ ਨਾਨਕ ਜੇਕਰ ਧਰਮ ਸੰਬੰਧੀ ਕੋਈ ਟਿੱਪਣੀ ਵਿਸ਼ੁਧ ਅਧਿਆਤਮਕਤਾ ਦੇ ਬਿੰਦੂ ਤੋਂ ਕਰਦੇ ਵੀ ਹਨ ਤਾਂ ਉਸੇ ਪਲ ਉਹ ਇਹ ਵੀ ਕਹਿ ਦੇਂਦੇ ਹਨ ਕਿ ਇਹ ਅਧਿਆਤਮਕਤਾ, ਸੰਸਾਰ ਦੇ ਵਿਰਾਟ ਪਸਾਰੇ ਵਿਚ ਸਮਾਈ ਹੋਈ ਹੈ । ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਕਿ :

'ਆਪੀਨੈ ਆਪਿ ਸਾਜਿਓ, ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥'

ਵਾਲੀ ਅਧਿਆਤਮਕਤਾ ਇਸੇ ਖੰਡ ਨਾਲ ਸੰਬੰਧਿਤ ਹੈ । ਇਸ ਵਿਚ ਅਧਿਆ-ਤਮਕਤਾ ਸੰਸਾਰਾ-ਵਿਹਾਰ ਦੀ ਵਿਆਕਰਣ ਦੇ ਰੂਪ ਵਿਚ ਵਿਆਪਕ ਹੈ ਤੇ ਉਹ ਹੀ ਆਚਾਰ-ਵਿਹਾਰ ਦੀ ਹਰ ਪ੍ਰਸਥਿਤੀ ਨੂੰ ਹਰ ਪੱਧਰ ਉਤੇ ਸੂਤ੍ਰਿਤ ਕਰਨ ਦਾ ਕਾਰਜ ਕਰਦੀ ਹੈ । ਪਰ ਗੁਰੂ ਨਾਨਕ ਦੇਵ ਦੀ ਬਾਣੀ ਦਾ ਦੂਸਰਾ ਖੰਡ ਜਿਸ ਨੂੰ ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧਾਂਤ-ਖੰਡ ਕਹਿੰਦੇ ਹਾਂ, ਵਿਸ਼ੁਧ ਗਿਆਨ-ਸ਼ਾਸਤਰ ਦਾ ਖੰਡ ਹੈ, ਜਿਸ ਵਿਚ ਸਿਧਾਂਤ ਨੂੰ ਮਾਨਵੀ ਜੀਵਨ, ਵਿਹਾਰ ਤੇ ਸਭਿਆਚਾਰ ਦੇ ਨਿਰਮਾਨ ਦੇ ਵਿਗਿਆਨ ਦੇ ਅਰਥਾਂ ਵਿਚ ਰਖਿਆ ਜਾ ਸਕਦਾ ਹੈ। 'ਜਪੁ' ਜੀ ਇਸੇ ਦੀ ਪ੍ਰਤੀਨਿਧਤਾ ਕਰਨ ਵਾਲੀ ਬਾਣੀ ਹੈ। ਇਸੇ ਲਈ ਪਰੰਪਰਾ ਵਿਚ ਇਹ ਆਉਂਦਾ ਹੈ ਕਿ ਇਹ ਬਾਣੀ ਗੁਰੂ ਜੀ ਨੇ ਉਸ ਇਕਾਗਰਤਾ ਦੇ ਦੌਰਾਨ ਲਿਖੀ, ਜਦੋਂ ਉਹ ਸਮਸਿਆਗ੍ਰਸਤ ਰੁਝੇਵਿਆਂ ਵਿਚੋਂ ਫਾਰਗ ਹੋ ਕੇ ਸਮਾਧੀ ਦੀ ਅਵਸਥਾ ਵਿਚ ਚਿੰਤਨ ਕਰਨ ਲਗੇ।

ਅਸੀਂ ਦੇਖਦੇ ਹਾਂ ਕਿ 'ਜਪੁ' ਜੀ ਦੇ ਆਦਿ ਵਿਚ ਵੀ ਅਧਿਆਤਮਕਤਾ ਹੈ ਤੇ ਅੰਤ ਵਿਚ ਵੀ ਅਧਿਆਤਮਕਤਾ ਹੈ। ਅਧਿਆਤਮਕਤਾ ਦੇ ਇਨ੍ਹਾਂ ਦੋਹਾਂ ਬਿੰਦੂਆਂ ਦੇ ਵਿਚਕਾਰ ਮਾਨਵੀ ਰੂਪਾਂਤਰਣ ਦਾ ਸਿਧਾਂਤ ਹੈ। 'ਜਪੁ' ਜੀ ਦੇ ਇਸ ਸਰੂਪ ਤੋਂ ਮਗਰੋਂ ਇਹ ਗੱਲ ਵੀ ਵੇਖਣ ਵਿਚ ਆਉਂਦੀ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਆਪਣੇ ਹਰ ਤਰ੍ਹਾਂ ਦੇ ਸੰਕਲਪੀ ਵੇਰਵੇ ਨੂੰ ਨਾਪ ਤੋਲ ਕੇ ਪੇਸ਼ ਕੀਤਾ ਹੈ। ਸਭ ਤੋਂ ਪਹਿਲਾਂ ਜਦੋਂ ਉਹ ਮੂਲ ਮੰਤਰ ਦੀਆਂ ਟੂਕਾਂ ਸਾਡੇ ਸਾਹਮਣੇ ਰਖਦੇ ਹਨ ਤਾਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਇਹ ਟੂਕਾਂ ਅਤਿਅੰਤ ਸੰਕਲਪਸ਼ੀਲ ਇਕਾਗਾਰਤਾ ਵਿਚ ਟਿਕੀਆਂ ਹੋਈਆਂ ਟੂਕਾਂ ਹਨ। ਇਨ੍ਹਾਂ ਰਾਹੀਂ ਗੁਰੂ ਨਾਨਕ ਦੇਵ ਆਪਣੀ ਧਰਮੀ ਅਧਿਆਤਮਕਤਾ ਦੀ ਗ੍ਰਾਮਰ ਦੇ ਨਿਰਪੇਖਕ ਸਰੂਪ ਨੂੰ ਨਿਖਰਵੇਂ ਤੇ ਅਤਿਅੰਤ ਸੰਕੋਚਵੇਂ ਰੂਪ ਵਿਚ ਪੇਸ਼ ਕਰ ਰਹੇ ਹਨ।

'੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥' ਤਕ ਦੀ ਸਾਰੀ ਸ਼ਬਦਾਵਲੀ ਪਰੰਪਰਾ ਵਿਚੋਂ ਲਈ ਗਈ ਹੈ ਪਰ ਇਸ ਪਰੰਪਰਾਈ ਸ਼ਬਦਾਵਲੀ ਵਿਚ ਜੋ ਸੰਦੇਸ਼ ਕੋਡਬਧ ਕੀਤਾ ਹੈ, ਉਹ ਗੁਰੂ ਨਾਨਕ ਦੇਵ ਦਾ ਆਪਣਾ ਹੈ। ਇਸ ਵਿਚ ਪਰੰਪਰਾਈ ਨਿਰੰਤਰਤਾ ਤੇ ਗਿਆਨ ਸ਼ਾਸਤਰੀ ਭੰਜਨ ਦਾ ਦ੍ਵੰਦ ਮੌਜੂਦ ਹੈ। ਇਕ ਤਾਂ ਇਸ ਵਿਚ ਪੂਰਾ ਜ਼ੋਰ ਇਕ ਉਪਰ ਦਿੱਤਾ ਗਿਆ ਹੈ। 'ਇਕ', 'ਬਹੁ' ਦੇ ਉਲਟ ਹੁੰਦਾ ਹੈ। 'ਬਹੁ' ਪ੍ਰਦੱਤ ਹੈ ਤੇ 'ਇਕ' ਨੂੰ 'ਬਹੁ' ਵਿਚੋਂ ਲੰਘ ਕੇ ਪਾਉਣਾ ਪੈਂਦਾ ਹੈ। ਇਕ ਉਪਰ ਜ਼ੋਰ ਦੇਣ ਨਾਲ ਅਧਿਆਤਮਕਤਾ ਦੀ ਅਵਗਤ ਵਿਸ਼ੁਧਤਾ ਸਾਹਮਣੇ ਆਉਂਦੀ ਹੈ ਤੇ ਓਅੰਕਾਰ ਇਸ ਦੇ ਅਧੀਨ ਹੋ ਜਾਂਦਾ ਹੈ। ਓਅੰਕਾਰ ਵਿਚ ਧੁਨੀ ਦੀ ਵਿਆਪਕਤਾ ਵੀ ਹੈ ਤੇ ਵਿਸ਼ਵ ਦੀ ਵਿਆਪਕਤਾ ਵੀ ਹੈ। ਅਰਥਾਤ ਇਸ ਵਿਚ ਨਾਦ ਤੇ ਵੇਦ ਆਪਣੀ ਵਿਆਪਕਤਾ ਵਿਚ ਬੰਨ੍ਹੇ ਹੋਏ ਹਨ। ਗੁਰੂ ਸਾਹਿਬ ਨੇ ਇਸ ਤਰ੍ਹਾਂ ਓਅੰਕਾਰ ਤਥਾ ਨਾਦ ਤੇ ਵੇਦ ਦੇ ਬਹੁਬਿਧ ਰੰਗਲੇ ਤੇ ਵਿਸਤ੍ਰਿਤ ਪ੍ਰਪੰਚ ਨੂੰ ਇਕ ਦੇ ਅਧੀਨ ਕੀਤਾ ਹੈ। ਇਹ ਧਰਮ ਤਾਂ ਹੈ ਹੀ ਪਰ ਇਹ ਧਰਮ ਨਾਲੋਂ ਕਿਤੇ ਵੱਧ ਧਰਮ-ਵਿਗਿਆਨ ਦੀ ਗੱਲ ਹੈ। ਇਸੀ ਤਰ੍ਹਾਂ ਗੁਰਪ੍ਰਸਾਦਿ ਤਕ ਦੇ ਪਦਾਂ ਦੀ ਇਸੀ ਦਸ਼ਾ ਵਿਚ ਵਿਆਖਿਆ ਹੋ ਸਕਦੀ ਹੈ। ਅਸੀਂ ਸਭ 'ਜਪੁ' ਜੀ ਦੀਆਂ ਇਨ੍ਹਾਂ ਅਰੰਭਲੀਆਂ ਟੂਕਾਂ ਨੂੰ ਮੂਲ ਮੰਤਰ ਵਜੋਂ ਜਾਣਦੇ ਹਾਂ। ਇਨ੍ਹਾਂ ਨੂੰ ਮੂਲ ਮੰਤਰ ਕਹਿਣਾ ਹੀ, ਇਨ੍ਹਾਂ ਦੀ ਵਿਗਿਆਨਕ ਪ੍ਰਮਾਣਕਤਾ ਨੂੰ ਦ੍ਰਿੜ੍ਹ ਕਰਨਾ ਹੈ। ਮੂਲ ਮੰਤਰ ਸਾਡੀ ਸੰਸਥਾਈ ਭਾਸ਼ਾ ਹੈ ਤੇ ਧਰਮ-ਵਿਗਿਆਨ ਸਾਡੀ ਗਿਆਨ-ਸ਼ਾਸਤਰੀ ਭਾਸ਼ਾ ਹੈ।

ਇਸ ਤੋਂ ਉਪਰੰਤ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਵਿਧੀ ਨੂੰ ਵਖਦੇ ਹਾਂ ਤਾਂ ਵੀ ਪਤਾ ਚਲਦਾ ਹੈ ਕਿ ਥਾਂ ਪਰ ਥਾਂ ਜਿਥੇ ਗੁਰੂ ਅਰਜਨ ਦੇਵ ਜੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਵਿਸ਼ੇਸ਼ ਪ੍ਰਕਾਰ ਦੀ ਬਾਣੀ ਦਾ ਅੰਤ ਕਰ ਕੇ, ਅਗਲੀ ਬਾਣੀ ਆਰੰਭੀ ਹੈ, ਉਸ ਦੇ ਆਦਿ ਵਿਚ ਇਸ ਮੂਲ ਮੰਤਰ ਦਾ ਸਮੁੱਚਾ ਜਾਂ ਸੰਖਿਪਤ ਰੂਪ ਅੰਕਿਤ ਕੀਤਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਕਿਉਂ ਹੈ ? ਉੱਤਰ ਹੈ ਕਿ ਇਹ ਵੀ ਧਰਮ-ਵਿਗਿਆਨ ਦੀ ਚੇਤੰਨਤਾ ਦੇ ਅਧੀਨ ਹੈ। ਗੁਰੂ ਸਾਹਿਬ ਨੇ ਇਹ ਸਮਝਿਆ ਹੈ ਕਿ ਬਾਣੀ ਦੀ ਟੈਕਸਟ ਵਿਚੋਂ ਉਪਜਣ ਵਾਲੇ ਅਰਥ-ਵਿਸਥਾਰ ਨੂੰ ਅੰਕੁਸ ਵਿਚ ਰਖਣ ਲਈ ਗੁਰਬਾਣੀ ਦੀ ਆਪਣੀ ਗ੍ਰਾਮਰ ਨੂੰ ਹੀ ਨਾਲ ਰਖਿਆ ਜਾਏ। ਇਸ ਲਈ ਉਸ ਗ੍ਰਾਮਰ ਦਾ ਉਲੇਖ ਪਹਿਲਾਂ ਹੀ ਕਰ ਦਿੱਤਾ ਗਿਆ ਹੈ। ਯਾਦ ਰਹੇ ਕਿ ਇਹ ਗ੍ਰਾਮਰ ਦਾ ਧਰਮ-ਵਿਗਿਆਨ ਨਾਲ ਸੰਬੰਧ ਹੈ। ਸਾਡੇ ਸੰਪਰਦਾਈ ਵਿਦਵਾਨ ਗੁਰਬਾਣੀ ਦੇ ਅਰਥਾਂ ਦੀ ਤਹਿ ਤੀਕ ਜਾਣ ਲਈ ਇਸ ਦੀ ਭਾਸ਼ਾਈ ਗ੍ਰਾਮਰ ਤਕ ਸੀਮਿਤ ਰਹੇ ਹਨ। ਧਰਮ ਦੀ ਗ੍ਰਾਮਰ ਜਾਂ ਰਹਸ ਦੀ ਗ੍ਰਾਮਰ ਉਨ੍ਹਾਂ ਦੀ ਮਾਨਸਿਕਤਾ ਦਾ ਭਾਗ ਨਹੀਂ ਬਣੀ ਅਤੇ ਇਥੇ ਸਾਡਾ ਭਾਵ ਧਰਮ-ਵਿਗਿਆਨ ਦੀ ਗ੍ਰਾਮਰ ਨਾਲ ਸੰਬੰਧਿਤ ਹੈ।

ਆਪਣੇ ਧਰਮ-ਵਿਗਿਆਨ ਨੂੰ ਗੁਰੂ ਨਾਨਕ ਦੇਵ ਸੰਸਕ੍ਰਿਤੀ ਦੇ ਉਸਾਰਨ ਤੇ ਇਸ ਵਿਚੋਂ ਇਕ ਉਚੇਰਾ ਤੇ ਪ੍ਰਬੁਧ ਇਨਸਾਨ ਪੈਦਾ ਕਰਨ ਲਈ ਵਰਤੋਂ ਵਿਚ ਲਿਆਣਾ ਚਾਹੁੰਦੇ ਹਨ। ਇਹ ਹੀ ਕਾਰਨ ਹੈ ਕਿ ਉਹ 'ਜਪੁ' ਜੀ ਵਿਚ ਪਹਿਲਾਂ ਆਪਣੇ ਅਜਿਹੇ ਪੈਰਾਡਾਈਮ ਪੇਸ਼ ਕਰਦੇ ਹਨ ਜੋ ਸਿਧਾਂਤਕ ਪ੍ਰਮਾਣਿਕਤਾ ਵਾਲੇ ਹੋਣ ਤੇ ਉਸ ਤੋਂ ਮਗਰੋਂ ਉਨ੍ਹਾਂ ਨੂੰ ਲਾਗੂ ਕਰਦੇ ਹਨ।

ਧਰਮ-ਸਥਾਪਤੀ ਤੇ ਧਰਮ-ਵਿਗਿਆਨ ਦੇ ਉਪਰੋਕਤ ਪ੍ਰਸ਼ੰਗ ਵਿਚ ਰਖ ਕੇ ਜਦੋਂ ਅਸੀਂ ਗੁਰੂ ਨਾਨਕ ਦੇਵ ਦੀ 'ਜਪੁ' ਜੀ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਸ ਪੱਖੋਂ 'ਜਪੁ' ਬਾਣੀ ਦੀ ਪ੍ਰਕਿਰਤੀ ਦੂਹਰੇ ਚਰਿੱਤਰ ਵਾਲੀ ਹੈ। ਇਸ ਵਿਚ ਗੁਰੂ ਨਾਨਕ ਦੇਵ ਦੁਆਰਾ ਪੇਸ਼ ਧਰਮ ਦਾ ਸੰਕਲਪ ਵੀ ਹੈ ਤੇ ਧਰਮ ਦਾ ਵਿਗਿਆਨ ਵੀ ਹੈ। ਇਸ ਬਾਣੀ ਵਿਚ ਧਰਮ ਦੀ ਪਰਿਭਾਸ਼ਾ ਵੀ ਦਸੀ ਹੈ ਤੇ ਧਰਮ-ਨਿਰਮਾਨ ਦੀ ਪ੍ਰਕ੍ਰਿਆ ਨੂੰ ਵੀ ਨਾਲੋ ਨਾਲ ਸਮਝਾਇਆ ਗਿਆ ਹੈ। ਇਸੇ ਲਈ ਹੀ ਅਸੀਂ 'ਜਪੁ' ਜੀ ਨੂੰ ਧਰਮ ਤੇ ਧਰਮ-ਵਿਗਿਆਨ ਦੋਹਾਂ ਨੂੰ ਪੇਸ਼ ਕਰਨ ਵਾਲੀ ਰਚਨਾ ਕਹਿਣਾ ਉਚਿਤ ਸਮਝਿਆ ਹੈ।

ਇਸ ਦ੍ਰਿਸ਼ਟੀ ਤੋਂ ਵੇਖਿਆਂ ਸਭ ਤੋਂ ਪਹਿਲਾ ਨੁਕਤਾ ਜੋ ਸਾਡੇ ਧਿਆਨ ਦਾ ਕੇਂਦਰ ਬਣਦਾ ਹੈ ਉਹ ਇਹ ਹੈ ਕਿ ਭਾਰਤੀ ਪਰੰਪਰਾ ਦੇ ਅਨੁਸਾਰ ਧਰਮ ਦਾ ਪ੍ਰਕਾਰਜ ਕੀ ਹੈ ? ਉੱਤਰ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਮਨੁੱਖ ਲਈ ਇਕ ਦ੍ਰਿਸ਼ਟੀ ਦੀ ਘਾੜਤ ਕਰਦਾ ਹੈ। ਧਰਮ ਮਨੁੱਖ ਨੂੰ ਕੁਦਰਤ ਵਲੋਂ ਪ੍ਰਦੱਤ ਦਾਤ ਨਹੀਂ। ਇਸ ਨੂੰ ਮਨੁੱਖ ਨੇ ਗੁਰੂ ਦੁਆਰਾ ਦਸੀ ਸਾਧਾਨ-ਪ੍ਰਕ੍ਰਿਆ ਵਿਚ ਪੈ ਕੇ, ਇਕ ਰੂਪਾਂਤ੍ਰਿਤ ਦ੍ਰਿਸ਼ਟੀ ਵਜੋਂ ਮਿਲੀ ਦਾਤ ਵਾਂਗ ਗ੍ਰਹਿਣ ਕਰਨਾ ਹੈ। ਇਸ ਲਈ ਮਨੁੱਖ ਨੂੰ ਆਪਣੇ ਪ੍ਰਦੱਤ ਜੈਵਿਕ ਚਰਿੱਤਰ ਨੂੰ ਕਈ ਗੁਣਾਂ-ਲੱਛਣਾਂ ਦੇ ਸਾਂਚੇ ਵਿਚ ਢਾਲਣਾ ਲਾਜ਼ਮੀ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੀਆਂ ਜਨਮ ਜਾਤ ਪ੍ਰਵਿਰਤੀਆਂ ਦੀ ਪ੍ਰਕ੍ਰਿਤੀ ਤਾਂ ਇਕ ਨਿਰੰਤਰ ਵਹਾਉ ਦੇ ਅਨੁਸਾਰ ਤੁਰਨ ਵਾਲੀ ਹੈ। ਧਰਮ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰੰਤਰ ਵਹਾਉ ਵਿਚ ਚਲਨ ਵਾਲੇ ਮਨੁੱਖੀ ਸੁਭਾ ਨੂੰ ਇਕ ਸੰਜਮ ਵਿਚ, ਇਕ ਠਹਿਰਾਉ ਤੇ ਨਿਯੰਤ੍ਰਣ ਵਿਚ ਬੰਨ੍ਹ ਕੇ ਜੀਵਨ ਜੀਣ ਦਾ ਨਾਮ ਹੈ ।

ਇਸ ਦ੍ਰਿਸ਼ਟੀ ਤੋਂ ਜਦੋਂ 'ਜਪੁ' ਜੀ ਦੀ ਬਾਣੀ ਨੂੰ ਅਧਿਐਨ ਦਾ ਵਿਸ਼ੇ ਬਣਾਇਆ ਜਾਂਦਾ ਹੈ ਤਾਂ ਪਤਾ ਚਲਦਾ ਹੈ ਕਿ 'ਜਪੁ' ਜੀ ਵਿਚ ਮਨੁੱਖ ਦੀ ਨਿਰੰਤਰ ਵਹਾਉਸ਼ੀਲ ਪ੍ਰਕਿਰਤੀ ਨੂੰ ਸੰਜਮ ਵਿਚ ਬੰਨ੍ਹਣ ਦੇ ਕਈ ਸੰਕਲਪ ਪੇਸ਼ ਕੀਤੇ ਗਏ ਹਨ । 'ਜਪੁ' ਜੀ ਦੇ ਅਰੰਭ ਵਿਚ ਹੀ ਮਨੁੱਖ ਦੀ ਧਰਮ-ਸੰਬੰਧੀ ਸਮਸਿਆ ਨੂੰ ਧਰਮ-ਦ੍ਰਿਸ਼ਟੀ ਦੀ ਉਸਾਰੀ ਕਰਨ ਦੀ ਪ੍ਰਕ੍ਰਿਆ ਨਾਲ ਜੋੜਿਆ ਗਿਆ ਹੈ । ਉਹ ਪ੍ਰਕ੍ਰਿਆ ਭਾਰਤੀ ਪ੍ਰਸੰਗ ਵਿਚ ਤੁਰੇ ਆਉਂਦੇ ਧਾਰਮਿਕ ਕਰਮ ਕਾਂਡ ਦੀਆਂ ਵਿਧੀਆਂ ਵਿਚੋਂ ਗ੍ਰਹਿਣ-ਤਿਆਗ ਦੇ ਦ੍ਵੈਤ ਨਾਲ ਜੁੜੀ ਹੋਈ ਹੈ । 'ਜਪੁ' ਜੀ ਦੇ ਅਰੰਭ ਵਿਚ ਹੀ ਅਸੀਂ ਇਸ ਸਮਸਿਆ ਨੂੰ ਪੇਸ਼ ਹੋਇਆ ਵੇਖ ਸਕਦੇ ਹਾਂ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥

ਉਪਰੋਕਤ ਪੇਸ਼ 'ਜਪੁ' ਜੀ ਦੀ ਪਹਿਲੀ ਹੀ ਪਉੜੀ ਵਿਚ ਅਜਿਹੀ ਧਰਮ-ਸਾਧਨਾ ਦੀਆਂ ਵਿਧੀਆਂ ਜੋ ਨਿਰੋਲ ਕਰਮ ਕਾਂਡ ਦੀ ਮੁਦਰਾ ਧਾਰਨ ਕਰ ਚੁਕੀਆਂ ਹਨ ਤੇ ਜੋ ਮਨੁੱਖ ਅੰਦਰ 'ਕੂੜ ਦੀ ਪਾਲ ਨੂੰ' ਤੋੜਨ ਤੇ 'ਸਚਿਆਰ' ਦੇ ਪਦ ਉਤੇ ਪੁਜਣ ਲਈ ਕੋਈ ਦ੍ਰਿਸ਼ਟੀ ਪੈਦਾ ਨਹੀਂ ਕਰਦੀਆਂ, ਉਨ੍ਹਾਂ ਸਭ ਧਰਮ-ਮੁਦਰਾਵਾਂ ਨੂੰ ਪਹਿਲਾਂ ਨਕਾਰਿਆ ਗਿਆ ਹੈ । ਨਕਾਰਨ ਸਮੇਂ ਗੁਰੂ ਜੀ ਦਾ ਬਲ ਹਰ ਧਾਰਮਿਕ ਮੁਦਰਾ ਦੇ ਬਾਹਰਲੇ ਸਮੂਰਤ ਤੇ ਸਰੀਰਕ ਵਿਖਾਵੇ ਵਾਲੇ ਕਰਮ ਕਾਂਡ ਨੂੰ ਨਕਾਰ ਕੇ, ਆਂਤਰਿਕ ਮਾਨਸਿਕਤਾ ਦੇ ਨਿਯੰਤ੍ਰਣ ਤੇ ਸੰਜਮ ਨੂੰ ਗ੍ਰਹਿਣ ਕਰਨ ਉਤੇ ਹੈ । ਦ੍ਰਿਸ਼ਟੀ ਦੀ ਘਾੜਤ ਦਾ ਸੰਬੰਧ ਗੁਰੂ ਜੀ ਮਨੁੱਖ ਦੀ ਅੰਦਰਲੀ ਮਾਨਸਿਕਤਾ ਦੇ ਰੂਪਾਂਤਰਣ ਨਾਲ ਜੋੜ ਕੇ ਪੇਸ਼ ਕਰਦੇ ਹਨ । ਧਾਰਮਿਕ ਦ੍ਰਿਸ਼ਟੀ ਦੇ ਨਿਰਮਾਨ ਦੀ ਇਹੋ ਦਿਸ਼ਾ ਹੈ । ਇਸ ਲਈ ਗੁਰੂ ਜੀ ਸਪੱਸ਼ਟ ਰੂਪ ਵਿਚ ਇਕ ਦ੍ਵੈਤ ਸਿਰਜਦੇ ਹਨ । ਦ੍ਵੈਤ ਹੈ : ਕੂੜ ਦੀ ਪਾਲ, ਹਉਮੈ ਤੇ ਸਰੀਰਕ ਕਰਮ ਕਾਂਡ ਦੀਆਂ ਧਾਰਮਿਕ ਮੁਦਰਾਵਾਂ ਵਿਚਕਾਰ ਤੇ ਸਚਿਆਰ ਪਦ ਦੀ ਪ੍ਰਾਪਤੀ ਲਈ, ਹੁਕਮ ਦੇ ਅਨੁਸਾਰੀ ਅੰਦਰਲੀ ਮਾਨਸਿਕਤਾ ਵਿਚ ਰੂਪਾਂਤਰਿਤ ਦ੍ਰਿਸ਼ਟੀ ਦੇ ਸਿਰਜਣ ਵਿਚਕਾਰ । ਸਚਿਆਰ ਦੇ ਪਦ ਉਤੇ ਅਪੜਨ ਲਈ ਸਰੀਰ ਦੀ ਸੁੱਚਮ ਮਾਤਰ ਹੀ ਕਾਫੀ ਨਹੀਂ ਕਿਉਂਕਿ ਕੂੜ ਦੀ ਪਾਲ (ਹਉਮੈ) ਤਾਂ ਅੰਦਰਲੇ ਦੇ ਦੁਆਲੇ ਖੜੀ ਹੈ ਅਤੇ ਇਸੇ ਨੇ ਪਰਮਾਤਮਾ ਦੇ ਸਤਿ ਸਰੂਪ ਤੋਂ ਵਿੱਥ ਪਾ ਰਖੀ ਹੈ । ਇਸੇ ਤਰ੍ਹਾਂ ਮੌਨ ਇਕ ਤਪ ਹੈ ਜੋ ਬਾਹਰਲਾ ਟਿਕਾਉ ਬਣਾਉਂਦਾ ਹੈ, ਅੰਦਰ ਡੋਲਦਾ ਰਹਿੰਦਾ ਹੈ, ਮਾਨਸਿਕਤਾ ਦਾ ਨਿਯੰਤ੍ਰਣ ਪ੍ਰਾਪਤ ਹੋਣ ਦੀ ਬਜਾਏ ਸੰਕਲਪਾਂ ਵਿਕਲਪਾਂ ਦੀ ਧਾਰ 'ਹਉ' ਦੇ ਪ੍ਰਭਾਵ ਅਧੀਨ ਰੁਕਦੀ ਨਹੀਂ । ਬ੍ਰਤ ਧਾਰਨ ਕਰਨ ਨਾਲ ਅੰਦਰਲੀ ਮਾਨਸਿਕ ਤ੍ਰਿਸ਼ਨਾ ਮੁਕਦੀ ਨਹੀਂ, ਸਗੋਂ 'ਹਉ' ਬਣੀ ਰਹਿੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਸਚਿਆਰ ਪਦ ਦੀ ਪ੍ਰਾਪਤੀ ਨਹੀਂ ਹੁੰਦੀ । ਸ਼ਾਸਤ੍ਰ ਦੇ ਵੀਚਾਰ ਵਿਚੋਂ ਉਪਜੀਆਂ ਸਿਆਣਪਾਂ ਤੇ ਚਤੁਰਾਈਆਂ ਨਾਲ ਵੀ ਕੂੜ ਦੀ ਪਾਲ (ਹਉਮੈ) ਨਹੀਂ ਮਿਟਦੀ, ਸਗੋਂ ਹੋਰ ਵਧਦੀ ਹੈ । ਇਸ ਲਈ ਸਤਿਗੁਰੂ ਫੁਰਮਾਉਂਦੇ ਹਨ ਕਿ ਜਿਨ੍ਹਾਂ ਬਾਹਰਲੇ ਤੇ ਸਮੂਰਤ ਵਿਖਾਵੇ ਦੇ ਕਰਮ ਕਾਂਡ ਨਾਲ ਦ੍ਰਿਸ਼ਟੀ ਦਾ ਨਿਰਮਾਨ ਨਹੀਂ ਹੁੰਦਾ, ਉਹ ਧਰਮ-ਦ੍ਰਿਸ਼ਟੀ ਦੇ ਪਖੋਂ ਨਕਾਰਨ ਤੇ ਤਿਆਗਣਯੋਗ ਹਨ । ਲੋੜ ਤਾਂ ਅੰਦਰਲੇ ਮਾਨਸਿਕ ਟਿਕਾਉ ਤੇ ਸੰਜਮ ਭਰੀ ਦ੍ਰਿਸ਼ਟੀ ਦੇ ਨਿਰਮਾਨ ਦੀ ਹੈ । ਇਸ ਲਈ ਨਕਾਰਣ ਤੋਂ ਬਾਅਦ ਸਤਿਗੁਰੂ ਪ੍ਰਸ਼ਨ ਕਰਦੇ ਹਨ ਕਿ ਫਿਰ ਸਚਿਆਰ ਪਦ ਦੀ ਪ੍ਰਾਪਤੀ ਕਿਵੇਂ ਹੋਵੇ ? ਉੱਤਰ ਵਿਚ ਦਸਿਆ ਗਿਆ ਹੈ ਕਿ ਸਚਿਆਰ ਪਦ ਦੀ ਪ੍ਰਾਪਤੀ ਲਈ 'ਹੁਕਮ ਰਜਾਈ' ਦੇ ਦ੍ਰਿਸ਼ਟੀਸੰਪੰਨ ਪ੍ਰਤੀਉੱਤਰ ਦਾ ਹੋਣਾ ਜ਼ਰੂਰੀ ਹੈ । ਇਥੇ ਹੁਕਮ, ਰਜ਼ਾ ਤੇ ਦ੍ਰਿਸ਼ਟੀ ਨੂੰ ਸਪੱਸ਼ਟ ਕਰਨ ਲਈ 'ਜਪੁ' ਜੀ ਦੀ ਅਗਲੀ ਪਉੜੀ ਵਿਚ ਵਿਆਖਿਆ ਕੀਤੀ ਗਈ ਹੈ । ਇਨ੍ਹਾਂ ਦੇ ਆਪਸੀ ਅੰਤਰਸੰਬੰਧਾਂ ਨੂੰ ਪਛਾਣਨ ਲਈ ਪਹਿਲਾਂ ਪਉੜੀ ਨੂੰ ਸਨਮੁਖ ਕਰ ਲੈਣਾ ਉਚਿਤ ਜਾਪਦਾ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖੁ ਸੁਖੁ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭ ਕੋ ਬਾਹਰ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਉਪਰੋਕਤ ਪਉੜੀ ਵਿਚ ਵਰਤੇ ਗਏ 'ਹੁਕਮ' ਦੇ ਸੰਕਲਪ ਨੂੰ ਰਤਾ ਕੁ ਧਿਆਨ ਨਾਲ ਵਿਚਾਰਨ ਨਾਲ, ਇਹ ਵੀ ਧਰਮ-ਦ੍ਰਿਸ਼ਟੀ ਨਾਲ ਅੰਤਰ-ਸੰਬੰਧਿਤ ਹੋਇਆ ਜਾਪਦਾ ਹੈ । 'ਹੁਕਮ' ਸ਼ਬਦ ਅਰਬੀ ਦਾ ਹੈ, ਜਿਸ ਦਾ ਅਰਥ ਆਗਿਆ ਹੈ । ਆਪਣੀ ਮਰਜ਼ੀ ਜੋ ਦੂਸਰੇ ਨੂੰ ਮਨਾਈ ਜਾਏ । ਪਰ 'ਹੁਕਮ' ਨੂੰ ਗੁਰੂ ਨਾਨਕ 'ਹਉਮੈ' ਦੇ ਵਿਰੋਧ ਵਿਚ ਵੀ ਰਖਦੇ ਹਨ । ਜਿਸ ਤੋਂ ਸਾਡੀ ਮਰਜ਼ੀ, ਸਾਡੀ ਹਉਂ ਜੋ ਦੇਸ਼ ਕਾਲ ਵਾਲਿਆਂ ਦੀ ਹੈ, ਉਸਨੂੰ 'ਹਉਮੈ' ਨਾਲ ਜੋੜਿਆ ਹੈ ਤੇ ਅਕਾਲ ਪੁਰਖ ਦੀ ਮਰਜ਼ੀ, ਜੋ ਦੇਸ਼ ਕਾਲ ਰਹਿਤ ਹੈ ਨਾਲ 'ਹੁਕਮ' ਦੇ ਸੰਕਲਪ ਨੂੰ ਜੋੜਿਆ ਹੈ । ਇਉਂ ਇਥੇ 'ਹੁਕਮ' ਤੋਂ ਭਾਵ ਅਕਾਲ ਪੁਰਖ ਦੀ ਇੱਛਾ, ਕਾਨੂੰਨ, ਸ਼ਬਦ ਆਦਿ ਕਈ ਪਦਾਂ ਨਾਲ ਜੋੜ ਕੇ ਟੀਕਾਕਾਰਾਂ ਨੇ 'ਹੁਕਮ' ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਹੈ । ਇਨ੍ਹਾਂ ਅਰਥਾਂ ਵਿਚ ਹੁਕਮ ਉਸ ਨੇਮ-ਵਿਧਾਨ ਵਾਲੀ ਦ੍ਰਿਸ਼ਟੀ ਦੇ ਅਰਥਾਂ ਵਿਚ ਸਾਹਮਣੇ ਆਉਂਦਾ ਹੈ, ਜੋ ਪ੍ਰਪੰਚ ਦੇ ਸਾਰੇ ਅਕਾਰਾਂ, ਜੀਵਾਂ ਤੇ ਸਮਾਜਾਂ ਨੂੰ ਸੰਜਮ ਵਿਚ ਬੰਨ੍ਹ ਕੇ, ਇਕ ਪ੍ਰਬੰਧ ਤੇ ਸਿਸਟਮ ਦੇਂਦਾ ਹੈ । ਇਥੇ ਪ੍ਰਪੰਚ ਤੋਂ ਭਾਵ ਦਿਸਦੇ ਕਾਲ ਤੇ ਦੇਸ਼ ਦੇ ਪਸਾਰੇ ਵਿਚ ਫੈਲੀਆਂ ਵਸਤਾਂ, ਵਿਅਕਤੀਆਂ, ਸਮਾਜਕ ਤੇ ਰਾਜਸੀ ਘਟਨਾਵਾਂ ਦੀ ਵਿਵਿਧਤਾ ਦੇ ਘੜਮਸਮੂਲਕ ਦ੍ਰਿਸ਼ ਤੋਂ ਹੈ । ਗੁਰੂ ਜੀ ਦਾ ਇਥੇ ਹੁਕਮ ਦੀ ਦ੍ਰਿਸ਼ਟੀ ਤੋਂ ਭਾਵ ਇਹ ਹੀ ਜਾਪਦਾ ਹੈ ਕਿ ਜੇ ਮਨੁੱਖ ਪਾਸ ਘੜਸਮੂਲਕ ਪ੍ਰਪੰਚ ਨੂੰ ਸੰਜਮ ਤੇ ਪ੍ਰਬੰਧਸ਼ੀਲ ਸਿਸਟਮ ਵਿਚ ਉਤਾਰ ਸਕਣ ਦੀ ਯੋਗਤਾ ਹੈ ਤਾਂ ਹੀ ਉਹ ਧਰਮ-ਦ੍ਰਿਸ਼ਟੀ ਨਾਲ ਵਿਚਰ ਸਕਦਾ ਹੈ । ਤੇ ਧਰਮ-

CC-0. In Public Domain. Gurukul Kangri Collection, Haridwar

ਦ੍ਰਿਸ਼ਟੀ ਵਿਚ ਵਿਚਰਨ ਵਾਲਾ ਵਿਅਕਤੀ ਆਪਣੀ ਹਉਮੈ ਅਤੇ ਉਨ੍ਹਾਂ ਫੋਕਟ ਕਰਮ ਕਾਂਡਾਂ ਜੋ ਹਉਮੈ ਨੂੰ ਪੈਦਾ ਕਰਦੇ ਹਨ, ਨੂੰ ਤਿਆਗ ਕੇ ਹੀ ਹੁਕਮਸੰਪੰਨ ਦ੍ਰਿਸ਼ਟੀ ਵਿਚ ਪ੍ਰਤੀਉੱਤਰਸ਼ੀਲ ਹੋਣ ਨਾਲ ਸਚਿਆਰ ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਉਪਰ ਦਿੱਤੀ ਪਉੜੀ ਵਿਚ 'ਹੁਕਮ ਨ ਕਹਿਆ ਜਾਈ' ਰਾਹੀਂ ਹੁਕਮੀ ਨੂੰ ਦੇਸ਼ ਕਾਲ ਵਾਲੇ ਅਕਾਰ ਸਹਿਤ ਹਉਮੈ ਵਾਲੇ ਜੀਵ ਤੋਂ ਤੋੜ ਕੇ, ਦੇਸ਼ ਕਾਲ ਤੋਂ ਪਾਰਲੇ ਨਿਰਅਕਾਰ ਅਕਾਲ ਪੁਰਖ ਨਾਲ ਜੋੜ ਕੇ ਅਕਥਨੀਯ ਕਿਹਾ ਹੈ। ਇਸ ਤਰ੍ਹਾਂ ਉਹ ਇਕ ਅਕਾਲ ਪੁਰਖ, ਜੋ ਦੇਸ਼ ਕਾਲ ਦੇ ਆਕਾਰਾਂ ਤੋਂ ਪਰ੍ਹੇ ਹੈ, ਦੇ ਨਾਲ 'ਹੁਕਮ' ਨੂੰ ਜੋੜਿਆ ਗਿਆ ਹੈ। ਉਸ ਇਕ ਅਕਾਲ ਪੁਰਖ ਦਾ ਹੁਕਮ ਜਿਤਨੇ ਵੀ ਦ੍ਰਿਸ਼ਟੀਮੂਲਕ ਪ੍ਰਪੰਚ ਦੇ ਆਕਾਰ, ਜੀਵ ਤੇ ਸਮਾਜ ਹਨ, ਉਨ੍ਹਾਂ ਨੂੰ ਇਕ ਹੁਕਮ ਦੇ ਨੇਮ-ਪ੍ਰਬੰਧ ਵਿਚ ਸੂਤ੍ਰਿਤ ਕਰਦਾ ਹੈ। ਜੇ ਕੋਈ ਮਨੁੱਖ ਇਸ ਦ੍ਰਿਸ਼ਟੀ ਨੂੰ ਆਤਮਸਾਤ ਕਰ ਕੇ, ਇਸ ਅਨੁਸਾਰ ਜ਼ਿੰਦਗੀ ਵੱਲ ਪ੍ਰਤੀਉੱਤਰਸ਼ੀਲ ਹੋਵੇ, ਉਹ ਹੀ ਹੁਕਮ ਨੂੰ ਬੁਝ ਸਕਦਾ ਹੈ ਤੇ ਉਸ ਦੀ ਹਉਮੈ ਤੇ ਕੂੜ ਦੀ ਪਾਲ ਟੁੱਟ ਜਾਂਦੀ ਹੈ। ਉਹ ਸਚਿਆਰ ਪਦ ਦੀ ਪ੍ਰਾਪਤੀ ਵਲ ਤਦ ਹੀ ਵੱਧ ਸਕਦਾ ਹੈ ਜੇ ਉਹ ਸਮੂਹ ਪ੍ਰਪੰਚ ਦੇ ਸੰਚਾਲਕ ਅਮੂਰਤ ਸੂਰਤ ਰੂਪ ਹੁਕਮ ਦੇ ਨੇਮ ਨਾਲ ਇਕਸੁਰਤਾ ਤੇ ਇਕਸਾਰਤਾ ਸਥਾਪਿਤ ਕਰ ਲੈਂਦਾ ਹੈ। ਇਉਂ ਜਪੁ ਜੀ ਦਾ 'ਹੁਕਮ' ਦਾ ਸੰਕਲਪ ਸਾਰੀ ਪ੍ਰਪੰਚਸ਼ੀਲ ਵਿਵਧਤਾ ਨੂੰ ਇਕ ਸੂਤਰ ਤੇ ਸੰਜਮ ਵਿਚ ਬੰਨ੍ਹਣ ਵਾਲਾ ਨੇਮ ਹੈ ਤੇ ਜਿਤਨਾ ਕੋਈ ਮਨੁੱਖ ਹੁਕਮ ਦੇ ਇਸ ਨੇਮ ਅਨੁਸਾਰ ਆਪਣੀ ਦ੍ਰਿਸ਼ਟੀ ਦਾ ਰੂਪਾਂਤਰਣ ਕਰਦਾ ਹੈ, ਉਤਨਾ ਹੀ ਉਹ ਧਰਮਸੰਪੰਨ ਦ੍ਰਿਸ਼ਟੀ ਵਲ ਵੱਧਦਾ ਜਾਂਦਾ ਹੈ। ਇਉਂ ਧਰਮਸੰਪੰਨ ਦ੍ਰਿਸ਼ਟੀ ਜਾਂ ਹੁਕਮ ਆਧਾਰੀ ਦ੍ਰਿਸ਼ਟੀ ਇਹ ਦਸ ਪਾਂਦੀ ਹੈ ਕਿ ਜੇ ਤੁਸੀਂ ਪ੍ਰਪੰਚ ਦੀਆਂ ਵਿਵਧਤਾਵਾਂ ਤੇ ਸੰਪ੍ਰਦਾਵਾਂ ਨੂੰ ਭਿੰਨ ਭਿੰਨ ਕਰ ਕੇ ਵੇਖੋਗੇ ਤਾਂ ਧਰਮਮੂਲਕ ਦ੍ਰਿਸ਼ਟੀ ਤੋਂ ਦੂਰ ਹੁੰਦੇ ਜਾਓਗੇ ਤੇ ਜਿਤਨਾ ਇਨ੍ਹਾਂ ਵਿਚਲੇ ਇਕਾਗਰਕਾਰੀ ਹੁਕਮ ਦੇ ਸੂਤਰ/ਨੇਮ ਨੂੰ ਸਮਝੋਗੇ, ਉਤਨਾ ਧਰਮਮੂਲਕ ਹੁੰਦੇ ਜਾਓਗੇ। ਇਉਂ ਜੇ ਹੁਕਮ ਦੇ ਵਿਰੋਧ ਵਿਚ ਹਉਮੈਸੰਪੰਨ ਦ੍ਰਿਸ਼ਟੀ ਨਾਲ ਸੰਸਾਰ ਨੂੰ ਵੇਖੋਗੇ ਤਾਂ ਨਾਹ ਹੁਕਮ ਦੀ ਪਛਾਣ ਹੋ ਸਕਦੀ ਹੈ ਤੇ ਨਾ ਹੀ ਧਰਮ ਦੀ। ਇਸ ਦਾ ਕਾਰਣ ਇਹ ਹੈ ਕਿ ਪ੍ਰਪੰਚ ਦੀ ਵਿਵਧਤਾ ਤੇ ਮਾਇਆ ਵਿਚ ਗ੍ਰਸਤ ਹੋਣ ਨਾਲ ਹੀ ਤਾਂ ਮੈਂ, ਮੇਰੀ ਤੇ ਦੇਸ਼ ਕਾਲਯੁਕਤ ਹਉਮੈ ਬਣਦੀ ਹੈ। ਪਰੰਤੂ ਹੁਕਮ ਦਾ ਨੇਮ/ਸਿਧਾਂਤ ਸਾਰੇ ਸੰਸਾਰ ਦੇ ਮਾਇਆਵੀ ਪ੍ਰਪੰਚ ਨੂੰ ਇਕ ਇਕਾਗਰਕਾਰੀ ਸੰਜਮ ਵਿਚ ਬੰਨ੍ਹ ਕੇ, ਪ੍ਰਬੰਧਸ਼ੀਲ ਦ੍ਰਿਸ਼ਟੀ ਨਾਲ ਸਮਝਣ ਦੀ ਸੂਝ ਦੇਂਦਾ ਹੈ। ਇਉਂ ਹਉਮੈ ਦਾ ਤਿਆਗ ਤੇ ਹੁਕਮ ਦੇ ਗ੍ਰਹਿਣ ਨਾਲ ਹੀ ਧਰਮ-ਦ੍ਰਿਸ਼ਟੀ ਦੀ ਪਛਾਣ ਸੰਭਵ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਦਾ ਹੁਕਮ-ਸਿਧਾਂਤ ਇਕ ਨਿਜਾਤੀਤ ਪ੍ਰਬੰਧ/ ਸਿਸਟਮ ਹੈ, ਜਿਸ ਦੀ ਕਾਰਜਸ਼ੀਲਤਾ ਨਾਲ ਬ੍ਰਹਮੰਡ ਦੇ ਵਿਰਾਟ ਪਸਾਰੇ ਦੀਆਂ ਭਿੰਨ ਭਿੰਨ ਬਣਤਰਾਂ ਸਾਹਮਣੇ ਆਉਂਦੀਆਂ ਹਨ। ਇਹ ਵਿਧੀ ਵੀ ਗਹਿਨ ਸੰਰਚਨਾ ਤੇ ਉਪਰਲੀ ਉਸਾਰੀ ਦੇ ਆਪਸੀ ਸੰਬੰਧਾਂ ਦੀ ਚਰਚਾ ਕਰਨ ਵਾਲੀ ਹੈ। ਸਚ ਦਾ ਉਪਾਸ਼ਕ ਤੇ ਮੁਤਲਾਸ਼ੀ ਹਮੇਸ਼ਾ ਹੀ ਉਪਰਲੀ ਪੱਧਰ ਦੇ ਦ੍ਰਿਸ਼ਟਮਾਨ ਨਜ਼ਾਰਿਆਂ ਤੋਂ ਤੁਰਦਾ ਹੋਇਆ, ਨੇਮ-ਪ੍ਰਬੰਧ ਦੀ ਗਹਿਨ-ਸੰਰਚਨਾ ਤਕ ਪੁਜਦਾ ਹੈ। ਇਹ ਨੇਮ-ਪਛਾਨਣ ਦੀ ਪਰਵਿਰਤੀ ਹੈ, ਜੋ ਨਿਰਸੰਦੇਹ ਗੁਰੂ ਨਾਨਕ ਦੇਵ ਨੂੰ ਇਕ ਧਰਮ-

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

ਵਿਗਿਆਨੀ ਦੇ ਰੂਪ ਵਿਚ ਪੇਸ਼ ਕਰਦੀ ਹੈ ।

Digitized by Arya Samaj Foundation Chennai and eGangotri

ਧਰਮ-ਵਿਗਿਆਨੀ ਦੇ ਹੋਣ ਕਾਰਨ ਹੀ ਗੁਰੂ ਨਾਨਕ ਜਦੋਂ ਭਾਰਤੀ ਪੌਰਾਣ ਵਿਚ ਧਰਤੀ ਦੇ ਭਾਰ ਨੂੰ ਇਕ ਬੈਲ ਦੇ ਸਿੰਗ ਉਪਰ ਚੁੱਕੇ ਹੋਏ ਹੋਣ ਵਾਲੀ ਮਿੱਥ ਨੂੰ ਚਰਚਾ ਦਾ ਆਧਾਰ ਬਣਾਉਂਦੇ ਹਨ ਤਾਂ ਉਹ ਵਿਅੰਗਮੂਲਕ ਹੋ ਕੇ, ਧਰਮ ਦੀ ਪਰਿਭਾਸ਼ਾ ਨੂੰ ਦਇਆ ਤੇ ਸੰਤੋਖ ਨਾਲ ਸੰਬੰਧਿਤ ਕਰ ਕੇ, ਫਿਰ ਧਰਮਸੰਪੰਨ ਦ੍ਰਿਸ਼ਟੀ ਨੂੰ ਸੰਜਮ ਤੇ ਪ੍ਰਬੰਧਸ਼ੀਲ ਦ੍ਰਿਸ਼ਟੀ ਨਾਲ ਹੀ ਜੋੜਦੇ ਪ੍ਰਤੀਤ ਹੁੰਦੇ ਹਨ । ਵਿਚਾਰ ਕਰਨ ਤੋਂ ਪਹਿਲਾਂ ਸੰਬੰਧਿਤ ਪੰਗਤੀਆਂ ਨੂੰ ਸਨਮੁਖ ਕਰ ਲੈਣਾ ਉਚਿਤ ਜਾਪਦਾ ਹੈ :

ਧੌਲ ਧਰਮੁ ਦਇਆ ਕਾ ਪੂਤੁ ॥
ਸੰਤੋਖ ਥਾਪਿ ਰਖਿਆ ਜਿਨ ਸੂਤਿ ॥
ਜੇ ਜੋ ਬੂਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥

ਉਪਰੋਕਤ ਪੰਗਤੀਆਂ ਵਿਚ ਗੁਰੂ ਨਾਨਕ ਦੇਵ ਜੀ ਇਹ ਦਸਦੇ ਹਨ ਕਿ ਧਰਤੀ ਦੇ ਹੇਠਾਂ ਕੋਈ ਹਡ, ਚਮ ਯਾ ਮਿੱਟੀ/ਪੱਥਰ ਦਾ ਬੌਲਦ ਨਹੀਂ । ਰਚਨਾ ਨੂੰ ਇਕ ਸੂਤਰ ਵਿਚ ਕਾਇਮ ਰਖਣ ਵਾਲਾ ਬੌਲਦ, ਧਰਮ ਹੀ ਹੈ ਤੇ ਧਰਮ ਤੋਂ ਉਨ੍ਹਾਂ ਦਾ ਭਾਵ ਪਰਮਾਤਮਾ ਦਾ ਬੰਨ੍ਹਿਆ ਤੇ ਸੂਤ੍ਰਿਤ ਕੀਤਾ ਇਕ ਹੁਕਮ ਦਾ ਕਾਨੂੰਨ/ਨੇਮ- ਸਿਧਾਂਤ ਹੀ ਹੈ । ਇਸ ਨੇਮ/ਧਰਮ ਨੂੰ ਦਇਆ ਤੇ ਸੰਤੋਖ ਨਾਲ ਅੰਤਰਸੰਬੰਧਿਤ ਕਰ ਕੇ, ਗੁਰੂ ਨਾਨਕ ਦੇਵ ਸਾਰੇ ਪ੍ਰਪੰਚਸ਼ੀਲ ਵਿਸਥਾਰ ਨੂੰ ਇਕ ਪ੍ਰਬੰਧ ਵਿਚ ਬੰਨ੍ਹਣ ਵਾਲੇ ਨੇਮ ਨਾਲ ਸੰਬੰਧਿਤ ਕਰ ਦੇਂਦੇ ਹਨ ਤੇ ਫਿਰ ਫੁਰਮਾਉਂਦੇ ਹਨ ਕਿ ਜੇ ਕੋਈ ਹਉਮੈ ਨੂੰ ਤਿਆਗ ਕੇ ਇਸ ਧਰਮਸੰਪੰਨ ਦ੍ਰਿਸ਼ਟੀ ਨੂੰ ਬੁੱਝ ਲਵੇ ਤਾਂ ਉਹ ਸਚਿਆਰ ਪਦ ਦੀ ਪ੍ਰਾਪਤੀ ਕਰ ਜਾਂਦਾ ਹੈ । ਇਸ ਤਰ੍ਹਾਂ ਸਮੂਰਤ ਬੌਲਦ ਦੀ ਥਾਂ ਅਮੂਰਤ ਦਇਆ ਤੇ ਸੰਤੋਖ ਦੇ ਗੁਣਾਂ ਨੂੰ ਵਿਸਥਾਪਿਤ ਕਰ ਕੇ, ਇਕ ਤਾਂ ਗੁਰੂ ਨਾਨਕ ਦੇਵ ਨੇ ਸਾਨੂੰ ਸਮੂਰਤ ਤੇ ਬਾਹਰਲੇ ਚਿਹਨ-ਵਿਗਿਆਨ ਤੇ ਕਰਮ ਕਾਂਡ ਤੋਂ ਮੁਕਤ ਕੀਤਾ ਦੂਜਾ ਧਰਮ ਨੂੰ ਦਇਆ ਤੇ ਸੰਤੋਖ ਨਾਲ ਜੋੜ ਕੇ ਇਕ ਸੰਜਮ/ਸੰਤੁਲਨ ਪੈਦਾ ਕਰਨ ਵਾਲੀ ਦ੍ਰਿਸ਼ਟੀ ਦੇ ਨਿਰਮਾਨ ਨਾਲ ਵੀ ਜੋੜਿਆ । ਇਉਂ ਗੁਰੂ ਨਾਨਕ ਦੇਵ ਜੀ ਨੇ ਪੁਰਾਣੀ ਮਿੱਥ ਦੇ ਵਿਰੋਧ ਵਿਚ ਧਰਤੀ ਦੀ ਨੀਂਹ ਧਰਮ, ਦਇਆ ਤੇ ਸੰਤੋਖ ਉਤੇ ਰਖ ਦਿੱਤੀ । ਅਜਿਹਾ ਗੁਰੂ ਨਾਨਕ ਦੇਵ ਨੇ ਆਪਣੀ ਸਮਕਾਲੀ ਹਿੰਸਾ ਵਾਲੇ ਮਾਹੌਲ ਦੇ ਪ੍ਰਤੀਉੱਤਰ ਵਿਚ ਕੀਤਾ । ਇਸ ਸਚਿਆਰ ਪਦ ਦੀ ਧਰਮਸੰਪੰਨ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਵਾਲੀ ਸਾਧਨਾ ਪ੍ਰਕ੍ਰਿਆ ਨੂੰ ਨਾਮ ਸ੍ਰਵਣ ਤੇ ਨਾਮ ਦੇ ਮਨਨ ਕਰਨ ਨਾਲ ਜੋੜ ਕੇ ਜਪੁ ਜੀ ਵਿਚ ਜੋ ਧਰਮ-ਦ੍ਰਿਸ਼ਟੀ ਸਥਾਪਿਤ ਕੀਤੀ ਗਈ ਹੈ, ਉਸ ਨੂੰ ਭਿੰਨ ਭਿੰਨ ਸੰਪ੍ਰਦਾਵਾਂ ਦੇ ਭਿੰਨ ਭਿੰਨ ਦਸੇ ਰਸਤਿਆਂ ਤੋਂ ਉਪਰ ਚੁੱਕ ਕੇ ਏਕਤਾ ਤੇ ਸਾਂਝੀਵਾਲਤਾ ਪੈਦਾ ਕਰਨ ਲਈ ਸਾਂਝੀ ਅਮੂਰਤ ਧਾਰਮਿਕ ਬਿਰਤੀ ਨਾਲ ਜੋੜਿਆ ਗਿਆ ਹੈ । ਜਪੁ ਜੀ ਦੀ ਧਰਮ-ਦ੍ਰਿਸ਼ਟੀ ਦੀ ਇਹ ਵਿਲੱਖਣਤਾ ਹੇਠ ਲਿਖੀਆਂ ਪੰਗਤੀਆਂ ਵਿਚ ਪੇਸ਼ ਹੈ :

ਮਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧ ॥...॥੧੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਉਪਰੰਤ ਗੁਰੂ ਨਾਨਕ ਦੇਵ [illegible] ਫਿਰ ਕਹਿੰਦੇ ਹਨ ਕਿ ਸਚਿਆਰ ਬਣਨ ਲਈ ਉਪਰੋਕਤ ਵਿਚ ਕਥਿਤ ਸਿਧਾਂਤਾਂ ਦੀ ਮਦਦ ਨਾਲ ਮਨੁੱਖ ਆਪਣੇ ਵਜੂਦ ਵਿਚ ਉਸ ਦ੍ਰਿਸ਼ਟੀ ਨੂੰ ਉਤਾਰ ਸਕਦਾ ਹੈ, ਜਿਸ ਨਾਲ ਉਹ ਇਕ ਆਦਰਸ਼ ਇਨਸਾਨ ਬਣ ਸਕਦਾ ਹੈ। ਪਰ ਇਸ ਸਾਰੀ ਸਮਸਿਆ ਨੂੰ ਵਧੇਰੇ ਸਮੂਰਤਣ ਦੇਣ ਲਈ ਗੁਰੂ ਨਾਨਕ ਦੇਵ 'ਜਪੁ' ਜੀ ਵਿਚ ਪਹਿਲਾਂ ਮਨੁੱਖ ਦੀ ਸਥਿਤੀ ਨੂੰ ਹੋਰ ਜੀਵ-ਜਾਤੀਆਂ ਦੇ ਮੁਕਾਬਲੇ ਉਤੇ ਸਪੱਸ਼ਟ ਵੀ ਕਰਨਾ ਚਾਹੁੰਦੇ ਹਨ। ਪ੍ਰਕਿਰਤੀ ਦੇ ਵਿਸ਼ਾਲ ਪਸਾਰੇ ਵਿਚ ਮਨੁੱਖ ਦੀ ਥਾਂ ਕਿਥੇ ਹੈ; ਇਸ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ :

ਰਾਤੀ ਰੁਤੀ ਥਿਤੀ ਵਾਰ ॥
ਪਉਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵਿਚਾਰ ॥
ਸਚਾ ਆਪਿ ਸਚਾ ਦਰਬਾਰ ॥
ਤਿਥੈ ਸੋਹਨਿ ਪੰਚ ਪਰਵਾਨ ॥
ਨਦਰੀ ਕਰਮ ਪਵੈ ਨੀਸਾਨ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥

ਇਹ ਪਉੜੀ ਸੰਸਕ੍ਰਿਤੀ-ਵਿਗਿਆਨ ਦੇ ਨੁਕਤੇ ਤੋਂ ਕਾਇਨਾਤ ਵਿਚ ਮਨੁੱਖ ਦਾ ਇਕ ਤਾਂ ਸਥਾਨ ਨਿਸ਼ਚਿਤ ਕਰਦੀ ਹੈ ਤੇ ਦੂਸਰਾ ਉਸ ਦੀ ਮਾਨਸਿਕ ਪ੍ਰਗਤੀ ਦਾ ਮਾਰਗ ਦਰਸਾਉਂਦੀ ਹੈ। ਇਸ ਵਿਚ ਧਰਮ, ਵਿਹਾਰ ਤੇ ਸਿਧਾਂਤ ਦੋਹਾਂ ਪੱਖਾਂ ਤੋਂ ਇਕੱਠਾ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਆਪਣੇ ਆਪ ਵਿਚ ਧਰਮ-ਵਿਗਿਆਨ ਤਥਾ ਸੰਸਕ੍ਰਿਤੀ-ਵਿਗਿਆਨ ਦੇ ਪਹਿਲੂ ਤੋਂ ਬੜੀ ਨਾਯਾਬ ਪ੍ਰਾਪਤੀ ਹੈ। ਅਸੀਂ ਰਤਾ ਕੁ ਇਸ ਦੀ ਵਿਆਖਿਆ ਵਲ ਸਰਕਦੇ ਹਾਂ ਤਾਂ ਜੋ ਸਾਰੀ ਗੱਲ ਵਧੇਰੇ ਉਘੜਵੇਂ ਰੂਪ ਵਿਚ ਸਾਹਮਣੇ ਆ ਸਕੇ। ਗੁਰੂ ਸਾਹਿਬ ਦਸਦੇ ਹਨ ਕਿ ਮਨੁੱਖ ਹੋਰ ਅਨੇਕ ਪ੍ਰਕਾਰ ਦੇ ਜੀਵਾਂ ਨਾਲ ਧਰਤੀ ਦਾ ਹੀ ਵਸਨੀਕ ਹੈ। ਅਤੇ ਇਹ ਧਰਤੀ ਪ੍ਰਕਿਰਤੀ ਦੇ ਪਰਵਰਤਨ-ਸ਼ੀਲ ਵਿਧਾਨ ਦੇ ਮੁਤਾਬਕ ਸਾਹਮਣੇ ਵੀ ਆਉਂਦੀ ਹੈ ਤੇ ਇਸ ਦੇ ਅੰਤਰਗਤ ਨੇਮ-ਸਿਧਾਂਤ ਤਥਾ ਸਿਸਟਮ ਵੀ ਕਾਰਜਸ਼ੀਲ ਹੈ। ਜਦੋਂ ਗੁਰੂ ਸਾਹਿਬ ਕਹਿੰਦੇ ਹਨ ਕਿ ਰਾਤਾਂ, ਰੁਤਾਂ, ਥਿਤਾਂ, ਪਵਣੁ, ਪਾਣੀ, ਅਗਨੀ, ਮਿੱਟੀ, ਸਾਰੇ ਇਕ ਚੱਕਰ ਵਿਚ ਹਨ ਤਾਂ ਉਹ ਇਸੇ ਪਹਿਲੂ ਵਲ ਸੰਕੇਤ ਕਰ ਰਹੇ ਹਨ ਅਤੇ ਇਸ ਪਰਵਰਤਨਸ਼ੀਲ ਪਰਵਾਹ ਵਿਚੋਂ ਉਨ੍ਹਾਂ ਦੇ ਮੁਤਾਬਕ ਧਰਤੀ ਸਾਹਮਣੇ ਆਉਂਦੀ ਹੈ। ਧਰਤੀ ਧਰਮਸਾਲ ਹੈ ਜਿਸ ਦਾ ਭਾਵ ਇਹ ਹੈ ਕਿ ਇਸ ਦਾ ਆਧਾਰ ਹੀ ਧਰਮ ਹੈ। ਧਰਮ, ਸੂਤ੍ਰਿਤ ਰਖਣ ਵਾਲਾ ਨੇਮ ਹੈ, ਜਿਸ ਦੀ ਸੰਕਲਪਨਾ ਅਨਾਚਾਰ ਦੇ ਵਿਰੋਧ ਵਿਚ ਹੀ ਕੀਤੀ ਜਾ ਸਕਦੀ ਹੈ। ਧਰਤੀ ਵਿਚਲੀ ਇਹ ਨੇਮਣ-ਬਿਰਤੀ ਆਪਣਾ ਧਰਮ ਕਦੀ ਪਹਿਲੂਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਨਿਭਾਉਂਦੀ ਹੈ । ਇਸ ਵਿਚ ਬਨਸਪਤੀ, ਜੀਵ, ਜੰਤੂ ਕਈ ਪ੍ਰਕਾਰ ਦੀਆਂ ਵਿਭਿੰਨ ਜਾਤੀਆਂ ਇਸ ਦੇ ਨੇਮ ਦੇ ਮੁਤਾਬਕ ਨਿਪਜਦੀਆਂ ਹਨ, ਉਪਜਦੀਆਂ ਹਨ ਤੇ ਅੰਤ ਲੈਅ ਕਾਲ ਨੂੰ ਪ੍ਰਾਪਤ ਹੁੰਦੀਆਂ ਹਨ । ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਵਿਚ 'ਜੀਵ ਜੁਗਤਿ ਕੇ ਰੰਗ' ਹਨ ਜਾਂ ਇਉਂ ਕਹਿ ਲਉ, ਕਿ ਇਸ ਵਿਚ ਤਰ੍ਹਾਂ ਤਰ੍ਹਾਂ ਦੇ ਜੀਵ ਹਨ ਤੇ ਹਰ ਪ੍ਰਕਾਰ ਦੇ ਜੀਵ ਦੀ ਆਪੋ ਆਪਣੀ ਜੀਵਨ-ਜੁਗਤਿ ਹੈ । ਇਨ੍ਹਾਂ ਜੀਵਾਂ ਤੇ ਇਨ੍ਹਾਂ ਦੀਆਂ ਜੁਗਤਾਂ ਸੰਬੰਧੀ ਜੇ ਕੁਝ ਕਿਹਾ ਜਾ ਸਕਦਾ ਹੈ ਤਾਂ ਉਹ ਇਨ੍ਹਾਂ ਦੀ ਕਿਰਿਆ ਦੇ ਆਧਾਰ ਉਤੇ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਜੀਵਾਂ ਦਾ ਆਪੋ ਆਪਣੇ ਜੀਵਨ ਤੇ ਜੁਗਤਿ ਦੇ ਨਾਲ ਆਪੋ-ਆਪਣਾ ਕਰਮ-ਖੇਤਰ ਹੁੰਦਾ ਹੈ । ਇਸ ਤਰ੍ਹਾਂ ਇਹ ਸਾਰੇ ਜੀਵ ਜਨਮ ਤੋਂ ਮਰਨ ਤਕ, ਇਸ ਕਰਮ-ਖੇਤਰ ਵਿਚ ਹੀ ਸੀਮਿਤ ਰਹਿੰਦੇ ਹਨ । ਪਰੰਤੂ ਇਸ ਜੀਵ-ਜੁਗਤਿ ਆਧਾਰੀ ਕਰਮ-ਖਤਰ ਤੋਂ ਉਪਰ ਇਕ ਹੋਰ ਖੇਤਰ ਹੈ, ਜੋ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਸੱਚਾ ਦਰਬਾਰ ਹੈ । ਇਸ ਸਚ-ਖੇਤਰ ਦੇ ਦਰਬਾਰੀ, ਪਰਵਾਨ ਹੋਏ ਪੰਚ ਹਨ, ਜੋ ਕਰਮ-ਖੇਤਰ ਦੀ ਜੀਵਨ ਜੁਗਤਿ ਵਿਚੋਂ ਨਿਕਲ ਕੇ, ਇਸ ਪਦਵੀ ਤਕ ਜਾ ਪੁਜਦੇ ਹਨ । ਇਥੇ ਉਨ੍ਹਾਂ ਉਪਰ ਨਦਰਿ ਤੁਠਦੀ ਹੈ; ਜਿਸ ਦਾ ਭਾਵ ਹੈ ਕਿ ਉਨ੍ਹਾਂ ਦੇ ਅੰਦਰ ਨਦਰਿ ਦਾ ਪ੍ਰਜਵਲਨ ਹੁੰਦਾ ਹੈ ਤੇ ਉਨ੍ਹਾਂ ਨੂੰ ਨਿਸ਼ਾਨ ਦੀ ਪ੍ਰਾਪਤੀ ਹੋ ਜਾਂਦੀ ਹੈ । ਨਿਸ਼ਾਨ ਦੀ ਪ੍ਰਾਪਤੀ ਤੋਂ ਭਾਵ ਆਲੇ-ਦੁਆਲੇ ਦੀ ਪਛਾਣ ਐਂਦਰੀਵ ਅਨੁਭਵ ਰਾਹੀਂ ਨਹੀਂ, ਸਗੋਂ ਮਾਨਸਿਕਤਾ ਨੂੰ ਬਨਾਉਣ ਵਾਲੀਆਂ ਸੰਸਕਾਰ-ਵਿਧੀਆਂ ਰਾਹੀਂ ਪੈਦਾ ਹੁੰਦੀ ਹੈ । ਇਹ ਪਛਾਣ ਮਾਨਸਿਕਤਾ ਵਿਚ ਕੁਰੇਦੇ ਗਏ ਲੇਖਾਂ ਦੇ ਆਧਾਰ ਉਤੇ ਆਲੇ ਦੁਆਲੇ ਨੂੰ ਪੜ੍ਹਨ ਨਾਲ ਸੰਬੰਧਿਤ ਹੈ । ਇਸ ਦੇ ਆਧਾਰ ਉਤੇ ਮਨੁੱਖ ਕਚ ਤੇ ਸਚ ਵਿਚ ਪਛਾਣ ਕਰ ਸਕਣ ਦੇ ਯੋਗ ਹੋ ਜਾਂਦਾ ਹੈ । ਇਸ ਤਰ੍ਹਾਂ ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜਿਥੇ ਬ੍ਰਹਿਮੰਡ ਦੇ ਵਿਰਾਟ ਪਸਾਰੇ ਵਿਚ, ਜੀਵ ਜਾਤੀਆਂ ਦੇ ਸੰਦਰਭ ਵਿਚ ਮਨੁੱਖ ਨੂੰ ਰਖਦੇ ਹਨ, ਉਥੇ ਉਹ ਨਦਰਿ, ਕਰਮ ਤੇ ਨਿਸ਼ਾਨ-ਪ੍ਰਾਪਤੀ ਤੇ ਕਚ-ਸਚ ਨੂੰ ਨਿਖੇੜਨ ਵਾਲੀ ਦ੍ਰਿਸ਼ਟੀ ਦੇ ਆਧਾਰ ਉਤੇ ਮਨੁੱਖ ਨੂੰ ਦੂਜੀਆਂ ਜੀਵ-ਜਾਤੀਆਂ ਤੋਂ ਵਖਰਾ ਵੀ ਕਰ ਲੈਂਦੇ ਹਨ । ਇਸ ਸਾਰੀ ਵਿਧੀ ਵਿਚ ਮਨੁੱਖ ਦੀ ਮਨੁੱਖੀ ਵਿਸ਼ੇਸ਼ਤਾ ਨਦਰਿ, ਦ੍ਰਿਸ਼ਟੀ ਤੇ ਚਿਹਨ ਉਪਰ ਆਧਾਰਿਤ ਹੋ ਜਾਂਦੀ ਹੈ । ਇਹ ਸਥਿਤੀ ਵੀ ਗੁਰੂ ਨਾਨਕ ਦੇਵ ਦੇ ਅਧਿਆਤਮ ਤਥਾ ਧਰਮ-ਵਿਗਿਆਨੀ ਹੋਣ ਦੀ ਸੂਚਨਾ ਦੇਂਦੀ ਹੈ ।

ਗੁਰੂ ਨਾਨਕ ਦੀ 'ਜਪੁ' ਜੀ ਵਿਚ ਪੇਸ਼ ਧਰਮਸੰਪਨ ਅਧਿਆਤਮਕਤਾ ਦਾ ਇਕ ਪੱਖ ਇਹ ਵੀ ਹੈ ਕਿ ਇਸ ਵਿਚ ਮਨੁੱਖ ਨੂੰ ਜਗਤ ਦੇ ਖਲਜਗਨ ਤੋਂ ਫ਼ਾਰਗ਼ ਕਰ ਕੇ, ਉਚੇਰੀ ਮਤ ਆਕਾਰਯੁਕਤ ਸੰਸਾਰਕਤਾ ਤੋਂ ਨਿਰਾਕਾਰੀ ਬ੍ਰਹਮ ਤਕ ਪੁੱਜਣ ਤੋਂ ਹੀ ਪ੍ਰਾਪਤ ਹੁੰਦੀ ਹੈ । ਇਸੇ ਲਈ ਗੁਰੂ ਨਾਨਕ ਦੇਵ 'ਜਪੁ' ਜੀ ਵਿਚ ਆਪਣੇ ਸਾਰੇ ਪ੍ਰਵਚਨ ਨੂੰ ਅਧਿਆਤਮਕ ਪ੍ਰਵਚਨ ਦੀ ਪ੍ਰਕ੍ਰਿਆ ਦੀ ਇਕ ਅਵਸਥਾ ਤੇ ਲਿਜਾ ਕੇ ਅਗੋਂ ਉਚੇਰੇ ਵਤਨਾਂ ਦੀ ਗੱਲ ਸ਼ੁਰੂ ਕਰ ਦੇਂਦੇ ਹਨ । ਇਸ ਵਿਚ ਉਨ੍ਹਾਂ ਨੇ ਅਧਿਆਤਮ ਮਾਰਗ ਦੇ ਉਚੇਰੇ ਪੜਾਵਾਂ ਨੂੰ ਕਈ ਖੰਡਾਂ ਵਿਚ ਵੰਡਦਿਆਂ, ਅੰਤ ਉਤੇ ਸਚਖੰਡ ਦੀ ਗੱਲ ਸਮਝਾਈ ਹੈ । ਇਹ ਸਚਖੰਡ ਨਿਰਾਕਾਰ ਬ੍ਰਹਮ ਦਾ ਖੰਡ ਹੈ । ਪਰ ਇਸ ਖੰਡ ਤਕ ਕੋਈ ਕਿਵੇਂ ਪੁਜਦਾ ਹੈ, ਇਸ ਨੂੰ ਸਮਝਾਣ ਲਈ ਗੁਰੂ ਨਾਨਕ ਦੇਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਸ਼ਬਦ ਦੇ ਸਾਧਨ ਦੁਆਰਾ ਇਕ ਕਰੜੀ ਤਪਸਿਆ ਦਾ ਰਾਹ ਦਸਿਆ ਹੈ । ਇਸ ਰਾਹ ਉਤੇ ਮਨੁੱਖ ਦੀ ਜੈਵਿਕ ਪ੍ਰਕਿਰਤੀ, ਨੈਕਿਤਾ ਦੇ ਨਿਰੋਧ ਵਿਚ ਪਰਵੇਸ਼ ਕਰਦੀ ਹੈ ਤੇ ਉਹ ਇਸ ਉਚੇਰੀ ਮਤਿ ਦਾ ਮਾਲਕ ਬਣ ਜਾਂਦਾ ਹੈ ।

ਇਸ ਤਰ੍ਹਾਂ 'ਜਪੁ' ਜੀ ਇਕ ਅਜਿਹੀ ਬਾਣੀ ਹੈ, ਜਿਸ ਵਿਚ ਸਚਿਆਰ ਹੋਣ ਦੀ ਸਮਸਿਆ ਨੂੰ ਧਰਮ-ਵਿਗਿਆਨ ਦੀ ਦ੍ਰਿਸ਼ਟੀ ਤੋਂ ਸਮਝਿਆ ਗਿਆ ਹੈ । ਇਹ ਇਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਧਰਮ-ਗ੍ਰਾਮਰ ਨੂੰ ਪੇਸ਼ ਕਰਨ ਵਾਲੀ ਬਾਣੀ ਹੈ । ਅਜਿਹੀ ਗ੍ਰਾਮਰ ਨੂੰ ਆਤਮਸਾਤ ਕਰ ਕੇ, ਜਦ ਕੋਈ ਵਿਅਕਤੀ ਸੰਸਾਰ ਵਿਚ ਪਰਵੇਸ਼ ਕਰਦਾ ਹੈ ਤਾਂ ਉਹ ਹਰ ਕਦਮ ਉਤੇ 'ਜੈਸੇ ਜਲ ਮਹਿ ਕਲਮ ਨਿਰਾਲਮ' ਵਾਲੀ ਦ੍ਰਿਸ਼ਟੀ ਦਾ ਮਰਮ ਆਪਣੇ ਨਾਲ ਰਖਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਜਪੁ ਜੀ' ਸਾਹਿਬ ਵਿਚਲੇ ਪੰਜ ਖੰਡਾਂ ਦਾ ਅਧਿਐਨ

'ਜਪੁ ਜੀ' ਗੁਰੂ ਨਾਨਕ ਦੇਵ ਜੀ ਦੀ ਪਾਵਨ ਬਾਣੀ ਹੈ। ਇਸ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ 38 ਪਉੜੀਆਂ ਦੇ ਆਕਾਰ ਵਿਚ ਨਿਰੋਲ ਸਿਧਾਂਤ ਪੇਸ਼ ਕਰਨ ਵਾਲੀ ਬਾਣੀ ਹੈ। ਨਿਰੋਲ ਸਿਧਾਂਤ ਨੂੰ ਪੇਸ਼ ਕਰਨ ਵਾਲੀ ਬਾਣੀ ਉਹ ਹੁੰਦੀ ਹੈ, ਜਿਸ ਵਿਚ ਅਧਿਆਤਮ-ਬੋਧ ਆਪਣੇ ਪੂਰੇ ਸਿੱਖਰ ਉਤੇ ਹੁੰਦਾ ਹੈ ਤੇ ਇਸ ਵਿਚ ਸ਼ੈਲੀ ਅਜਿਹੀ ਹੁੰਦੀ ਹੈ ਜਿਸ ਵਿਚ ਫਾਲਤੂ ਦਾ ਪੂਰੀ ਤਰ੍ਹਾਂ ਤਿਆਗ ਹੁੰਦਾ ਹੈ ਅਤੇ ਹਰ ਗੱਲ ਨੂੰ ਸਪੱਸ਼ਟਾ ਸਹਿਤ ਤੇ ਪ੍ਰਣਾਲੀਬਧ ਢੰਗ ਨਾਲ ਪੇਸ਼ ਕੀਤਾ ਗਿਆ ਹੁੰਦਾ ਹੈ। 'ਜਪੁ ਜੀ' ਦਾ ਪਾਠ ਕਰਨ ਵਾਲਾ ਵਿਅਕਤੀ, ਵਿਸ਼ੇਸ਼ ਕਰ ਕੇ ਉਸ ਦੀ ਵਿਆਖਿਆ ਵਲ ਰੁਚਿਤ ਵਿਅਕਤੀ, ਇਹ ਗੱਲ ਭਲੀ-ਭਾਂਤ ਜਾਣ ਲੈਂਦਾ ਹੈ ਕਿ ਇਹ ਬਾਣੀ ਨਿਸ਼ਚੇ ਹੀ ਉਪਰੋਕਤ ਵਿਸ਼ੇਸ਼ਤਾਵਾਂ ਦੀ ਧਾਰਣੀ ਹੈ।

ਇਸ ਬਾਣੀ ਦਾ ਪਾਠ ਕਰਨ ਤੋਂ ਇਸ ਦੀ ਸਾਰੀ ਵਿਉਂਤ-ਵਿਧੀ ਦਾ ਪਤਾ ਚਲਦਾ ਹੈ। ਇਸ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਨੇ ਆਪਣੀ ਅਧਿਆਤਮਕਤਾ ਨੂੰ ਬੜੇ ਸੰਕੋਚਵੇਂ ਤੇ ਸੁਗਠਿਤ ਪਦਾਂ ਵਿਚ ਅੰਕਿਤ ਕੀਤਾ ਹੈ। ਇਹ ਪਦ ਆਪਣੀ ਬਣਤਰ ਤੇ ਪ੍ਰਸਤਾਵ ਵਿਚ ਇੰਨੇ ਪਰਿਸ਼ੁਧ ਹਨ ਕਿ ਇਨ੍ਹਾਂ ਵਿਚ ਕਿਸੇ ਪ੍ਰਕਾਰ ਦਾ ਪ੍ਰਪੰਚੀ ਵਿਵਰਣ ਸ਼ਾਮਲ ਨਹੀਂ। ਪ੍ਰਪੰਚੀ ਵਿਵਰਣ ਤੋਂ ਆਜ਼ਾਦ ਹੋ ਕੇ, ਉਹ ਹੀ ਮਾਨਸਿਕਤਾ ਵਿਚਰ ਸਕਦੀ ਹੈ ਜੋ ਪਰਿਸ਼ੁਧਤਾ ਦੇ ਪ੍ਰਮਾਣਿਕ ਪਦ ਉਤੇ ਪੁਜੀ ਹੋਵੇ। 'ਜਪੁ ਜੀ' ਦਾ ਅਰੰਭਲਾ ਹਿੱਸਾ, ਜਿਸ ਨੂੰ ਮੂਲਮੰਤਰ ਕਿਹਾ ਜਾਂਦਾ ਹੈ, ਇਸ ਗੱਲ ਦੀ ਪ੍ਰੋੜ੍ਹਤਾ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਦੇ ਅੰਤਰਗਤ '੧ਓ' ਤੋਂ ਲੈ ਕੇ 'ਗੁਰਪ੍ਰਸਾਦਿ' ਤਕ ਗੁਰੂ ਸਾਹਿਬ ਨੇ ਆਪਣੀ ਅਧਿਆਤਮਕਤਾ ਦਾ ਸਿਧਾਂਤ ਅਤਿਅੰਤ ਸਰਲਤਾ ਤੇ ਪਰਿਸ਼ੁਧਤਾ ਸਹਿਤ ਪੇਸ਼ ਕਰ ਦਿੱਤਾ ਹੈ। ਇਥੋਂ ਤੀਕ ਕਿ ਇਸ ਵਿਚ ਭਾਸ਼ਾਈ ਵਿਆਕਰਣ ਦੇ ਵਿਨਿਆਸ ਨੂੰ ਵੀ ਇਕਲਾਂਭੇ ਰਖਿਆ ਗਿਆ ਹੈ। ਇਥੇ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਦੋਂ ਕਿਸੇ ਪਰਿਸ਼ੁਧ ਪ੍ਰਸਤਾਵ ਨੂੰ, ਵਿਆਕਰਣ-ਵਿਨਿਆਸ ਵਿਚ ਪਾਇਆ ਜਾਂਦਾ ਹੈ ਤਾਂ ਉਹ ਵਾਕ ਦੇ ਵਿਧੇਯ-ਮੂਲਕ ਵਿਸਥਾਰ ਰਾਹੀਂ ਇਕ ਹਦ ਤੀਕ ਸੰਚਾਰ ਦੇ ਸਮੂਰਤਣ ਨੂੰ ਗ੍ਰਹਿਣ ਕਰਦਾ, ਸੰਸਾਰਕ ਵਿਵਰਣ ਤੀਕ ਆ ਜਾਂਦਾ ਹੈ। ਪਰ ਜਦੋਂ ਵਿਧੇਯਮੂਲਕ ਪ੍ਰਸੰਗ ਨੂੰ ਇਕ ਪਾਸੇ ਰਖਦਿਆਂ, ਕੇਵਲ ਕੁਝ ਨਿਸ਼ਚਿਤ ਪਦਾਂ ਦੀ ਪੇਸ਼ਕਾਰੀ ਹੀ ਕੀਤੀ ਜਾਂਦੀ ਹੈ ਤਾਂ ਪਰਿਸ਼ੁਧ ਸਿਧਾਂਤਕਤਾ ਜ਼ਾਹਰ ਹੋ ਜਾਂਦੀ ਹੈ। ਮੂਲਮੰਤਰ ਇਸ ਸਾਰੀ ਗਤਿ ਮਿਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਨਿਰੂਪਣ ਹੈ। ਇਸ ਤੋਂ ਹੀ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ 'ਜਪੁ ਜੀ' ਦੀ ਸਾਰੀ ਬਾਣੀ ਉਤਕ੍ਰਿਸ਼ਟ ਮਾਨਸਿਕਤਾ ਤੇ ਪਰਿਸ਼ੁਧ ਸਿਧਾਂਤਕਤਾ ਦੀ ਉਪਜ ਹੈ। ਅਜਿਹੀ ਬਾਣੀ ਦਾ ਵਿਧੀ-ਵਿਧਾਨ ਵੀ ਇਸੇ ਪਰਿਸ਼ੁਧਤਾ ਦੇ ਰਾਹ ਤੁਰਦਾ ਹੈ। ਆਪਣੀ ਗੱਲ ਤਾਂ ਸੰਕੁਚਿਤ ਰੂਪ ਵਿਚ ਗੁਰੂ ਸਾਹਿਬ ਨੇ ਮੂਲਮੰਤਰ ਵਿਚ ਵੀ ਸਮਝਾ ਦਿੱਤੀ ਹੈ। ਬਾਣੀ ਦੀ ਅੰਤਲੀ ਪਉੜੀ ਵਿਚ ਜਿੱਥੇ 'ਸਚ ਖੰਡਿ' ਦੀ ਵਿਆਖਿਆ ਹੈ, ਉਸ ਵਿਚ ਨਿਰੰਕਾਰ ਦੇ ਨਿਰਾਕਰਣ ਨੂੰ ਹੀ ਨਿਸ਼ਚਿਤ ਕੀਤਾ ਗਿਆ ਹੈ। ਨਾਲ ਹੀ ਸਚ ਖੰਡਿ ਦੀ ਪ੍ਰਕਾਰਜ-ਮੁਖ ਵਿਆਖਿਆ ਇਹ ਕਹਿ ਕੇ ਕੀਤੀ ਗਈ ਹੈ ਕਿ ਇਸ ਸਚ ਖੰਡਿ ਦੀ ਮਾਨਸਿਕਤਾ ਵਿਚੋਂ ਹੀ ਮਨੁੱਖ ਨੂੰ ਇਹ ਗਿਆਨ ਹੁੰਦਾ ਹੈ ਕਿ ਸਾਰੀ ਸ੍ਰਿਸ਼ਟੀ ਨੂੰ ਸੰਚਾਲਨ ਕਰਨ ਵਾਲੀ ਤੇ ਨਿਯੰਤ੍ਰਣ ਵਿਚ ਬੰਨ੍ਹਣ ਵਾਲੀ ਪਰਮਾਤਮਾ ਦੀ 'ਹੁਕਮ' ਦੀ ਮਰਯਾਦਾ ਹੀ ਹੈ। ਪਰ ਉਸ ਦਾ ਕਥਨ ਕਰਨਾ ਨਾਮੁਮਕਿਨ ਹੈ। ਅਤੇ ਇਸ ਨਿਰਾਕਰਣ ਨੂੰ ਅਗੋਂ ਪੇਸ਼ ਕਰਨ ਲਈ ਸ਼ਬਦ ਘਾੜਤ ਦੀ ਗੱਲ ਕੀਤੀ ਗਈ ਹੈ। ਇਹ ਪਉੜੀ ਵੀ ਮੂਲਮੰਤਰ ਵਾਲੀ ਅਵਸਥਾ ਤਕ ਹੀ ਪੁਜਦੀ ਹੈ। ਇਥੇ ਇਸ ਬਾਣੀ ਵਿਚ ਵਿਆਪਤ ਦੋ ਪ੍ਰਕਾਰ ਦੀ ਮਾਨਸਿਕ ਯਾਤਰਾ ਹੈ। ਇਕ ਯਾਤਰਾ ਨਿਵਿਰਤੀ-ਮੂਲਕ ਹੈ। ਇਸ ਰਾਹੀਂ ਵਿਅਕਤੀ ਆਪਣੇ ਆਪ ਨੂੰ ਵਿਵਰਣਾ ਦੇ ਵਿਸਥਾਰ ਵਿਚੋਂ ਕਢਦਾ ਤੇ ਸਿਧਾਂਤਕਤਾ ਦੀ ਪਰਿਸ਼ੁਧਤਾ ਵਿਚ ਪੇਸ਼ ਕਰਦਾ ਚਲਾ ਜਾਂਦਾ ਹੈ। ਮੂਲ ਮੰਤਰ ਇਸੇ ਪਰਿਸ਼ੁਧਤਾ ਦਾ ਪ੍ਰਗਟਾਉ ਹੈ। ਦੂਸਰੀ ਯਾਤਰਾ ਪਰਵਿਰਤੀਮੂਲਕ ਹੈ। ਇਸ ਰਾਹੀਂ ਪਰਿਸ਼ੁਧਤਾ ਨੂੰ ਸਾਰਥਕ ਸਿਧ ਕਰਨ ਲਈ, ਉਸ ਨੂੰ ਮਾਨਸਿਕਤਾ ਦੇ ਨਿਰਮਾਨ ਲਈ ਵਰਤੋਂ ਵਿਚ ਲਿਆਇਆ ਜਾਂਦਾ ਹੈ। ਮੂਲਮੰਤਰ ਤੋਂ ਉਪਰੰਤ 'ਜਪੁ ਜੀ' ਦਾ ਸਾਰਾ ਵਿਧੀ ਵਿਧਾਨ ਇਸੇ ਪ੍ਰਕਿਰਿਆ ਵਿਚ ਪਿਆ ਨਜ਼ਰ ਆਉਂਦਾ ਹੈ ਅਤੇ ਅੰਤ ਉਤੇ ਸਾਰੀ ਗੱਲ ਨੂੰ ਸਮੇਟ ਕੇ ਨਿਰੰਕਾਰ ਉਤੇ ਪੁਜ ਜਾਂਦਾ ਹੈ।

ਇਸ ਯਾਤਰਾ ਵਿਚ ਗੁਰੂ ਨਾਨਕ ਦੇਵ 'ਜਪੁ ਜੀ' ਦੇ ਪਹਿਲੇ ਭਾਗ ਵਿਚ ਆਪਣੇ ਸਿਧਾਂਤਕ ਸਤੰਭਾਂ ਨੂੰ ਨਿਸ਼ਚਿਤ ਕਰਦੇ ਹਨ। ਮੂਲਮੰਤਰ ਤੋਂ ਉਪਰੰਤ ਉਹ ਸਚ ਤੇ ਕਾਲ ਦਾ ਆਪਸੀ ਸੰਬੰਧ ਪੇਸ਼ ਕਰਦੇ ਹਨ। ਇਥੇ ਵੀ ਨਿਵਿਰਤੀ ਪਰਵਿਰਤੀ ਦੋਵੇਂ ਇਕ ਦੂਜੇ ਨਾਲ ਸੰਬੰਧਿਤ ਹਨ। ਸਚ ਸਾਰੇ ਪ੍ਰਪੰਚੀ ਵਿਵਰਣ ਨੂੰ ਮੱਥ ਕੇ ਨਿਤਾਰੀ ਹੋਈ ਉਹ ਵੱਥ ਹੈ ਜੋ ਸਦੈਵ ਕਾਇਮ ਰਹਿੰਦੀ ਹੈ। ਇਸ ਦੀ ਸਦੀਵਤਾ ਨੂੰ ਸਮਝਾਣ ਲਈ ਗੁਰੂ ਸਾਹਿਬ ਨੇ ਇਸ ਨਾਲ 'ਆਦਿ', 'ਜੁਗਾਦਿ', 'ਹੈ ਭੀ' ਤੇ 'ਹੋਸੀ ਭੀ' ਪਦ ਲਗਾਏ ਹਨ। ਜਿਸ ਦਾ ਅਰਥ ਇਹ ਹੈ ਕਿ ਕਾਲ ਦੇ ਨਿਰੰਤਰ ਬਦਲਦੇ ਪ੍ਰਸੰਗਾਂ ਵਿਚ ਵੀ ਸੱਚ ਕਾਇਮ ਰਹਿੰਦਾ ਹੈ। ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਸੱਚ ਤਕ ਲੈ ਜਾਣ ਵਾਲੀਆਂ ਪ੍ਰਚਲਿਤ ਪਹੁੰਚ-ਵਿਧੀਆਂ ਉਪਰ ਟਿੱਪਣੀ ਕਰਕੇ ਆਪਣਾ ਸਮਸਿਆਵਾਦ ਕੂੜ ਤੋਂ ਸੱਚ ਵਲ ਜਾਣਾ ਪੇਸ਼ ਕਰਦੇ ਹਨ ਅਤੇ ਇਸ ਦੇ ਨਾਲ ਹੀ ਆਪਣਾ ਸਿਧਾਂਤਕ ਦ੍ਵੰਦ ਰਖ ਦੇਂਦੇ ਹਨ। ਇਹ ਦ੍ਵੰਦ 'ਹਉ' ਤੇ 'ਹੁਕਮ' ਦਾ ਦ੍ਵੰਦ ਹੈ। ਇਸ ਵਿਚ ਗੁਰੂ ਸਾਹਿਬ ਹਉਂ ਤੋਂ ਹੁਕਮ ਤਕ ਜਾਣ ਦੀ ਗੱਲ ਨੂੰ ਸਚਿਆਰ ਹੋਣ ਦੀ ਪਰਵਿਰਤੀ ਲਈ ਜ਼ਰੂਰੀ ਸਮਝਦੇ ਹਨ। ਇਸੇ ਸੇਧ ਵਿਚ ਅਗੋਂ ਸਿਧਾਂਤਕ ਪਹਿਲੂਆਂ ਦੀ ਮੁਢਲੀ ਵਿਆਖਿਆ ਦਾ ਪਰਿਪੇਖ ਪੇਸ਼ ਕਰਨ ਉਪਰੰਤ ਸਿੱਧਾ ਹੀ ਸਮਸਿਆ ਨਾਲ ਸਨਮੁਖ ਹੋ ਜਾਂਦੇ ਹਨ। ਇਸ ਯਾਤਰਾ ਵਿਚ ਉਹ ਮਨੁੱਖ ਦੀ ਜੈਵਿਕਤਾ ਨੂੰ ਰੂਪਾਂਤ੍ਰਣ ਦੇਣ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਇਸ ਵਿਚ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰ ਬਾਰ ਰੂਪਾਂਤ੍ਰਣ ਦੀ ਗੱਲ ਸਮਝਾਂਦੇ ਹੋਏ ਜੀਵ ਦੇ ਮਾਨਸਿਕ [illegible] ਦੀ ਪ੍ਰਾਪਤੀ ਵਲ ਸੰਕੇਤ ਕਰਦੇ ਚਲੇ ਜਾਂਦੇ ਹਨ । ਗੁਰੂ ਸਾਹਿਬ ਜਦੋਂ ਫੁਰਮਾਉਂਦੇ ਹਨ—

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥੨੧॥

ਤਾਂ ਪਤਾ ਲਗਦਾ ਹੈ ਕਿ ਉਹ ਬਾਹਰਲੇ ਕਰਮਕਾਂਡ ਨਾਲੋਂ ਅੰਦਰਲੀ ਮਾਨਸਿਕਤਾ ਨੂੰ ਵਿਕਾਸ ਦੇਣ ਲਈ ਵਧੇਰੇ ਤਤਪਰ ਹਨ । ਇਹ ਰੂਪਾਂਤ੍ਰਣ ਦੀ ਹੀ ਯਾਤਰਾ ਹੈ । ਇਸੇ ਯਾਤਰਾ ਨੂੰ ਪ੍ਰਪੰਚਸ਼ੀਲ ਵਿਵਰਣ ਵਾਲੇ ਤੇ ਖਲਜਗਨਗ੍ਰਸਤ ਸੰਸਾਰ ਦੇ ਪ੍ਰਸੰਗ ਵਿਚ ਰਖਦੇ ਹਨ ਤਾਂ ਇਸ ਪ੍ਰਕਾਰ ਸਮਝਾਂਦੇ ਹਨ—

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
... . ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥੨੦॥

ਜਾਂ ਇਉਂ ਕਹਿ ਲਉ ਕਿ ਜਦੋਂ ਮਤਿ ਪਾਪਾਂ ਨਾਲ ਮਲੀਨ ਹੋ ਜਾਂਦੀ ਹੈ ਤਾਂ ਉਸ ਨੂੰ ਨਾਮ ਨਾਲ ਹੀ ਵਿਸ਼ੁਧ ਕੀਤਾ ਜਾ ਸਕਦਾ ਹੈ । ਇਹ ਗਤੀ ਵੀ ਰੂਪਾਂਤ੍ਰਣ ਪ੍ਰਕਿਰਿਆ ਵਾਲੀ ਹੈ ਕਿਉਂਕਿ ਮਨੁੱਖ ਆਪਣੀ ਹਉਂਯੁਕਤ ਜੈਵਿਕਤਾ ਕਾਰਣ ਸੰਸਾਰ ਦੇ ਖਲਜਗਨ ਵਿਚ ਪੈਂਦਾ ਹੀ ਹੈ ਅਤੇ ਅਜਿਹੇ ਖਲਜਗਨ ਵਿਚ ਪਿਆਂ ਉਸ ਦਾ ਮਾਨਸਿਕ ਸੰਜਮ ਨਿਸ਼ਚੇ ਹੀ ਬਿਖਰ ਜਾਂਦਾ ਹੈ । ਅਜਿਹੀ ਅਵਸਥਾ ਹੀ ਮਲੀਨ ਮਤਿ ਦੀ ਸੂਚਨਾ ਦੇਣ ਵਾਲੀ ਹੈ । ਜਦੋਂ ਇਸ ਨੂੰ ਗੁਰੂ ਸਾਹਿਬ ਨਾਮ ਦੁਆਰਾ ਸੰਜਮਸ਼ੀਲ ਕਰਨ ਦਾ ਸੁਝਾਉ ਦੇਂਦੇ ਹਨ ਤਾ ਸਪੱਸ਼ਟ ਹੋ ਜਾਂਦਾ ਹੈ ਕਿ ਜਪੁ ਜੀ ਵਿਚ ਬੁਨਿਆਦੀ ਸਮਸਿਆ ਰੂਪਾਂਤ੍ਰਣ ਦੀ ਹੀ ਹੈ । ਰੂਪਾਂਤ੍ਰਣ ਦੀ ਇਸ ਵਿਆਖਿਆ ਨੂੰ ਗੁਰੂ ਸਾਹਿਬ ਇਕ ਖਾਸ ਪੱਧਰ ਤੀਕ ਲੈ ਜਾਂਦੇ ਹਨ । ਇਸ ਖਾਸ ਪੱਧਰ ਤੀਕ ਪੁਜ ਕੇ ਆਪ ਇਹ ਸਮਝਾਂਦੇ ਹਨ ਕਿ ਜਦੋਂ ਮਨੁੱਖ ਸਚਿਆਰ ਹੋਣ ਦੀ ਪ੍ਰਕਿਰਿਆ ਵਿਚ ਪਿਆ ਪ੍ਰਪੰਚਸ਼ੀਲ ਖਲਜਗਨ ਤੇ ਨਾਮਪਰਕ ਸੰਜਮ ਵਿਚ ਅੰਤਰ ਸਮਝ ਲੈਂਦਾ ਹੈ ਤਾਂ ਉਹ ਮਾਨਸਿਕ ਤਥਾ ਆਤਮਕ ਵਿਕਾਸ ਦੇ ਇਕ ਸਤਰ ਉਤੇ ਪੁਜ ਜਾਂਦਾ ਹੈ । ਇਸ ਤੋਂ ਅਗੋਂ ਗਲ ਨਿਰੋਲ ਗਿਆਨ ਦੀ ਸ਼ੁਰੂ ਹੋ ਜਾਂਦੀ ਹੈ । ਇਥੇ ਅਸਲੀ ਗੱਲ ਗਿਆਨ ਦੀਆਂ ਉਚੇਰੀਆਂ ਦਿਸ਼ਾਵਾਂ ਵਲ ਵਿਕਾਸ ਕਰਨ ਲਈ ਗੁਰੂ ਸਾਹਿਬ ਵਿਸ਼ੇਸ਼ ਸਮਰਥਾ ਵਾਲੇ ਮਾਨਸਿਕ ਪ੍ਰਤਿਉੱਤਰ ਦੀ ਘਾੜਤ ਵਲ ਇਸ਼ਾਰਾ ਕਰ ਰਹੇ ਹਨ । ਪੰਜ ਖੰਡਾਂ ਤੋਂ ਪਹਿਲਾਂ ਤੇ ਪਹਿਲੀਆਂ ਪੰਜ ਪਉੜੀਆਂ ਤੋਂ ਬਾਅਦ ਜਪੁ ਜੀ ਦਾ ਜਿੰਨਾ ਵਿਸਥਾਰ ਹੈ, ਉਸ ਵਿਚ ਅਜਿਹੀ ਸਮਰਥਾ ਵਾਲੇ ਪ੍ਰਤੀਉੱਤਰ ਨੂੰ ਘੜਨ ਦੀ ਗੱਲ ਕੀਤੀ ਗਈ ਹੈ । ਜਦੋਂ ਆਪ ਮਾਨਸਿਕ ਵਿਕਾਸ ਦੀ ਇਸ ਵਿਧੀਗਤ ਅਵਸਥਾ ਉਤੇ ਪੁਜ ਜਾਂਦੇ ਹਨ ਤਾਂ ਫਿਰ ਉਨ੍ਹਾਂ ਦੇ ਸਾਹਮਣੇ ਮਸਲਾ ਸਮੁੱਚੀ ਕਾਇਨਾਤ ਵਿਚ ਮਨੁੱਖ ਦੀ ਮਨੁੱਖਤਾ ਦੀ ਨਿਸ਼ਨਦੇਹੀ ਦਾ ਬਣਦਾ ਹੈ । ਪੰਜ ਖੰਡਾਂ ਤੋਂ ਪਹਿਲਾਂ ਆਪ ਇਹ ਨਿਸ਼ਾਨਦੇਹੀ ਕਰਦੇ ਹਨ ਅਤੇ ਕਹਿੰਦੇ ਹਨ—

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥

CC-0. In Public Domain. Gurukul Kangri Collection, Haridwar

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
Digitized by Arya Samaj Foundation Chennai and eGangotri
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮੁ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥੩੪॥

ਇਸ ਪਉੜੀ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਸਮੁੱਚੀ ਪ੍ਰਕਿਰਤੀ ਦੇ ਅੰਤਰਗਤ ਮਾਨਵੀ ਜਗਤ ਨੂੰ ਰਖਿਆ ਵੀ ਗਿਆ ਹੈ ਤੇ ਇਸ ਦਾ ਨਿਖੜਵਾਂ ਰੂਪ ਵੀ ਨਿਸ਼ਚਿਤ ਕੀਤਾ ਗਿਆ ਹੈ। ਵਿਆਖਿਆ ਦੀ ਦਿਸ਼ਾ ਇਹ ਹੈ ਕਿ ਬ੍ਰਹਮੰਡ ਦੀ ਵਿਰਾਟ ਪ੍ਰਕਿਰਤੀ, ਪ੍ਰਾਕਿਰਤਿਕ ਨੇਮਾਂ ਉਪਰ ਆਧਾਰਿਤ ਹੈ। ਇਨ੍ਹਾਂ ਨੇਮਾਂ ਦੇ ਆਧਾਰ ਉਤੇ ਹੀ ਪ੍ਰਕਿਰਤੀ ਵਿਚ ਆਕਾਰ ਬਣਦੇ ਹਨ ਤੇ ਬਿਨਸਦੇ ਹਨ, ਪਰ ਪ੍ਰਕਿਰਤੀ ਦੀ ਇਹ ਨਿਰੰਤਰ ਚਾਲ ਆਪਣੀ ਆਪਮੁਹਾਰੀ ਚਾਲ ਵਿਚ ਬਿਨਾਂ ਕਿਸੇ ਸੰਜਮ ਤੇ ਸੰਗਠਨ ਦੇ ਬਿਨਸ ਜਾਂਦੀ ਹੈ। ਇਸ ਲਈ ਇਹ ਗਤੀ ਕਚ ਦੀ ਪ੍ਰਕਿਰਿਆ ਹੈ।

ਮਨੁੱਖ ਦਾ ਜਗਤ ਇਸ ਤੋਂ ਭਿੰਨ ਇਸ ਤਰ੍ਹਾਂ ਹੈ ਕਿ ਉਹ ਸੱਚ ਦਾ ਦਰਬਾਰੀ ਹੈ। ਸੱਚ ਦੇ ਦਰਬਾਰ ਵਿਚ ਪੁਜਿਆਂ, ਉਸ ਦੀ ਮਤਿ ਏਨੀ ਉਚੇਰੀ ਹੋ ਜਾਂਦੀ ਹੈ ਕਿ ਉਹ ਪ੍ਰਕਿਰਤੀ ਦੇ ਪ੍ਰਪੰਚ ਪਿਛੇ ਕੰਮ ਕਰਦੇ ਨੇਮਾਂ ਨੂੰ ਜਾਣਨ ਤੇ ਸਮਝਣ ਦਾ ਯਤਨ ਕਰਨ ਲਗ ਪੈਂਦਾ ਹੈ। ਗੁਰੂ ਸਾਹਿਬ ਫੁਰਮਾਂਦੇ ਹਨ ਕਿ ਸੱਚ ਦੇ ਦਰਬਾਰੀ ਉਪਰ ਨਦਰਿ ਕਰਮ ਦੀ ਕਿਰਪਾ ਹੋ ਜਾਂਦੀ ਹੈ। ਕਿਰਪਾ ਤਾਂ ਤਾਂਹੀ ਹੋ ਸਕਦੀ ਹੈ ਜੇ ਪਹਿਲਾਂ ਮਾਨਸਿਕਤਾ ਕਿਰਪਾ ਪ੍ਰਾਪਤ ਕਰ ਸਕਣ ਦੀ ਅਵਸਥਾ ਉਤੇ ਪੁਜੀ ਹੋਵੇ। ਜਦੋਂ ਅਜਿਹੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਨੂੰ ਨਿਸ਼ਾਨ ਮਿਲ ਜਾਂਦਾ ਹੈ। ਨਿਸ਼ਾਨ-ਪ੍ਰਾਪਤੀ, ਨਿਸ਼ਾਨ-ਪ੍ਰਕਿਰਿਆ, ਨਿਸ਼ਾਨ-ਪ੍ਰਤੀਉੱਤਰ ਮਨੁੱਖ ਦੀ ਉਚੇਰੀ ਮਤਿ ਨਾਲ ਸੰਬੰਧਿਤ ਪ੍ਰਾਪਤੀ ਹੈ। ਇਸ ਸਦਕਾ ਮਨੁੱਖ ਕੱਚ ਤੇ ਸੱਚ ਵਿਚ ਅੰਤਰ ਕਰ ਸਕਣ ਦੇ ਯੋਗ ਹੁੰਦਾ ਹੈ।

ਜਦੋਂ ਗੁਰੂ ਨਾਨਕ ਦੇਵ ਆਪਣੀ ਅਧਿਆਤਮਕਤਾ ਨੂੰ ਸਿਧਾਂਤਕਤਾ ਦੇ ਇਸ ਪਦ ਤੀਕ ਲੈ ਆਉਂਦੇ ਹਨ ਤਾਂ ਅਗੋਂ 'ਜਪੁ ਜੀ' ਦੇ ਸਮਾਪਨ ਭਾਗ ਵਿਚ ਪੰਚ ਖੰਡਾਂ ਦਾ ਵਿਵਰਣ ਦੇਂਦੇ ਹਨ। ਇਹ ਪੰਜ ਖੰਡ ਰੂਪਾਂਤ੍ਰਿਤ ਮਾਨਸਿਕਤਾ ਦੇ ਹੀ ਵੱਖ ਵੱਖ ਪਹਿਲੂ ਹਨ। ਇਹ ਖੰਡ ਕ੍ਰਮਵਾਚੀ ਵਿਕਾਸ-ਪ੍ਰਕਿਰਿਆ ਦੇ ਸੂਚਕ ਨਹੀਂ, ਸਗੋਂ ਰੂਪਾਂਤ੍ਰਿਤ ਮਾਨਸਿਕਤਾ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਵਾਲੀਆਂ ਸੰਰਚਨਾਵਾਂ ਹਨ। ਇਨ੍ਹਾਂ ਦੇ ਅਰੰਭ ਵਿਚ ਗੁਰੂ ਸਾਹਿਬ ਪਹਿਲਾਂ ਧਰਮ ਖੰਡ ਦੀ ਗੱਲ ਸਮਝਾਂਦੇ ਹਨ। ਧਰਮ ਖੰਡ ਵਿਚ ਆਪ ਸਿਸ਼ਟੀ ਦੇ ਨੇਮਾਂ ਤੇ ਉਨ੍ਹਾਂ ਨੇਮਾਂ ਦੀ ਜਾਣਕਾਰੀ ਦੀ ਗੱਲ ਸਮਝਾਂਦੇ ਹਨ। ਇਸ ਤਰ੍ਹਾਂ ਗਿਆਨ ਖੰਡ ਵਿਚ ਆਪ ਬੌਧਿਕ ਸਤਰ ਦੇ ਅਦਭੁਤ ਵਿਕਾਸ ਦੀ ਅਨੰਤਾ ਤੇ ਅਸਚਰਤਾ ਦੀ ਵਿਆਖਿਆ ਕਰਦੇ ਹਨ ਅਤੇ ਦਸਦੇ ਹਨ ਕਿ ਇਸ ਅਵਸਥਾ ਵਿਚ ਉਤਕ੍ਰਿਸ਼ਟ ਬੁਧੀ ਆਪਣੀ ਬੌਧਿਕ ਸਮਰਥਾ ਦੁਆਰਾ ਨਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਨੋਦ ਨਾਲ ਸੰਬੰਧਿਤ ਅਨੰਦੀ ਦਿਸ਼ਾਵਾਂ ਦਾ ਅਨਭਵ ਕਰਦੀ ਹੈ। ਨਾਦ ਬਿਨੋਦ ਵਾਲੀ ਅਵਸਥਾ ਵਿਚ ਅਨੰਦ ਨਿਯੰਤ੍ਰਿਤ ਪ੍ਰਪੰਚ ਵਿਚੋਂ ਆਉਂਦਾ ਹੈ। ਨਿਯੰਤ੍ਰਿਤ ਪ੍ਰਪੰਚ, ਅਸਲ ਵਿਚ ਪ੍ਰਬੰਧ ਹੀ ਹੁੰਦਾ ਹੈ। ਇਸ ਤਰ੍ਹਾਂ ਧਰਮ, ਨੇਮ ਨਾਲ ਜੁੜਦਾ ਹੈ ਤੇ ਅਗੋਂ ਗਿਆਨ, ਪ੍ਰਬੰਧ ਨਾਲ ਜੁੜ ਜਾਂਦਾ ਹੈ! ਪ੍ਰਬੰਧ, ਨੇਮ ਦੀ ਜਾਣਕਾਰੀ ਦਾ ਹੀ ਨਾਮ ਹੈ। ਨੇਮ ਤਾਂ ਸਹਿਜ ਗਤੀ ਵਿਚ ਕਾਰਜਸ਼ੀਲ ਹੁੰਦਾ ਹੈ। ਪ੍ਰਬੰਧ, ਗਿਆਨ ਦੀ ਪੱਧਰ ਉਤੇ ਨੇਮ ਦਾ ਜਾਣਿਆਂ ਪਛਾਣਿਆਂ ਤੇ ਮਾਨਵੀ ਸੰਜਮ ਨੂੰ ਅਗੋਂ ਵਧਾ ਸਕਣ ਵਾਲਾ ਰੂਪ ਹੈ।

ਇਸ ਤੋਂ ਅਗਲੀ ਗੱਲ ਜਿਸ ਨੂੰ ਗੁਰੂ ਸਾਹਿਬ ਸਰਮ ਖੰਡ ਨਾਲ ਜੋੜਦੇ ਹਨ, ਉਥੇ ਰੂਪ ਦੀ ਗੱਲ ਸਮਝਾਂਦੇ ਹਨ। ਰੂਪ ਸੰਬੰਧੀ ਸਭ ਤੋਂ ਪਹਿਲੀ ਗੱਲ ਤਾਂ ਆਪ ਦੀ ਇਹ ਹੈ ਕਿ ਇਹ ਰੂਪ ਪ੍ਰਦੱਤ ਨਹੀਂ ਹੁੰਦਾ, ਘੜਿਆ ਜਾਂਦਾ ਹੈ। ਰੂਪ ਨੂੰ ਘੜਦਾ ਕੌਣ ਹੈ? ਉੱਤਰ ਹੈ: ਧਰਮ ਤੇ ਗਿਆਨ। ਭਾਵ ਇਹ ਹੈ ਕਿ ਨੇਮ ਤੇ ਪ੍ਰਬੰਧ ਦੀ ਸੂਝ ਹੀ ਰੂਪਾਂਤ੍ਰਿਤ ਮਾਨਵੀ ਮਾਨਸਿਕਤਾ ਨੂੰ ਰੂਪ ਘਾੜਤ ਦੀ ਅਨਿਵਾਰਿਤਾ ਪ੍ਰਤੀ ਬੇਦਾਰ ਕਰਦੀ ਹੈ। ਰੂਪ ਦੇ ਮੁਕਾਬਲੇ ਉਤੇ ਨੇਮ ਤੇ ਪ੍ਰਬੰਧ ਦੋਵੇਂ ਹੀ ਅਮੂਰਤ ਹਨ। ਇਹ ਗੱਲ ਵਖਰੀ ਹੈ ਕਿ ਨੇਮ ਪ੍ਰਬੰਧ ਨੂੰ ਵੀ ਰੂਪ-ਪ੍ਰਕਿਰਿਆ ਵਿਚ ਪਈ ਮਾਨਸਿਕਤਾ ਰਾਹੀਂ ਹੀ ਸਮਝਿਆ ਜਾ ਸਕਦਾ ਹੈ ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਰੂਪ, ਧਰਮ ਤੇ ਗਿਆਨ ਜਾਂ ਨੇਮ ਤੇ ਪ੍ਰਬੰਧ ਦੋਹਾਂ ਦੀ ਸੰਕਲਪਨਾ ਨੂੰ ਪ੍ਰਗਟਾਵੇ ਦਾ ਸੁਗਠਿਤ ਸਮੂਰਤਣ ਦੇਂਦਾ ਹੈ। ਇਸੇ ਲਈ ਗੁਰੂ ਜੀ ਨੇ ਕਿਹਾ ਹੈ ਕਿ ਰੂਪ ਘੜਿਆ ਵੀ ਜਾਂਦਾ ਹੈ ਤੇ ਇਸ ਦੀਆਂ ਅਨੂਪ ਘਾੜਤਾਂ ਦਾ ਕੋਈ ਅੰਤ ਸ਼ੁਮਾਰ ਨਹੀਂ।

ਵਿਚਲੀ ਗੱਲ ਤਾਂ ਇਹ ਹੈ ਕਿ ਮਾਨਵੀ ਬੁੱਧੀ ਰੂਪ ਦੀ ਇਕਾਗਰਤਾ ਵਿਚ ਹੀ ਆਪਣੇ ਆਪ ਨੂੰ ਜ਼ਾਹਰ ਕਰਦੀ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿਚ ਇਹ ਸੁਰਤਿ, ਮਤਿ, ਮਨ, ਬੁਧਿ ਦੀ ਘਾੜਤ ਕਰਦੀ ਹੈ ਅਤੇ ਇਸੇ ਬੌਧਿਕ ਅਵਸਥਾ ਵਿਚੋਂ ਸਿਧੀ ਤੇ ਸੁਧੀ ਵਾਲੇ ਮਨੁੱਖ ਸਾਹਮਣੇ ਆਉਂਦੇ ਹਨ। ਸਿਧੀ ਵਾਲੇ ਮਨੁੱਖ ਉਹ ਹੁੰਦੇ ਹਨ ਜਿੰਨ੍ਹਾਂ ਵਿਚ ਕੁਝ ਕਰ ਸਕਣ ਦੀ ਪ੍ਰਬੀਨਤਾ ਹੁੰਦੀ ਹੈ ਤੇ ਸੁਧੀ ਵਾਲੇ ਉਹ ਹੁੰਦੇ ਹਨ ਜੋ ਇਸ ਪ੍ਰਬੀਣਤਾ ਨੂੰ ਅਗਲੀ ਖੋਜ ਤੇ ਸ਼ੋਧ ਵਿਚ ਪਾ ਸਕਦੇ ਹਨ। ਪਰ ਬੌਧਿਕ ਮੰਡਲ ਤੇ ਮਾਨਸਿਕ ਵਿਕਾਸ ਦੀ ਇਸ ਪ੍ਰਕਿਰਿਆ ਨੂੰ ਗੁਰੂ ਸਾਹਿਬ ਅਗੋਂ ਕਰਮ ਖੰਡ ਨਾਲ ਜੋੜਨਾ ਬਹੁਤ ਜ਼ਰੂਰੀ ਸਮਝਦੇ ਹਨ ਕਿਉਂਕਿ ਬੁਨਿਆਦੀ ਤੌਰ ਤੇ ਮਨੁੱਖ ਜੀਵ ਦੀ ਕਚਿਆਈ, ਪਕਿਆਈ, ਬੌਧਿਕਤਾ, ਸਿਧੀ, ਕਰਮਾਂ ਰਾਹੀਂ ਹੀ ਪ੍ਰਗਟ ਹੋ ਸਕਦੀ ਹੈ, ਜਿਸ ਦਾ ਅਰਥ ਇਹ ਹੈ ਕਿ ਸਿਧਾਂਤ ਭਾਂਵੇਂ ਪ੍ਰਾਥਮਿਕ ਹੈ ਪਰ ਉਸ ਦਾ ਪ੍ਰਗਟਾਵਾ ਫਿਰ ਵਿਹਾਰ ਦੁਆਰਾ ਹੈ।

ਵਿਹਾਰ ਤਾਂ ਜੈਵਿਕ ਸ਼ਕਤੀਆਂ ਵਿਚੋਂ ਪੈਦਾ ਹੁੰਦਾ ਹੈ ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਅਜਿਹੇ ਪ੍ਰਾਕਿਰਤਿਕ ਵਿਹਾਰ ਨੂੰ ਉਪਰੋਕਤ ਵਿਚ ਕਥਿਤ ਨੇਮ, ਪ੍ਰਬੰਧ ਤੇ ਰੂਪ ਆਦਿ ਰਾਹੀਂ ਸੋਧ ਲਿਆ ਜਾਂਦਾ ਹੈ ਤਾਂ ਸਾਰੀ ਬੇਮੁਹਾਰ ਪ੍ਰਕਿਰਤਿਕ ਸ਼ਕਤੀ ਇਕ ਸੰਜਮ ਵਿਚ ਬੱਝ ਜਾਂਦੀ ਹੈ। ਇਹ ਸੰਜਮ ਵਿਚ ਬੱਝੀ ਸ਼ਕਤੀ, ਗੁਰੂ ਸਾਹਿਬ ਦੇ ਸ਼ਬਦਾਂ ਵਿਚ ਕਰਮ ਖੰਡ ਦੀ ਬਾਣੀ ਜੋਰ ਹੈ। ਇਸ ਜੋਰ ਵਿਚ ਸਿਧਾਂਤ ਤੇ ਵਿਹਾਰ ਇਕ ਦੂਸਰੇ ਨਾਲ ਜੁੜ ਜਾਂਦੇ ਹਨ ਤੇ ਇਸ ਵਿਚੋਂ ਜੋ ਜੀਵ ਪੈਦਾ ਹੁੰਦਾ ਹੈ ਉਹ ਜੋਧਾ ਹੈ, ਮਹਾਂਬਲੀ ਹੈ ਤੇ ਸੂਰਾ ਹੈ। ਅਜਿਹੇ ਜੀਵ ਬ੍ਰਹਮ-ਗਿਆਨ ਦੀ ਭਰਪੂਰਤਾ

CC-0. In Public Domain. Gurukul Kangri Collection, Haridwar

ਤੇ ਮਹਿਮਾ ਵਿਚ ਲੀਨ ਹੋਏ ਆਦਰਸ਼ ਮਾਨਵ ਹਨ ਜੋ ਪ੍ਰਕਿਰਤੀ ਦੇ ਵਿਕਾਸ, ਵਿਨਾਸ ਦੀ ਸਹਿਜ-ਪ੍ਰਕਿਰਿਆ ਉਪਰ ਆਪਣੀ ਉਤਕ੍ਰਿਸ਼ਟ ਦ੍ਰਿਸ਼ਟੀ ਸਦਕਾ ਹਾਵੀ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਉਹ ਅਜਿਹੀ ਪ੍ਰਾਪਤੀ ਸਦਕਾ ਅਜਿਹੇ ਹੀ ਸਚਖੰਡ ਵਿਚ ਨਿਵਾਸ ਕਰਦੇ ਹਨ ।

Digitized by Arya Samaj Foundation Chennai and eGangotri

ਸਚਖੰਡ ਦਾ ਨਿਵਾਸ ਅਸਲ ਵਿਚ ਮਾਨਸਿਕਤਾ ਦੀ ਉਹ ਰੂਪਾਂਤ੍ਰਿਤ ਅਵਸਥਾ ਹੈ, ਜਿਸ ਵਿਚ ਮਨੁੱਖ ਪ੍ਰਪੰਚ ਦੇ ਵਿਵਰਣਸ਼ੀਲ ਵਿਸਥਾਰ ਦੇ ਅਧੀਨ ਨਹੀਂ, ਸਗੋਂ ਅਜਿਹੇ ਵਿਸਥਾਰ ਨੂੰ ਆਪਣੇ ਅਧੀਨ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਵਿਵਰਣਸ਼ੀਲ ਸਮੂਰਤਣ ਤੋਂ ਇਕ ਉਚੇਰੀ ਵਿੱਥ ਪ੍ਰਾਪਤ ਕਰ ਲੈਂਦਾ ਹੈ । ਅਜਿਹੀ ਦ੍ਰਿਸ਼ਟੀ ਵਿਚ ਵਸਣ ਵਾਲਾ ਆਦਰਸ਼ ਮਾਨਵ ਸਿਧਾਂਤਕ ਤੇ ਵਿਹਾਰਕ ਖੰਡਾਂ ਦੇ ਆਪਸੀ ਮੇਲ ਉਪਰ ਉਸਰੀ ਅਜਿਹੀ ਪ੍ਰਤੱਖਣਾ ਵਿਚ ਜਾਗ ਉਠਦਾ ਹੈ ਜਿਥੇ ਉਹ ਇਕ ਛਿੰਨ ਵਿਚ ਸਾਰੇ ਬ੍ਰਹਮੰਡ ਨੂੰ ਵੇਖ ਲੈਂਦਾ ਹੈ । ਅਜਿਹੀ ਅਵਸਥਾ ਵਿਚ ਉਸ ਦਾ ਮਾਨਸਿਕ ਵਿਕਾਸ ਅਗੇ ਤੋਂ ਅਗੇਰੇ ਵਿਗਸਦਾ ਹੀ ਜਾਂਦਾ ਹੈ ।

ਪਰ ਅਜਿਹੀ ਸਾਰੀ ਪ੍ਰਕਿਰਿਆ ਦਾ ਗਹਿਨ ਧਰਾਤਲ ਕੀ ਹੈ ? ਗੁਰੂ ਸਾਹਿਬ ਦੇ ਅਨੁਸਾਰ ਇਹ ਧਰਾਤਲ ਸ਼ਬਦ ਦਾ ਧਰਾਤਲ ਹੈ । ਸ਼ਬਦ, ਜੋ ਵਿਹਾਰਕ ਭਾਸ਼ਾ ਤੋਂ ਵਖਰੀ ਪ੍ਰਕਾਰ ਦੀ ਭਾਸ਼ਾ ਹੈ, ਜੋ ਮਾਨਵ ਨੂੰ ਸਾਰਥਕਤਾ ਦੇ ਪਦ ਉਤੇ ਵੀ ਪੁਚਾਂਦੀ ਹੈ, ਉਸ ਨੂੰ ਨੈਤਿਕਤਾ ਵੀ ਦੇਂਦੀ ਹੈ, ਉਸ ਨੂੰ ਦ੍ਰਿਸ਼ਟੀ ਵੀ ਦੇਂਦੀ ਹੈ । ਇਸ ਤਰ੍ਹਾਂ ਸਚ ਖੰਡ ਉਤੇ ਪੁੱਜੀ ਮਾਨਸਿਕਤਾ, ਉਹ ਮਾਨਸਿਕਤਾ ਹੈ ਜੋ ਨੇਮ, ਪ੍ਰਬੰਧ, ਰੂਪ, ਕਰਮ, ਦ੍ਰਿਸ਼ਟੀ ਆਦਿ ਦੇ ਭੇਦ ਨੂੰ ਸਮਝਦੀ ਹੈ ਅਤੇ ਇਨ੍ਹਾਂ ਸਾਰੀਆਂ ਗੱਲਾਂ ਦੀ ਮਹਾਨਤਾ ਨੂੰ ਦ੍ਰਿੜ ਕਰਨ ਵਾਲੇ ਸ਼ਬਦ ਦਾ ਪਾਰ ਵੀ ਪਾ ਲੈਂਦੀ ਹੈ । ਇਸ ਤਰ੍ਹਾਂ ਪੰਜ ਖੰਡ ਗੁਰੂ ਨਾਨਕ ਦੇਵ ਦੀ ਅਧਿਆਤਮਕਤਾ ਦੇ ਮੁਤਾਬਿਕ ਰੂਪਾਂਤ੍ਰਿਤ ਦ੍ਰਿਸ਼ਟੀ ਨੂੰ ਪ੍ਰਣਾਲੀਬਧ ਤਰੀਕੇ ਨਾਲ ਪੇਸ਼ ਕਰਨ ਵਾਲੇ 'ਜਪੁ ਜੀ' ਦੇ ਮਹੱਤਵਸ਼ੀਲ ਭਾਗ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਜਾਪੁ ਸਾਹਿਬ' ਦਾ ਥੀਮਿਕ ਅਧਿਐਨ

100884

ਇਸ ਵਿਚ ਸੰਦੇਹ ਨਹੀਂ ਕਿ ਅਸੀਂ ਗੁਰੂਆਂ ਦੀ ਬਾਣੀ ਨੂੰ 'ਧੁਰ ਕੀ ਬਾਣੀ' ਮੰਨਦੇ ਹਾਂ ਅਤੇ ਇਸੇ ਭਾਵਨਾ ਨਾਲ ਇਸ ਨੂੰ ਨਮਸਕਾਰ ਕਰਦੇ ਹਾਂ ਪਰ ਇਹ ਵੀ ਸਚ ਹੈ ਕਿ ਬਾਣੀ ਦਾ ਅਵਤਰਣ ਸ਼ਬਦਾਂ ਰਾਹੀਂ ਹੁੰਦਾ ਹੈ । ਇਕ ਪਾਠ ਕਰਨ ਵਾਲਾ ਵਿਅਕਤੀ ਇਕ ਮਨ ਚਿਤ ਹੋ ਕੇ, ਪਾਠ ਕਰਕੇ ਬਾਣੀ ਪ੍ਰਤੀ ਆਪਣੀ ਸ਼ਰਧਾ ਪ੍ਰਗਟਾ ਕੇ ਸੁਰਖਰੂ ਹੋ ਜਾਂਦਾ ਹੈ । ਪਰ ਅਧਿਐਤਾ ਨੂੰ ਇਸ ਤੋਂ ਰਤਾ ਕੁ ਅਗੇ ਜਾਣਾ ਪੈਂਦਾ ਹੈ । ਅਧਿਐਤਾ ਇਸੇ ਆਯਾਮ ਵਿਚ ਬਾਣੀ ਨੂੰ ਵੀ ਇਕ ਸ਼ਾਬਦਿਕ ਰਚਨਾ ਵਾਂਗ ਹੀ ਗ੍ਰਹਿਣ ਕਰਦਾ ਹੈ । ਮਨੁੱਖੀ ਸਭਿਆਚਾਰ, ਜਿਸ ਨੂੰ ਮਾਨਵੀ ਮੂਲਾਂ ਦਾ ਜਗਤ ਕਿਹਾ ਜਾਂਦਾ ਹੈ, ਸ਼ਬਦਾਂ ਦਾ ਹੀ ਬਣਿਆ ਹੁੰਦਾ ਹੈ ਅਤੇ ਸ਼ਬਦ, ਅਰਥਾਂ ਦੀ ਨਿਗਰਤਾ ਨੂੰ ਪੇਸ਼ ਕਰਨ ਲਈ ਬਣਦੇ ਹਨ । ਕਿਸੇ ਵੀ ਸ਼ਾਬਦਿਕ ਪਰੰਪਰਾ ਨੂੰ ਲਉ, ਉਸ ਦੀ ਪ੍ਰਾਪਤੀ ਉਸ ਪਰੰਪਰਾ ਦੇ ਅੰਤਰਗਤ ਸ਼ਾਬਦਿਕ ਪਾਠਾਂ ਵਿਚ ਹੀ ਨਿਹਿਤ ਹੈ । ਇਸ ਦਾ ਅਰਥ ਇਹ ਹੈ ਕਿ ਮਨੁੱਖੀ ਜਗਤ ਆਪਣੇ ਆਦਿ ਤੋਂ ਅੰਤ ਤੀਕ ਆਪਣਾ ਸਾਰਾ ਮਹੱਤਵ, ਜੀਵੰਤ ਵਿਹਾਰ ਤੋਂ ਲੈ ਕੇ, ਸੂਖਮ ਵਿਚਾਰਾਂ ਤੀਕ ਸ਼ਬਦਾਂ ਵਿਚ ਹੀ ਉਜਾਗਰ ਕਰਦਾ ਹੈ । ਦੂਜੇ ਸ਼ਬਦਾਂ ਵਿਚ ਮਨੁੱਖ ਸ਼ਬਦਾਂ ਦੀ ਮਦਦ ਨਾਲ ਸਾਰੀ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ, ਅਕਾਂਖਿਆਵਾਂ ਤੇ ਮੰਤਵਾਂ ਲਈ ਸ਼ਾਬਦਿਕ ਨਿਯੰਤ੍ਰਣ ਵਿਚ ਲੈ ਕੇ ਉਸ ਨੂੰ ਸਾਰਥਕ ਕਰ ਦੇਂਦਾ ਹੈ । ਇਹ ਸਾਰਥਕਤਾ ਹੀ ਥੀਮ ਹੈ । ਇਥੇ ਥੀਮ, ਸਾਰਥਕਤਾ ਤੇ ਸਭਿਆਚਾਰ, ਭਾਸ਼ਾ ਨਾਲ ਆ ਜੁੜਦੇ ਹਨ । ਭਾਸ਼ਾ ਇਨ੍ਹਾਂ ਦਾ ਪ੍ਰਗਟਾਵਾ ਹੈ ਤੇ ਇਹ ਸਾਰੇ ਭਾਸ਼ਾ ਰਾਹੀਂ ਪ੍ਰਗਟ ਹੋਣ ਵਾਲਾ ਵਸਤੂ ਹਨ । ਪਰ ਵਸਤੂ ਤੇ ਭਾਸ਼ਾ ਦੀ ਇਹ ਵੰਡ ਏਨੀ ਸੌਖੀ ਹੋ ਨਹੀਂ ਸਕਦੀ । ਜਦੋਂ ਅਸੀਂ ਕਿਸੇ ਰਚਨਾ ਦੇ ਸਨਮੁਖ ਹੁੰਦੇ ਹਾਂ ਤਾਂ ਪ੍ਰਾਪਤੀ ਵਜੋਂ ਇਹ ਹੀ ਨਤੀਜਾ ਨਿਕਲਦਾ ਹੈ ਕਿ ਸ਼ਬਦ ਤੇ ਅਰਥ ਕਿਤੇ ਵੀ ਨਹੀਂ ਨਿਖੜਦੇ । ਇਸ ਲਈ ਸਾਰੀ ਗੱਲ ਫਿਰ ਸ਼ਾਬਦਿਕਤਾ ਵਿਚ ਸਮਾ ਜਾਂਦੀ ਹੈ । ਇਸੇ ਲਈ ਅਸੀਂ ਸ਼ਾਬਦਿਕਤਾ ਨੂੰ ਥੀਮ ਦਾ ਦਰਜ਼ਾ ਦੇਂਦੇ ਹਾਂ । ਥੀਮ ਇਕ ਅਜਿਹਾ ਵਸਤੂ ਹੈ ਜੋ ਅਤਿਅੰਤ ਸੁਗਠਵੇਂ ਰੂਪ ਵਿਚ ਮਾਨਵੀ ਜੀਵਨ ਤੇ ਸਭਿਆਚਾਰ ਨੂੰ ਨਿਗਰਤਾ ਦੇਂਦਾ ਹੈ । ਅਜਿਹੀ ਨਿਗਰਤਾ ਹਰ ਸਮਾਜ-ਸਭਿਆਚਾਰ ਵਿਚ ਪਾਈ ਜਾਂਦੀ ਹੈ । ਇਸ ਰਾਹੀਂ ਗ੍ਰਹਿਣ ਕਰਨ ਯੋਗ ਤੇ ਤਿਆਗਣਯੋਗ ਕੋਟੀਆਂ ਬਣਦੀਆਂ ਹਨ ਤੇ ਵਿਵਸਥਾ ਦੀ ਪਛਾਣ ਕੀਤੀ ਜਾਂਦੀ ਹੈ ।

ਭਾਰਤ ਵਿਚ ਇਸ ਤਰ੍ਹਾਂ ਦੀ ਥੀਮ ਉਪਨਿਸ਼ਦਾਂ ਦੇ ਵੇਲੇ ਤੋਂ ਬ੍ਰਹਮ ਆਧਾਰੀ ਰਹੀ ਹੈ । ਉਪਨਿਸ਼ਦਾਂ ਵਿਚ ਹੀ ਬ੍ਰਹਮ ਨੂੰ ਅਪਾਰ ਸ਼ਬਦ ਬ੍ਰਹਮ ਕਿਹਾ ਗਿਆ ਹੈ । ਗੁਰਬਾਣੀ ਦਾ ਕੇਂਦਰੀ ਥੀਮ ਵੀ ਇਹ ਹੀ ਹੈ । ਫ਼ਰਕ ਕੇਵਲ ਇਹ ਹੈ ਕਿ ਗੁਰਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਆਪਣੇ ਇਸ ਨਿਗਰ ਥੀਮ ਨੂੰ ਮਧਕਾਲੀ ਸਮਾਜ-ਸਭਿਆਚਾਰ ਦੀਆਂ ਸਮੱਸਿਆਵਾਂ ਅਧੀਨ ਉਘਾੜਨ ਦਾ ਯਤਨ ਕੀਤਾ ਹੈ। ਗੁਰਬਾਣੀ ਵਿਚ ਇਹ ਥੀਮ ਬ੍ਰਹਮ ਤੇ ਮਾਇਆ ਦਾ ਦ੍ਵੈਤ ਬਣਾ ਕੇ ਚਲਦਾ ਹੈ। ਮਾਇਆ ਸੰਸਾਰ ਹੈ, ਜਿਸ ਵਿਚ ਸਥੂਲ ਪ੍ਰਦਾਰਥਕਤਾ ਤੇ ਜੈਵਿਕ ਐਂਦ੍ਰੀਯਤਾ ਕਾਰਜ਼ਸ਼ੀਲ ਹੁੰਦੀਆਂ ਹਨ। ਸਥੂਲ ਪਦਾਰ-ਥਕਤਾ ਤੇ ਜੈਵਿਕ ਐਂਦ੍ਰੀਯਤਾ ਨੂੰ ਜੇ ਆਪਣੇ ਰਾਹ ਤੁਰਨ ਦੀ ਇਜਾਜ਼ਤ ਦੇ ਦਿੱਤੀ ਜਾਏ ਤਾਂ ਇਹ ਵਿਲਾਸ ਭੋਗ ਦੇ ਵਹਿਣ ਵਿਚ ਵਹਿ ਕੇ ਵਿਵਸਥਾ ਨੂੰ ਅਨਾਚਾਰ ਵਿਚ ਬਦਲ ਦੇਂਦੇ ਹਨ। ਇਸ ਸੰਦਰਭ ਵਿਚ ਬ੍ਰਹਮਮੂਲਕ ਸੰਕਲਪ, ਸੁਗਠਿਤ ਤੇ ਨਿਗਰ ਸਾਰਥਕਤਾ ਦਾ ਸੂਚਕ ਹੈ। ਇਸ ਦੇ ਮੁਕਾਬਲੇ ਉਤੇ ਮਾਇਆ ਅਤਿਅੰਤ ਵਿਗਠਿਤ ਤੇ ਅਨਾਚਾਰ ਦੀ ਸੂਚਕ ਹੈ। ਸਾਰੀ ਗੁਰਬਾਣੀ ਇਸੇ ਥੀਮ ਦੇ ਦੁਆਲੇ ਘੁੰਮਦੀ ਹੈ। ਕਈ ਥਾਈਂ ਬ੍ਰਹਮ ਨੂੰ ਮਾਇਆ ਤੋਂ ਨਿਰਾਲਾ ਕਿਹਾ ਗਿਆ ਹੈ ਅਤੇ ਉਥੇ ਗੁਰਬਾਣੀ ਨੇ 'ਏਕਮ ਏਕੰਕਾਰ ਨਿਰਾਲਾ' ਕਹਿ ਕੇ ਆਪਣੀ ਗੱਲ ਦ੍ਰਿੜ ਕੀਤੀ ਹੈ ਤੇ ਕਈ ਥਾਈ ਬ੍ਰਹਮ ਨੂੰ ਮਾਇਆ ਵਿਚੋਂ ਲੰਘਾ ਕੇ ਮਾਇਆ ਨੂੰ ਸਾਰਗਰਭਿਤ ਕਰ ਦਿੱਤਾ ਗਿਆ ਹੈ ਤੇ ਇਉਂ ਬ੍ਰਹਮ ਗਰਭਿਤ ਮਾਇਆ ਨੂੰ ਸਚ ਤੇ ਸੁਹਾਣ ਨਾਲ ਭਰਪੂਰ ਕਿਹਾ ਹੈ। ਇਸ ਤੋਂ ਬਿਨਾ ਗੁਰਬਾਣੀ ਨੇ ਮਧਕਾਲ ਦੇ ਕਈ ਰਾਜਸੀ ਤੇ ਸਿਆਸੀ ਮਸਲੇ ਵੀ ਇਸ ਨਾਲ ਜੋੜ ਲਏ ਹਨ ਅਤੇ ਅੰਤ ਉਤੇ ਉਨ੍ਹਾਂ ਨੂੰ ਵੀ ਨਿਗਰ ਬ੍ਰਹਮਮਈ ਸਾਰਥਕਤਾ ਦੇ ਆਧਾਰ ਉਤੇ ਹੀ ਸਿੱਧ ਕੀਤਾ ਹੈ।

ਗੁਰੂ ਗੋਬਿੰਦ ਸਿਘ ਗੁਰਬਾਣੀ ਦੀ ਪਰੰਪਰਾ ਵਿਚ ਟਿਕ ਵੱਖਰਾ ਪਸਾਰ ਖੋਲ੍ਹਣ ਵਾਲੇ ਹਨ। ਉਨ੍ਹਾਂ ਨੇ ਧਰਮ-ਸ਼ਾਸਤਰਾਂ ਨੂੰ ਤਾਂ ਮਹੱਤਵਸ਼ੀਲ ਸਥਾਨ ਦਿੱਤਾ ਹੀ ਹੈ, ਨਾਲ ਹੀ ਸ਼ਸਤਰਾਂ ਨੂੰ ਵੀ ਵਿਸ਼ੇਸ਼ ਪ੍ਰਕਾਰ ਦੀ ਧਰਮ-ਥੀਮ ਨਾਲ ਜੋੜ ਦਿੱਤਾ ਹੈ। ਅਰਥਾਤ ਉਨ੍ਹਾਂ ਨੇ ਧਰਮ-ਕਾਰਜਾਂ ਲਈ ਸੂਰਬੀਰ ਹੋ ਕੇ ਤਲਵਾਰ ਉਠਾਣ ਦੇ ਪ੍ਰਾਕਰਮ ਨੂੰ ਵੀ ਪੂਰੀ ਤਰ੍ਹਾਂ ਸਵੀਕ੍ਰਿਤੀ ਦਿੱਤੀ, ਪਰ ਇਸ ਦੇ ਨਾਲ ਨਾਲ ਗਿਆਨ-ਸ਼ਾਸਤਰੀ ਪਰੰਪਰਾ ਨੂੰ ਵੀ ਆਪਣੇ ਨਾਲ ਰਖਿਆ। ਜੇਕਰ ਇਹ ਕਿਹਾ ਜਾਏ ਕਿ ਉਨ੍ਹਾਂ ਨੇ ਸ਼ਾਸਤਰੀ ਤੇ ਸ਼ਸਤਰੀ ਦੋਹਾਂ ਪਸਾਰਾਂ ਲਈ ਪ੍ਰੇਰਨਾ ਤਾਂ ਧਰਮ ਸ਼ਾਸਤਰ ਤੋਂ ਹੀ ਲਈ ਤਾਂ ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ! ਆਪ ਦੀ ਬਾਣੀ 'ਜਾਪੁ ਸਾਹਿਬ' ਇਸ ਗੱਲ ਦਾ ਪ੍ਰਮਾਣ ਹੈ ਕਿ ਆਪ ਨਿਰਗੁਣ ਬ੍ਰਹਮ ਦੇ ਥੀਮ ਦੇ ਉਪਾਸ਼ਕ ਵੀ ਸਨ ਤੇ ਇਸ ਨੂੰ ਪੁਨਰ ਸਿਰਜਿਤ ਅਰਥਾਂ ਵਿਚ ਵਿਸਥਾਰਨ ਵਿਚ ਪਰਵੀਨ ਵੀ। ਜਾਪੁ ਸਾਹਿਬ ਦਾ ਥੀਮ ਆਦਿ ਤੋਂ ਅੰਤ ਤੀਕ ਅਧਿਆਤਮਕ ਬ੍ਰਹਮ ਦਾ ਥੀਮ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਭਾਰੇ ਗੌਰੇ ਥੀਮ ਨੂੰ ਮਾਨਵੀ ਮੁਲਾਂ ਦੀ ਇਕ ਉਚੇਰੀ ਪ੍ਰਾਪਤੀ ਵਜੋਂ ਗ੍ਰਹਿਣ ਕੀਤਾ ਹੈ ਅਤੇ ਲਖਿਆ ਇਸ ਪ੍ਰਕਾਰ ਹੈ ਕਿ ਇਹ ਦੇਸ਼ ਕਾਲ ਕਾਰਨ ਵਿਚ ਵਿਚਰਦੀ ਸਾਰੀ ਸੰਸਾਰਕਤਾ ਤੋਂ ਉਪਰ ਹੈ ਅਤੇ ਇਸ ਸਾਰੇ ਪ੍ਰਪੰਚ ਨੂੰ ਸੂਤ੍ਰਿਤ ਕਰਨ ਵਾਲਾ ਹੈ। ਇਸੇ ਲਈ ਸੰਸਾਰ ਦੀਆਂ ਸਾਰੀਆਂ ਕਿਰਿਆਂ ਵੀ ਇਸ ਦੇ ਅਧੀਨ ਹਨ। ਮਾਨਵ ਦੀ ਅਲਪਗ ਬੁੱਧੀ ਇਸ ਦਾ ਪਾਰ ਨਹੀਂ ਪਾ ਸਕਦੀ। ਇਸ ਲਈ ਉਹ ਆਪਣੇ ਇੰਦ੍ਰਿਆਵੀ ਅਨੁਭਵ ਦੇ ਅਧਾਰ ਉਤੇ ਇਸ ਨੂੰ ਲਖਣ ਤੋਂ ਵੀ ਅਸਮਰਥ ਹੈ। ਜਦ ਕਦੀ ਵੀ ਕੋਈ ਗਿਆਨਵਾਨ ਇਸ ਪਾਰਬ੍ਰਹਮ-ਮੂਲਕ ਸਾਰਥਕਤਾ ਨੂੰ ਗ੍ਰਹਿਣ ਕਰਦਾ ਹੈ ਤਾਂ ਉਹ ਭਾਸ਼ਾ ਦਾ ਉਲਟਾਵਾਂ ਇਸਤੇਮਾਲ ਕਰਦਾ ਹੈ। ਉਲਟਵੇਂ ਇਸਤੇਮਾਲ ਤੋਂ ਭਾਵ ਭਾਸ਼ਾ ਦਾ ਨਾਹ ਵਾਚਕ ਪ੍ਰਯੋਗ ਹੈ। ਇਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਗੁਰੂ ਗੋਬਿੰਦ ਸਿੰਘ ਮਹਾਰਾਜ ਇਸ ਪਾਰਬ੍ਰਹਮ ਦੀ ਨਿਰਗੁਣਤਾ ਨੂੰ ਪੇਸ਼ ਕਰਦੇ ਹਨ ਤਾਂ ਫੁਰਮਾਉਂਦੇ ਹਨ :

> 'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
> ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

ਇਸ ਦਾ ਭਾਵ ਇਹ ਹੈ ਕਿ ਉਹ ਨਿਰਗੁਣ ਸਰੂਪ ਐਸਾ ਹੈ ਜਿਸ ਦਾ ਕੋਈ ਚਿਹਨ, ਚਕਰ ਨਹੀਂ; ਵਰਨ ਨਹੀਂ, ਜਾਤਿ ਨਹੀਂ, ਪਾਤਿ ਨਹੀਂ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ । ਉਹ ਕਿਸੇ ਤਰ੍ਹਾਂ ਦੀ ਸੌਖਿਆਂ ਪਰਿਭਾਸ਼ਿਤ ਹੋ ਸਕਣ ਵਾਲੀ ਵਿਸ਼ੇਸ਼ਤਾ ਦੀ ਸੀਮਾ ਵਿਚ ਨਹੀਂ ਬੱਝ ਸਕਦਾ ।

ਇਸੇ ਗੱਲ ਨੂੰ ਅਗੇ ਤੋਰਦਿਆਂ ਇਹ ਕਿਹਾ ਗਿਆ ਹੈ ਕਿ ਉਹ 'ਅਚਲ ਮੂਰਤਿ' ਹੈ ਤੇ 'ਅਨੁਭਵ ਪ੍ਰਕਾਸ' ਹੈ। ਉਸਦਾ ਓਜ ਅਮਿਤ ਹੈ। ਇਹ ਸਾਰੇ ਸ਼ਬਦ ਫਿਰ ਉਹ ਹੀ ਜੁਗਤ ਸਾਂਭੀ ਬੈਠੇ ਹਨ ਜੋ ਭਾਸ਼ਾ ਨੂੰ ਨਕਾਰ ਕੇ, ਬਣਾਈ ਗਈ ਭਾਸ਼ਾ ਰਾਹੀਂ ਨਿਰਗੁਣ ਦਾ ਬੋਧ ਕਰਾ ਰਹੀ ਹੈ ਤੇ ਨਤੀਜੇ ਵਜੋਂ ਇਹ ਹੀ ਬੋਧ, ਨਿਰਗੁਣਤਾ ਨੂੰ ਲਖਦਾ ਹੋਇਆ 'ਨੇਤਿ ਨੇਤਿ ਬਨ ਤ੍ਰਿਣ' ਕਹਿ ਉਠਦਾ ਹੈ। ਇਨ੍ਹਾਂ ਸਤਰਾਂ ਦੀ ਸਾਰੀ ਬਣਤਰ ਨੂੰ ਧਿਆਨ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਪਾਰਬ੍ਰਹਮ ਦੀ ਨਿਰਗੁਣਤਾ ਵਾਲੀ ਥੀਮ ਨੂੰ ਸੁਗਠਿਤ ਕੀਤਾ ਗਿਆ ਹੈ। ਅਸਲ ਗੱਲ ਤਾਂ ਇਹ ਹੈ ਕਿ ਥੀਮ ਸੁਗਠਿਤ ਹੋ ਕੇ ਤੇ ਪ੍ਰਗਟ ਹੋ ਕੇ ਹੀ ਥੀਮ ਬਣਦੀ ਹੈ। ਇਸ ਤੋਂ ਅਗਲੀ ਗੱਲ ਧਿਆਨ ਰਖਣ ਵਾਲੀ ਇਹ ਹੈ ਕਿ ਬ੍ਰਹਮ ਦੀ ਥੀਮ ਨੂੰ ਜਦੋਂ ਸੁਗਠਿਤ ਕੀਤਾ ਜਾਂਦਾ ਹੈ ਤਾਂ ਭਾਸ਼ਾ ਦਾ ਪ੍ਰਕਿਰਤਿਕ ਰੂਪ ਨਿਸ਼ਚੇ ਹੀ ਬਦਲਣਾ ਪੈਂਦਾ ਹੈ। ਇਹ ਗੱਲ ਸਮਝਣ ਲਈ ਅਨੁਭੂਤੀ ਤੇ ਨਿਆਇ ਦੇ ਪਸਾਰਾਂ ਨੂੰ ਸਮਝਣਾ ਜ਼ਰੂਰੀ ਹੈ। ਅਨੁਭੂਤੀ ਅਨੁਭਵ ਦਾ ਜਗਤ ਹੈ। ਇਸ ਵਿਚ ਰਹਿੰਦਿਆਂ ਮਨੁੱਖ ਇਕ ਜੀਵ ਹੈ ਜੋ ਆਪਣੇ ਇੰਦ੍ਰਿਆਂ ਰਾਹੀਂ ਬਾਹਰਲੇ ਜਗਤ ਤੋਂ ਸੂਚਨਾ ਗ੍ਰਹਿਣ ਕਰਦਾ ਹੈ ਅਤੇ ਇਸ ਸੂਚਨਾ ਰਾਹੀਂ ਬਾਹਰਲੇ ਜਗਤ ਦੀ ਮਦਦ ਨਾਲ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਇਕ ਭੋਗਣਹਾਰ ਵਿਅਕਤੀ ਦੇ ਜੀਵਨ ਦਾ ਇਹ ਹੀ ਆਯਾਮ ਹੈ। ਪਰ ਮਾਨਵੀ ਜਗਤ ਕੇਵਲ ਅਨੁਭਵ ਤੇ ਭੋਗ ਦਾ ਜਗਤ ਨਹੀਂ। ਗੁਰਬਾਣੀ ਅਨੁਸਾਰ ਤਾਂ ਅਨੁਭਵ ਤੇ ਭੋਗ ਦੇ ਜਗਤ ਨੂੰ ਵੀ ਸ਼ਬਦ ਨੇ ਅੰਦਰੋਂ ਬਾਹਰੋਂ ਨਿਯੰਤ੍ਰਣ ਵਿਚ ਲਿਆ ਹੁੰਦਾ ਹੈ ਤੇ ਸ਼ਬਦ ਆਪਣੇ ਆਪ ਵਿਚ ਨ ਅਨੁਭਵ ਹੈ ਨ ਇੰਦ੍ਰੀਅਤਾ, ਸਗੋਂ ਇਨ੍ਹਾਂ ਤੋਂ ਪਾਰ ਹੋ ਕੇ ਇਨ੍ਹਾਂ ਨੂੰ ਸਮਝਣ ਵਾਲਾ ਹੈ।

ਇਸ ਤੋਂ ਉਪਰੰਤ ਜਦੋਂ ਅਸੀਂ ਨਿਆਇ ਖੇਤਰ ਵਿਚ ਦਾਖਲ ਹੁੰਦੇ ਹਾਂ ਤਾਂ ਸਾਨੂੰ ਅਵਸ਼ ਹੀ ਐਂਦ੍ਰੀਯਤਾ ਪਾਰ ਪਾਸਾਰ ਦੀ ਗੱਲ ਕਰਨੀ ਪੈਂਦੀ ਹੈ ਐਸੀ ਹਾਲਤ ਵਿਚ ਸਾਡੀ ਸ਼ਾਬਦਿਕਤਾ, ਅਵਸ਼ ਹੀ ਆਪਣੀ ਬਣਤਰ ਬਦਲਾਉ ਲੈ ਲੈਂਦੀ ਹੈ। ਅਸਲ ਵਿਚ ਇਹ ਜਗਤ ਵਸਤਾਂ, ਭੋਗਾਂ, ਵਾਸ਼ਨਾਵਾਂ ਦਾ ਨਹੀਂ; ਸਗੋਂ ਵਸਤਾਂ, ਭੋਗਾਂ ਦੀ ਗ਼ੈਰਹਾਜ਼ਰੀ, ਦਾ ਜਗਤ ਹੈ। ਇਥੇ ਗੱਲ ਸੰਕਲਪਨਾ ਤੋਂ ਉਤਰਦੀ ਹੈ। ਅਤੇ ਸੰਕਲਪਨਾ ਦੇ ਬਿੰਦੂ ਤੋਂ ਬਿਨਾ ਨਿਗਰ ਮਾਨਵੀ ਥੀਮ ਸੰਭਵ ਹੀ ਨਹੀਂ। ਨਿਗਰ ਮਾਨਵੀ ਥੀਮ ਉਹ ਹੈ ਜੋ ਗਿਆਨ-ਪ੍ਰਕਾਸ਼ ਦੇਂਦੀ ਹੈ। ਅਤੇ ਭਾਰਤੀ-ਪਰੰਪਰਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ-ਪਰੰਪਰਾ ਵਿਚ ਇਹ ਪ੍ਰਕਾਸ਼ ਬੁਨਿਆਦੀ ਤੌਰ ਉਤੇ ਨਿਰਗੁਣ ਬ੍ਰਹਮ ਤੋਂ ਪ੍ਰਾਪਤ ਹੁੰਦਾ ਹੈ । ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਵਿਚ ਥੀਮ ਦੇ ਇਸੇ ਨਿਰਗੁਣ ਬਿੰਦੂ ਉਤੇ ਆਪਣੀ ਸਾਰੀ ਗੱਲ ਸੁਗਠਿਤ ਕੀਤੀ ਹੈ । ਅਤੇ ਇਸ ਦੀ ਵਿਸ਼ੇਸ਼ਤਾ ਤੇ ਮਹਾਨਤਾ ਨੂੰ ਦ੍ਰਿੜ ਕਰਦਿਆਂ, ਇਸ ਨੂੰ ਨਮਸਕਾਰ ਕੀਤੀ ਹੈ ।

ਪਹਿਲੀ ਪਉੜੀ ਤੋਂ ਬਾਅਦ ਸਾਰਾ 'ਜਾਪੁ ਸਾਹਿਬ' ਨਮਸਕਾਰ ਦਾ ਪ੍ਰਵਚਨ ਹੈ । ਇਸ ਵਿਚ ਸੰਦੇਹ ਨਹੀਂ ਕਿ ਇਸ ਪਾਸਾਰ ਵਿਚ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਦਾ ਚਿੱਤਰਪਟ ਅਤਿਅੰਤ ਵਿਸ਼ਾਲ ਹੈ, ਪਰ ਇਹ ਸਾਰੇ ਸ਼ਬਦ ਥੀਮ ਦੇ ਨਿਰਗੁਣੀ ਪੈਰਾਡਾਈਮ ਨਾਲ ਜੁੜੇ ਹੋਏ ਹਨ । ਕਈ ਥਾਈਂ ਗੁਰੂ ਗੋਬਿੰਦ ਸਿੰਘ ਨੇ ਇਸ ਨਿਰਗੁਣੀ ਥੀਮ ਦੇ ਮਹਾਤਮ ਨੂੰ ਵਿਆਪਕਤਾ ਦੀ ਸਰਗੁਣਤਾ ਨਾਲ ਵੀ ਜੋੜਿਆ ਹੈ ਪਰ ਅਜਿਹਾ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ ਸਮੂਰਤ ਵਿਆਪਕਤਾ ਦੇ ਉਹ ਪ੍ਰਸੰਗ ਨਹੀਂ ਲਏ ਜੋ 'ਆਦਿ ਗ੍ਰੰਥ' ਵਿਚ ਥਾਉਂ ਥਾਈਂ ਪ੍ਰਾਪਤ ਹਨ । ਆਦਿ ਗ੍ਰੰਥ ਵਿਚ ਬਨਸਪਤਿ ਰਾਹੀਂ, ਜੀਵਾਂ ਰਾਹੀਂ, ਪ੍ਰੇਮ ਰਾਹੀਂ, ਰਿਸ਼ਤਿਆਂ ਨਾਤਿਆਂ ਰਾਹੀਂ ਬ੍ਰਹਮ ਦੀ ਨਿਰਗੁਣੀ ਥੀਮ ਨੂੰ ਦ੍ਰਿੜ ਕੀਤਾ ਗਿਆ ਹੈ ਅਤੇ ਅਜਿਹਾ ਕਰਦਿਆਂ ਕਈ ਥਾਈਂ ਵਿਸਥਾਰ ਤੇ ਪ੍ਰਪੰਚ ਦਾ ਰੰਗ ਏਨਾ ਗਾੜ੍ਹਾ ਹੋ ਗਿਆ ਹੈ ਕਿ ਉਸ ਤੋਂ ਪ੍ਰਭਾਵਿਤ ਹੁੰਦਿਆਂ ਸਾਡੇ ਕਈ ਕਾਵਿ-ਸ਼ਾਸਤਰੀਆਂ ਨੇ ਬਾਣੀ ਤੇ ਕਵਿਤਾ ਵਿਚ ਲੀਕ ਪਾ ਲਈ ਹੈ ਅਤੇ ਵਿਆਪਕਤਾ ਦੇ ਪ੍ਰਭਾਵ ਅਧੀਨ ਉਨ੍ਹਾਂ ਨੇ ਉਸ ਦੇ ਸਾਰੇ ਦ੍ਰਿਸ਼ ਨੂੰ ਕਾਵਿਮਈ ਦਸਿਆ ਹੈ ਤੇ ਵਿਸ਼ੁਧ ਨਿਰਗੁਣਤਾ ਨੂੰ ਬ੍ਰਹਮ ਦਸਿਆ ਹੈ । ਜਿਸ ਦਾ ਭਾਵ ਇਹ ਹੈ ਕਿ ਸ਼ਾਇਦ ਕਵਿਤਾ ਕੇਵਲ ਇੰਦ੍ਰਿਆਵੀ ਰਸ ਦੇਣ ਵਾਲੀ ਚੀਜ਼ ਹੈ । ਪਰ ਅਜਿਹੀ ਟਿੱਪਣੀ ਸਰਾਸਰ ਗ਼ਲਤ ਹੈ । ਜਦੋਂ ਅਸੀਂ 'ਜਾਪੁ ਸਾਹਿਬ' ਵਲ ਪਰਤਦੇ ਹਾਂ ਤਾਂ ਉਥੇ ਇਸ ਤਰ੍ਹਾਂ ਦੇ ਫੈਲਾਉ ਲਈ ਕੋਈ ਗੁੰਜਾਇਸ਼ ਨਹੀਂ । ਹਰ ਲਾਈਨ, ਹਰ ਸ਼ਬਦ, ਹਰ ਟੂਕ ਨਿਰਗੁਣ ਬ੍ਰਹਮ ਦੀ ਨਿਰਗੁਣੀ ਥੀਮ ਦੀ ਸੰਕਲਪਨਾ ਨੂੰ ਦ੍ਰਿੜ ਕਰਦੀ ਤੇ ਉਸ ਨੂੰ ਨਮਸਕਾਰਦੀ ਹੈ । ਇਸ ਤਰ੍ਹਾਂ ਨਿਰਗੁਣ ਬ੍ਰਹਮ ਦਾ ਥੀਮ 'ਜਾਪੁ ਸਾਹਿਬ' ਦਾ ਆਧਾਰ ਹੈ ਤੇ ਇਸ ਦਾ ਸੰਗਠਨ ਆਪਣੇ ਆਪ ਵਿਚ ਆਪਣੇ ਬੁਨਿਆਦੀ ਪੈਰਾਡਾਈਮ ਉਪਰ ਟਿਕਿਆ ਹੋਇਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ ਦਾ ਕਾਵਿ-ਸ਼ਾਸਤਰ

ਗੁਰਬਾਣੀ ਦੇ ਕਾਵਿ-ਸ਼ਾਸਤਰ ਉਪਰ ਚਰਚਾ ਕਰਨ ਤੋਂ ਪਹਿਲਾਂ ਇਹ ਯੋਗ ਜਾਪਦਾ ਹੈ ਕਿ ਅਸੀਂ ਕਾਵਿ-ਸ਼ਾਸਤਰ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰ ਲਈਏ। ਇਸ ਪੱਖੋਂ ਜਦੋਂ ਅਸੀਂ ਕਾਵਿ-ਸ਼ਾਸਤਰ ਦੀ ਸ਼ਬਦ-ਬਣਤਰ ਉਤੇ ਧਿਆਨ ਟਿਕਾਂਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਇਹ ਦੋ ਸ਼ਬਦਾਂ ਤੋਂ ਬਣਿਆ ਹੈ। ਇਕ ਸ਼ਬਦ ਹੈ 'ਕਾਵਿ' ਤੇ ਦੂਸਰਾ ਹੈ 'ਸ਼ਾਸਤਰ'। 'ਕਾਵਿ' ਦਾ ਸੰਬੰਧ ਸਾਹਿਤ ਖੇਤਰ ਵਿਚ ਸਿਰਜੀਆਂ ਗਈਆਂ ਭਿੰਨ ਭਿੰਨ ਸਮੂਰਤ ਕਿਰਤਾਂ ਜਾਂ ਰਚਨਾਵਾਂ ਤੋਂ ਹੈ। ਇਨ੍ਹਾਂ ਰਚਨਾਵਾਂ ਵਿਚ ਸਾਹਿਤਕਾਰ ਆਪਣੇ ਜ਼ਾਤੀ ਅਨੁਭਵ ਦਾ ਵਸਤੂ-ਮੂਲਕ ਸਮੀਕਰਣ (objective co-relative) ਪੇਸ਼ ਕਰਦਾ ਹੈ। ਇਹ ਵਸਤੂ-ਮੂਲਕ ਸਮੀਕਰਣ ਕਵਿਤਾ, ਨਾਟਕ, ਇਕਾਂਗੀ, ਨਾਵਲ, ਨਿੱਕੀ ਕਹਾਣੀ, ਨਿਬੰਧ ਆਦਿ ਰੂਪਾਕਾਰਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਦੇ ਮੁਕਾਬਲੇ ਉਤੇ 'ਸ਼ਾਸਤਰ' ਦਾ ਸੰਬੰਧ ਅਜਿਹੇ ਸਿਰਜਿਤ ਸਮੂਰਤ ਸਾਹਿਤ ਦੇ ਪਿਛੇ ਕਾਰਜਸ਼ੀਲ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ ਰੂੜ੍ਹੀਆਂ ਦੇ ਸਿਸਟਮ ਨੂੰ ਨਿਸ਼ਚਿਤ ਕਰਨ ਨਾਲ ਹੈ। ਅਨੇਕ ਸਮੂਰਤ ਸਾਹਿਤਕ ਕਿਰਤਾਂ ਦੇ ਪਿਛੇ ਸੀਮਿਤ ਅਮੂਰਤ ਨੇਮ-ਪ੍ਰਬੰਧ ਦਾ ਸਿਸਟਮ ਕਾਰਜਸ਼ੀਲ ਰਹਿੰਦਾ ਹੈ। ਸਾਹਿਤਕਾਰ ਸਿਰਜਨ ਸਮੇਂ ਅਜਿਹੇ ਅਮੂਰਤ ਨੇਮ-ਪ੍ਰਬੰਧ ਦੇ ਸਿਸਟਮ ਨੂੰ ਅਧਿਕਾਤਰ ਅਚੇਤ ਪੱਧਰ ਤੇ ਹੀ ਵਰਤ ਰਿਹਾ ਹੁੰਦਾ ਹੈ। ਪਰੰਤੂ ਕਾਵਿ-ਸ਼ਾਸਤਰ ਉਸਾਰੀ ਦੀ ਪ੍ਰਕਿਰਿਆ ਚੇਤੰਨ ਹੋ ਕੇ ਅਜਿਹੇ ਅਮੂਰਤ ਨੇਮ-ਪ੍ਰਬੰਧ ਦੇ ਸਿਸਟਮ ਨੂੰ ਨਿਸ਼ਚਿਤ ਕਰਨ ਨਾਲ ਸੰਬੰਧਿਤ ਹੈ। ਅਜਿਹੀ ਕਾਵਿ-ਸ਼ਾਸਤਰੀ ਯਾਤਰਾ ਸਮੂਰਤ ਸਿਰਜਿਤ ਸੰਸਾਰ ਤੋਂ ਤੁਰ ਕੇ ਅਮੂਰਤ ਗਿਆਨ ਨਿਰਮਾਨ ਵਲ ਵਧਣ ਦੀ ਹੁੰਦੀ ਹੈ। ਅਨੇਕ ਕਿਰਤਾਂ ਦੇ ਪਿਛੇ ਕਾਰਜਸ਼ੀਲ ਅਮੂਰਤ ਨੇਮ-ਪ੍ਰਬੰਧ ਨੂੰ ਲਭਣ ਲਈ ਕਾਵਿ-ਸ਼ਾਸਤਰੀ ਕਿਸੇ ਵੀ ਸਾਹਿਤਕ ਪਰੰਪਰਾ ਦੇ ਸਖਣੇ ਪੇਟਰਨਾ ਨੂੰ ਲਭਣ ਦਾ ਯਤਨ ਕਰਦਾ ਹੈ। ਹਰ ਸਾਹਿਤਕ ਪਰੰਪਰਾ ਦੇ ਸਾਹਿਤਕਾਰ ਕੁਝ ਕੁ ਗਿਣਵੇਂ ਸਖਣੇ ਪੈਟਰਨਾਂ/ਰੂਪਾਂ ਵਿਚ ਭਿੰਨ ਭਿੰਨ ਵੱਥ (Content) ਨੂੰ ਵਿਸਥਾਪਿਤ ਕਰਕੇ ਨਵੀਨ ਕਿਰਤਾਂ ਦੀ ਰਚਨਾ ਕਰਦੇ ਹਨ। ਕਾਵਿ ਸ਼ਾਸਤਰੀ ਸਮੂਰਤ ਵੱਥ ਨੂੰ ਖਾਰਜ ਕਰਕੇ, ਅਮੂਰਤ ਨੇਮ-ਪ੍ਰਬੰਧ ਨੂੰ ਨਿਤਾਰ ਕੇ ਵੱਖ ਕਰ ਲੈਂਦਾ ਹੈ। ਨਿੱਤਰੇ ਤੇ ਵੱਖ ਕੀਤੇ ਸਾਹਿਤ ਖੇਤਰ ਦੇ ਅਜਿਹੇ ਅਮੂਰਤ ਨੇਮਾਂ/ਜੁਗਤਾਂ ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਇਕ ਆਪਸੀ ਸੰਬੰਧਾਂ ਦੇ ਸਿਸ਼ਟਮ ਵਿਚ ਪਰੋ ਕੇ ਪੇਸ਼ ਕਰਨ ਦਾ ਨਾਂ ਹੀ ਕਾਵਿ-ਸ਼ਾਸਤਰ ਹੈ।

ਇਸ ਕਾਵਿ-ਸ਼ਾਸਤਰੀ ਪ੍ਰਕਿਰਿਆ ਨੂੰ ਸਮਝਣ ਤੇ ਹੋਰ ਸਪੱਸ਼ਟ ਕਰਨ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ ਵਿਗਿਆਨੀ ਦੀ ਅਧਿਐਨ ਪ੍ਰਕ੍ਰਿਆ ਨੂੰ ਵੇਖਿਆ ਜਾ ਸਕਦਾ ਹੈ। ਪ੍ਰਸ਼ਨ ਹੈ : ਕਿਸੇ ਭਾਸ਼ਾ ਵਿਗਿਆਨੀ ਦੀ ਅਧਿਐਨ-ਪ੍ਰਕ੍ਰਿਆ ਕੀ ਹੁੰਦੀ ਹੈ ਅਤੇ ਉਸ ਦੇ ਅਧਿਐਨ ਦਾ ਲਕਸ਼ ਕੀ ਹੁੰਦਾ ਹੈ ? ਅਧਿਐਨ ਸਮੇਂ ਭਾਸ਼ਾ ਵਿਗਿਆਨੀ ਦਾ ਸਿੱਧਾ ਵਾਹ ਕਿਸੇ ਭਾਸ਼ਾ ਦੇ ਭਿੰਨ-ਭਿੰਨ ਸਥਿਤੀ-ਮੂਲਕ ਸਮੂਰਤ ਉਚਾਰਾਂ ਨਾਲ ਪੈਂਦਾ ਹੈ। ਉਸ ਦਾ ਆਰੰਭ ਬਿੰਦੂ ਅਜਿਹੇ ਉਚਾਰਾਂ ਦੇ ਵਿਸ਼ਲੇਸ਼ਣ ਤੋਂ ਹੁੰਦਾ ਹੈ। ਉਪਰੋਂ ਭਿੰਨ ਭਿੰਨ ਤੇ ਅਸਮਾਨ ਦਿਸ ਰਹੇ ਉਚਾਰ (Paroles) ਹਰ ਪੱਖੋਂ ਭਿੰਨ ਨਹੀਂ ਹੁੰਦੇ। ਉਨ੍ਹਾਂ ਵਿਚ ਬਹੁਤ ਕੁਝ ਸਾਂਝਾ ਵੀ ਹੁੰਦਾ ਹੈ। ਸਾਂਝੇ ਗੁਣਾਂ ਵਾਲੇ ਉਚਾਰਾਂ ਦੀ ਪ੍ਰਕਿਰਤੀ ਆਪਸੀ ਸਮਾਨ ਸੰਬੰਧਾਂ ਕਾਰਨ ਇਕ ਪੈਟਰਨ-ਸਮੂਹ ਵਿਚ ਸੰਗਠਿਤ ਹੋ ਜਾਣ ਦੀ ਹੁੰਦੀ ਹੈ। ਉਸ ਦਾ ਕਾਰਣ ਉਨ੍ਹਾਂ ਪਿਛੇ ਇਕ ਸਾਂਝੇ ਅਮੂਰਤ ਨੇਮ/ਜੁਗਤ/ਨਿਰਮਨ ਰੂੜ੍ਹੀ/ਸਖਣੇ ਪੈਟਰਨ ਦੇ ਕਾਰਜਸ਼ੀਲ ਹੋਣ ਵਿਚ ਪਛਾਣਿਆ ਜਾ ਸਕਦਾ ਹੈ। ਹਰ ਭਾਸ਼ਕ ਖੇਤਰ ਵਿਚ ਕੁਝ ਵਿਚਾਰ ਅਜਿਹੇ ਵੀ ਹੁੰਦੇ ਹਨ, ਜਿਹੜੇ ਇਕ ਸਮੂਹ ਦੇ ਉਚਾਰਾਂ ਵਿਚ ਸੰਮਿਲਿਤ ਨਾ ਕੀਤੇ ਜਾ ਸਕਣ ਕਾਰਣ ਕਿਸੇ ਹੋਰ ਸਮੂਹ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ। ਦੂਸਰੇ ਸਮੂਹ ਦੇ ਉਚਾਰ ਆਪਸ ਵਿਚਲੀ ਸਮਾਨਤਾ ਦੇ ਬਾਵਜੂਦ ਪਹਿਲੇ ਸਮੂਹ ਤੋਂ ਭਿੰਨ ਪ੍ਰਕਿਰਤੀ ਵਾਲੇ ਹੁੰਦੇ ਹਨ। ਉਨ੍ਹਾਂ ਦੀ ਭਿੰਨ ਪ੍ਰਕਿਰਤੀ ਦਾ ਕਾਰਣ ਉਨ੍ਹਾਂ ਪਿਛੋਂ ਇਕ ਵੱਖਰੇ ਸਾਂਝੇ ਅਮੂਰਤ ਨੇਮ/ਜੁਗਤ/ਨਿਰਮਾਨ-ਰੂੜ੍ਹੀ/ਸਖਣੇ ਪੈਟਰਨ ਦੇ ਕਾਰਜਸ਼ੀਲ ਹੋਣ ਵਿਚ ਪਛਾਣਿਆ ਜਾ ਸਕਦਾ ਹੈ। ਹਰ ਭਾਸ਼ਾ ਦੇ ਪਿਛੇ ਅਜਿਹੇ ਕਾਰਜਸ਼ੀਲ ਸੀਮਤ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਨਿਸ਼ਚਿਤ ਕਰਨਾ ਹੀ ਭਾਸ਼ਾ ਵਿਗਿਆਨੀ ਦਾ ਸੁਚੇਤ ਕਾਰਜ ਹੁੰਦਾ ਹੈ। ਅੰਤ ਵਿਚ ਉਹ ਅਜਿਹੇ ਸਾਰੇ ਨੇਮਾਂ/ਨਿਰਮਾਨ-ਰੂੜ੍ਹੀਆਂ ਨੂੰ ਅੰਤਰ ਸੰਬੰਧਿਤ ਕਰਕੇ ਭਾਸ਼ਾ ਦੇ ਵਿਆਕਰਣਿਕ ਸਿਸਟਮ ਨੂੰ ਉਸਾਰਦਾ ਹੈ। ਪ੍ਰਸਿੱਧ ਭਾਸ਼ਾ ਵਿਗਿਆਨੀ ਸਾਸਿਊਰ ਨੇ ਸਾਹਿਤ ਦੇ ਪਿਛੇ ਕਾਰਜਸ਼ੀਲ ਅਜਿਹੀ ਵਿਆਕਰਣਿਕ ਸਿਸਟਮੀ ਯੋਗਤਾ ਨੂੰ 'ਲੈਂਗ' (Langue) ਦਾ ਨਾਂ ਦਿੱਤਾ ਹੈ।

ਸਾਸਿਊਰ ਦੁਆਰਾ ਪੇਸ਼ ਭਾਸ਼ਾ ਵਿਗਿਆਨਕ ਅਧਿਐਨ ਦੇ ਉਪਰੋਕਤ ਪੈਰੋਲ (Parole) ਤੇ 'ਲੈਂਗ' (Langue) ਦੇ ਮਾਡਲ ਉਤੇ ਆਧੁਨਿਕ ਸਾਹਿਤ ਦੀ ਵਿਆਕਰਣ ਜਾਂ ਉਸ ਦਾ ਕਾਵਿ-ਸ਼ਾਸਤਰ ਉਸਾਰਨ ਦਾ ਯਤਨ ਪ੍ਰਯਤਨ ਕੀਤਾ ਜਾ ਰਿਹਾ ਹੈ। ਜਿਵੇਂ ਭਾਸ਼ਾ ਦੀ ਉਪਰਲੀ ਪੱਧਰ ਉਪਰ ਭਿੰਨ ਭਿੰਨ ਸਮੂਰਤ ਉਚਾਰ ਪ੍ਰਾਪਤ ਹੁੰਦੇ ਹਨ, ਇਵੇਂ ਹੀ ਸਾਹਿਤ ਦੀ ਉਪਰਲੀ ਪੱਧਰ ਭਿੰਨ ਭਿੰਨ ਕਿਰਤਾਂ ਦੇ ਸਮੂਰਤ ਪ੍ਰਵਚਨ ਪ੍ਰਾਪਤ ਹੁੰਦੇ ਹਨ। ਜਿਵੇਂ ਭਾਸ਼ਾ ਵਿਗਿਆਨੀ ਭਿੰਨ ਭਿੰਨ ਸਮੂਰਤ ਉਚਾਰਾਂ ਦੇ ਪਿਛੇ ਕਾਰਜਸ਼ੀਲ ਵਕਤੇ ਦੀ ਯੋਗਤਾ ਦੀ ਵਿਅਕਰਣਿਕ 'ਲੈਂਗ' ਨੂੰ ਉਸਾਰਦਾ ਹੈ ਇਵੇਂ ਹੀ ਕਾਵਿ-ਸ਼ਾਸਤਰੀ ਭਿੰਨ-ਭਿੰਨ ਸਮੂਰਤ ਸਾਹਿਤਿਕ ਪ੍ਰਵਚਨਾਂ ਦੇ ਪਿਛੇ ਕਾਰਜਸ਼ੀਲ ਸਾਹਿਤਕਾਰ ਦੀ ਯੋਗਤਾ ਦੀ ਸਾਹਿਤਕ ਵਿਆਕਰਣ ਦੀ, ਲੈਂਗ' ਉਸਾਰਦਾ ਹੈ। ਜਨਾਥਨ ਕੁਲਰ ਨੇ ਸਾਸਿਊਰ ਦੇ ਅਜਿਹੇ ਮਾਡਲ ਨੂੰ ਸਾਹਿਤ ਖੇਤਰ ਵਿਚ ਵਰਤਕੇ ਸਾਹਿਤਕ ਕਿਰਤਾਂ ਦਾ ਕਾਵਿ-ਸ਼ਾਸਤਰ ਉਸਾਰਨ ਦਾ ਸੰਕੇਤ ਦਿੱਤਾ ਹੈ। ਉਸ ਨੇ ਸਾਹਿਤਕ ਸਮੀਖਿਆ ਅਤੇ ਕਾਵਿ-ਸ਼ਾਸਤਰੀ ਪ੍ਰਕ੍ਰਿਆ ਦਾ ਨਿਖੇੜਾ ਵੀ ਕਰ ਦਿੱਤਾ ਹੈ। ਦੋਵੇਂ ਅਧਿਐਨ ਵਿਧੀਆਂ ਸਾਹਿਤਕ ਕਿਰਤਾਂ ਦੇ ਵਿਸ਼ਲੇਸ਼ਣ ਤੋਂ ਅਰੰਭ ਹੁੰਦੀਆਂ ਹਨ। ਪਰ ਦੋਹਾਂ ਦਾ ਲਕਸ਼ ਵੱਖੋ ਵੱਖਰਾ ਹੈ। ਸਾਹਿਤਕ ਸਮੀਖਿਆ/

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹਾਰਕ [illegible] ਲੱਛਣਾਂ ਨੂੰ ਉਭਾਰ ਕੇ, ਉਸਦੇ ਵਿਸ਼ੇਸ਼ ਥੀਮ ਨੂੰ ਅਗ੍ਰਭੂਮਿਤ ਕਰਨ ਦਾ ਹੁੰਦਾ ਹੈ, ਪਰੰਤੂ ਕਾਵਿ ਦਾ ਲਕਸ਼ ਉਨ੍ਹਾਂ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਨਿਸ਼ਚਿਤ ਕਰਨ ਦਾ ਹੁੰਦਾ ਹੈ, ਜਿਨ੍ਹਾਂ ਦੀ ਪਿੱਠ ਭੂਮੀ ਵਿਚੋਂ ਅਰਥਾਂ ਦਾ ਜਨਮ ਹੁੰਦਾ ਹੈ। ਕਿਸੇ ਸਾਹਿਤਕ ਖੇਤਰ ਵਿਚ ਕਾਰਜਸ਼ੀਲ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਆਪਸੀ ਤੌਰ ਤੇ ਅੰਤਰ ਸੰਬੰਧਿਤ ਕਰਕੇ ਜੋ ਸਮੁੱਚਾ ਅਮੂਰਤ ਤੇ ਸਥਿਤ ਸਿਸਟਿਮ ਪ੍ਰਾਪਤ ਹੁੰਦਾ ਹੈ, ਉਹ ਹੀ ਉਸ ਸਾਹਿਤਕ ਖੇਤਰ ਦਾ ਕਾਵਿ-ਸ਼ਾਸਤਰ ਕਿਹਾ ਜਾਵੇਗਾ।

ਹੋਰ ਸਪੱਸ਼ਟਤਾ ਲਈ ਪ੍ਰਕ੍ਰਿਤਕ ਖੇਤਰ ਦੇ ਭਿੰਨ ਭਿੰਨ ਵਿਗਿਆਨਾਂ ਦੀ ਉਦਾਹਰਣ ਲਈ ਜਾ ਸਕਦੀ ਹੈ। ਪ੍ਰਕ੍ਰਿਤੀ ਸਹਿਜੇ ਹੀ ਪੈਦਾ ਹੋ ਜਾਂਦੀ ਹੈ, ਪਰ ਪ੍ਰਕਿਰਤੀ ਨਾਲ ਸੰਬੰਧਿਤ ਵਿਗਿਆਨ ਦਾ ਨੇਮ-ਪ੍ਰਬੰਧ ਸੁਚੇਤ ਤੌਰ ਉਤੇ ਖੋਜ ਕਰਕੇ ਨਿਰਮਾਨ ਕੀਤਾ ਜਾਂਦਾ ਹੈ। ਇਸੀ ਤਰ੍ਹਾਂ ਸਾਹਿਤਕ ਕਿਰਤਾਂ ਅਧਿਕਤਰ ਅਚੇਤ ਪੱਧਰ ਤੇ ਸਿਰਜੀਆਂ ਜਾਂਦੀਆਂ ਹਨ ਪਰੰਤੂ ਉਨ੍ਹਾਂ ਦਾ ਗਿਆਨ/ਨਿਰਮਾਨ ਸੁਚੇਤ ਪੱਧਰ ਤੇ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਾਵਿ ਸ਼ਾਸਤਰ/ਵਿਗਿਆਨ ਦਾ ਸੰਕਲਪ ਸਮੁੱਚੇ ਸਮੂਰਤ ਪ੍ਰਪੰਚ ਵਿਚ ਵਿਆਪਕ ਤੌਰ ਤੇ ਕਾਰਜਸ਼ੀਲ ਹੁੰਦਿਆਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਅਰਥਾਂ ਵਿਚ ਕਿਸੇ ਸਮੂਰਤ ਪ੍ਰਪੰਚੀ ਖੇਤਰ ਵਿਚਲੇ ਸ਼ਾਸਤਰ/ਵਿਗਿਆਨ ਦਾ ਕਾਰਜ ਇਸ ਤੇ ਸਮੂਰਤ ਪ੍ਰਪੰਚ ਨੂੰ ਪ੍ਰਬੰਧੀ ਅਮੂਰਤ ਸਿਸਟਮੀ ਅਨੁਸ਼ਾਸਨ ਵਿਚ ਲਿਜਾਣ ਦਾ ਬਣਦਾ ਹੈ। ਇਸ ਦਾ ਭਾਵ ਇਹ ਹੈ ਕਿ ਜੋ ਵੀ ਸਮੂਰਤ ਸਮਗ੍ਰੀ ਸ਼ਾਸਤਰੀ/ਵਿਗਿਆਨੀ ਦੇ ਅਧਿਐਨ ਦਾ ਵਿਸ਼ਾ ਬਣਦੀ ਹੈ, ਸ਼ਾਸਤਰੀ-ਪ੍ਰਕਿਰਿਆ ਉਸ ਦੇ ਪਿਛੇ ਕਾਰਜਸ਼ੀਲ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਨਿਸ਼ਚਿਤ ਕਰਦੀ ਹੈ। ਕਾਵਿ-ਖੇਤਰ ਵਿਚ ਕਾਵਿ-ਸ਼ਾਸਤਰੀ ਪ੍ਰਕਿਰਿਆ ਦਾ ਵੀ ਇਹੋ ਸਰੂਪ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਕਾਵਿ-ਸ਼ਾਸਤਰ ਜਾਂ ਵਿਗਿਆਨ ਦਾ ਸੰਬੰਧ ਇਕ ਖੇਤਰ ਤਕ ਹੀ ਸੀਮਿਤ ਨਹੀਂ ਰਿਹਾ, ਇਹ ਹਰ ਅਧਿਐਨ ਖੇਤਰ ਵਿਚ ਵਿਆਪਕ ਹੋ ਗਿਆ ਹੈ। ਇਸੇ ਵਿਆਪਕ ਕਾਵਿ-ਸ਼ਾਸਤਰੀ ਪ੍ਰਕਿਰਿਆ ਨੂੰ ਲਾਗੂ ਕਰਕੇ ਹੱਥਲੇ ਪਾਠ ਦਾ ਉਦੇਸ਼ ਗੁਰਬਾਣੀ ਦੇ ਕਾਵਿ ਸ਼ਾਸਤਰ ਦੀ ਉਸਾਰੀ ਕਰਨਾ ਹੈ। ਅਜਿਹਾ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਦਾ ਅਮੂਰਤ ਸਿਸਟਮ ਕਿਸੇ ਵੀ ਖੇਤਰ ਦਾ ਸਥਿਤ (Static) ਧਰਾਤਲ ਹੁੰਦਾ ਹੈ ਅਤੇ ਉਸ ਖੇਤਰ ਦੇ ਸਿਰਜਨਹਾਰ ਇਸ ਸਥਿਤ ਧਰਾਤਲ ਨੂੰ ਆਪਣੇ ਵਿਸ਼ੇਸ਼ ਪ੍ਰਸੰਗ ਅਨੁਸਾਰ ਗਤੀ ਪ੍ਰਦਾਨ ਕਰਕੇ ਨਵੀਨ ਰਚਨਾਵਾਂ ਦੀ ਸਿਰਜਨਾ ਕਰਦੇ ਹਨ ਅਤੇ ਇਉਂ ਸਾਂਸਕ੍ਰਿਤਕ ਵਿਕਾਸ ਦੀ ਯਾਤਰਾ ਨਿਰੰਤਰ ਚਲਦੀ ਰਹਿੰਦੀ ਹੈ। ਇਉਂ ਅਮੂਰਤ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨ ਕਿਸੇ ਖੇਤਰ ਦੇ ਪ੍ਰਤੀਮਾਨਾਂ (norms) ਦੇ ਰੂਪ ਵਿਚ ਪਛਾਣੇ ਜਾਣ ਤੋਂ ਬਾਅਦ ਹਰ ਸਿਰਜਨ ਵਿਚ ਪ੍ਰਸੰਗ-ਮੂਲਕ ਪਰਾਹਨ (deviation) ਪ੍ਰਾਪਤ ਕਰਦੇ ਰਹਿੰਦੇ ਹਨ। ਪਰ ਹਰ ਪਰਾਹਨ ਦੇ ਪਿਛੇ ਪ੍ਰਤਿਮਾਨ ਮੂਲਕ ਸਥਿਤ ਕਾਵਿ-ਸ਼ਾਸਤਰੀ ਨੇਮ-ਵਿਧਾਨ ਪਿੱਠ-ਭੂਮੀ ਵਿਚ ਕਾਰਜਸ਼ੀਲ ਰਹਿੰਦਾ ਹੈ ਜੋ ਕਿ ਸੰਬੰਧਿਤ ਖੇਤਰ ਵਿਚਲੀ ਵਕਤੇ ਤੇ ਸਰੋਤੇ, ਸਾਹਿਤਕਾਰ ਤੇ ਪਾਠਕ ਆਦਿ ਦੀ ਸਾਂਝੀ ਯੋਗਤਾ ਦੀ 'ਲੈਂਗ' ਹੁੰਦਾ ਹੈ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤ ਧਰਾਤਲ ਤੋਂ ਬਿਨਾਂ ਮਨੁੱਖੀ ਸੰਚਾਰ ਤੇ ਗਿਆਨ ਵਿਗਿਆਨ ਨੂੰ ਸੁਬੋਧ ਬਣਾਉਣਾ ਲੱਗਭੱਗ ਅਸੰਭਵ ਹੁੰਦਾ ਹੈ । ਇਸੇ ਲਈ ਹੀ ਹਰ ਖੇਤਰ ਵਿਚਲੇ ਅਜਿਹੇ ਕਾਵਿ-ਸ਼ਾਸਤਰ ਦੀ ਉਸਾਰੀ ਦੇ ਸੁਚੇਤ ਯਤਨ ਕੀਤੇ ਜਾਂਦੇ ਹਨ । ਇਸੇ ਕਾਰਣ ਹੀ ਗੁਰਬਾਣੀ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਸਮੱਸਿਆ ਵੀ ਸਾਹਮਣੇ ਆਈ ਹੈ । ਜਿਵੇਂ ਹਰ ਭਾਸ਼ਾ ਵਿਚ ਇਕ ਵਾਕ ਦੀ ਪੱਧਰ ਦੀ ਵਿਆਕਰਣ ਹੁੰਦੀ ਹੈ ਜਿਸ ਵਿਚ ਸੰਬੰਧਿਤ ਭਾਸ਼ਾ ਦੇ ਧੁਨੀਮ, ਰਪੀਮ ਤੇ ਵਾਕ ਪੱਧਰ ਦੇ ਨੇਮ ਪ੍ਰਬੰਧ ਨੂੰ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਵਾਕੋਂ ਪਾਰ ਦੀ ਪ੍ਰਵਚਨ (ਸਾਹਿਤਕ) ਪੱਧਰ ਵਿਚ ਤਿੰਨੇ ਪ੍ਰਕਾਰ ਦੇ ਪ੍ਰਤੀਮਾਨਾਂ ਦੇ ਪ੍ਰਾਹਨ ਦੇ ਨੇਮਾਂ ਨੂੰ ਅਧਿਐਨ ਕੀਤਾ ਜਾਂਦਾ ਹੈ, ਇਵੇਂ ਹੀ ਇਕ ਗੁਰਬਾਣੀ ਦੀ ਵਾਕ ਪੱਧਰ ਦੀ ਵਿਆਕਰਣ ਹੈ, ਜਿਸ ਦੇ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ-ਪੈਟਰਨਾਂ ਨੂੰ ਪ੍ਰੋ: ਸਾਹਿਬ ਸਿੰਘ ਨੇ ਅਤਿਅੰਤ ਮਿਹਨਤ ਤੇ ਧੀਰਜ ਨਾਲ ਨਿਰੰਤਰ 32 ਵਰ੍ਹੇ ਮਿਹਨਤ ਕਰਕੇ ਨਿਸ਼ਚਿਤ ਕਰਨ ਦਾ ਉਪਰਾਲਾ ਕੀਤਾ । ਪਰ ਵਾਕੋਂ ਪਾਰ ਦੀ ਪ੍ਰਵਚਨ-ਪੱਧਰ ਦੇ ਗੁਰਬਾਣੀ ਦੇ ਕਾਵਿ ਸ਼ਾਸਤਰੀ ਅਧਿਐਨ ਵੱਲ ਅਜੇ ਨਿਠ ਕੇ ਕੰਮ ਨਹੀਂ ਕੀਤਾ ਗਿਆ । ਡਾ: ਹਰਿਭਜਨ ਸਿੰਘ ਨੇ ਆਪਣੇ ਕੁਝ ਕੁ ਨਿਬੰਧਾਂ ਰਾਹੀਂ ਇਸ ਪਾਸੇ ਵੱਲ ਸੰਕੇਤ ਕੀਤਾ ਹੈ ਤੇ ਡਾ: ਜਗਬੀਰ ਸਿੰਘ ਨੇ ਵੀ ਇਕ ਦੋ ਨਿਬੰਧ ਇਸ ਦਿਸ਼ਾ ਵਿਚ ਲਿਖੇ ਹਨ । ਗੁਰਬਾਣੀ ਦਾ ਕਾਵਿ-ਸ਼ਾਸਤਰ ਉਸਾਰਨ ਦਾ ਭਰਪਰ ਕਾਰਜ ਅਜੇ ਹੋਣਾ ਹੈ । ਹੱਥਲੇ ਪਾਠ ਦੀ ਸੀਮਾਂ ਵਿਚ ਰਹਿੰਦਿਆਂ ਤਾਂ ਅਸੀਂ ਕੇਵਲ ਇਸ ਦੇ ਕੁਝ ਕੁ ਨੇਮਾਂ/ਜੁਗਤਾਂ ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਸਮਝਣ ਦਾ ਛੋਟਾ ਜਿਹਾ ਯਤਨ ਹੀ ਛੂਹ ਸਕਦੇ ਹਾਂ ।

ਉਪਰੋਕਤ ਸਾਰੀ ਚਰਚਾ ਦੇ ਸਾਰ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਬਾਣੀ ਦਾ ਕਾਵਿ-ਸ਼ਾਸਤਰ ਲੱਭਣ ਦਾ ਅਰਥ ਹੈ ਬਾਣੀ ਦੀ ਸਿਰਜਣਾ ਵਿਚ ਕਾਰਜਸ਼ੀਲ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਨੂੰ ਖੋਜਣਾ ਅਤੇ ਉਨ੍ਹਾਂ ਨੂੰ ਇਕ ਨਿਆਇ-ਯੁਕਤ ਸਿਸਟਮ ਵਿਚ ਪਰੋ ਕੇ ਪੇਸ਼ ਕਰਨਾ । ਗੁਰਬਾਣੀ ਮਧਕਾਲੀ ਪੰਜਾਬੀ ਸਾਹਿਤ ਦੀਆਂ ਧਾਰਾਵਾਂ ਵਿਚੋਂ ਇਕ ਵਿਸ਼ੇਸ ਧਾਰਾ ਹੈ ਜੋ ਪੂਰਬਕਲੀ ਤੇ ਸਮਕਾਲੀ ਸੂਫ਼ੀ ਕਾਵਿ ਧਾਰਾ ਨਾਲ ਮੇਲ ਖਾਂਦੀ ਹੋਈ ਵੀ ਆਪਣੇ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਦੇ ਸਿਸਟਮ ਵਿਚ ਵੱਖਰੀ ਵੀ ਹੈ । ਜਿਧਰ ਇਸ ਦਾ ਅਮੂਰਤ ਸਿਸਟਮੀ ਮੁਹਾਂਦਰਾਂ ਸੂਫ਼ੀ ਪਰੰਪਰਾ ਨਾਲੋਂ ਵੱਖਰਾ ਹੈ, ਉਧਰ ਗੁਰਮਤਿ ਵਿਚਲੀਆਂ ਗੁਰਬਾਣੀ ਦੀਆਂ ਕਿਰਤਾਂ ਨਾਲ ਸਾਂਝਾ ਵੀ ਹੈ । ਹਥਲੇ ਨਿਬੰਧ ਵਿਚ ਅਸੀਂ ਇਸ ਦਿਸ਼ਾ ਵਿਚ ਵਧ ਕੇ ਗੁਰਬਾਣੀ ਦਾ ਕਾਵਿ-ਸ਼ਾਸਤਰ ਉਸਾਰਨ ਦਾ ਯਤਨ ਕਰਨਾ ਹੈ । ਗੁਰਬਾਣੀ ਦੇ ਕਾਵਿ-ਸ਼ਾਸਤਰੀ ਨੇਮਾਂ ਨੂੰ ਸਮਝਣ ਦਾ ਆਰੰਭ ਬਿੰਦੂ ਅਸੀਂ ਹੇਠਲੀ ਉਦਾਹਰਣ ਨੂੰ ਬਣਾ ਸਕਦੇ ਹਾਂ ।

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰ ਘਰਿ ਨਹੀਂ ਆਵੈ ਧਨ ਕਿਉਂ ਸੁਖ ਪਾਵੈ ਬਿਰਹ ਬਿਰੋਧ ਤਨੁ ਛੀਜੈ ॥
ਕੋਕਿਲੁ ਅੰਬਿ ਸੁਹਾਵੀ ਬੋਲੈ ਕਿਉਂ ਦੁਖ ਅੰਕਿ ਸਹੀਜੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਵਰੁ ਭਵੰਤਾ ਫੂਲੀ ਡਾਲੀ ਕਿਉਂ ਜੀਵਾ ਮਰੁ ਮਾਏ ।।
ਨਾਨਕ ਚੇਤਿ ਸਹਿਜ ਸੁਖੁ ਪਾਵੈ ਜੇ ਹਰਿ ਵਰ ਘਰਿ ਧਨੁ ਪਾਏ ।।

ਤੁਖਰੀ ਛੰਤ ਮਹਲਾ ੧, ਬਾਰਹਮਾਹਾ ।

ਉਪਰੋਕਤ ਉਦਾਹਰਣ ਬਾਣੀ ਦੇ ਜੁਗਤ ਪ੍ਰਬੰਧ ਨੂੰ ਸਪੱਸ਼ਟ ਕਰਨ ਵਾਲੀ ਸਭ ਤੋਂ ਵੱਧ ਢੁਕਵੀਂ ਹੈ । ਸਾਰਾ ਪਦਾ (stanza) ਕੇਵਲ ਅੰਤਲੀ ਪੰਕਤੀ ਵਿਚ ਆਏ ਪਰਿਭਾਸ਼ਕ ਸ਼ਬਦ 'ਹਰਿ' ਨੂੰ ਛੋੜ ਕੇ ਆਪਣੇ ਤੋਂ ਪੂਰਬਲੀ ਲੌਕਿਕ ਬਾਰਹਮਾਹ ਪਰੰਪਰਾ ਦੇ ਪ੍ਰਤਿਮਾਨਾਂ (norms) ਨੂੰ ਪੇਸ਼ ਕਰਦਾ ਹੈ । ਪਹਿਲੀ ਪੰਗਤੀ ਵਿਚ ਚੇਤਰ ਦੇ ਮਹੀਨੇ ਵਿਚਲੀ ਬਸੰਤ ਰੁੱਤ ਤੇ ਉਸ ਰੁੱਤ ਸਮੇਂ ਉਡਦੇ ਭੰਵਰਿਆਂ ਦਾ ਚਿੱਤਰ ਪੇਸ਼ ਹੈ । ਇਹ ਪ੍ਰਕ੍ਰਿਤਕ ਚਿਤਰਨ ਹੈ ਜੋ ਲੌਕਿਕ ਬਾਰਹਮਾਹ ਦੀ ਸਿਰਜਨਾਤ-ਮਕਤਾ ਦੀ ਜੁਗਤ ਦਾ ਇਕ ਮੋਟਿਫ ਹੈ । ਇਸ ਤੋਂ ਅਗਲੀ ਪੰਕਤੀ ਦੇ ਪਹਿਲੇ ਅੱਧ 'ਬਨ ਫੂਲੇ ਮੰਝ ਬਾਰਿ' ਵਿਚ ਫਿਰ ਇਸੀ ਪ੍ਰਕ੍ਰਿਤੀ ਦੇ ਮੋਟਿਫ ਨੂੰ ਵੱਖਰੀ ਵੱਥ (Content) ਰਾਹੀਂ ਸਮੂਰਤ ਕੀਤਾ ਗਿਆ ਹੈ । 'ਮੈਂ ਪਿਰੁ ਘਰਿ ਬਾਹੁੜੈ' ਰਾਹੀਂ ਲੌਕਿਕ ਬਾਰਹਮਾਹ ਦੀ ਬਿਰਹਨ ਦੀ ਪਿਆਸ ਤੇ ਮਿਲਨ ਦੀ ਤਾਂਘ ਨੂੰ ਪੇਸ਼ ਕੀਤਾ ਗਿਆ ਹੈ । ਬਿਰਹਨ ਦਾ ਪੀਆ ਪਰਦੇਸ ਗਿਆ ਹੋਇਆ ਹੈ ਅਤੇ ਉਹ ਪ੍ਰਕ੍ਰਿਤੀ ਦੇ ਬਾਹਰਲੇ ਸੁਖਾਤਮਕ ਵਾਤਾਵਰਣ ਵਿਚ ਆਪਣੀ ਇਕੱਲ ਕਾਰਨ ਦੁਖਾਂਤਮਕ ਸਥਿਤੀ ਵਿਚ ਹੈ । ਤੀਜੀ ਪੰਕਤੀ ਵਿਚ ਬਿਰਹਨ ਦੀ ਦੁਖਾਤਮਕ ਸਥਿਤੀ ਦੇ ਸਖਣੇ ਥੀਮਿਕ ਪੈਟਰਨ ਨੂੰ ਦੁਬਾਰਾ ਦੁਹਰਾਇਆ ਗਿਆ ਹੈ । ਚੌਥੀ ਪੰਕਤੀ ਵਿਚ ਫਿਰ ਪ੍ਰਕਿਰਤੀ ਦੀ ਸੁਖਾਤਮਕ ਤੇ ਬਿਰਹਨ ਦੀ ਦੁਖਾਤਮਕ ਸਥਿਤੀ ਦੇ ਸਖਣੇ ਪੈਟਰਨ ਨੂੰ ਨਵੀਨ ਵੱਥ (Content) ਰਾਹੀਂ ਪੇਸ਼ ਕੀਤਾ ਗਿਆ ਹੈ । ਪੰਜਵੀਂ ਪੰਕਤੀ ਫਿਰ ਚੌਥੀ ਪੰਕਤੀ ਵਾਲੇ ਸਖਣੇ ਪੈਟਰਨ/ਨੇਮ/ਜੁਗਤ/ਨਿਰਮਾਨ-ਰੂੜ੍ਹੀ/ਨੂੰ ਦੁਹਰਾਉਂਦੀ ਹੈ । ਅੰਤਮ ਪੰਕਤੀ ਵਿਚ ਜੇ 'ਹਰਿ' ਸ਼ਬਦ ਨੂੰ ਛੋੜ ਦੇਈਏ ਤਾਂ ਇਹ ਸਾਰੀ ਉਦਾਹਰਣ ਪੰਜਾਬੀ ਦੇ ਲੌਕਿਕ ਬਾਰਹਮਾਹ ਦੇ ਕਾਵਿ-ਸ਼ਾਸਤਰ ਦੇ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਪੈਟਰਨਾਂ ਉਤੇ ਸਿਰਜੀ ਗਈ ਹੈ । ਪਰੰਤੂ ਗੁਰੂ ਨਾਨਕ ਦੇ ਕਾਵਿ-ਸ਼ਾਸਤਰ ਦੀ ਵਿਲੱਖਣਤਾ ਦੀ ਬਰੀਕੀ ਇਸੇ ਜੁਗਤ ਵਿਚ ਹੈ ਕਿ ਉਹਨਾਂ ਨੇ ਸਾਰੇ ਇਹਲੌਕਿਕ ਪ੍ਰਸੰਗ ਵਿਚ ਕੇਵਲ ਇਕੋ ਸ਼ਬਦ 'ਹਰਿ' ਰਖ ਕੇ ਸਾਰੇ ਸਿਰਜਨ ਦੀ ਵਿਆਕਰਣ/ਨੇਮ ਵਿਧਾਨ ਨੂੰ ਹੀ ਬਦਲ ਦਿੱਤਾ ਹੈ । 'ਹਰਿ' ਪਾਰਲੌਕਿਕ ਤੱਤ ਦੇ ਹਾਜ਼ਰ ਹੁੰਦਿਆਂ ਹੀ ਪਿਛਲੀ ਸਾਰੀ ਪ੍ਰਕਿਰਤੀ, ਬਿਰਹਨ ਤੇ ਪਰਦੇਸ ਗਏ ਪੀਆ ਦੀ ਚਿਤ੍ਰਾਤਮਕ ਅਤੇ ਕਾਵਿਕ ਪਿੱਠ-ਭੂਮੀ ਉਪਰ ਇਕ ਨਵੀਂ ਗੀਮਿਕ ਰੋਸ਼ਨੀ ਪੈਂਦੀ ਹੈ ਅਤੇ ਨਤੀਜੇ ਵਜੋਂ ਇਕ ਰੂਪਾਂਤ੍ਰਣੀ ਪ੍ਰਕਿਰਿਆ ਕਾਰਜਸ਼ੀਲ ਹੁੰਦੀ ਹੈ । ਇਸ ਰੂਪਾਂਤ੍ਰਣੀ ਪ੍ਰਕਿਰਿਆ ਰਾਹੀਂ ਨਾ ਪ੍ਰਕਿਰਤੀ, ਪ੍ਰਕਿਰਤੀ ਰਹਿੰਦੀ ਹੈ ਤੇ ਨਾ ਹੀ ਬਿਰਹਨ ਤੇ ਪੀਆ ਇਹਲੌਕਿਕ ਬਿਰਹਨ ਤੇ ਪੀਆ ਰਹਿੰਦੇ ਹਨ । 'ਹਰਿ' ਤੱਤ ਦੀ ਆਮਦ ਦੇ ਨਾਲ ਪ੍ਰਕ੍ਰਿਤੀ, ਮਾਇਆ ਵਿਚ ਪ੍ਰੇਰਿਤ ਹੋ ਜਾਂਦੀ ਹੈ; ਬਿਰਹਨ, ਜੀਵਾਤਮਾ ਵਿਚ ਅਤੇ ਪੀਆ, ਪ੍ਰਮਾਤਮਾ ਵਿਚ । ਇਸ ਸਾਰੀ ਰੂਪਾਂਤ੍ਰਣੀ ਪ੍ਰਕਿਰਿਆ ਵਿਚ ਸਿਰਜਨ ਕੇਵਲ ਪਿੱਠ-ਭੂਮੀ ਦੀ ਇਹਲੌਕਿਕ ਧਾਰਾ ਦਾ ਕੀਤਾ ਗਿਆ ਹੈ ਅਤੇ ਅੰਤ ਵਿਚ ਬਾਣੀ ਦੀ ਪਰਿਭਾਸ਼ਕ ਸ਼ਬਦਾਵਲੀ ਦੇ ਇਕ ਚਿਹਨ 'ਹਰਿ' ਨੂੰ ਪੇਸ਼ ਕਰ ਦਿੱਤਾ ਗਿਆ ਹੈ । ਇਸ ਕੇਂਦਰੀ ਜੁਗਤ ਨਾਲ ਇਹਲੌਕਿਕ ਪਿੱਠ-ਭੂਮੀ ਵਿਚੋਂ ਰਹੱਸਵਾਦੀ ਚੇਤੰਨਤਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗਭੂਮਿਤ ਕੀਤਾ ਗਿਆ ਹੈ । ਇਸ ਕਾਵਿ-ਸ਼ਾਸਤਰੀ ਜੁਗਤ ਵਿਚ [illegible]ਵਿਕ ਸੁਹਜ ਦੇ ਬਿੰਬ ਨੂੰ ਮਾਧਿਅਮ ਵਜੋਂ ਵਰਤਿਆ ਗਿਆ ਹੈ ਅਤੇ ਅੰਤ ਉਤੇ ਇਸ ਅਮੂਰਤ ਭਾਸ਼ਾਈ ਚਿਹਨ ਨੂੰ ਪੇਸ਼ ਕਰਕੇ ਇਹਲੌਕਿਕਤਾ ਤੇ ਪਾਰਲੌਕਿਕਤਾ ਦਾ ਤਣਾਉ ਪੇਸ਼ ਕੀਤਾ ਗਿਆ ਹੈ । ਗੁਰਬਾਣੀ ਦੇ ਇਸ ਸਖਣੇ ਪੈਟਰਨ ਦੇ ਉਦੈ ਹੋਣ ਦੀ ਇਹ ਘੱਟੋ ਘੱਟ ਤਿਮੁੱਖੀ ਸਥਿਤੀ ਹੈ, ਜਿਸ ਨੂੰ ਹੇਠਲੇ ਚਿੱਤਰ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ :—

ਬਾਣੀ-ਪੈਟਰਨ

ਇਹਲੌਕਿਕ ਵੇਰਵੇ → ਤਣਾਉ ← ਪਾਰਲੌਕਿਕ ਵੇਰਵਾ

ਗੁਰਬਾਣੀ ਦੇ ਕਾਵਿ-ਸ਼ਾਸਤਰ ਦੇ ਇਸ ਬੁਨਿਆਦੀ ਨੇਮ ਦੀ ਸਪੱਸ਼ਟਤਾ ਲਈ ਇਕ ਹੋਰ ਉਦਾਹਰਣ ਲੈਣੀ ਉਚਿਤ ਹੋਵੇਗੀ :

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨਾ ਦੇਖਾ ਸੁਪਨੈ ਸਉਣ ਨਾ ਥਾਉ ॥
ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਬਾਰ ਬਾਰ ਪੀਸਣ ਪੀਸਾ ਪਾਉ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨਾ ਖਾਉ ॥
ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥੪॥

(ਸਿਰੀ ਰਾਗ ਮ: ੧)

ਉਪਰੋਕਤ ਉਦਾਹਰਣਾਂ ਵਿਚੋਂ ਇਕੋ ਪ੍ਰਕਾਰ ਦੇ ਨੇਮ/ਜੁਗਤ/ਨਿਰਮਾਣ-ਰੂੜ੍ਹੀ ਜਾਂ ਸਖਣੇ ਪੈਟਰਨ ਦੇ ਅਮੂਰਤ ਸੰਬੰਧ ਸਮੂਹਾਂ ਦਾ ਬਾਰ ਬਾਰ ਦੁਹਰਾਉ ਅਤਿ ਸਪੱਸ਼ਟ ਹੈ । ਇਸ ਪਦੇ ਦੇ ਚਾਰ ਖੰਡ ਹਨ । ਚਹੁੰਆਂ ਖੰਡਾਂ ਦੀਆਂ ਪਹਿਲੀਆਂ ਦੋ ਪੰਗਤੀਆਂ ਵਿਚਲੇ ਤੱਤ ਆਪਣੀ ਪ੍ਰਕਿਰਤੀ ਵਿਚ ਸਮਾਨਤਾ-ਧਰਮੀ ਹਨ । ਇਹ ਸਾਰੇ ਰਲ ਕੇ ਇਹਲੌਕਿਕ ਭਾਸ਼ਾਈ ਵੇਰਵੇ ਦੀ ਰਚਨਾ ਕਰਦੇ ਹਨ । ਕਿਸੇ ਵੀ ਵਸਤੂ-ਸਥਿਤੀ ਵਿਚ ਸਮਰੂਪ ਤੱਤਾਂ ਦੀ ਪ੍ਰਕਿਰਤੀ ਇਕ ਸੰਗਠਿਤ ਇਕਾਈ ਵਿਚ ਜੁੜ ਜਾਣ ਦੀ ਹੁੰਦੀ ਹੈ । ਇਨ੍ਹਾਂ ਤੱਤਾਂ ਵਿਚਲੀ ਏਕਤਾ ਕਾਰਨ ਹੀ ਅਸੀਂ ਇਨ੍ਹਾਂ ਨੂੰ ਇਕ ਸੰਗਠਿਤ ਇਕਾਈ ਵਜੋਂ ਗ੍ਰਹਿਣ ਕੀਤਾ ਹੈ । ਇਸ ਇਕਾਈ ਦੀ ਰਚਨਾ-ਜੁਗਤ/

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇਮ, ਸਮ-ਪ੍ਰਕਿਰਤੀ ਦੇ ਇਹਲੌਕਿਕ ਤੱਤਾਂ ਨੂੰ ਜੋੜਨ ਦਾ ਹੈ :—

ਤੱਤ+ਤੱਤ+ਤੱਤ+ਤੱਤ=ਇਹਲੌਕਿਕ ਭਾਸ਼ਾਈ ਬਿੰਬ

ਰਚਨਾ ਦੇ ਇਸ ਨੇਮ/ਜੁਗਤ/ਨਿਰਮਾਨ-ਰੂੜ੍ਹੀ/ਸਖਣੇ-ਪੈਟਰਨ ਨੂੰ ਇਸ ਪਦੇ ਦੇ ਚਹੁੰਆਂ ਖੰਡਾਂ ਦੀਆਂ ਪਹਿਲੀਆਂ ਦੋ ਪੰਗਤੀਆਂ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ। ਹਰ ਦੁਹਰਾਉ ਵਿਚ ਸਿਰਜਨ ਦਾ ਅਮੂਰਤ ਨੇਮ/ਜੁਗਤ ਉਹੋ ਰਹਿੰਦੀ ਹੈ ਪਰ ਦੁਹਰਾਉ ਦੇ ਸਮੂਰਤ ਪ੍ਰਗਟਾਵੇ ਵਿਚ ਵੱਥ (Content) ਭਿੰਨ ਹੋ ਜਾਂਦੀ ਹੈ। ਇਹ ਨੇਮ/ਜੁਗਤ ਬਾਣੀ-ਪੈਟਰਨ ਦੀ ਇਕਾਈ ਦਾ ਇਕ ਆਂਸ਼ਿਕ ਵੇਰਵਾ ਹੈ। ਕੇਵਲ ਇਹਲੌਕਿਕ ਤੱਤਾਂ ਦੇ ਭਾਸ਼ਾਈ ਵੇਰਵੇ ਭਾਵੇਂ ਕਿਤਨੀਆਂ ਵੀ ਪੰਕਤੀਆਂ ਤਕ ਫੈਲ ਜਾਣ, ਉਹ ਬਾਣੀ ਦੇ ਸਮੁੱਚੇ ਪੈਟਰਨ ਨੂੰ ਉਸਾਰ ਨਹੀਂ ਸਕਦੇ। ਜਿਵੇਂ ਕਿ 'ਚੇਤ ਬਸੰਤ ਭਲਾ' ਵਾਲੀ ਪਿਛਲੀ ਉਦਾਹਰਣ ਵਿਚ ਅਸੀਂ ਵੇਖ ਚੁਕੇ ਹਾਂ। ਉਥੇ ਇਹਲੌਕਿਕ ਭਾਸ਼ਾਈ ਵੇਰਵਾ ਬਾਣੀ ਦੀ ਇਕਾਈ ਦੇ ਅੰਤ ਤਕ ਫੈਲਿਆ ਹੋਇਆ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਇਹਲੌਕਿਕ ਬਿੰਬ, ਬਾਣੀ-ਪੈਟਰਨ ਦੇ ਉਦੈ ਹੋਣ ਲਈ ਕੇਵਲ ਇਕ ਵੇਰਵਾ ਮਾਤਰ ਹੀ ਹੈ। ਬਾਣੀ-ਪੈਟਰਨ ਦੀ ਛੋਟੀ ਤੋਂ ਛੋਟੀ ਇਕਾਈ ਦਾ ਵੀ ਉਦੈ ਉਦੋਂ ਹੀ ਹੁੰਦਾ ਹੈ ਜਦੋਂ ਕਿ ਪਾਰਲੌਕਿਕ ਭਾਸ਼ਾਈ ਵੇਰਵੇ ਦੇ ਵਿਰੋਧ ਵਿਚ 'ਨਾਮ' ਜਾਂ 'ਹਰਿ' ਆਦਿ ਦੇ ਪਰਿਭਾਸ਼ਕ ਵੇਰਵੇ ਨੂੰ ਪੇਸ਼ ਕਰ ਦਿੱਤਾ ਜਾਂਦਾ ਹੈ। ਇਉਂ ਬਾਣੀ-ਪੈਟਰਨ ਦੀ ਸਿਰਜਨਾ ਦਾ ਬੁਨਿਆਦੀ ਨੇਮ/ਜੁਗਤ/ਨਿਰਮਾਨ-ਰੂੜ੍ਹੀ/ਸਖਣਾ ਪੈਟਰਨ ਇਹ ਹੈ ਕਿ ਬਾਣੀ ਦੀ ਸਿਰਜਨਾ ਅਸਮ-ਪ੍ਰਕਿਰਤਕ ਵੇਰਵਿਆਂ ਦੇ ਤਣਾਉਸ਼ੀਲ ਸੰਬੰਧਾਂ ਦੀ ਕਾਰਜਸ਼ੀਲਤਾ ਵਿਚੋਂ ਕੀਤੀ ਜਾਂਦੀ ਹੈ। ਉਪਰੋਕਤ ਪਦੇ ਵਿਚ ਵੀ ਇਸੇ ਨੇਮ/ਜੁਗਤ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਤੇ ਇਸ ਤੋਂ ਪਹਿਲੀ ਟੂਕ 'ਚੇਤੁ ਬਸੰਤ ਭਲਾ' ਦਾ ਸਿਰਜਨ ਵੀ ਇਸੇ ਨਿਰਮਾਨ-ਰੂੜ੍ਹੀ/ਸਖਣੇ ਪੈਟਰਨ ਦੇ ਸਥਿਤ ਧਰਾਤਲ ਤੋਂ ਕੀਤਾ ਗਿਆ ਸੀ। ਇਹ ਵਿਰੋਧਾਤਮਕ ਤਣਾਉ ਬਾਣੀ-ਪੈਟਰਨ ਦੇ ਜੁਗਤ-ਮੂਲਕ ਦਵੈਤ ਨੂੰ ਪੇਸ਼ ਕਰਦਾ ਹੈ।

ਉਪਰੋਕਤ ਉਦਾਹਰਣਾਂ ਵਿਚ ਮਿਲਦੇ ਅਮੂਰਤ ਨੇਮ ਦੇ ਆਧਾਰ ਤੇ ਬਾਣੀ-ਸਿਰਜਨ ਦੇ ਅਸੀਂ ਇਸ ਨੇਮ ਨੂੰ ਸੂਤ੍ਰਿਤ ਕਰ ਸਕਦੇ ਹਾਂ ਕਿ ਭਾਵੇਂ ਬਾਣੀ ਦੀ ਚਰਮ ਸੀਮਾ ਪਾਰਲੌਕਿਕ ਬ੍ਰਹਮ ਨਾਲ ਏਕਾਕਾਰ ਦੀ ਹੈ, ਪਰੰਤੂ ਉਸ ਦੇ ਸਥਿਤ ਤੇ ਸਖਣੇ ਪੈਟਰਨ/ਨੇਮ ਦਾ ਆਧਾਰ ਪਾਰਲੌਲਿਕ ਅਧਿਆਤਮ ਤੇ ਇਹਲੌਕਿਕ ਪ੍ਰਪੰਚ ਦਾ ਦਵੈਤ ਹੈ। ਇਸ ਦਵੈਤ ਵਿਚ ਦੋਹਾਂ ਧਿਰਾਂ ਦੀ ਵਿਰੋਧਤਾ ਵੀ ਹੈ, ਪਰ ਇਹਨਾਂ ਦੇ ਪਰਸਪਰ ਸੰਬੰਧਾਂ ਨੂੰ ਧਿਆਨ ਵਿਚ ਰਖਣਾ ਵੀ ਲਾਜ਼ਮੀ ਹੈ। ਦੋਹਾਂ ਧਿਰਾਂ ਦੀ ਵਿਰੋਧਤਾ ਅਤੇ ਸੰਬੰਧਾਂ ਉਪਰ ਧਿਆਨ ਕੇਂਦ੍ਰਿਤ ਕੀਤਿਆਂ ਸਾਨੂੰ ਬਾਣੀ-ਨਿਰਮਾਨ ਦੇ ਪੈਟਰਨ ਸਪੱਸ਼ਟ ਹੋਣੇ ਸ਼ੁਰੂ ਹੋ ਜਾਂਦੇ ਹਨ। ਬਾਣੀਕਾਰ ਇਹਲੌਕਿਕ ਸਥਿਤੀਆਂ ਦੇ ਸੁਹਜਾਤਮਕ ਤੇ ਕਾਵਿਆਤਮਕ ਪ੍ਰਤੱਖਣ ਸਿਰਜਣ ਵਲ ਰੁਚਿਤ ਨਹੀਂ। ਅਜਿਹਾ ਕਾਵਿਕ ਬਿਰਤੀ ਦਾ ਵੇਰਵਾ ਬਾਣੀ ਦੇ ਸਮੁੱਚੇ ਪੈਟਰਨ ਦਾ ਇਕ ਅੰਗ ਮਾਤਰ ਹੀ ਹੈ। ਇਸ ਸਿਰਜਨ ਦਾ ਉਦੇਸ਼ ਪਾਠਕ ਨੂੰ ਬਾਣੀ ਦੇ ਵਿਸ਼ੇਸ਼ ਪ੍ਰੇਰਕਾਂ ਨੂੰ ਪ੍ਰਾਪਤ ਕਰਨ ਲਈ ਕੇਵਲ ਸੁਚੇਤ ਤੇ ਤਿਆਰ ਕਰਨ ਦਾ ਹੀ ਹੈ। ਇਹ ਵੇਰਵਾ ਉਸ ਦੀ ਬਿਰਤੀ ਦਾ ਅਗ੍ਰਭੂਮਨ ਕਰ ਦਿੰਦਾ ਹੈ। ਇਉਂ ਇਹਲੌਕਿਕ ਵੇਰਵੇ ਦਾ ਸਿਰਜਨ ਬਾਣੀ ਦੇ ਕਾਵਿ-ਸ਼ਾਸਤਰ ਵਿਚ ਇਕ ਅਜਿਹਾ ਨੇਮ/ਜੁਗਤ ਹੈ, ਜੋ ਬਾਣੀ-ਸਿਰਜਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਸੰਗ ਮਾਤਰ ਹੀ ਹੈ । ਇਸ ਨੇਮ/ਜੁਗਤ ਰਾਹੀਂ ਹੀ ਬਾਣੀਕਾਰ ਨੇ ਆਪਣੀ ਪ੍ਰੇਰਕ ਥੀਮਿਕ ਚੇਤੰਨਤਾ ਨੂੰ ਉਜਾਗਰ ਕਰਨ ਲਈ ਪਿੱਠ-ਭੂਮੀ ਦੇ ਉਪਰ ਹੀ ਬਾਣੀ ਦੇ ਸਮੁੱਚੇ ਪੈਟਰਨ ਨੂੰ ਅਗ੍ਰਭੂਮਿਤ ਕਰਨਾ ਹੁੰਦਾ ਹੈ। ਬਾਣੀ ਦੀ ਪ੍ਰੇਰਕ ਪਾਰਲੌਕਿਕ ਚੇਤੰਨਤਾ ਦਾ ਆਪਣਾ ਕੋਈ ਰੰਗ ਰੂਪ ਨਹੀਂ । ਉਹ ਤਾਂ ਨਿਰਗੁਣ ਬ੍ਰਹਮ ਹੈ । ਉਸ ਦੇ ਅਗ੍ਰਭੂਮਨ ਲਈ ਬਾਣੀ ਇਹਲੌਕਿਕ ਪਿੱਠ-ਭੂਮੀ ਦਾ ਸਿਰਜਨ ਇਕ ਨੇਮ/ ਜੁਗਤ/ਨਿਰਮਾਨ-ਰੂੜ੍ਹੀ ਵਾਂਗ ਕਰਦੀ ਹੈ। ਉਪਰੋਕਤ ਦੋਹਾਂ ਉਦਾਹਰਣਾਂ ਵਿਚ ਇਸੇ ਕਾਰਣ ਹੀ ਪਾਰਲੌਕਿਕ 'ਨਾਮ' ਤੇ 'ਹਰਿ' ਦੇ ਵੇਰਵੇ ਨੂੰ ਪੇਸ਼ ਕਰਨ ਤੋਂ ਪਹਿਲਾਂ ਇਹਲੌਕਿਕ ਵੇਰਵਿਆਂ ਨੂੰ ਪੇਸ਼ ਕੀਤਾ ਗਿਆ ਹੈ। 'ਕੋਟਿ ਕੋਟੀ ਮੇਰੀ ਆਰਜਾ' ਵਾਲੇ ਪਦੇ ਵਿਚ ਕਰੋੜਾਂ ਵਰ੍ਹਿਆਂ ਦੀ ਉਮਰ ਵਾਲੇ ਮਨੁੱਖ ਦਾ ਗੁਫਾ ਵਿਚ ਨਿਰੰਤਰ ਸਮਾਧੀ ਲੀਨ ਹੋਣ ਦਾ ਚਿੱਤਰ, ਵਾਰਨੇ ਜਾਣ ਵਾਲੇ ਮਨੁੱਖ ਦੇ ਕੋਹੇ ਜਾਣ ਤੇ ਅੱਗ ਵਿਚ ਪਾ ਕੇ ਸਾੜੇ ਜਾਣ ਦਾ ਚਿੱਤਰ, ਅਕਾਸ਼ ਦੀਆਂ ਅਦਿਸ਼ ਉਚਾਈਆਂ ਵਿਚ ਸੈਂਕੜੇ ਅਸਮਾਨ ਤਕ ਉਡਦੇ ਜਾ ਰਹੇ ਪੰਛੀ ਦਾ ਚਿੱਤਰ, ਲੱਖਾਂ ਮਣ ਕਾਗਜ਼ ਉਤੇ ਪੜ੍ਹਾਈ ਰਾਹੀਂ ਕੱਢੇ ਤੱਤਾਂ ਦਾ ਪੌਣ ਵਾਂਗ ਤੇਜ਼ ਚਲਦੀ ਕਲਮ ਰਾਹੀਂ ਲਿਖੇ ਲੇਖਾਂ ਦਾ ਚਿੱਤਰ ਆਦਿ, ਸੁੰਦਰ ਇਹਲੌਕਿਕ ਸਿਰਜਨਾ ਦੇ ਕਾਵਿਕ ਵੇਰਵੇ ਹਨ । ਇਹਨਾਂ ਸਮੂਰਤ ਵੇਰਵਿਆਂ ਦੀ ਪਿੱਠ-ਭੂਮੀ ਉਪਰ ਅਮੂਰਤ 'ਨਾਮ' ਦੇ ਪਾਰਲੌਕਿਕ ਵੇਰਵੇ ਨੂੰ ਬਾਰ ਬਾਰ ਪੇਸ਼ ਕੀਤਾ ਗਿਆ ਹੈ। ਇਹ ਪਾਰਲੌਕਿਕ 'ਨਾਮ' ਦਾ ਵੇਰਵਾ ਪਰਮ ਚਿਹਨ ਹੈ ਜੋ ਕਿ ਆਪਣੇ ਚਿਹਨਿਤ ਬ੍ਰਹਮ ਵਾਂਗ ਹੀ ਅਮੂਰਤ ਹੈ। ਆਮ ਭਾਸ਼ਾਈ ਚਿਹਨ ਨਾਲੋਂ ਇਹ ਇਸ ਪੱਖੋਂ ਭਿੰਨ ਹੈ ਕਿ ਇਹ ਕਿਸੇ ਵੀ ਪ੍ਰਕਾਰ ਦੀ ਇਹਲੌਕਿਕ, ਵਾਸਤਵਿਕ ਤੇ ਯਥਾਰਥਕ ਵਸਤੂ ਵਲ ਸੰਕੇਤ ਨਹੀਂ ਕਰਦਾ । ਇਹ 'ਨਾਮ' ਦੇ ਚਿਹਨ 'ਵਾਂਗ' ਹੀ ਸ਼ੁੱਧ ਚੇਤੰਨਤਾ ਦਾ ਚਿਹਨ ਹੈ । ਬਾਣੀਕਾਰ ਇਹਲੌਕਿਕ ਪ੍ਰਸੰਗ ਦੀ ਮੂਰਤ-ਪਿੱਠ-ਭੂਮੀ ਇਸ ਲਈ ਸਿਰਜਦੇ ਹਨ ਤਾ ਕਿ ਉਸ ਦੇ ਵਿਰੋਧ ਵਿਚ ਪਾਰਲੌਕਿਕਤਾ ਦੇ ਅਮੂਰਤ ਵੇਰਵੇ ਨੂੰ ਉਭਾਰਿਆ ਜਾ ਸਕੇ । ਬਾਣੀ-ਸਿਰਜਨ ਦੇ ਇਸ ਕਾਵਿ-ਸ਼ਾਸਤਰੀ ਨੇਮ ਦਾ ਜਨਮ ਬਾਣੀਕਾਰਾਂ ਦੇ ਵਿਸ਼ੇ ਦੀ ਪ੍ਰਕਿਰਤੀ ਵਿਚੋਂ ਹੁੰਦਾ ਹੈ । ਨਿਰਗੁਣ ਬ੍ਰਹਮ ਦੀ ਅਰੂਪ ਹੋਂਦ ਨੂੰ ਕੇਵਲ ਰੂਪ ਦੇ ਵਿਰੋਧ ਵਜੋਂ ਹੀ ਉਘਾੜਿਆ ਜਾ ਸਕਦਾ ਹੈ । ਕਿਸੇ ਵੀ ਪੈਟਰਨ ਦੇ ਉਦੇ ਹੋਣ ਦਾ ਇਹ ਮੁਢਲਾ ਨੇਮ ਹੈ ਕਿ ਪੈਟਰਨ ਸਦਾ ਪਿੱਠ-ਭੂਮੀ ਵਿਚੋਂ ਉਜਾਗਰ ਹੁੰਦਾ ਹੈ । ਸਾਧਾਰਣ ਕਲਾਤਮਕ ਕਿਰਤ ਵਿਚਲੇ ਨੇਮਾਂ-/ਜੁਗਤਾਂ/ਨਿਰਮਾਨ-ਰੂੜ੍ਹੀਆਂ ਅਨੁਸਾਰ ਪੈਟਰਨ ਦੀ ਅਗਰਭੂਮੀ, ਪਿੱਠ-ਭੂਮੀ ਦੇ ਮੁਕਾਬਲੇ ਵਿਚ ਵਧੇਰੇ ਗੂੜ੍ਹੀ ਤੇ ਸਪੱਸ਼ਟ ਹੁੰਦੀ ਹੈ ਤੇ ਪਿੱਠ-ਭੂਮੀ ਵਿਰਲੀ ਤੇ ਅਸਪੱਸ਼ਟ । ਪਰੰਤੂ ਬਾਣੀ-ਸਿਰਜਨ ਵਿਚ ਸਾਧਾਰਨ ਕਲਾ-ਖੇਤਰ ਦਾ ਇਹ ਨੇਮ ਉਲਟਾ ਦਿੱਤਾ ਜਾਂਦਾ ਹੈ । ਇਸਦਾ ਕਾਰਨ ਬਾਣੀ ਦੇ ਨਾਇਕ ਬ੍ਰਹਮ/ ਦਿੱਬ ਹੋਂਦ ਦੀ ਅਮੂਰਤ ਤੇ ਆਲੌਕਿਕ ਪ੍ਰਕਿਰਤੀ ਵਿਚੋਂ ਲਭਿਆ ਜਾ ਸਕਦਾ ਹੈ । ਇਸ ਲਈ ਬਾਣੀ ਸਿਰਜਨ ਦੀ ਜੁਗਤ/ਨਿਰਮਾਨ-ਰੂੜ੍ਹੀ ਵਿਚ ਪਿੱਠ-ਭੂਮੀ ਨੂੰ ਵਧੇਰੇ ਵਿਸ਼ੇਸ਼ ਮਹੱਤਵ ਪ੍ਰਾਪਤ ਹੋ ਜਾਂਦਾ ਹੈ । ਉਪਰੋਕਤ ਦੋਹਾਂ ਉਦਾਹਰਣਾਂ ਵਿਚ ਪਿੱਠ-ਭੂਮੀ ਦਾ ਲੌਕਿਕ ਵੇਰਵਾ ਬਾਣੀ-ਪੈਟਰਨ ਦੇ ਦੂਸਰੇ ਪਾਰਲੌਕਿਕ ਵੇਰਵੇ ਦੇ ਮੁਕਾਬਲੇ ਵਿਚ ਵਧੇਰੇ ਸ਼ੋਖ ਤੇ ਮੂਰਤ ਹੈ । ਨਾਮ ਦੀ ਪ੍ਰਤੀਤੀ ਲੌਕਿਕ ਮੂਰਤ ਵੇਰਵੇ ਦੇ ਵਿਰੋਧ ਵਜੋਂ ਕਰਾਈ ਗਈ ਹੈ । ਪਿੱਠ-ਭੂਮੀ ਵਿਚ ਵਾਸਤਵਿਕ ਤੇ ਇੰਦ੍ਰੀਗਤ ਪ੍ਰਪੰਚ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪਾਂਤ੍ਰਿਤ ਕਲਾ [illegible] ਹੈ । [illegible] ਸੁਭਾ ਵਿਚ ਕਾਵਿਕ ਹੁੰਦਾ ਹੈ । ਇਸ ਕਾਵਿਕ ਪ੍ਰਕਿਰਤੀ ਦੀ ਪਿੱਠ-ਭੂਮੀ ਦੇ ਪ੍ਰਸੰਗ ਵਿਚ ਨਾਮ ਦੇ ਵੇਰਵੇ ਨੂੰ ਪੇਸ਼ ਕਰਨ ਨਾਲ ਜੋ ਨਵੀਨ ਥੀਮਕ ਚੇਤੰਨਤਾ ਉਜਾਗਰ ਹੁੰਦੀ ਹੈ, ਉਹ ਹੀ ਬਾਣੀ-ਪੈਟਰਨ ਹੈ । ਇਉਂ ਬਾਣੀਕਾਰਾਂ ਦੀ ਕਲਾਕਾਰੀ ਦੀ ਬੁਨਿਆਦੀ ਜੁਗਤ/ ਨਿਰਮਾਨ-ਰੂੜ੍ਹੀ ਇਹ ਹੈ ਕਿ ਉਹ ਇੰਦ੍ਰੀਅਤੀਤ ਬ੍ਰਹਮ ਦਾ ਵਿਵੇਕ ਇੰਦ੍ਰੀਗਤ ਪਰਤੱਖਣ ਰਾਹੀਂ ਪੇਸ਼ ਕਰਦੇ ਹਨ ।

ਲੌਕਿਕ ਵੇਰਵੇ ਤੋਂ ਬਾਅਦ ਪਾਰਲੌਕਿਕ ਵੇਰਵੇ ਦੀ ਪੇਸ਼ਕਾਰੀ ਦੇ ਨੇਮ/ਜੁਗਤ/ ਨਿਰਮਾਨ-ਰੂੜ੍ਹੀ ਦਾ ਬਾਣੀ ਦੀ ਕਾਰਜਸ਼ੀਲਤਾ ਉਪਰ ਜੋ ਪ੍ਰਭਾਵ ਪੈਂਦਾ ਹੈ, ਉਸ ਨੂੰ ਨਿਸ਼ਚਿਤ ਕਰਨਾ ਵੀ ਗੁਰਬਾਣੀ ਦੀ ਕਾਵਿ-ਸ਼ਾਸਤਰੀ ਪ੍ਰੀਕਿਰਿਆ ਦਾ ਕਾਰਜ ਹੈ । ਇਸ ਨੇਮ/ਰੂੜ੍ਹੀ ਰਾਹੀਂ ਪੂਰਬ ਸਿਰਜਿਤ ਕਾਵਿਕ ਬਿੰਬ ਉਪਰ ਨਾਮ ਦੀ ਨਵੀਨ 'ਰੀਮਿਕ ਰੌਸ਼ਨੀ' ਪੈਂਦੀ ਹੈ । ਬਾਣੀ ਦਾ ਪ੍ਰੇਰਕ ਪ੍ਰਧਾਨ ਤੱਤ ਹਾਜ਼ਰ ਹੁੰਦਿਆਂ ਹੀ ਪੂਰਬ ਸਿਰਜਿਤ ਲੌਕਿਕ ਵੇਰਵੇ ਦਾ ਮਹੱਤਵ ਖੁਰ ਜਾਂਦਾ ਹੈ । ਇਥੇ ਹੀ ਸਪੱਸ਼ਟ ਹੁੰਦਾ ਹੈ ਕਿ ਬਾਣੀ-ਪੈਟਰਨ ਦਾ ਪ੍ਰਬਲ ਪ੍ਰੇਰਕ ਤੇ ਪ੍ਰਧਾਨ ਤੱਤ ਕਿਹੜਾ ਹੈ ? ਪ੍ਰਬਲ ਤੇ ਪ੍ਰੇਰਕ ਤੱਤ ਦੇ ਉਜਾਗਰ ਹੁੰਦਿਆਂ ਹੀ ਲੌਕਿਕ ਬਿੰਬ ਦੀ ਮਹੱਤਾ ਗੌਣ ਹੋ ਜਾਂਦੀ ਹੈ । ਇਥੇ ਹੀ ਬਾਣੀ ਦੀ ਸੰਚਾਰ-ਪ੍ਰਕਿਰਿਆ ਦੇ ਸੰਚਾਰਕ ਗਤੀਵਾਦ ਦੇ ਨੇਮ/ਜੁਗਤ/ ਨਿਰਮਾਨ-ਰੂੜ੍ਹੀ ਨੂੰ ਉਜਾਗਰ ਹੁੰਦਿਆਂ ਵੇਖਿਆ ਜਾ ਸਕਦਾ ਹੈ । ਦੋਹਾਂ ਵੇਰਵਿਆਂ ਦੇ ਆਹਮੋ ਸਾਹਮਣੇ ਹੁੰਦਿਆਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਣੀ-ਪੈਟਰਨ ਵਿਚ ਸੰਚਾਰਕ ਗਤੀਵਾਦ ਦੀ ਵੱਧ ਤੋਂ ਵੱਧ ਸ਼ਕਤੀ 'ਨਾਮ' ਨੂੰ ਪ੍ਰਾਪਤ ਹੈ । ਲੌਕਿਕ ਬਿੰਬ ਨਾਲ ਸੰਬੰਧਿਤ ਪਾਸਾਰ ਦਾ ਕਾਵਿ-ਬਿੰਬ ਹੇਠਲੀ ਪੱਧਰ ਉਤੇ ਚਲਾ ਜਾਂਦਾ ਹੈ ਅਤੇ ਗਿਆਨ-ਮੂਲਕ ਅਧਿਆਤਮਕ ਚੇਤੰਨਤਾ ਉਪਰਲੀ ਪੱਧਰ ਉਤੇ ਆ ਜਾਂਦੀ ਹੈ । ਸੁਹਜ ਤੇ ਗਿਆਨ ਦੇ ਦਵੈਤ ਦੀ ਵਿਰੋਧੀ ਜੁਗਤ ਵੀ ਇਥੇ ਹੀ ਸਪੱਸ਼ਟ ਹੁੰਦੀ ਹੈ ਅਤੇ ਮਾਇਆ ਅਤੇ ਨਾਮ ਦਾ ਵਿਰੋਧੀ ਤਣਾਉ ਵੀ ਇਥੇ ਹੀ ਉਘੜਦਾ ਹੈ ਤੇ ਇਥੇ ਹੀ ਸੁਲਝਦਾ ਹੈ । ਇਥੇ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਕਾਵਿ, ਬਾਣੀ ਪੈਟਰਨ ਦਾ ਵਿਦਾ-ਬਿੰਦੂ ਬਣ ਸਕਦਾ ਹੈ, ਪਹੁੰਚ-ਬਿੰਦੂ ਨਹੀਂ । ਬਾਣੀ ਦਾ ਪਹੁੰਚ-ਬਿੰਦੂ ਅਜਿਹੇ ਪੈਟਰਨ ਦਾ ਸਿਰਜਨ ਹੈ, ਜਿਸ ਦਾ ਇਕ ਵੇਰਵਾ ਇਸ ਲੋਕ ਦੇ ਮਾਇਅਕ ਪ੍ਰਪੰਚ ਦੀ ਸੁਹਜ-ਮੁਖ ਸੰਵੇਦਨਾ ਨਾਲ ਸੰਬੰਧਿਤ ਹੋਵੇ ਤੇ ਦੂਜਾ ਅਧਿਆਤਮ ਤੇ ਗਿਆਨਮੁਖ ਅਮੂਰਤ ਪਾਸਾਰਾਂ ਨਾਲ । ਇਥੇ ਧਿਆਨਯੋਗ ਤੱਥ ਇਹ ਹੈ ਕਿ ਬਾਣੀ ਦਾ ਉਦੈ ਸੁਹਜ ਤੇ ਗਿਆਨ,ਪ੍ਰਪੰਚ ਤੇ ਅਧਿਆਤਮ,ਮਾਇਆ ਤੇ ਨਾਮ,ਇਹਲੌਕਿਕਤਾ ਅਤੇ ਪਾਰਲੌਕਿਕਤਾ ਦੀ ਕਾਰਜਸ਼ੀਲਤਾ ਵਿਚੋਂ ਹੁੰਦਾ ਹੈ । ਇਹ ਕੇਵਲ ਤਣਾਉ ਮਾਤਰ ਹੀ ਨਹੀਂ । ਦੋਹਾਂ ਤੱਤਾਂ ਵਿਚੋਂ ਪ੍ਰਬਲ ਭਾਂਵੇਂ ਨਾਮ ਤੇ ਗਿਆਨ ਦਾ ਤੱਤ ਹੈ, ਪਰ ਬਾਣੀ ਦੇ ਉਜਾਗਰ ਹੋਣ ਲਈ ਲੌਕਿਕ ਵੇਰਵੇ ਦੀ ਵੀ ਉਤਨੀ ਹੀ ਲੋੜ ਹੈ, ਜਿਤਨੀ ਕਿ ਨਾਮ ਵੇਰਵੇ ਦੀ । ਦੋਹਾਂ ਦੇ ਸੰਬੰਧਾਂ ਵਿਚੋਂ ਜੋ ਸਮੁੱਚੀ ਸਾਰਥਕਤਾ ਉਜਾਗਰ ਹੁੰਦੀ ਹੈ, ਉਸ ਨੂੰ ਉਜਾਗਰ ਕਰਨ ਤਕ ਇਕ ਤੱਤ ਗੌਣ ਤੇ ਦੂਜਾ ਪ੍ਰਾਥਮਿਕ ; ਇਕ ਪਿੱਠ-ਭੂਮੀ ਤੇ ਦੂਜਾ ਅਗ੍ਰਭਮਿਤ; ਇਕ ਮੂਰਤ ਸੁਹਜ ਸੰਵੇਦਨਾ-ਮੁਖ ਤੇ ਦੂਜਾ ਅਮੂਰਤ ਗਿਆਨਮੁਖ । ਪਰ ਜਦੋਂ ਹੀ ਬਾਣੀ ਦਾ ਸਮੁੱਚਾ ਪੈਟਰਨ ਉਜਾਗਰ ਹੁੰਦਾ ਹੈ ਤਾਂ ਦੋਵੇਂ ਹੀ ਤੱਤ ਆਪਣੇ ਵਿਅਕਤੀਗਤ ਲੱਛਣਾਂ ਤੋਂ ਮੁਕਤ ਹੋ ਕੇ, ਨਵੀਨ ਸਿਰਜਿਤ ਸਾਰਥਕਤਾ ਗ੍ਰਹਿਣ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ । ਇਉਂ ਵਾਸਤਵਿਕ ਲੌਕਿਕਤਾ ਆਪਣੀ ਸ਼ੁੱਧ ਲੌਕਿਕਤਾ ਤਿਆਗਦੀ ਹੈ ਤੇ ਸ਼ੁੱਧ ਅਧਿਆਤਮ ਆਪਣੀ ਸੁੰਨ ਸਮਾਧ ਵਿਚੋਂ ਨਿਕਲ ਕੇ ਲੌਕਿਕ ਰੂਪ ਧਾਰ ਲੈਂਦਾ ਹੈ । ਦੋਹਾਂ ਨੂੰ ਦੋਹਾਂ ਦੇ ਵਿਅਕਤੀਗਤ ਲਛਣਾਂ ਤੋਂ ਅਜਨਬੀ ਬਣਾ ਕੇ ਬਾਣੀ-ਪੈਟਰਨ ਦਾ ਸਿਰਜਨ ਕੀਤਾ ਜਾਂਦਾ ਹੈ । ਦੋਹਾਂ ਦਾ ਮਿਲਨ ਬਾਣੀ ਦੇ ਭਾਸ਼ਾਈ ਪੈਟਰਨ ਦੀ ਸਿਰਜਨ-ਜੁਗਤ/ਨਿਰਮਾਨ-ਰੂੜ੍ਹੀ ਦਾ ਚਮਤਕਾਰ ਹੈ । ਇਹੋ ਚਮਤਕਾਰ ਹੀ ਬਾਣੀ-ਪੈਟਰਨ ਨੂੰ ਕਾਵਿ-ਪੈਟਰਨ ਨਾਲ ਜੋੜਦਾ ਵੀ ਹੈ ਤੇ ਨਿਖੇੜਦਾ ਵੀ ਹੈ । ਇਹੋ ਹੀ ਇਸ ਨੂੰ ਲੌਕਿਕਤਾ ਤੇ ਪਾਰਲੌਕਿਕਤਾ ਦੋਹਾਂ ਨਾਲੋਂ ਵੀ ਨਿਖੇੜਦਾ ਹੈ । ਨਾਮ, ਬਾਣੀ-ਸੰਸਾਰ ਵਿਚ ਸ਼ਾਮਲ ਹੋ ਕੇ ਆਪਣੇ ਪਾਰਲੌਕਿਕ ਸੰਕੇਤ ਤੋਂ ਵੀ ਮੁਕਤ ਹੋ ਜਾਂਦਾ ਹੈ । ਬਾਣੀ ਵਿਚ ਸ਼ਾਮਲ ਹੋਇਆ ਨਾਮ-ਚਿਹਨ, ਪਾਰਲੌਕਿਕ ਬ੍ਰਹਮ ਦਾ ਚਿਹਨ ਹੀ ਨਹੀਂ, ਇਹ ਖ਼ੁਦ ਬ੍ਰਹਮ ਹੈ । ਇਉਂ ਬਾਣੀ ਇਕ ਅਜਿਹੀ ਸੁਤੰਤਰ ਪਰ ਭਾਸ਼ਾਗਤ ਥੀਮਿਕ ਚੇਤੰਨਤਾ ਨੂੰ ਜੁਗਤ-ਬੱਧ ਕਰਦੀ ਹੈ, ਜੋ ਮਨੁੱਖ ਲਈ ਇਸ ਲੋਕ ਤੇ ਪਰਲੋਕ ਦੋਹਾਂ ਨੂੰ ਬੋਧਗਮ ਬਣਾ ਦਿੰਦਾ ਹੈ । ਪ੍ਰਪੰਚ, ਬ੍ਰਹਮ-ਵਿਵੇਕ ਨੂੰ ਸਪੱਸ਼ਟ ਕਰਦਾ ਹੈ ਤੇ ਬ੍ਰਹਮ, ਪ੍ਰਪੰਚ ਨੂੰ ਨਵੀਨ ਸਾਰਥਕਤਾ ਵਿਚ ਵੇਖਣ ਦੀ ਤਾਕੀਦ ਦੇਂਦਾ ਹੈ । ਇਹ ਕਮਾਲ ਬਾਣੀ-ਪੈਟਰਨ ਦਾ ਹੈ ਜੋ ਕਿ ਮਾਇਅਕ ਪਾਸਾਰ ਤੇ ਨਾਮ-ਪਾਸਾਰ ਦੋਹਾਂ ਨੂੰ ਇਕ ਦੂਜੇ ਦੇ ਆਹਮੋ ਸਾਹਮਣੇ ਰੱਖ ਕੇ ਮਨੁੱਖ ਲਈ ਵਿਵੇਕ ਦਾ ਰਾਹ ਸਿਰਜਦਾ ਹੈ ।

ਗੁਰਬਾਣੀ ਦੇ ਕਾਵਿ-ਸ਼ਾਸਤਰ ਦਾ ਇਸ ਤੋਂ ਅਗਲਾ ਪ੍ਰਮੁੱਖ ਨੇਮ ਪ੍ਰਪੰਚ ਤੇ ਬ੍ਰਹਮ, ਮਾਇਆ ਤੇ ਨਾਮ ਵਿਚੋਂ ਗ੍ਰਹਿਣਯੋਗ ਤੇ ਤਿਆਗਣਯੋਗ ਦੇ ਤਣਾਉ ਵਿਚ ਵੇਖਿਆ ਜਾ ਸਕਦਾ ਹੈ । ਇਸ ਦੇ ਨਿਰਣੇ ਲਈ ਬਾਣੀਕਾਰਾਂ ਨੇ ਰਹਾਉ ਦੀ ਜੁਗਤ ਨੂੰ ਵਰਤਿਆ ਹੈ । ਬਾਣੀ ਦੇ 'ਰਹਾਉ' ਵਿਚ ਸਾਰੇ ਪਦੇ ਦਾ ਕੇਂਦਰੀ ਸਾਰ ਹੁੰਦਾ ਹੈ । ਬਾਣੀ ਦੇ ਰਾਹਾਉ (ਇਕ ਦੋ ਅਪਵਾਦਾਂ ਨੂੰ ਛੱਡ ਕੇ) ਜਾਂ ਤਾਂ ਸਿੱਧੇ ਨਾਮ ਨੂੰ ਗ੍ਰਹਿਣ ਕਰਨ ਦਾ ਸੰਕੇਤ ਦਿੰਦੇ ਹਨ ਜਾਂ ਅਸਿਧੇ ਤੌਰ ਤੇ ਮਾਇਅਕ ਸੰਸਾਰ ਦੀ ਨਿਖੇਧੀ ਕਰਦੇ ਹਨ । ਬਾਣੀ-ਸਿਰਜਨ ਦੀ ਵਿਕਾਸ-ਗਤੀ ਵਿਚ ਰਹਾਉ ਕੇਂਦਰੀ ਥੀਮ ਨੂੰ ਪੇਸ਼ ਕਰਦਾ ਹੈ ਤੇ ਬਾਕੀ ਦਾ ਪਦਾ ਇਸ ਕੇਂਦਰੀ ਥੀਮ ਦੀ ਵਿਆਖਿਆ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ । ਕੀਰਤਨ ਸਮੇਂ ਬਾਰ ਬਾਰ ਰਹਾਉ ਦਾ ਦੁਹਰਾਉ ਇਸ ਲਈ ਕੀਤਾ ਜਾਂਦਾ ਹੈ ਤਾਕਿ ਸਰੋਤੇ ਨੂੰ ਨਾਮ ਚੰਗੀ ਤਰ੍ਹਾਂ ਦ੍ਰਿੜਇਆ ਜਾ ਸਕੇ । ਇਉਂ ਗੁਰਬਾਣੀ ਦੇ ਨੇਮ-ਵਿਧਾਨ ਵਿਚਲੀ ਜੁਗਤ/ਨਿਰਮਾਨ-ਰੂੜ੍ਹੀ ਹੀ ਇਸ ਵਿਚ ਗ੍ਰਹਿਣ/ਤਿਆਗ ਦਾ ਸਪੱਸ਼ਟ ਸੰਕੇਤ ਦਿੰਦੀ ਹੈ । ਮਾਇਅਕ ਸੰਸਾਰ ਨੂੰ ਤਿਆਗੇ ਬਿਨਾ ਹੀ ਉਸਦੀ ਪਿੱਠ-ਭੂਮੀ ਵਿਚੋਂ ਗਿਆਨ-ਮੂਲਕ ਨਾਮ ਦੇ ਪ੍ਰਕਾਸ਼ ਦਾ ਉਦੈ ਕਰਨਾ, ਬਾਣੀ ਦੀ ਜੁਗਤੀ ਵੀ ਹੈ ਤੇ ਇਹ ਹੀ ਇਸ ਦਾ ਥੀਮ ਵੀ । ਸੱਚ ਦਾ ਇਸ ਸਰੀਰ ਵਿਚ ਪ੍ਰਕਾਸ਼ ਕਰਕੇ 'ਸਚਿਆਰ' ਬਣਨ ਦੇ 'ਜਪੁਜੀ' ਵਿਚਲੇ ਕੇਂਦਰੀ ਥੀਮ ਦੇ ਅਨੁਸਾਰ ਕੂੜ ਤੇ ਮਾਇਅਕ ਰੂਪ ਸਰੀਰ ਦੇ ਅੰਦਰ ਹੀ ਸਦਾ ਥਿਰ ਰਹਿਣ ਵਾਲੇ ਸੱਚੇ ਨਾਮ ਦਾ ਪ੍ਰਕਾਸ਼ ਕਰਨਾ ਹੈ । ਜਦੋਂ ਇਹ ਪ੍ਰਾਪਤ ਹੋ ਜਾਂਦਾ ਹੈ ਤਾਂ ਮਨੁੱਖ ਸੱਚ-ਖੰਡ ਵਿਚ ਜਾ ਬਿਰਾਜਦਾ ਹੈ । ਮਨੁੱਖ ਤੇ ਉਹਦਾ ਮਨੁੱਖੀ ਸਰੀਰ ਕੂੜ ਤੇ ਕੂੜਿਆਰ ਤੋਂ ਤੁਰ ਕੇ ਸੱਚ ਤੇ ਸਚਿਆਰ ਤੱਕ ਪੁਜਦੇ ਹਨ, ਪਰ ਸਾਰੀ ਯਾਤਰਾ ਵਿਚ ਇਹ-ਲੌਕਿਕ ਮਾਇਅਕ ਪਾਸਾਰ ਨੂੰ ਕਦੇ ਵੀ ਤਿਆਗ ਕੇ ਨਹੀਂ, ਸਗੋਂ ਉਸਦੀ ਪਿੱਠ-ਭੂਮੀ ਨੂੰ ਨਾਲ ਲੈ ਕੇ, ਦੋਹਾਂ ਦੇ ਵਿਵੇਕ ਵਿਚੋਂ ਜਿਸ ਚੇਤੰਨਤਾ ਦਾ ਉਦੈ ਹੁੰਦਾ ਹੈ, ਗੁਰਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸੇ ਵਿਵੇਕ ਦੇ ਨੇਮ/ਰੂੜ੍ਹੀ ਉਪਰ ਉਸਾਰੀ ਗਈ ਸਿਰਜਨਾ ਹੈ। ਇਸ ਦੀ ਯਾਤਰਾ ਨਾਮ ਤੋਂ ਤੁਰ ਕੇ ਵਿਚਕਾਰ ਮਾਇਅਕ ਸੁਹਜਾਤਮਕ ਪਾਸਾਰ ਤੋਂ ਹੁੰਦੀ ਹੋਈ ਅੰਤ ਨਾਮ ਦੇ ਅਮੂਰਤ ਪਾਸਾਰ ਤਕ ਪੁਜਣ ਦੀ ਹੈ। ਗੁਰਬਾਣੀ ਦੇ ਕਾਵਿ-ਸ਼ਾਸਤਰ ਦੇ ਇਸ ਨੇਮ/ਨਿਰਮਾਨ-ਰੂੜ੍ਹੀ/ਸਖਣੇ ਪੈਟਰਨ ਦੀ ਜੁਗਤ ਨੂੰ ਹੋਰ ਸਪੱਸ਼ਤਾ ਲਈ ਬਾਣੀ ਦੀ ਇਕ ਹੋਰ ਉਦਾਹਰਣ ਦੇਣੀ ਇਥੇ ਉਚਿਤ ਜਾਪਦੀ ਹੈ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲੰਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤ ਪਰਗਟ ਹੋਇ ਬੈਠਾ ਲੋਕ ਰਾਖੈ ਭਾਉ ॥
ਮਤ ਦੇਖਿ ਭੁਲਾ, ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ।
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥

(ਸਿਰੀ ਰਾਗ ਮ: ੧)

ਇਸ ਸ਼ਬਦ/ਪਦੇ ਦੀ ਉਦਾਹਰਣ ਤੋਂ ਗੁਰਬਾਣੀ ਦੀ ਸਿਰਜਨਾ ਦੀ ਜੁਗਤ/ਨੇਮ ਦੀ ਵੀ ਸਪੱਸ਼ਟਤਾ ਹੁੰਦੀ ਹੈ ਅਤੇ ਉਸਦੇ ਥੀਮਿਕ ਕੇਂਦਰ ਤੇ ਵਿਕੇਂਦਰ ਦੀ ਜੁਗਤ/ਨੇਮ/ਦਾ ਵੀ ਪਤਾ ਚਲਦਾ ਹੈ, ਜਿਵੇਂ ਕਿ ਪਿਛੇ ਅਸੀਂ ਇਸ ਨੇਮ/ਜੁਗਤ ਦਾ ਜ਼ਿਕਰ ਕੀਤਾ ਹੈ ਕਿ 'ਰਹਾਉ' ਬਾਣੀ-ਸਿਰਜਨ ਦੀ ਕੇਂਦਰੀ ਜੁਗਤ ਹੈ। ਜੋ ਕੁਝ ਬਾਣੀ ਵਿਚੋਂ ਸਰੋਤੇ ਨੇ ਗ੍ਰਹਿਣ ਕਰਨਾ ਹੈ, ਉਸ ਦਾ ਕੇਂਦਰ ਵੀ ਇਥੇ ਹੀ ਹੁੰਦਾ ਹੈ। ਇਸ ਪਦੇ ਦਾ ਰਹਾਉ, ਇਸ ਦੀ ਨਿਊਨਤਮ ਥੀਮ 'ਹਰਿ ਬਿਨ...ਅਵਰਿ ਨਾਹੀਂ ਥਾਉ ॥' ਦੇ ਸਖਣੇ ਰੂਪ ਵਿਚ ਪੇਸ਼ ਕਰ ਦਿੰਦਾ ਹੈ। ਬਾਕੀ ਸਾਰੇ ਪਦੇ ਦੇ ਫੈਲਾਉ ਦੀ ਜੁਗਤ ਇਸ ਰਹਾਉ ਦੇ ਥੀਮਿਕ ਪ੍ਰਸੰਗ ਵਿਚੋਂ ਭਿੰਨ ਭਿੰਨ ਰੀਮਾਂ/ਸੰਭਾਵਨਾਵਾਂ ਦੇ ਰੂਪ ਵਿਚ ਉਸਾਰੀ ਗਈ ਹੈ। 'ਹਰਿ' ਤੋਂ ਬਿਨਾ, ਇਸ ਮਾਇਅਕ ਪਾਸਾਰ ਵਿਚ ਮੋਟੇ ਤੌਰ ਤੇ ਮਨੁੱਖ ਕਿਹੜੀਆਂ ਥਾਵਾਂ/ਸਥਿਤੀਆਂ ਵਿਚ ਅਟਕ ਕੇ 'ਨਾਮ'/'ਹਰਿ' ਨੂੰ ਵਿਸਾਰ ਸਕਦਾ ਹੈ, ਇਸ ਦਾ ਜ਼ਿਕਰ ਇਸ ਸ਼ਬਦ/ਪਦੇ ਦੇ ਬਾਕੀ ਦੇ ਚਾਰ ਬੰਦਾਂ ਵਿਚ ਪੇਸ਼ ਹੈ। ਮੋਟੇ ਤੌਰ ਤੇ ਸੁੰਦਰ ਮਕਾਨ,ਸੁੰਦਰ ਇਸਤਰੀ,ਧਰਮ-ਸ਼ਕਤੀ,ਰਾਜ-ਸ਼ਕਤੀ ਅਜਿਹੀਆਂ ਥਾਵਾਂ/ਸਥਿਤੀਆਂ ਹਨ, ਜਿਥੇ ਮਨੁੱਖ 'ਨਾਮ' ਨੂੰ ਭੁਲ ਕੇ ਅਟਕ ਸਕਦਾ ਹੈ। ਗੁਰਬਾਣੀ ਰਹਾਉ ਦੇ ਕੇਂਦਰ ਤੋਂ ਤੁਰ ਕੇ-ਪਦੇ/ਸ਼ਬਦ ਦਾ ਵਿਕਾਸ ਇਸੇ ਸਖਣੇ ਪੈਟਰਨ/ਨੇਮ/ਜੁਗਤ ਨਿਰਮਾਨ-ਰੂੜ੍ਹੀ ਰਾਹੀਂ ਕਰਦੀ ਹੈ। ਪਦਾ ਰਹਾਉ ਤੋਂ ਤੁਰ ਕੇ ਸੁੰਦਰ ਮਕਾਨ ਦੀ ਪਿੱਠ-ਭੂਮੀ ਸਿਰਜਦਾ ਹੈ ਤੇ ਫਿਰ ਇਸ ਵਿਚਲੇ ਸੁਹਜਾਤਮਕ ਕਾਵਿਕ ਪਾਸਾਰ ਨੂੰ ਨਾਮ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਣਾਉ ਵਿਚ ਪੇਸ਼ ਕਰ ਦਿੰਦਾ ਹੈ। ਇਵੇਂ ਹੀ ਦੂਜੇ ਬੰਦ ਵਿਚ ਸੁੰਦਰ ਇਸਤਰੀ ਦੇ ਕਾਵਿਕ ਚਿਤਰਨ ਤੋਂ ਬਾਅਦ ਉਹਦੇ ਮਾਇਅਕ ਪਾਸਾਰ ਨੂੰ ਨਾਮ ਦੇ ਤਣਾਉ ਵਿਚ ਰਖ ਦਿੱਤਾ ਗਿਆ ਹੈ। ਤੀਜੇ ਤੇ ਚੌਥੇ ਬੰਦ ਵਿਚ ਵੀ ਇਸੇ ਨੇਮ-ਰੂੜ੍ਹੀ ਅਨੁਸਾਰ ਰਿਧੀਆ ਸਿਧੀਆਂ ਦੀ ਧਰਮ ਸ਼ਕਤੀ ਅਤੇ ਰਾਜ ਸ਼ਕਤੀ ਨੂੰ ਕ੍ਰਮਵਾਰ ਨਾਮ ਦੇ ਤਣਾਉ ਵਿਚ ਪੇਸ਼ ਕੀਤਾ ਗਿਆ ਹੈ। ਪਰੰਤੂ ਇਸ ਤਣਾਉ ਵਾਲੀ ਸੰਰਚਨਾ ਵਿਚ ਅੰਤਮ ਤੌਰ ਤੇ ਦਿਸ਼ਾ ਸੁਹਜ ਤੇ ਸੁਲਝਾਉ ਦੀ ਹੈ। 'ਰਹਾਉ' ਵਿਚ ਨਾਮ/'ਹਰਿ' ਨੂੰ ਗ੍ਰਹਿਣ ਕਰਨ ਦਾ ਸਪੱਸ਼ਟ ਸੰਕੇਤ ਪੇਸ਼ ਕਰ ਦਿੱਤਾ ਗਿਆ ਹੈ। ਇਉਂ ਬਾਣੀ ਦੇ ਸਫਰ ਦਾ ਨੇਮ/ਜੁਗਤ ਨਾਮ ਤੋਂ ਤੁਰ ਕੇ ਮਾਇਅਕ/ਕਾਵਿਕ/ਸੁਹਜਾਤਮਕ ਪਾਸਾਰ ਵਿਚੋਂ ਹੁੰਦਾ ਹੋਇਆ, ਫਿਰ ਅੰਤ ਨਾਮ ਉਤੇ ਪੁਜਣ ਦਾ ਹੀ ਹੈ। ਅਜਿਹੀ ਯਾਤਰਾ ਆਪਣੀ ਪ੍ਰਕਿਰਤੀ ਵਿਚ ਪ੍ਰਗੀਤਕ ਹੁੰਦੀ ਹੈ। ਪ੍ਰਗੀਤ-ਬਿੰਬ ਇਕੋ ਕੇਂਦਰੀ ਥੀਮ ਵਿਚੋਂ ਪੈਦਾ ਹੋ ਸਕਣ ਵਾਲੀਆਂ ਸੰਭਾਵਨਾਵਾਂ ਨੂੰ ਵੱਧ ਤੋਂ ਵੱਧ ਵਿਸਤ੍ਰਿਤ ਕਰਕੇ ਉਸੇ ਹੀ ਕੇਂਦਰੀ ਥੀਮ ਨੂੰ ਵਿਆਪਕ ਬਣਾਂਦਾ ਹੈ। ਇਹੋ ਪ੍ਰਗੀਤਕ ਬਿੰਬ ਦੀ ਸਰਲਤਾ ਹੈ। ਸੰਗੀਤ-ਯੁਕਤ ਪ੍ਰਗੀਤ ਵਿਚ ਜਟਿਲ ਤਾਰਕਿਕ ਵਿਕਾਸ ਲਈ ਕੋਈ ਸੰਭਾਵਨਾ ਨਹੀਂ। ਸੰਗੀਤ ਤੇ ਰਾਗ ਬਾਣੀ ਕਿਰਤ ਦਾ ਲਾਜ਼ਮੀ ਤੱਤ ਹੈ। ਇਹ ਤੱਥ ਹੀ ਇਸਦੀ ਨਿਰਮਾਨ-ਰੂੜ੍ਹੀ/ਜੁਗਤ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸੰਗੀਤ ਤੇ ਰਾਗ-ਯੁਕਤ ਹੋਣ ਕਾਰਣ ਹੀ ਬਾਣੀ-ਕਿਰਤ ਵਿਚ ਗਤੀ (Progression) ਦਾ ਆਭਾਸ ਹੁੰਦਾ ਹੈ, ਪ੍ਰਗਤੀ (Development) ਦਾ ਬਿਲਕੁਲ ਨਹੀਂ। ਪ੍ਰਗਤੀ ਦੇ ਆਉਂਦਿਆਂ ਹੀ ਬਿੰਬ ਵਿਕਾਸ-ਮੁਖ ਹੋ ਜਾਂਦਾ ਹੈ ਅਤੇ ਪ੍ਰਗੀਤ, ਬਿਰਤਾਂਤ ਦੇ ਰੂਪਕਾਰ ਵਿਚ ਵੱਟ ਜਾਂਦਾ ਹੈ। ਇਉਂ ਪ੍ਰਗੀਤ ਦੇ ਰੂਪਾਕਾਰ ਦੀ ਨਿਰਮਾਨ-ਰੂੜ੍ਹੀ/ਜੁਗਤ ਹੀ ਬਿਰਤਾਂਤ ਤੋਂ ਬਿਲਕੁਲ ਭਿੰਨ ਹੈ। ਬਾਣੀ ਪ੍ਰਗੀਤ ਦੇ ਸਖਣੇ ਰੂਪ/ਜੁਗਤ ਉਪਰ ਸਿਰਜੀ ਗਈ ਰਚਨਾ ਹੈ ਤੇ ਉਸਦਾ ਆਰੰਭ ਬਿੰਦੂ ਨਾਮ, 'ਰਹਾਉ' ਵਿਚ ਸਥਿਤ ਹੁੰਦਾ ਹੈ। ਗੁਰਬਾਣੀ ਦੇ ਕਾਵਿ-ਸ਼ਾਸਤਰ ਦੀ ਇਹ ਕੇਂਦਰੀ ਸਿਰਜਨਾਤਮਕ ਜੁਗਤ ਹੈ ਕਿ ਉਹ ਨਾਮ ਕੇਂਦਰ ਤੋਂ ਆਰੰਭ ਹੋ ਕੇ ਇਹਲੌਕਿਕ ਮਾਇਅਕ ਖੇਤਰਾਂ ਵਲ ਫੈਲਦੀ ਹੈ। ਹਰ ਫੈਲਾਉ ਦੇ ਵਿਕੇਂਦਰ ਨੂੰ ਸਦਾ 'ਨਾਮ' ਆਪਣੇ ਅਨੁਸ਼ਾਸਨ ਵਿਚ ਰਖਦਾ ਹੈ। ਨਾਮ ਹੀ ਬਾਣੀ ਦਾ ਅਰੰਭ-ਬਿੰਦੂ ਹੈ ਤੇ 'ਨਾਮ' ਹੀ ਇਸ ਦਾ ਪਹੁੰਚ-ਬਿੰਦੂ। 'ਨਾਮ' ਦੀ ਪ੍ਰਾਪਤੀ ਲਈ ਸੁਣਿਆ, ਮੰਨੀਐ, ਦੀਆਂ ਰੂੜ੍ਹੀਆਂ ਨੂੰ ਮਨ ਵਿਚ ਪਿਆਰ ਕਰਕੇ ਗ੍ਰਹਿਣ ਕਰਨ ਤੇ ਹੁਕਮ ਤੇ ਭਾਣੇ ਵਿਚ ਚਲਣ ਦੀ ਤਾਕੀਦ ਕੀਤੀ ਗਈ ਹੈ। ਹਉਮੈ ਨੂੰ ਵਧਾਉਣ ਵਾਲੀਆਂ ਜੁਗਤਾਂ, ਤੀਰਥ ਇਸ਼ਨਾਨ, ਮੋਨ, ਬ੍ਰਤ, ਹਠਯੋਗ ਦੇ ਸਾਧਨ ਤੇ ਕੇਵਲ ਵੇਦਾਂ ਦਾ ਓਪਰਾ ਪਾਠ ਆਦਿ ਦੀਆਂ ਵਿਧੀਆਂ ਨੂੰ ਤਿਆਗਣਯੋਗ ਜੁਗਤਾਂ ਕਿਹਾ ਗਿਆ ਹੈ। ਇਉਂ ਗੁਰਬਾਣੀ ਦੇ ਕਾਵਿ-ਸ਼ਾਸਤਰ ਦੀਆਂ ਪ੍ਰਮੁਖ ਸਿਰਜਨਾਤਮਕ ਜੁਗਤਾਂ/ਰੂੜ੍ਹੀਆਂ/ਨੇਮਾਂ ਆਦਿ ਨੂੰ ਹੇਠਲੇ ਤਣਾਉਆਂ ਦੇ ਸਖਣੇ ਪੈਟਰਨਾਂ ਵਿਚ ਸੂਤ੍ਰਿਤ ਕੀਤਾ ਜਾ ਸਕਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਾਉ : ਪਦ ←——————→ ਬਾਕੀ ਪਦੇ
ਨਾਮ ←——————→ ਮਾਇਆ
'ਸੁਣਿਐ', ਮੰਨੀਐ ←——————→ ਹਠ ਯੋਗ
ਹੁਕਮ, ਭਾਣਾ ←——————→ ਹਉਮੈ
ਸਚਿਆਰ ←——————→ ਕੂੜਿਆਰ

ਇਥੇ ਧਿਆਨ ਰਖਣ ਵਾਲੀ ਗੱਲ ਇਹ ਹੈ ਕਿ ਇਹ ਤਣਾਉ ਦੀਆਂ ਗੁਰਬਾਣੀ ਦੀਆਂ ਕੁਝ ਸਿਰਜਨਾਤਮਕ ਰੂੜ੍ਹੀਆਂ ਹੀ ਹਨ। ਪਰੰਤੂ ਗੁਰਬਾਣੀ ਦੇ ਸਮੁੱਚੇ ਕਾਵਿ-ਸ਼ਾਸਤਰ ਦੀ ਯਾਤਰਾ ਦੀ ਬੁਨਿਆਦੀ ਰੂੜ੍ਹੀ/ਜੁਗਤ ਤਣਾਉ ਦੀ ਨਹੀਂ। ਸਹਜ ਤੋਂ ਸਹਜ ਅਤੇ ਨਾਮ ਤੇ ਪੁਜਣ ਦੀ ਯਾਤਰਾ ਦੇ ਪਸਾਰੇ ਵਿਚ ਹੀ ਬਾਣੀ ਦੀ ਕਾਵਿਕਤਾ ਦਾ ਸੁਹਜਾਤਮਕ ਪਾਸਾਰ ਹੈ। ਇਉਂ ਗੁਰਬਾਣੀ ਵਿਚ 'ਕਾਵਿ' ਇਕ ਮਾਧਿਅਮ ਵਜੋਂ ਵਰਤਿਆ ਗਿਆ ਹੈ। ਇਸ ਦਾ ਅੰਤਮ ਪ੍ਰੇਰਕ ਤੱਤ (Motivation) ਤਾਂ ਮਾਇਆ ਤੇ ਨਾਮ ਵਿਚਲੇ ਵਿਵੇਕ ਨੂੰ ਉਸਾਰ ਕੇ ਨਾਮ, ਹੁਕਮ ਤੇ ਭਾਣੇ ਨੂੰ ਦ੍ਰਿੜ੍ਹਾਉਣਾ ਤੇ ਹਉਮੈ ਵਾਲੇ ਮਾਰਗ ਨੂੰ ਤਿਆਗਣ ਦਾ ਹੈ। ਪਰ ਇਸ ਸਾਰੀ ਪ੍ਰਾਪਤੀ ਵਿਚ ਗੁਰੂ ਮਾਧਿਅਮ ਦਾ ਕੰਮ ਕਰਦਾ ਹੈ। ਗੁਰੂ ਦੀ ਕਿਰਪਾ ਬਿਨਾ ਕੁਝ ਵੀ ਸੰਭਵ ਨਹੀਂ ਹੈ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਬਾਣੀ ਦਾ ਕਾਵਿ-ਸ਼ਾਸਤਰ ਅਸੀਮ ਵਿਸ਼ਾ ਹੈ। ਇਹ ਨੇਮ/ਜੁਗਤਾਂ ਜੋ ਇਥੇ ਪੇਸ਼ ਕੀਤੀਆਂ ਗਈਆਂ ਹਨ, ਇਨ੍ਹਾਂ ਨੂੰ ਪੇਸ਼ ਕਰਨ ਦਾ ਮਨੋਰਥ ਕੇਵਲ ਇਹੋ ਹੈ ਕਿ ਇਹ ਨੇਮ ਤੇ ਜੁਗਤਾਂ ਬਾਣੀ-ਸੰਸਾਰ ਦੀਆਂ ਕੇਂਦਰੀ ਰੂੜ੍ਹੀਆਂ/ਜੁਗਤਾਂ ਹਨ, ਜੋ ਕਿ ਅਧਿਐਤਾ ਨੂੰ ਇਸ ਵਿਸ਼ੇਸ਼ ਖੇਤਰ ਦੇ ਵਧੇਰੇ ਅਧਿਐਨ ਕਰਨ ਦੀ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ-ਕਾਵਿ ਦਾ ਰਹਾਉ-ਸ਼ਾਸਤਰ

ਗੁਰਬਾਣੀ ਦੀ ਪ੍ਰਥਾ ਵਾਂਗ ਮੱਧਕਾਲੀ ਪੰਜਾਬ ਦੇ ਸੂਫ਼ੀ-ਕਾਵਿ ਵਿਚ ਵੀ 'ਰਹਾਉ' ਇਕ ਪਛਾਨਣਯੋਗ ਵਿਧੀ ਦੇ ਰੂਪ ਵਿਚ ਮੌਜੂਦ ਹੈ। ਜਦੋਂ ਅਸੀਂ 'ਰਹਾਉ-ਸੰਪੰਨ' ਰਚਨਾਵਾਂ ਦਾ ਅਧਿਐਨ ਕਰਦੇ ਹਾਂ ਤਾਂ ਇਕ ਗੱਲ ਬੜੀ ਸਪੱਸ਼ਟ ਉਘੜਦੀ ਹੈ ਤੇ ਉਹ ਇਹ ਹੈ ਕਿ ਰਚਨਾ ਦੀਆਂ ਸਾਰੀਆਂ ਪੰਕਤੀਆਂ ਦੇ ਅਰਥ ਹੁੰਦੇ ਹਨ ਅਤੇ ਹਰ ਪੰਕਤੀ ਕਿਸੇ ਨ ਕਿਸੇ ਸਾਰਥਕ ਪਹਿਲੂ ਵਲ ਸੰਕੇਤ ਕਰ ਕੇ ਪੜ੍ਹਨ ਵਾਲੇ ਨੂੰ ਸੰਤੋਖ ਦੇਂਦੀ ਹੈ ਪਰੰਤੂ 'ਰਹਾਉ' ਇਕ ਅਜਿਹਾ ਸ਼ਬਦ ਹੈ ਜੋ ਅਰਥਾਂ ਦੇ ਪੱਖ ਤੋਂ ਇਕ ਬੁਝਾਰਤ ਹੀ ਬਣਿਆ ਰਹਿੰਦਾ ਹੈ। ਨ ਤਾਂ ਇਹ ਸ਼ਬਦ ਕਿਸੇ ਵਸਤੂ ਵਲ ਸੰਕੇਤ ਕਰਦਾ ਹੈ, ਨ ਵਾਸਤਵਿਕਤਾ ਵਲ, ਨ ਸੰਕਲਪ ਵਲ। ਇਸ ਲਈ ਆਪਣੇ ਆਪ ਇਹ ਸਮਸਿਆ ਬਣਦੀ ਹੈ ਕਿ ਅਜਿਹੇ ਸ਼ਬਦ ਦੀ ਵਰਤੋਂ ਦਾ ਰਚਨਾਵਾਂ ਵਿਚ ਰੋਲ ਕੀ ਹੈ ? ਜਿਨ੍ਹਾਂ ਵਿਦਵਾਨਾ ਤੇ ਸਿਆਣਿਆਂ ਨੇ 'ਰਹਾਉ' ਦੇ ਸ਼ਬਦੀ ਅਰਥ ਕਰਨ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਨੇ ਵੀ ਇਸ ਦੇ ਅਰਥ ਟਿਕਾਉ ਦੇ ਜਾਂ ਖੜੇ ਹੋਣ ਦੇ ਕੀਤੇ ਹਨ। ਪਰ ਇਸ ਨਾਲ ਵੀ ਵਿਆਖਿਆਕਾਰ ਦਾ ਸ਼ਹੁ ਨਹੀਂ ਭਰਦਾ। ਫਿਰ ਸਮਸਿਆ ਉਥੇ ਦੀ ਉਥੇ ਰਹਿੰਦੀ ਹੈ ਤੇ ਨਤੀਜਾ ਇਹ ਨਿਕਲਦਾ ਹੈ ਕਿ 'ਰਹਾਉ' ਦਾ ਆਪਣਾ ਕੋਈ ਅਰਥ ਨਹੀਂ। ਅਜਿਹੇ ਸ਼ਬਦਾਂ ਦੀ ਕਿਸੇ ਰਚਨਾ ਜਾਂ ਬਣਤਰ ਵਿਚ ਕੀ ਥਾਂ ਹੁੰਦੀ ਹੈ ? ਉੱਤਰ ਹੈ : ਅਜਿਹੇ ਸ਼ਬਦ ਕਰਣ, ਅਨੁਕਰਣ ਦੀ ਕੋਟੀ ਤੋਂ ਪਾਰ ਹੁੰਦੇ ਹਨ। ਇਸ ਲਈ ਇਕ ਅਰਥਅਤੀਤ ਨਿਆਇ ਦੇ ਪਦ ਉਤੇ ਪੁਜੇ ਹੁੰਦੇ ਹਨ। ਅਜਿਹੇ ਸ਼ਬਦਾਂ ਦੀ ਵਰਤੋਂ ਨਾਲ ਰਚਨਾਕਾਰ ਆਪਣੀਆਂ ਰਚਨਾਵਾਂ ਵਿਚ ਜੁਗਤ-ਮੂਲਕ ਵਿੱਥਾਂ ਥਾਪਦੇ ਹਨ ਜਾਂ ਅਰਥਾਂ ਦੀ ਦਿਸ਼ਾ ਨੂੰ ਸਪੱਸ਼ਟ ਕਰਦੇ ਹਨ।

ਗੁਰੂਆਂ ਨੇ ਆਪਣੀ ਬਾਣੀ ਵਿਚ 'ਰਹਾਉ' ਦੀ ਵਰਤੋਂ ਰਾਹੀਂ ਇਸੇ ਪ੍ਰਕਾਰ ਦਾ ਕਾਰਜ ਕੀਤਾ ਹੈ। ਗੁਰੂਆਂ ਦੀ ਬਾਣੀ ਵਿਚ 'ਰਹਾਉ' ਦੇ ਨਾਲ ਲਗਦੀ ਟੂਕ ਵੀ ਅਜਿਹੀ ਹੁੰਦੀ ਹੈ ਜੋ ਅਤਿਅੰਤ ਸੰਕਲਪਸ਼ੀਲ ਹੁੰਦੀ ਹੈ ਅਤੇ ਇਸ 'ਤਰ੍ਹਾਂ ਰਹਾਉ' ਦੀ ਨਿਆਇਯੁਕਤ ਰੂੜ੍ਹੀ ਤੇ ਇਸ ਦੇ ਨਾਲ ਲਗਦੀ ਪੰਕਤੀ ਦੀ ਸੰਕਲਪਸ਼ੀਲ ਬਿਰਤੀ ਇਹ ਭਲੀ ਭਾਂਤ ਸਪੱਸ਼ਟ ਕਰ ਦੇਂਦੀ ਹੈ ਕਿ ਇਸ ਦਾ ਪ੍ਰਯੋਜਨ 'ਰਹਾਉ' ਦੇ ਇਰਦ ਗਿਰਦ ਫੈਲੀਆਂ ਪੰਕਤੀਆਂ ਦਾ ਨਿਆਇ ਦੀ ਪੱਧਰ ਉਤੇ ਰੂਪਾਂਤ੍ਰਣ ਕਰਨਾ ਤੇ ਅਰਥਾਂ ਦੇ ਸੰਜਮ ਨੂੰ ਨਿਸ਼ਚਿਤ ਕਰਨਾ ਹੁੰਦਾ ਹੈ। ਪਰ ਇਹ ਤਾਂ ਸਾਰੀ ਗਿਆਨ-ਸ਼ਾਸਤਰੀ ਸਮਸਿਆ ਹੈ। ਗੁਰਬਾਣੀ ਤਾਂ ਸ਼ੁਰੂ ਹੀ ਗਿਆਨ-ਸ਼ਾਸਤਰ ਦੇ ਬਿੰਦੂ ਤੋਂ ਹੁੰਦੀ ਹੈ ਤੇ ਗਿਆਨ-ਸ਼ਾਸਤਰੀ ਉਦੇਸ਼ਾਂ ਦੀ ਭਾਲ ਵਿਚ ਮਸਰੂਫ ਰਹਿੰਦੀ ਹੈ। ਇਸ ਵਿਚ ਸਾਰੀ ਯਾਤਰਾ ਸਿਸਟਮ ਦੀ ਹੈ। ਗੁਰਬਾਣੀ ਅਵਲ ਤਾਂ ਸਿਸਟਮੀ ਪਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪ੍ਰਾਪਤੀ ਲਈ ਸਬਜੈਕਟ ਨੂੰ ਨਸ਼ਟ ਕਰਨ ਦਾ ਪੈਗਾਮ ਦੇਂਦੀ ਹੈ, ਪਰ ਜੇ ਗੁਰਬਾਣੀ ਸਬਜੈਕਟ ਤੋਂ ਤੁਰੇ, ਤਾਂ ਵੀ ਇਸ ਦੀ ਯਾਤਰਾ ਸਿਸਟਿਮ ਦੇ ਅੰਤਰਗਤ ਹੀ ਹੁੰਦੀ ਹੈ ਅਤੇ ਅੰਤਮ ਪ੍ਰਾਪਤੀ ਵਿਚ ਇਹ ਸਿਸਟਮ ਤੀਕ ਹੀ ਪੁਜਦੀ ਹੈ ।

ਪਰ ਕਈ ਸ਼ਬਦ/ਰਚਨਾਵਾਂ ਦੀਆਂ ਪ੍ਰਣਾਲੀਆਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਉਥਾਨ ਸਬਜੈਕਟ ਤੋਂ ਹੁੰਦੀ ਹੈ । ਸਬਜੈਕਟ ਨੂੰ ਕੇਂਦਰ ਮੰਨ ਕੇ ਤੁਰਨ ਵਾਲੀ ਸ਼ਬਦ/ਰਚਨਾ ਦਾ ਸਿੱਧਾ ਵਾਹ ਮਨੁੱਖ ਦੀਆਂ ਬੁਨਿਆਦੀ ਬਿਰਤੀਆਂ, ਮਨੋਤਰੰਗਾਂ ਤੇ ਭਾਵਕ ਵੇਗਾਂ ਨਾਲ ਪੈਂਦਾ ਹੈ ਅਤੇ ਅਜਿਹੀਆਂ ਰਚਨਾਵਾਂ ਦੇ ਕਰਤਾ ਇਹ ਵੀ ਜਾਣਦੇ ਹਨ ਕਿ ਮਨੁੱਖ ਦਾ ਮਾਨਸਿਕ ਸੰਸਕਾਰ ਅਜਿਹੀਆਂ ਤਰੰਗ ਆਧਾਰੀ ਲਹਿਰਾਂ ਦੀ ਨਿਰੰਤਰਤਾ ਨਾਲ ਭਰਪੂਰ ਹੁੰਦਾ ਹੈ । ਇਸ ਵਿਚੋਂ ਮਨੁੱਖ ਦਾ ਪ੍ਰਾਕਿਰਤਕ ਆਪਾ ਲਜ਼ਤ ਤੇ ਸੁਆਦ ਵੀ ਲੈਂਦਾ ਹੈ । ਇਹ ਆਪਾ ਭਾਵੇਂ ਮਨੁੱਖੀ ਸਮਾਜ ਤੇ ਭਾਈਚਾਰੇ ਦੀਆਂ ਰੂੜ੍ਹੀਆਂ ਤੇ ਕੋਟੀਆਂ ਵਿਚ ਅਨੁਕੂਲਿਤ ਵੀ ਕਰ ਲਿਆ ਜਾਂਦਾ ਹੈ ਪਰ ਇਸ ਵਿਚਲੀਆਂ ਤਰੰਗਾਂ ਦੀ ਸੰਤੁਸ਼ਟੀ ਤੇ ਉਥਾਨ ਨੂੰ ਇਸ ਪ੍ਰਸੰਗ ਵਿਚ ਵੀ ਆਪਣੇ ਤਰੀਕੇ ਨਾਲ ਮਾਨਤਾ ਮਿਲੀ ਰਹਿੰਦੀ ਹੈ । ਸੂਫ਼ੀ ਭਾਵੇਂ ਅੰਤਮ ਅਰਥਾਂ ਵਿਚ ਤਸਵੁਫ਼ ਦੀ ਪ੍ਰਾਪਤੀ ਦਾ ਸੰਦੇਸ਼ ਦਿੰਦੇ ਹਨ, ਪਰ ਉਨ੍ਹਾਂ ਦੀ ਉਥਾਨ ਉਪਰੋਕਤ ਕਥਿਤ ਮਨੋਤਰੰਗਾਂ ਦੇ ਭਾਵਕ ਵੇਗ ਨੂੰ ਕਾਫ਼ੀ ਹਦ ਤੀਕ ਮਾਨਤਾ ਦੇਣ ਵਾਲੇ ਧਰਾਤਲ ਤੋਂ ਸ਼ੁਰੂ ਹੁੰਦੀ ਹੈ । ਇਸ ਤਰ੍ਹਾਂ ਸੂਫ਼ੀ ਆਪਣੀਆਂ ਕਾਵਿ-ਰਚਨਾਵਾਂ ਨਿਜਾਤੀਤ ਪ੍ਰਬੰਧ ਜਾਂ ਸਮਾਜਕ ਸਮੂਹ ਦੇ ਕਿਸੇ ਸਮਸਿਆਵਾਦ ਤੋਂ ਸ਼ੁਰੂ ਕਰਨ ਦੀ ਬਜਾਇ ਸਬਜੈਕਟ ਦੇ ਇਕਲੇ ਕਾਰੇ ਵਿਅਕਤੀਗਤ ਰੂਪ ਤੋਂ ਸ਼ੁਰੂ ਕਰਦੇ ਹਨ । ਇਸ ਲਈ ਉਨ੍ਹਾਂ ਦੀ ਕਾਵਿ-ਰਚਨਾ ਵਿਚ ਅਭਿਵਿਅਕਤੀ ਕੇਂਦਰ ਵਿਚ ਰਹਿੰਦੀ ਹੈ । ਜਿੱਥੇ ਕਿਤੇ ਉਹ ਵਿਅਕਤੀ ਨੂੰ ਸਮਾਜਕ ਪਰੰਪਰਾ ਦੇ ਮੁਕਾਬਲੇ ਉਤੇ ਰਖਦੇ ਹਨ, ਉਥੇ ਵੀ ਉਹ ਸਮਾਜ ਜਾਂ ਭਾਈਚਾਰੇ ਨੂੰ ਇਕ ਕਰੜੀ ਪਾਬੰਦੀ ਦੇ ਰੂਪ ਵਿਚ ਗ੍ਰਹਿਣ ਕਰਦੇ ਹਨ । ਵਿਅਕਤੀ ਇਸ ਸਮਾਜ/ਭਾਈਚਾਰੇ ਤੋਂ ਜਾਂ ਆਜ਼ਾਦ ਹੋਣਾ ਲੋਚਦਾ ਹੈ ਜਾਂ ਇਸ ਨਾਲ ਟਕਰਾ ਕੇ ਤ੍ਰਾਸ ਹੰਡਾਉਂਦਾ ਹੈ । ਇਸੇ ਲਈ ਇਨ੍ਹਾਂ ਦੀਆਂ ਰਚਨਾਵਾਂ ਵਿਚ ਅਭਿਵਿਅਕਤੀਸ਼ੀਲ ਨਿਰੰਤਰਤਾ ਕਾਇਮ ਰਹਿੰਦੀ ਹੈ । ਅਜਿਹੀ ਨਿਰੰਤਰਤਾ ਵਿਚ ਕਿਉਂਕਿ ਗਿਆਨ-ਸ਼ਾਸਤਰੀ ਪਾਸਾਰ ਉਘੜ ਕੇ ਸਾਹਮਣੇ ਨਹੀਂ ਆਉਂਦਾ, ਇਸ ਲਈ ਇਸ ਵਿਚ ਕਿਸੇ ਤਰ੍ਹਾਂ ਦਾ ਸੰਕਲਪਨਾਸ਼ੀਲ ਟਿਕਾਉ ਆਉਣ ਦੀ ਗੁੰਜਾਇਸ਼ ਘਟ ਹੀ ਹੁੰਦੀ ਹੈ । ਇਹ ਹੀ ਕਾਰਨ ਹੈ ਕਿ ਸੂਫ਼ੀਆਂ ਦੇ ਕਲਾਮ ਵਿਚ 'ਰਹਾਉ' ਕੇਵਲ ਕਿਸੇ ਪ੍ਰਗੀਤਕ ਲੈਅ ਨੂੰ ਨਿਸ਼ਚਿਤ ਤੇ ਦ੍ਰਿੜ੍ਹ ਕਰਨ ਵਾਲੀ ਤੁਕ ਨਾਲ ਜੁੜਿਆ ਹੁੰਦਾ ਹੈ ।

ਗੁਰਬਾਣੀ ਵਿਚ 'ਰਹਾਉ' ਦੀ ਸਥਿਤੀ ਇਸ ਤੋਂ ਬਹੁਤ ਵਖਰੀ ਹੈ । ਗੁਰਬਾਣੀ ਦੇ ਆਰ ਪਾਰ ਫੈਲੀ ਬੀਮਿਕਤਾ ਨਿਰੰਤਰ ਸੰਚਾਰ ਨੂੰ ਨਿਯੰਤ੍ਰਿਤ ਸੰਚਾਰ-ਪ੍ਰਬੰਧ ਵਿਚ ਬਦਲਣ ਵਾਲੀ ਹੈ । ਇਸ ਲਈ ਇਸ ਵਿਚ ਗੱਲ ਹੀ 'ਰਹਾਉ' ਤੋਂ ਸ਼ੁਰੂ ਹੁੰਦੀ ਹੈ, ਭਾਵੇਂ 'ਰਹਾਉ' ਸਪੱਸ਼ਟ ਰੂਪ ਵਿਚ ਲਿਖਿਤ ਹੋਵੇ ਜਾਂ ਨਾਹ । ਪਰ ਇਸ ਦੇ ਮੁਕਾਬਲੇ ਉਪਰ ਸੂਫ਼ੀ ਆਤਮ ਅਨੁਭੂਤੀ ਕੇਂਦਰਿਤ ਵਿਸ਼ੁਧ ਪ੍ਰਗੀਤਕਤਾ ਦੀ ਸਿਰਜਨਾ ਕਰਦੇ ਹਨ । ਇਸ ਵਿਚ ਸਬਜੈਕਟ ਵਿਚਲੀਆਂ ਮਨੋਤਰੰਗਾਂ ਵਿਚਲੀ ਨਿਰੰਤਰਤਾ ਕੇਵਲ ਆਪਣੀ ਅਭਿਵਿਅਕਤੀ ਦਾ ਰੂਪ ਬਦਲਦੀ ਹੈ । ਇਸੇ ਪ੍ਰਸੰਗ ਵਿਚ 'ਰਹਾਉ' ਇਕ ਸ਼ਿਲਪ-ਵਿਧੀ ਦੇ ਰੂਪ ਵਿਚ ਵਰਤਿਆ ਹੋਇਆ ਹੈ । ਆਮ ਤੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਇਹ 'ਰਹਾਉ' ਹਰ ਕਾਫ਼ੀ ਦੇ ਅਰੰਭ ਵਿਚ ਹੀ ਆ ਜਾਂਦਾ ਹੈ ਅਤੇ ਇਹ ਅਰੰਭਲੀ ਤੁਕ ਵੀ ਭਾਵ-ਅਭਿਵਿਅਕਤੀ ਵਾਲੀ ਹੀ ਹੁੰਦੀ ਹੈ।

ਆਪਣੀਆਂ ਗੱਲਾਂ ਨੂੰ ਸਪੱਸ਼ਟ ਕਰਨ ਲਈ ਅਸੀਂ ਕੁਝ ਮਿਸਾਲਾਂ ਲੈਂਦੇ ਹਾਂ। ਇਹ ਮਿਸਾਲਾਂ ਅਸੀਂ ਸ਼ਾਹ ਹੁਸੈਨ ਦੀ ਕਵਿਤਾ ਤੋਂ ਸ਼ੁਰੂ ਕਰਦੇ ਹਾਂ। ਬਾਬਾ ਫ਼ਰੀਦ ਵੀ ਸੂਫ਼ੀ ਹੈ ਪਰੰਤੂ ਫ਼ਰੀਦ ਇਕ ਤਾਂ ਸਥਾਪਿਤ ਮਰਯਾਦਾ ਦੇ ਅੰਤਰਗਤ ਟਿਕਦਾ ਹੈ, ਦੂਸਰਾ ਉਹ ਆਪਣੀ ਕਵਿਤਾ ਵਿਚ ਨਿਰੰਤਰ ਪਰਵਾਹ ਤੇ ਗਿਆਨਸ਼ੀਲ ਸੰਜਮ ਵਿਚ ਦ੍ਵੰਦ ਦਾ ਰਿਸ਼ਤਾ ਥਾਪ ਕੇ ਚਲਦਾ ਹੈ ਅਤੇ ਥਾਂ ਪਰ ਥਾਂ ਗਿਆਨਸ਼ੀਲ ਸੰਜਮ ਨੂੰ ਨਿਰੰਤਰ ਪਰਵਾਹ ਉਪਰ ਪ੍ਰਾਥਮਿਕਤਾ ਦੇਈ ਜਾਂਦਾ ਹੈ। ਪਰ ਇਸ ਦੇ ਮੁਕਾਬਲੇ ਉਤੇ ਜਦੋਂ ਅਸੀਂ ਸ਼ਾਹ ਹੁਸੈਨ ਦੀ ਕਵਿਤਾ ਨੂੰ ਆਪਣੇ ਸਾਹਮਣੇ ਰਖਦੇ ਹਾਂ ਤਾਂ ਗੱਲ ਅਧਿਕਤਰ ਅਭਿਵਿਅਕਤੀਸ਼ੀਲ ਨਿਰੰਤਰਤਾ ਨਾਲ ਹੀ ਸੰਬੰਧਿਤ ਰਹਿੰਦੀ ਹੈ। ਮਿਸਾਲ ਵਜੋਂ :

1. ਚਰਖਾ ਮੇਰਾ ਰੰਗਲਾ ਰੰਗ ਲਾਲ ॥੧॥ ਰਹਾਉ ॥
ਜੇਵਡ ਚਰਖਾ ਤੇਵਡ ਮੁੰਨੇ ॥
ਹੁਣ ਕਹਿ ਗਿਆ ਬਾਰਾਂ ਪੁੰਨੇ ॥
ਸਾਈਂ ਕਾਰਣ ਲੋਇਣ ਰੁੰਨੇ ॥
ਰੋਇ ਵੰਵਾਇਆ ਹਾਲ ॥

2. ਨੀ ਅਸੀਂ ਆਉ ਖਿਡਾਹਾਂ ਲੁਡੀ ॥੧॥ ਰਹਾਉ ॥
ਨਉ ਤਾਰ ਡੋਰ ਗੁਡੀ ਦੀ
ਅਸੀਂ ਲੈ ਕਰ ਹਾਂ ਉੱਡੀ ॥

3. ਸਜਣ ਦੇ ਹੱਥ ਬਾਂਹ ਅਸਾਡੀ ਕਿਉ ਕਰ ਆਖਾਂ ਛਡ ਵੇ ਅੜਿਆ ॥੧॥ ਰਹਾਉ ॥
ਰਾਤ ਅੰਨ੍ਹੇਰੀ ਬਦਲ ਕਣੀਆਂ ॥
ਬਾਝ ਵਕੀਲਾਂ ਮੁਸ਼ਕਲ ਬਣੀਆਂ ॥
ਡਾਢੇ ਕੀਤਾ ਸਡ ਵੇ ਅੜਿਆ ॥

4. ਵਾਰੀ ਵੋ ਦੇਖ ਨਿਮਾਣਿਆਂ ਦਾ ਹਾਲ ॥
ਕਦਾਈ ਵੋ ਮੇਹਰ ਪਵੀ ॥੧॥ ਰਹਾਉ ॥
ਰਾਤੀ ਦਰਦ ਦੇਹੇ ਦਰਮਾਦੀ ॥
ਬਿਰਹੋਂ ਭਛਾਇੜਸੀ ॥

5. ਮਿਤਰਾਂ ਦੀ ਮਿਜਮਾਨੀ ਖਾਤਰ ਦਿਲ ਦਾ ਲਹੂ ਛਾਣੀਦਾ ॥੧॥ ਰਹਾਉ ॥
ਕਢ ਕਲੇਜਾ ਕੀਤਮ ਬੇਰੇ ॥
ਸੋ ਭੀ ਨਾਹੀ ਲਾਇਕ ਤੇਰੇ ॥
ਹੋਰ ਤੌਫੀਕ ਨਹੀ ਕਿਛੁ ਮੇਰੇ ॥
ਪੀਓ ਕਟੋਰਾ ਪਾਣੀ ਦਾ ॥

ਇਨ੍ਹਾਂ ਮਿਸਾਲਾਂ ਤੋਂ ਇਹ ਗੱਲ ਭਲੀ ਪ੍ਰਕਾਰ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਾਹ ਹੁਸੈਨ ਦੀ ਕਵਿਤਾ ਦੇ ਕੇਂਦਰ ਵਿਚ ਅਭਿਵਿਅਕਤੀਸ਼ੀਲ ਨਿਰੰਤਰਤਾ ਹੈ। ਉਸ ਨੇ ਸਮੂਹ ਸਭਿਆਚਾਰ ਦੇ ਭਾਵਕ ਅਵਚੇਤਨ ਵਿਚ ਵਸਦੀ ਨਿਰੰਤਰਤਾ ਤੋਂ ਉਥਾਨ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਉਸੇ ਦੇ ਵੇਗ ਵਿਚ ਰੋੜਨ ਦਾ ਯਤਨ ਕੀਤਾ ਹੈ। ਸ਼ੈਲੀ ਤੇ ਸ਼ਿਲਪ ਦੇ ਪੱਖ ਤੋਂ ਕਿਉਂਕਿ ਉਸ ਨੇ ਛੰਦ, ਅਲੰਕਾਰ ਤੇ ਲੋਕ-ਗੀਤ ਦੇ ਰੂਪਾਂ ਨੂੰ ਅਪਣਾਇਆ ਹੈ, ਇਸ ਲਈ ਉਸ ਦੀਆਂ ਸਾਰੀਆਂ ਕਾਫ਼ੀਆਂ ਪ੍ਰਗੀਤ ਦਾ ਰੂਪ ਧਾਰ ਗਈਆਂ ਹਨ, ਪਰ ਇਨ੍ਹਾਂ ਵਿਚ ਜੋ ਸੰਦੇਸ਼ ਮਿਲਦਾ ਹੈ, ਉਹ ਵਿਅਕਤੀ ਦੇ ਭਾਵਕ ਪ੍ਰਫੁਲਨ ਦਾ ਹੀ ਮਿਲਦਾ ਹੈ। ਭਾਵਕ ਪ੍ਰਫੁਲਨ ਰਸ ਅਸਵਾਦਨ ਨੂੰ ਤੀਬਰ ਕਰਦਾ ਹੈ। ਗੁਰਬਾਣੀ ਰਸ-ਅਸਵਾਦਨ ਨੂੰ ਉਤਪੰਨ ਕਰ ਕੇ ਇਸ ਨੂੰ ਤਿਆਗਣਯੋਗ ਕੋਟੀ ਵਿਚ ਰਖਦੀ ਹੈ ਤੇ ਲੋੜ ਪੈਣ ਉਤੇ ਇਸ ਨੂੰ ਗਿਆਨ-ਅਨੰਦ ਵਿਚ ਬਦਲਦੀ ਵੀ ਹੈ। ਪਰ ਸੂਫ਼ੀ ਇਸ ਰਸ-ਅਸਵਾਦਨ ਦੀ ਲਹਿਰ ਨੂੰ ਹੀ ਇਕ ਲੁਕਵੇਂ ਅੰਦਾਜ਼ ਵਿਚ ਮਜਾਜ਼ੀ ਤੋਂ ਹਕੀਕੀ ਵਿਚ ਬਦਲ ਦੇਂਦੇ ਹਨ, ਜਿਸ ਨਾਲ ਗਿਆਨ-ਸ਼ਾਸਤਰੀ ਦਿਸ਼ਾ ਕਿਤੇ ਵੀ ਸਪੱਸ਼ਟ ਨਹੀਂ ਹੁੰਦੀ। ਸ਼ਾਹ ਹੁਸੈਨ ਦੀ ਕਵਿਤਾ ਵਿਚ ਤਾਂ ਖਾਸ ਕਰ ਕੇ ਇਹ ਸਥਿਤੀ ਹੀ ਕਾਰਜਸ਼ੀਲ ਰਹਿੰਦੀ ਹੈ। ਪਰੰਤੂ ਦੂਸਰੇ ਸੂਫ਼ੀਆਂ ਵਿਚ ਵੀ ਇਸੇ ਦੀ ਧੁੰਨੀ ਗੂੰਜਦੀ ਹੈ।

ਪੰਜਾਬੀ ਵਿਚ ਸਭ ਤੋਂ ਵੱਧ ਪ੍ਰਸ਼ਿਧਤਾ ਇਕ ਸੂਫ਼ੀ ਕਵੀ ਵਜੋਂ ਬੁਲ੍ਹੇ ਸ਼ਾਹ ਨੂੰ ਪ੍ਰਾਪਤ ਹੋਈ ਹੈ। ਬੁਲ੍ਹੇ ਸ਼ਾਹ ਦੀ ਕਵਿਤਾ ਵਿਚ ਵੀ ਥਾਂ ਪਰ ਥਾਂ 'ਰਹਾਉ' ਦੇ ਸੰਕੇਤ ਹਨ। ਪਰੰਤੂ ਬੁਲ੍ਹੇ ਦੀਆਂ ਕਾਫ਼ੀਆਂ ਨੂੰ ਧਿਆਨ ਨਾਲ ਪੜ੍ਹਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਵਿਚ ਵੀ 'ਰਹਾਉ' ਵਾਲੀ ਪੰਕਤੀ ਕਿਸੇ ਗਿਆਨ ਸ਼ਾਸਤਰੀ ਪ੍ਰਸਤਾਵ ਨਾਲ ਜੋੜਨ ਦੀ ਬਜਾਏ ਅਭਿਵਿਅਕਤੀਸ਼ੀਲ ਭਾਵਕਤਾ ਨਾਲ ਹੀ ਸੰਬੰਧਿਤ ਹੁੰਦੀ ਹੈ। ਬੁਲ੍ਹੇ ਸ਼ਾਹ ਨੇ ਕਈ ਥਾਈਂ ਆਪਣੇ ਰਹਸ ਦੀ ਵਿਆਖਿਆ ਵੀ ਕੀਤੀ ਹੈ। ਸਥਾਪਿਤ ਧਰਮ, ਮਰਯਾਦਾ ਤੇ ਸ਼ਰ੍ਹਾ ਉਪਰ ਟਿੱਪਣੀ ਵੀ ਕੀਤੀ ਹੈ। ਸੰਪ੍ਰਦਾਈ ਵੈਰ-ਵਿਰੋਧ ਤੋਂ ਉਪਰ ਉਠਣ ਦਾ ਨਾਹਰਾ ਵੀ ਲਾਇਆ ਹੈ, ਪਰ ਜਿਥੋਂ ਤਕ 'ਰਹਾਉ' ਦਾ ਸੰਬੰਧ ਹੈ, ਉਸ ਦੀ ਕਵਿਤਾ ਇਸ ਨੂੰ ਇਕ ਸ਼ਿਲਪੀ ਰੂੜ੍ਹੀ ਵਾਂਗ ਕਬੂਲ ਦੇ ਆਪਣੀ ਪ੍ਰਗੀਤਕਤਾ ਦੇ ਸਥਾਈ ਵਜੋਂ ਵਰਤ ਲੈਂਦੀ ਹੈ। ਇਥੇ ਫੇਰ ਸਾਨੂੰ ਆਪਣੀ ਗੱਲ ਸਪੱਸ਼ਟ ਕਰਨ ਲਈ ਗੁਰਬਾਣੀ ਦੀ ਮਿਸਾਲ ਦੇਣੀ ਪੈਂਦੀ ਹੈ। ਗੁਰਬਾਣੀ ਵਿਚ 'ਰਹਾਉ' ਇਕ ਮੈਟਾ-ਟਿੱਪਣੀ ਦਾ ਕੰਮ ਕਰਦਾ ਹੈ। ਇਥੇ 'ਰਹਾਉ' ਅਜਿਹੀ ਪੰਗਤੀ ਨਾਲ ਹੁੰਦਾ ਹੈ, ਜੋ ਉਸ ਤੋਂ ਪਹਿਲਿਆਂ ਪੰਗਤੀਆਂ ਜਾਂ ਉਸ ਦੇ ਇਰਦ ਗਿਰਦ ਫੈਲੀਆ ਪੰਗਤੀਆਂ ਵਿਚ ਪਰਦਰਸ਼ਿਤ ਦ੍ਰਿਸ਼ ਨੂੰ ਜਾਂ ਸਮਸਿਆ ਨੂੰ ਸਾਂਭਦੀ ਹੈ ਤੇ ਸੰਗਠਨ ਦੇ ਉਚੇਰੇ ਪਦ ਉਤੇ ਲੈ ਜਾਂਦੀ ਹੈ। ਸੂਫ਼ੀਆਂ ਦੇ ਕਲਾਮ ਵਿਚ ਇਹ ਦਿਸ਼ਾ ਹੀ ਘਾਇਬ ਹੈ। ਇਥੇ 'ਰਹਾਉ' ਕੇਵਲ ਪ੍ਰਗੀਤਕ ਸੰਰਚਨਾ ਦੀ ਦੁਹਰਾਉ ਵਾਲੀ ਤੁਕ ਨਾਲ ਸੰਬੰਧਿਤ ਹੁੰਦਾ ਹੈ। ਗੁਰਬਾਣੀ ਦਾ ਥੀਮਿਕਤਾਮੂਲਕ 'ਰਹਾਉ', ਸੂਫ਼ੀਆਂ ਤਕ ਪੁਜ ਕੇ ਕੇਵਲ ਇਕ ਸ਼ਿਲਪੀ ਸੰਕੇਤ ਬਣ ਗਿਆ ਹੈ। ਬੁਲ੍ਹੇ ਸ਼ਾਹ ਦੀ ਕਵਿਤਾ ਵਿਚੋਂ ਅਸੀਂ ਮਿਸਾਲਾਂ ਲੈਂਦੇ ਹਾਂ :

1. ਅਬ ਲਗਨ ਲਗੀ ਕਿਆ ਕਰੀਐ ॥
ਨ ਜੀਉ ਸਕੀਐ ਨ ਮਰੀਐ ॥੧॥ ਰਹਾਉ॥
ਤੁਮ ਸੁਣੋ ਹਮਾਰੇ ਬੈਨਾ ॥
ਮੋਹਿ ਰਾਤ ਦਿਵਸ ਨਹੀ ਚੈਨਾ ॥
ਹੁਣ ਪੀਆ ਬਿਨੁ ਪਲਕ ਨ ਸਰੀਐ ॥

CC-0. In Public Domain. Gurukul Kangri Collection, Haridwar

2. ਰਬਾ ਮੈ ਕੀ ਕਰਸਾਂ ਉਠ ਚਲੇ ਗਵਾਂਢੋਂ ਯਾਰ ।੧। ਰਹਾਉ ।
Digitized by Arya Samaj Foundation Chennai and eGangotri
... ...
ਬੁਲ੍ਹਾ ਸ਼ਹੁ ਪਿਆਰੇ ਬਾਝੋਂ ਨ ਰਹਸਾਂ ਉਰਵਾਰ ।

3. ਆਪਣੀ ਕਿਛ ਖਬਰ ਨ ਪਈਆ ।
ਪੀਅ ਕੀ ਖਬਰ ਲਿਆਵੇ ਕੌਣ ।੧। ਰਹਾਉ ।

4. ਮੈਨੂੰ ਲਗੜਾ ਇਸ਼ਕ ਅਵਲ ਦਾ ।
ਇਹ ਅਵਲ ਦਾ ਰੋਜ਼ ਅਜ਼ਲ ਦਾ ।੧। ਰਹਾਉ ।

5. ਤੁਸੀ ਕਰੋ ਅਸਾਡੀ ਕਾਰੀ ।
ਕੋਈ ਹੋ ਗਈ ਵੇਦਨ ਭਾਰੀ ।੧। ਰਹਾਉ ।
ਇਹ ਦਿਲ ਮੇਰੇ ਵਿਚ ਵਸਦਾ ।
ਬੈਠਾ ਨਾਲ ਅਸਾਡੇ ਹਸਦਾ ।
ਪੁਛਨੀ ਆਂ ਬਾਤਾਂ ਤਾਂ ਨਸਦਾ ।
ਲੈ ਕਰ ਬਾਜ਼ਾਂ ਵਾਂਗ ਉਡਾਰੀ ।

ਇਨ੍ਹਾਂ ਪੰਗਤੀਆਂ ਤੋਂ ਸਾਡੀ ਪੂਰਬਲੀ ਧਾਰਨਾ ਦਾ ਸਮਰਥਨ ਹੋ ਜਾਂਦਾ ਹੈ । ਭਾਵ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਦੋਵੇਂ ਅਜਿਹੇ ਸੂਫ਼ੀ ਕਵੀ ਹਨ, ਜੋ ਪ੍ਰਸਿਧਤਾ ਦੀ ਸਿੱਖਰ ਨੂੰ ਛੂੰਹਦੇ ਹਨ ਅਤੇ ਦੋਹਾਂ ਦੀ ਕਵਿਤਾ ਵਿਚ 'ਰਹਾਉ' ਗਿਆਨ-ਸ਼ਾਸਤਰੀ ਪ੍ਰਸਤਾਵ ਨਾਲ ਜੁੜਨ ਦੀ ਬਜਾਏ, ਵਖਰੇ ਵਖਰੇ ਅਭਿਵਿਅਕਤੀਸ਼ੀਲ ਆਯਾਮਾਂ ਨਾਲ ਜੁੜਿਆ ਹੋਇਆ ਹੈ । ਇਸ ਦਾ ਇਹ ਭਾਵ ਨਹੀਂ ਕਿ ਸੂਫ਼ੀਆਂ ਨੇ ਕੇਵਲ ਭਾਵ-ਸੰਵੇਦਨਾ ਦੀ ਹੀ ਗੱਲ ਕੀਤੀ ਹੈ । ਯਾਦ ਰਖਣਾ ਚਾਹੀਦਾ ਹੈ ਕਿ ਸੂਫ਼ੀ ਬੁਨਿਆਦੀ ਤੌਰ ਉਤੇ ਤਸਵੁਫ਼ ਦੇ ਪ੍ਰਚਾਰਕ ਹਨ । ਤਸਵੁਫ਼ ਰਹਸ ਹੈ ਤੇ ਰਹਸ ਦਾ ਭਾਵ ਸੰਸਾਰਕਤਾ ਤੋਂ ਉਠ ਕੇ ਰੱਬ ਦੇ ਦੇਸ਼ ਵਿਚ ਪ੍ਰਵੇਸ਼ ਕਰਨਾ ਹੈ । ਸੂਫ਼ੀ ਆਪਣੀਆਂ ਕਾਫ਼ੀਆਂ ਵਿਚ ਇਸ ਸਥਿਤੀ ਨੂੰ ਭਲੀ ਭਾਂਤ ਪੇਸ਼ ਕਰਦੇ ਹਨ । ਪਰੰਤੂ ਉਨ੍ਹਾਂ ਨੇ ਆਪਣੀ ਸਾਰੀ ਗੱਲ ਨੂੰ ਪੇਸ਼ ਕਰਨ ਲਈ ਮਾਧਿਅਮ ਪ੍ਰਗੀਤਕਤਾ ਨੂੰ ਬਣਾਇਆ ਹੈ ਅਤੇ ਪ੍ਰਗੀਤਕਤਾ ਬੁਨਿਆਦੀ ਤੌਰ ਉਤੇ ਸਬਜੈਕਟ ਦੇ ਉਨ੍ਹਾਂ ਆਯਾਮਾਂ ਤੋਂ ਪ੍ਰੇਰਨਾ ਲੈਂਦੀ ਹੈ ਜੋ ਜਾਂ ਤਾਂ ਪਰਵਿਰਤੀਮੂਲਕ ਹੁੰਦੇ ਹਨ ਜਾਂ ਭਾਵਕ । ਇਸ ਤਰ੍ਹਾਂ ਸੂਫ਼ੀਆਂ ਦਾ ਦ੍ਰਿਸ਼ਟੀ-ਬਿੰਦੂ ਹੀ ਭਾਵਕ ਸੰਵੇਗ ਜਾਂ ਵਿਸ਼ੁਧ ਪ੍ਰਗੀਤਕਤਾ ਬਣ ਜਾਂਦੀ ਹੈ । ਇਹ ਹੀ ਕਾਰਨ ਹੈ ਕਿ ਉਨ੍ਹਾਂ ਵਿਚ ਸਾਰਾ ਦ੍ਰਿਸ਼ ਨਿਰੰਤਰਤਾ ਦਾ ਹੀ ਕਾਇਮ ਹੋਇਆ ਹੈ । ਪ੍ਰਸਤਾਵਮੂਲਕ ਠਹਿਰਾਉ ਉਨ੍ਹਾਂ ਦੀ ਕਾਵਿ-ਬਣਤਰ ਵਿਚ ਕਿਤੇ ਨਹੀਂ ਆਉਂਦਾ ।

ਇਸ ਤੋਂ ਸਿੱਟੇ ਵਜੋਂ ਜੋ ਗੱਲ 'ਰਹਾਉ-ਸ਼ਾਸਤਰ' ਸੰਬੰਧੀ ਸਾਡੀ ਪਕੜ ਵਿਚ ਆਉਂਦੀ ਹੈ, ਉਹ ਇਹ ਹੈ ਕਿ 'ਰਹਾਉ' ਬੁਨਿਆਦੀ ਤੌਰ ਉਤੇ ਸਾਰੀ ਗੱਲ ਬਾਤ ਨੂੰ ਚਿੰਤਨ ਦੇ ਉਚੇਰੇ ਸਤਰ ਉਤੇ ਟਿਕਾਉਣ ਨਾਲ ਸੰਬੰਧਿਤ ਹੈ । ਗੁਰਬਾਣੀ ਇਕ ਅਜਿਹੀ ਸੰਸਥਾ ਹੈ ਜੋ ਆਪਣੇ ਪ੍ਰਗਟਾਵੇ ਲਈ ਕਾਵਿ ਤੇ ਪ੍ਰਸਤਾਵ-ਮੂਲਕ ਸੰਗਠਨ ਦੇ ਮਿਲਵੇਂ ਪ੍ਰਬੰਧ ਉਪਰ ਆਧਾਰਤ ਹੈ ਤੇ ਇਸ ਵਿਚ ਵੀ ਗੁਰਬਾਣੀ ਨੇ ਪ੍ਰਾਥਮਿਕਤਾ ਪ੍ਰਸਤਾਵ-ਮੂਲਕ ਪ੍ਰਬੰਧ ਦੇ ਗਿਆਨ-ਸ਼ਾਸਤਰੀ ਆਯਾਮ ਨੂੰ ਦਿੱਤੀ ਹੋਈ ਹੈ । ਇਸ

CC-0. In Public Domain. Gurukul Kangri Collection, Haridwar

ਲਈ ਗੁਰਬਾਣੀ ਵਿਚਲਾ 'ਰਹਾਉ' ਉਸ ਦੀ ਸਮੁਚੀ ਗਿਆਨ-ਸ਼ਾਸਤਰੀ ਸੰਰਚਨਾ ਦੇ ਅੰਤਰਗਤ ਸਮਇਆ ਹੋਇਆ ਹੈ। ਇਉਂ ਗੁਰਬਾਣੀ ਸ਼ੁਰੂ ਹੀ 'ਰਹਾਉ' ਤੋਂ ਹੁੰਦੀ ਹੈ। ਗਿਆਨ ਸ਼ਾਸਤਰੀ ਜਾਂ ਵਿਗਿਆਨਕ ਬੁੱਧ ਕਦੇ ਵੀ ਪ੍ਰਦੱਤ ਨਾਲ ਸੰਤੁਸ਼ਟ ਨਹੀਂ ਹੁੰਦੀ, ਸਗੋਂ ਉਹ ਪ੍ਰਦਤ ਦੇ ਪ੍ਰਪੰਚ ਨੂੰ ਇਕ ਸਮਸਿਆ ਬਣਾ ਕੇ ਤੁਰਦੀ ਹੈ। ਅਜਿਹੀ ਹਾਲਤ ਵਿਚ ਅਤਿਅੰਤ ਚੇਤੰਨ ਬੁੱਧੀ ਕਾਰਜਸ਼ੀਲ ਹੁੰਦੀ ਹੈ ਅਤੇ ਜਦੋਂ ਵੀ ਚੇਤੰਨ ਬੁੱਧੀ ਕਾਰਜਸ਼ੀਲ ਹੁੰਦੀ ਹੈ ਉਹ ਕੋਟੀਆਂ ਬਣਾ ਕੇ ਚਲਦੀ ਹੈ। ਕੁਝ ਕੋਟੀਆਂ ਅਜਿਹੀਆਂ ਹੁਦੀਆਂ ਹਨ ਜੋ ਪਹਿਲੀ ਪੱਧਰ ਉਤੇ ਪ੍ਰਪੰਚ ਨੂੰ ਕਈ ਪੱਖਾਂ ਤੋਂ ਸੁਗਠਿਤ ਕਰਦੀਆਂ ਹਨ ਅਤੇ ਫਿਰ ਉਸ ਸੁਗਠਿਤ ਪ੍ਰਪੰਚ ਦਾ ਜਾਇਜ਼ਾ ਲੈਣ ਉਪਰੰਤ ਅਜਿਹੀਆਂ ਕੋਟੀਆਂ ਦੀ ਸਿਰਜਨਾ ਕੀਤੀ ਜਾਂਦੀ ਹੈ, ਜੋ ਪ੍ਰਪੰਚ ਨੂੰ ਉਲੰਘ ਕੇ ਗਿਆਨ-ਸ਼ਾਸਤਰੀ ਆਯਾਮ ਨੂੰ ਸਪੱਸ਼ਟ ਕਰਦੀਆਂ ਹਨ। ਇਹ ਹੀ ਯਾਤਰਾ ਨਿਰੰਤਰਤਾ ਤੋਂ ਨਿਯੰਤ੍ਰਣ ਵਲ ਜਾਣ ਵਾਲੀ ਯਾਤਰਾ ਹੈ ਅਤੇ ਸਾਡੀ ਜਾਚੇ 'ਰਹਾਉ' ਇਸ ਯਾਤਰਾ ਦੇ ਉਨ੍ਹਾਂ ਬਿੰਦੂਆਂ ਉਪਰ ਆਉਂਦਾ ਹੈ, ਜਿਥੇ ਨਿਯੰਤ੍ਰਣ ਦੀ ਜ਼ਰੂਰਤ ਹੁੰਦੀ ਹੈ। ਸੂਫ਼ੀ-ਕਾਵਿ ਵਿਚ ਇਸ ਤਰ੍ਹਾਂ ਦਾ ਕੋਈ ਮਸਲਾ ਨਹੀਂ। ਇਸ ਲਈ ਇਥੇ 'ਰਹਾਉ' ਕੇਵਲ ਇਕ ਸ਼ਿਲਪ-ਵਿਧੀ ਦੇ ਰੂਪ ਵਿਚ ਪ੍ਰਗੀਤ ਵਿਚ ਦੁਹਰਾਏ ਜਾਣ ਵਾਲੀ ਪੰਗਤੀ ਨਾਲ ਸੰਬੰਧਿਤ ਹੋ ਗਿਆ ਹੈ।

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ-ਕਾਵਿ : ਕੇਂਦਰ ਤੇ ਵਿਕੇਂਦਰ

ਸਾਹਿਤਕ ਕਿਰਤ ਨੂੰ ਵਿਕੇਂਦ੍ਰਿਤ ਪਾਠ ਪ੍ਰਬੰਧ ਵਾਂਗ ਪੜ੍ਹਨ ਦੀ ਗੱਲ ਆਧੁਨਿਕ ਅਧਿਐਨ ਵਿਧੀ ਨਾਲ ਸੰਬੰਧ ਰੱਖਦੀ ਹੈ। ਇਸ ਵਿਧੀ ਨੂੰ ਭਾਵੇਂ ਸੰਰਚਨਾਵਾਦ ਦੇ ਪਿਛਲੇ ਪ੍ਰਸੰਗਾਂ ਵਿਚ ਪਛਾਣਿਆ ਜਾਣ ਲੱਗ ਪਿਆ ਸੀ ਪਰ ਉਘੜਵੇਂ ਰੂਪ ਵਿਚ ਇਹ ਵਿਧੀ ਉੱਤਰ ਸੰਰਚਨਾਵਾਦੀ-ਚਿੰਤਕਾਂ ਰਾਹੀਂ ਸਾਹਮਣੇ ਆਉਂਦੀ ਹੈ ਅਤੇ ਇਨ੍ਹਾਂ ਚਿੰਤਕਾਂ ਦੀਆਂ ਆਪੋ ਆਪਣੀਆਂ ਮਾਨਤਾਵਾਂ ਤੇ ਅਧਿਐਨ-ਪ੍ਰਕਿਰਿਆਵਾਂ ਰਾਹੀਂ ਵੱਖੋ ਵੱਖਰੇ ਦ੍ਰਿਸ਼ਟੀ-ਬਿੰਦੂਆਂ ਉਪਰ ਰੂਪਮਾਨ ਹੁੰਦੀ ਹੈ। ਸੰਰਚਨਾਵਾਦ ਤੋਂ ਪਹਿਲੀ ਅਧਿਐਨ-ਵਿਧੀ ਇਕ ਤਰ੍ਹਾਂ ਨਾਲ ਕਲਾਸਕੀ ਅਧਿਐਨ-ਵਿਧੀ ਖਿਆਲ ਕੀਤੀ ਜਾਂਦੀ ਸੀ। ਕਲਾਸਕੀ ਅਧਿਐਨ-ਵਿਧੀ ਕਿਸੇ ਵੀ ਕਿਰਤ ਦੇ ਅਰਥਾਂ ਦੀ ਤਲਾਸ਼ ਇਕ ਪੱਕੇ ਪੀਡੇ ਤੇ ਨਿਰਪੇਖਕ ਭਾਵ-ਸਥਲ ਦੇ ਆਧਾਰ ਉਤੇ ਕਰਦੀ ਸੀ। ਇਸੇ ਨਿਰਪੇਖਕ ਸਾਰ ਨੂੰ ਰਚਨਾ ਦਾ ਕੇਂਦਰ ਮੰਨ ਲਿਆ ਜਾਂਦਾ ਸੀ। ਅਧਿਐਤਾ ਇਹ ਮੰਨ ਕੇ ਤੁਰਦੇ ਸਨ ਕਿ ਉਨ੍ਹਾਂ ਨੇ ਰਚਨਾ ਵਿਚ ਖਿਲਰੇ ਪੁਲਰੇ ਰੰਗ ਰੰਗਾਂ ਦੇ ਦ੍ਰਿਸ਼ਾਂ ਨੂੰ ਇਕ ਕੇਂਦਰੀ ਭਾਵ ਉਪਰ ਘਟਾਣਾ ਹੈ ਤੇ ਉਸ ਦਾ ਵਿਸ਼ਾ-ਵਸਤੂ ਗ੍ਰਹਿਣ ਕਰਨਾ ਹੈ ਅਤੇ ਇਸੇ ਨੂੰ ਅਧਿਐਨ ਦੀ ਬੁਨਿਆਦੀ ਲੋੜ ਮੰਨ ਲਿਆ ਜਾਂਦਾ ਸੀ। ਇਸ ਤਰ੍ਹਾਂ ਉਹ ਬਹੁ ਅਰਥੀ ਜਟਿਲਤਾ ਤੋਂ ਇਕ ਅਰਥੀ ਸਰਲਤਾ ਦਾ ਸਫ਼ਰ ਕਰਦੇ ਸਨ ਤੇ ਕਈ ਹਾਲਤਾਂ ਵਿਚ ਆਪਣੀ ਸਰਲਤਾ ਦੇ ਨਿਆਇ ਨੂੰ ਸਿੱਧ ਕਰਨ ਲਈ ਬਹੁਤ ਸਾਰੀ ਸਾਮਗ੍ਰੀ ਨੂੰ ਫਾਲਤੂ ਸਮਝ ਕੇ ਛੱਡ ਵੀ ਦੇਂਦੇ ਸਨ। ਇਉਂ ਉਹ ਇਕ ਸਥਿਰ ਕੇਂਦਰ ਦੀ ਤਲਾਸ਼ ਵਿਚ ਜੁਟੇ ਰਹਿੰਦੇ ਸਨ। ਇਸੇ ਨੂੰ ਰਚਨਾਵਾਂ ਵਿਚੋਂ ਕੇਂਦਰਿਤ ਅਰਥ ਲੱਭਣ ਦੀ ਜੁਗਤ ਕਿਹਾ ਜਾਂਦਾ ਹੈ।

ਸੰਰਚਨਾਵਾਦੀ ਅਧਿਐਨ ਵਿਧੀ ਦਾ ਪ੍ਰਤੀਨਿਧ ਸਮੀਖਿਆਕਾਰ ਰੋਲਾਂ ਬਾਰਤ ਆਪਣੇ ਪ੍ਰਸਿੱਧ ਲੇਖ Style and its Image ਵਿਚ ਇਸ ਮਸਲੇ ਨੂੰ ਖੋਲ੍ਹ ਕੇ ਪੇਸ਼ ਕਰਦਾ ਹੈ। ਉਹ ਕਹਿੰਦਾ ਹੈ ਕਿ ਜਦੋਂ ਅਸੀਂ ਰਚਨਾ ਦੀ ਸ਼ੈਲੀ ਦੀ ਗੱਲ ਕਰਦੇ ਹਾਂ ਤਾਂ ਉਦੋਂ ਅਸੀਂ ਕਲਾਸਕੀ ਬੁੱਧ ਦੇ ਮੁਤਾਬਕ ਉਸ ਵਿਚੋਂ ਇਕ ਪੱਕੇ ਪੀਡੇ ਕੇਂਦਰ ਨੂੰ ਲੱਭਦੇ ਹਾਂ। ਉਸ ਦੇ ਮੁਤਾਬਕ ਇਸ ਗੱਲ ਨੂੰ ਸਮਝਣ ਲਈ ਅਜਿਹੇ ਫਲ ਦੀ ਮਿਸਾਲ ਦਿੱਤੀ ਜਾ ਸਕਦੀ ਹੈ, ਜਿਸ ਵਿਚ ਗੁੱਦਾ ਤੇ ਗਿਟਕ ਅਲਹਿਦਾ ਕੀਤੀ ਜਾ ਸਕਦੀ ਹੈ ਜਾਂ ਛਿਲਕਾ ਤੇ ਗਿਰੀ ਵੱਖਰੀ ਵੱਖਰੀ ਕੀਤੀ ਜਾ ਸਕਦੀ ਹੈ। ਛਿਲਕਾ ਉਸ ਦਾ ਉਪਰਲਾ ਹਿੱਸਾ ਹੈ, ਤੇ ਗਿਰੀ ਕੇਂਦਰ। ਛਿਲਕਾ ਫਾਲਤੂ ਹੈ, ਤੇ ਗਿਰੀ ਜ਼ਰੂਰੀ। ਫਾਲਤੂ ਨੂੰ ਤਿਆਗ ਦਿੱਤਾ ਜਾਂਦਾ ਹੈ, ਜ਼ਰੂਰੀ ਨੂੰ ਗ੍ਰਹਿਣ ਕਰ ਲਿਆ ਜਾਂਦਾ ਹੈ। ਸ਼ੈਲੀਗਤ ਵਿਧੀਆਂ ਜਾਂ ਰੂਪਾਤਮਕ ਵਿਧੀਆਂ ਫਾਲਤੂ ਹਨ ਤੇ ਅਰਥ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਦੁਆਰਾ ਪ੍ਰਗਟ ਹੋਇਆਂ ਅਰਥਾਂ ਦਾ ਅਧਿਆਤਮ ਹੈ।

ਅਧਿਐਨ ਦੀ ਇਸ ਕਲਾਸਕੀ ਜੁਗਤ ਦੇ ਮੁਕਾਬਲੇ ਉਤੇ ਉਹ ਨਵੀਂ ਜੁਗਤ ਨੂੰ ਰਖਦਾ ਹੈ। ਨਵੀਂ ਜੁਗਤ ਨੂੰ ਉਹ ਗਿਟਕ ਤੇ ਗਿਰੀ ਵਿਚ ਤਕਸੀਮ ਹੋ ਸਕਣ ਵਾਲੇ ਫਲ ਦੀ ਥਾਂ ਪਿਆਜ਼ ਨਾਲ ਤਸ਼ਬੀਹ ਦੇ ਕੇ ਸਮਝਾਂਦਾ ਹੈ। ਪਿਆਜ਼ ਦੀ ਕੋਈ ਅੰਦਰਲੀ ਪਕੇਰੀ ਗਿਰੀ ਵਾਲੀ ਅਵਸਥਾ ਨਹੀਂ ਆਉਂਦੀ,ਸਗੋਂ ਇਸ ਦੀਆਂ ਤਾਂ ਕਈ ਤਹਿਆਂ ਹਨ ਤੇ ਹਰ ਤਹਿ ਦੇ ਅੰਦਰ ਇਕ ਹੋਰ ਤਹਿ ਹੈ। ਇਸ ਆਧਾਰ ਉਤੇ ਕਿਸੇ ਵੀ ਕਿਰਤ ਨੂੰ ਇਕ ਬਹੁ-ਤਹੀ ਰਚਨਾ ਗ੍ਰਹਿਣ ਕੀਤਾ ਜਾ ਸਕਦਾ ਹੈ ਤੇ ਹਰ ਤਹਿ ਇਕ ਪ੍ਰਬੰਧ ਵਾਕਰ ਅਗਲੀ ਤਹਿ ਵਿਚ ਸ਼ਾਮਲ ਹੋ ਜਾਂਦੀ ਹੈ। ਇਸ ਤਰ੍ਹਾਂ ਤਹਿਆਂ ਦਾ ਇਕ ਪ੍ਰਬੰਧ ਬਣ ਜਾਂਦਾ ਹੈ, ਜਿਸ ਵਿਚ ਅੰਤਰ ਤੇ ਸੰਬੰਧ ਇਕੋ ਵੇਲੇ ਕਾਰਜਸ਼ੀਲ ਹੋ ਕੇ ਕੇਂਦਰ ਨੂੰ ਨਸ਼ਟ ਕਰ ਦੇਂਦੇ ਹਨ।

ਅਸਲ ਵਿਚ ਇਹ ਗੱਲ ਗਿਆਨ ਵਿਗਿਆਨ ਦੇ ਖੇਤਰ ਵਿਚ ਭਾਸ਼ਾਈ ਮਾਡਲ ਦੇ ਸਾਹਮਣੇ ਆਉਣ ਨਾਲ, ਸੋਪਾਨ ਪ੍ਰਬੰਧ ਦੇ ਜ਼ੋਰ ਪਕੜਨ ਨਾਲ ਤੇ ਸਾਪੇਖਤਾ ਦੇ ਪਰਵੇਸ਼ ਕਰਨ ਨਾਲ ਜ਼ੋਰ ਪਕੜਦੀ ਹੈ। ਭਾਸ਼ਾ ਨੂੰ ਇਕ ਬਹੁ ਪੱਧਰਾ ਪ੍ਰਬੰਧ ਸਮਝਿਆ ਜਾਂਦਾ ਹੈ। ਇਸ ਪ੍ਰਬੰਧ ਦੀਆਂ ਕਈ ਤਹਿਆਂ ਹਨ। ਛੋਟੀ ਤੋਂ ਛੋਟੀ ਤਹਿ ਧੁਨੀ ਦੀ ਹੈ ਤੇ ਵੱਡੀ ਤੋਂ ਵੱਡੀ ਪੱਧਰ ਵਿਆਕਰਣ ਦੀ ਹੈ। ਇਨ੍ਹਾਂ ਪੱਧਰਾਂ ਵਿਚਕਾਰ ਕਈ ਹੋਰ ਪੱਧਰਾਂ ਹਨ ਪਰ ਸਾਰਥਕਤਾ ਇਨ੍ਹਾਂ ਸਾਰੀਆਂ ਪੱਧਰਾਂ ਦੇ ਆਪਸੀ ਅੰਤਰਾਂ ਤੇ ਸੰਬੰਧਾਂ ਵਿਚੋਂ ਪੈਦਾ ਹੁੰਦੀ ਹੈ। ਕੋਈ ਵੀ ਇਕ ਪੱਧਰ ਕਿਸੇ ਨਿਰਪੇਖਕ ਸਾਰਥਕਤਾ ਦਾ ਦਾਅਵਾ ਕਰ ਸਕਣ ਦੇ ਯੋਗ ਨਹੀਂ। ਭਾਸ਼ਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਣ ਨਾਲ ਹੀ ਭਾਸ਼ਾ ਦੀ ਬਣੀ ਕਿਰਤ ਦੇ ਕੇਂਦਰੀ ਅਰਥ ਦਾ ਨਾਸ ਹੋ ਜਾਂਦਾ ਹੈ। ਇਸੀ ਤਰ੍ਹਾਂ ਅਸਲੀ ਗੱਲ ਪ੍ਰਬੰਧ ਦੇ ਅੰਤਰਗਤ ਕਾਰਜਸ਼ੀਲ ਸੋਪਾਨ ਕ੍ਰਮ ਨਾਲ ਸੰਬੰਧਿਤ ਹੈ। ਪਉੜੀ-ਪ੍ਰਬੰਧ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਸ ਦੀ ਹਰ ਪੱਧਰ ਦੂਸਰੀ ਪੱਧਰ ਵਿਚ ਤਬਦੀਲ ਹੋ ਜਾਂਦੀ ਹੈ। ਇਸ ਲਈ ਕਿਸੇ ਤਰ੍ਹਾਂ ਦੇ ਕੇਂਦਰੀ ਮੁਕਾਮ ਉਤੇ ਆ ਸਕਣ ਦੀ ਨੌਬਤ ਹੀ ਨਹੀਂ ਪੁਜਦੀ। ਅਗਲੀ ਗੱਲ ਸਾਪੇਖਤਾ ਦੇ ਸਿਧਾਂਤ ਦੀ ਹੈ। ਸਾਪੇਖਕਤਾ ਦਾ ਸਿਧਾਂਤ ਹਰ ਗੱਲ ਨੂੰ ਦੂਸਰੇ ਦੇ ਪ੍ਰਬੰਧ ਵਿਚ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਨਾਲ ਵੀ ਨਿਰਪੇਖਤਾ ਮਰ ਮੁਕ ਜਾਂਦੀ ਹੈ ਤੇ ਇਉਂ ਸਾਰੇ ਪ੍ਰਪੰਚ ਨੂੰ ਹੀ ਵਿਕੇਂਦਰਣ-ਵਿਧੀ ਦੁਆਰਾ ਪੜ੍ਹਨ ਦੀ ਗੱਲ ਤੁਰ ਪੈਂਦੀ ਹੈ।

ਸੰਰਚਨਾਵਾਦੀ ਖੇਤਰਾਂ ਵਿਚ ਜਦੋਂ ਭਾਸ਼ਾਈ ਅਵਚੇਤਨ ਦੇ ਆਧਾਰ ਉਤੇ ਸਥਿਤ ਨੇਮ ਸਿਧਾਂਤ ਨੂੰ ਪਛਾਣਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਪਹਿਲਾਂ ਸੰਰਚਨਾ ਨੂੰ ਇਹ ਪੱਕੀ ਪੀਡੀ ਨਿਆਇ ਵਾਲੀ ਪੱਧਰ ਦੇ ਰੂਪ ਵਿਚ ਸਵੀਕਾਰ ਕਰ ਲਿਆ ਜਾਂਦਾ ਹੈ। ਖਾਸ ਕਰਕੇ ਇਹ ਦੇਣ ਰੂਸੀ ਰੂਪਵਾਦ ਦੀ ਹੈ, ਜੋ ਸੰਰਚਨਾਵਾਦ ਵਿਚ ਵੀ ਪਰਵੇਸ਼ ਕਰ ਜਾਂਦੀ ਹੈ। ਰੂਸੀ ਰੂਪਵਾਦ ਵਿਚ ਇਕ ਸੰਕਲਪ ਥੀਮ-ਵਿਗਿਆਨ ਦਾ ਹੈ। ਥੀਮ-ਵਿਗਿਆਨ ਵਿਚ ਮੋਟਿਫ਼ ਨੂੰ ਇਕ ਅਜਿਹੀ ਛੋਟੀ ਤੋਂ ਛੋਟੀ ਇਕਾਈ ਮੰਨ ਲਿਆ ਜਾਂਦਾ ਹੈ, ਜਿਸਨੂੰ ਅੱਗੋਂ ਘਟਾਇਆ ਨਹੀਂ ਜਾ ਸਕਦਾ। ਇਹ ਨਿਰਪੇਖਕ ਨਿਆਇ ਵਾਲੀ ਗੱਲ ਹੈ। ਇਹ ਹੀ ਗੱਲ ਚੁਪੀਤੀ ਜਹੀ ਸੰਰਚਨਾਵਾਦ ਵਿਚ ਪਰਵੇਸ਼ ਕਰ ਜਾਂਦੀ ਹੈ। ਉਥੇ ਸੰਰਚਨਾ ਦਾ ਨਿਆਇ ਦ੍ਰਿੜ ਕੀਤਾ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਰਚਨਾ ਦਾ ਨਿਆਇ ਦ੍ਰਿੜ ਕਰਨ ਨਾਲ ਕਿਰਤ ਦੇ ਯਥਾਰਥ ਦੀ ਥਾਂ, ਅਰਥਾਂ ਦਾ ਅਧਿਆਤਮ ਕਾਇਮ ਹੋ ਜਾਂਦਾ ਹੈ। ਇਹ ਹੀ ਕੇਂਦਰ ਹੈ।

ਉੱਤਰ-ਸੰਰਚਨਾਵਾਦੀ ਇਸੇ ਉਪਰ ਹਮਲਾ ਕਰਦੇ ਹਨ ਅਤੇ ਭਾਸ਼ਾ ਦੇ ਆਧਾਰ ਉਤੇ ਕਾਰਜਸ਼ੀਲ ਹੋਣ ਵਾਲੀ ਚਿਹਨ-ਪ੍ਰਕਿਰਿਆ ਦੇ ਅੰਤਰਗਤ ਚਿਹਨਕ ਦੀ ਪ੍ਰਾਥਮਿਕਤਾ ਨੂੰ ਪਛਾਣਨ ਦਾ ਯਤਨ ਕਰਦੇ ਹਨ। ਚਿਹਨਕ ਦੀ ਪ੍ਰਾਥਮਿਕਤਾ ਪਛਾਣਨ ਦਾ ਮਤਲਬ ਇਹ ਹੈ ਕਿ ਚਿਹਨ-ਪ੍ਰਕਿਰਿਆ ਦੀ ਯਥਾਰਥਕ ਸਥਿਤੀ ਨੂੰ ਪਛਾਣਿਆ ਜਾਂਦਾ ਹੈ ਅਤੇ ਅਰਥ ਦੀ ਅਧਿਆਤਮਕਤਾ ਦੇ ਭੁਲੇਵੇਂ ਨੂੰ ਚਿਹਨਕੀ ਪ੍ਰਕਿਰਿਆ ਦੇ ਸਫ਼ਰ ਵਿਚੋਂ ਦੂਰ ਕਰ ਦਿੱਤਾ ਜਾਂਦਾ ਹੈ। ਇਸ ਦੇ ਅੰਤਰਗਤ ਇਹ ਸਮਝਿਆ ਜਾਂਦਾ ਹੈ ਕਿ ਚਿਹਨਕੀ ਪ੍ਰਕਿਰਿਆ ਦੀ ਨਿਰੰਤਰਤਾ ਵਿਚ ਹੀ ਅਰਥ ਹਨ। ਚਿਹਨਕੀ ਪ੍ਰਕਿਰਿਆ ਤੋਂ ਆਜ਼ਾਦ ਤੇ ਪਰ੍ਹਾਂ ਕਿਸੇ ਤਰ੍ਹਾਂ ਦੀ ਅਰਥ-ਭਾਲ ਇਕ ਮ੍ਰਿਗ-ਤ੍ਰਿਸ਼ਨਾ ਹੈ। ਇਸ ਉੱਤਰ-ਸੰਰਚਨਾਵਾਦ ਨੂੰ ਉਘਾੜਨ ਵਿਚ ਯਕ ਲਾਕਾਂ ਤੇ ਯਕ ਦੈਰਿਦਾ ਦਾ ਬਹੁਤ ਯੋਗਦਾਨ ਹੈ ਅਤੇ ਇਨ੍ਹਾਂ ਨੂੰ ਕੇਂਦਰ-ਯੁਕਤ ਅਧਿਆਤਮ ਵਿਧੀ ਨੂੰ ਨਸ਼ਟ ਕਰ ਕੇ, ਵਿਕੇਂਦਰਣ ਵਾਲੀ ਯਥਾਰਥਕ ਅਧਿਐਨ-ਵਿਧੀ ਨੂੰ ਕਾਇਮ ਕਰਨ ਵਾਲੇ ਵਿਦਵਾਨ ਕਿਹਾ ਜਾਂਦਾ ਹੈ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਸਾਰੀ ਗਿਆਨ-ਯਾਤਰਾ ਵਿਚ ਕੋਈ ਸਿਧਾਂਤ ਪੇਸ਼ ਨਹੀਂ, ਸਗੋਂ ਇਸ ਵਿਚ ਤਾਂ ਇਕ ਅਧਿਐਨ-ਵਿਧੀ ਦਾ ਸਮਾਵੇਸ਼ ਹੈ: ਇਕ ਅਧਿਐਨ-ਵਿਧੀ ਸੀਮਾਵੀ ਹੈ, ਦੂਸਰੀ ਅਧਿਐਨ-ਵਿਧੀ ਸੰਭਾਵੀ ਹੈ। ਸੰਭਾਵੀ ਅਧਿਐਨ-ਵਿਧੀ ਹੀ ਵਿਕੇਂਦਰਣ ਅਧਿਐਨ-ਵਿਧੀ ਹੈ। ਇਸ ਨੂੰ ਨਵ ਮਾਰਕਸਵਾਦੀ ਸਕੂਲ ਦੇ ਪ੍ਰਤੀਨਿਧ ਵਿਦਵਾਨ ਮਸ਼ੇਰੀ ਨੇ ਵੀ ਆਪਣਾ ਸਮਰਥਨ ਦਿੱਤਾ ਹੈ।

ਇਸੇ ਵਿਧੀ ਦੇ ਅਧੀਨ ਅਸੀਂ ਜਦੋਂ ਪੰਜਾਬ ਦੀ ਕਿੱਸਾ-ਕਾਵਿ ਪਰੰਪਰਾ ਨੂੰ ਪੜ੍ਹਨ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਦੋਹਾਂ ਵਿਧੀਆਂ ਦੇ ਮੁਤਾਬਕ ਵੱਖੋ ਵਖਰੇ ਸਿੱਟੇ ਪ੍ਰਾਪਤ ਹੁੰਦੇ ਹਨ। ਮੱਧਕਾਲ ਵਿਚ ਕਿੱਸਾ-ਕਾਵਿ ਬੜੀ ਭਰਪੂਰ ਪਰੰਪਰਾ ਹੈ। ਇਸ ਨਾਲ ਪੰਜਾਬ ਦੇ ਬਿਰਤਾਂਤਕ ਅਵਚੇਤਨ ਦਾ ਨਿਰਮਾਨ ਹੁੰਦਾ ਹੈ। ਵਿਦਵਾਨਾਂ ਨੇ ਕਿੱਸਾ-ਕਾਵਿ ਨੂੰ ਪੜ੍ਹਿਆ ਵੀ ਹੈ ਅਤੇ ਆਪਣੀ ਇਸ ਪੜ੍ਹਨ-ਵਿਧੀ ਦੀ ਗਵਾਹੀ ਉਨ੍ਹਾਂ ਨੇ ਆਪਣੀ ਆਲੋਚਨਾ ਵਿਚ ਦਿੱਤੀ ਹੈ। ਜ਼ਿਆਦਾਤਰ ਵਿਦਵਾਨਾਂ ਨੇ ਕੇਂਦਰ-ਯੁਕਤ ਅਧਿਐਨ-ਵਿਧੀ ਦੀ ਵਰਤੋਂ ਹੀ ਕੀਤੀ ਹੈ। ਜੇ ਕਿਸੇ ਨੇ ਹੀਰ ਰਾਂਝੇ ਦਾ ਕਿੱਸਾ ਪੜ੍ਹਿਆ ਹੈ ਤਾਂ ਉਸਨੂੰ ਇਸ਼ਕ ਰੁਮਾਂਸ ਦਾ ਕਿੱਸਾ ਕਹਿ ਦਿੱਤਾ ਹੈ। ਕਿੱਸੇ ਵਿਚ ਥਾਂ ਪਰ ਥਾਂ ਆਏ ਦੂਸਰੇ ਦ੍ਰਿਸ਼ਾਂ ਨੂੰ ਆਪਣੀ ਗੱਲ ਸਿੱਧ ਕਰਨ ਲਈ ਅੱਖੋਂ ਓਹਲੇ ਕਰ ਦਿੱਤਾ ਹੈ। ਕਈਆਂ ਨੇ ਇਹ ਗੱਲ ਵੀ ਕਹੀ ਹੈ ਕਿ ਕਿੱਸਿਆਂ ਵਿਚ ਮੱਧਕਾਲ ਦਾ ਸਮੁੱਚਾ ਸਭਿਆਚਾਰਕ ਜੀਵਨ ਆਉਂਦਾ ਹੈ, ਪਰ ਇਉਂ ਕਰਨ ਨਾਲ ਵੀ ਉਨ੍ਹਾਂ ਨੇ ਪ੍ਰਤਿਬਿੰਬ-ਸਿਧਾਂਤ ਨੂੰ ਆਪਣੇ ਸਾਹਮਣੇ ਰੱਖਿਆ ਹੈ ਅਤੇ ਸੰਕਲਪ ਇਹ ਪੇਸ਼ ਕੀਤਾ ਹੈ ਕਿ ਜਿਵੇਂ ਕਿਸੇ ਬਣੇ ਬਣਾਏ ਯਥਾਰਥਕ ਜੀਵਨ ਦਾ ਪ੍ਰਤਿਬਿੰਬ ਉਤਾਰ ਰਹੇ ਹੋਣ। ਉਨ੍ਹਾਂ ਦੀ ਅਜਿਹੀ ਬਹਿਸ ਵਿਚ ਅਰਥ ਲਈ ਵੋਟ ਬਣੇ ਬਣਾਏ ਯਥਾਰਥ ਦੇ ਹੱਕ ਵਿਚ ਚਲਾ ਜਾਂਦਾ ਹੈ। ਕਿੱਸਾ ਤਾਂ ਐਵੇਂ ਇਕ ਵਾਧੂ ਜਹੀ ਸ਼ੈਲੀਗਤ ਵਿਧੀ ਦਾ ਕੰਮ ਕਰਦਾ ਹੈ। ਇਉਂ ਗੱਲ ਅਰਥ ਦੀ ਅਧਿਆਤਮਿਕਤਾ ਉਤੇ ਜਾ ਟਿਕਦੀ ਹੈ; ਚਿਹਨਕੀ ਪ੍ਰਕਿਰਿਆ ਫਾਲਤੂ ਹੋ ਜਾਂਦੀ ਹੈ। ਅਰਥ ਜੋ ਖਬਰੇ ਚਿਹਨਕੀ ਪ੍ਰਕਿਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨਾ ਹੈ ਵੀ ਕਿ ਨਹੀਂ; ਕੇਂਦਰ ਵਿਚ ਆ ਜਾਂਦਾ ਹੈ ਤੇ ਇਉਂ ਕੇਂਦਰ ਦੀ ਮਿੱਥ ਸਥਾਪਿਤ ਹੋ ਜਾਂਦੀ ਹੈ। ਇਹ ਵਿਧੀ ਸਾਡੇ ਪੁਰਾਣੇ ਆਲੋਚਕਾਂ ਨੇ ਬਹੁਤ ਵਰਤੀ ਹੈ ਅਤੇ ਹਾਲੇ ਵੀ ਇਹ ਵਰਤੀ ਜਾਂਦੀ ਹੈ ਅਤੇ ਇਸੇ ਦੇ ਆਧਾਰ ਉਤੇ ਕਿੱਸਿਆਂ ਵਿਚੋਂ ਜਾਂ ਤਾਂ ਇਸ਼ਕ ਹਕੀਕੀ ਦਾ ਅਰਥ ਲੱਭਿਆ ਜਾਂਦਾ ਹੈ ਜਾਂ ਪੰਜਾਬੀ ਸਭਿਆਚਾਰ ਦਾ ਚਿੱਤਰ ਵੇਖਿਆ ਜਾਂਦਾ ਹੈ ਜਾਂ ਯਥਾਰਥ ਦੀ ਪੇਸ਼ਕਾਰੀ ਨੂੰ ਵੇਖਿਆ ਜਾਂਦਾ ਹੈ। ਪੁਰਾਣੀ ਪੀੜ੍ਹੀ ਦੇ ਵਿਦਵਾਨਾ (ਜਿਨ੍ਹਾਂ ਵਿਚ ਡਾ. ਮੋਹਨ ਸਿੰਘ, ਗੋਪਾਲ ਸਿੰਘ ਦਰਦੀ, ਸੰਤ ਸਿੰਘ ਸੇਖੋਂ ਆਦਿ ਆਉਂਦੇ ਹਨ) ਇਸੇ ਵਿਧੀ ਤੋਂ ਕਿੱਸਿਆਂ ਦਾ ਅਧਿਐਨ ਕਰਦੇ ਹਨ। (ਇਨ੍ਹਾਂ ਤੋਂ ਮਗਰੋਂ ਆਉਣ ਵਾਲੇ ਵਿਦਵਾਨ ਜਿਸ ਵਿਚ ਅਸੀਂ ਕਿਸ਼ਨ ਸਿੰਘ, ਜੀਤ ਸਿੰਘ ਸੀਤਲ, ਪਿਆਰ ਸਿੰਘ, ਪਿਆਰਾ ਸਿੰਘ ਪਦਮ ਆਦਿ ਨੂੰ ਸ਼ਾਮਲ ਕਰਦੇ ਹਾਂ, ਵੀ ਇਸੇ ਵਿਧੀ ਨੂੰ ਹੀ ਫੈਲਾਂਦੇ ਤੇ ਵਧਾਉਂਦੇ ਹਨ।)

ਨਵੀਂ ਪੀੜ੍ਹੀ ਦੇ ਵਿਦਵਾਨਾਂ ਨੇ ਕਿੱਸਿਆਂ ਨੂੰ ਬਿਰਤਾਂਤਕ ਗਲਪ ਵਾਂਗ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। (ਇਸ ਵਿਚ ਹਰਿਭਜਨ ਸਿੰਘ, ਅਤਰ ਸਿੰਘ, ਕੁਲਬੀਰ ਸਿੰਘ ਕਾਂਗ, ਅਮਰਜੀਤ ਸਿਘ ਕਾਂਗ, ਜਸਵਿੰਦਰ ਸਿੰਘ, ਬਿਕਰਮ ਸਿੰਘ ਘੁੰਮਣ ਇਤਿਆਦਿ ਹੋਰ ਵਿਦਵਾਨਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।) ਪਰ ਉਨ੍ਹਾਂ ਪਾਸ ਵੀ ਜੋ ਗਲਪ ਦਾ ਸੰਕਲਪ ਹੈ ਉਹ ਇਹ ਹੀ ਹੈ ਕਿ ਗਲਪ, ਯਥਾਰਥਕ ਜੀਵਨ ਨੂੰ ਸੰਭਾਵੀ ਰੂਪ ਵਿਚ ਕਿਵੇਂ ਚਿਤਰਦਾ ਹੈ। ਇਨ੍ਹਾਂ ਸਾਰੇ ਵਿਦਵਾਨਾਂ ਨੇ ਹੀਰ-ਰਾਂਝੇ ਦਾ ਕਿੱਸਾ, ਸੋਹਣੀ ਦਾ ਕਿੱਸਾ, ਸੱਸੀ ਪੁੰਨੂੰ ਦਾ ਕਿੱਸਾ, ਪੂਰਨ ਨਾਥ ਜੋਗੀ ਦਾ ਕਿੱਸਾ ਆਦਿ ਦਾ ਅਧਿਐਨ ਇਸੇ ਵਿਧੀ ਤੋਂ ਕੀਤਾ ਹੈ। ਹਾਲੇ ਤੀਕ ਕਿੱਸਿਆਂ ਦਾ ਬਹੁਤਾ ਅਧਿਐਨ ਪੰਜਾਬੀ ਵਿਚ ਕੇਂਦਰ-ਯੁਕਤ ਵਿਧੀ ਦੇ ਆਧਾਰ ਉਤੇ ਹੀ ਹੋਇਆ ਹੈ। ਵਿਕੇਂਦ੍ਰਿਤ ਵਿਧੀ ਦੀ ਗੱਲ ਤਾਂ ਅਜੇ ਤੁਰੀ ਹੀ ਹੈ, ਪਰ ਇਸ ਨੂੰ ਯੋਗ ਤਰੀਕੇ ਨਾਲ ਲਾਗੂ ਕਰ ਕੇ ਚਿਹਨਕੀ ਪ੍ਰਕਿਰਿਆ ਦੇ ਅਰਥਾਂ ਵਿਚ ਪਛਾਣਨ ਦਾ ਯਤਨ ਬਹੁਤ ਘਟ ਹੋਇਆ ਹੈ। ਇਸ ਵਿਧੀ ਦਾ ਜ਼ਿਕਰ ਚਿਹਨਕੀ ਪ੍ਰਕਿਰਿਆ ਦੇ ਅਰਥਾਂ ਵਿਚ ਹਰਜੀਤ ਸਿੰਘ ਗਿੱਲ ਦੇ ਅੰਗ੍ਰੇਜ਼ੀ ਵਿਚ ਲਿਖੇ ਨਿਬੰਧਾਂ ਵਿਚ ਹੋਇਆ ਹੈ ਜਾਂ ਪ੍ਰੋ: ਤਰਲੋਕ ਸਿੰਘ ਕੰਵਰ ਦੀ ਪੁਸਤਕ 'ਥਾਪਨਾ/ਉਥਾਪਨਾ' ਵਿਚ ਇਸ ਜੁਗਤ ਦੀ ਪਛਾਣ ਕੀਤੀ ਗਈ ਹੈ।

ਇਥੇ ਇਕ ਸੁਆਲ ਇਹ ਪੈਦਾ ਹੁੰਦਾ ਹੈ ਕਿ ਅਧਿਐਨ ਦੀ ਇਸ ਜੁਗਤ ਨਾਲ ਗਿਆਨ ਦੀ ਦ੍ਰਿਸ਼ਟੀ ਤੋਂ ਪ੍ਰਾਪਤੀ ਕੀ ਹੁੰਦੀ ਹੈ? ਉੱਤਰ ਇਸ ਦਾ ਇਹ ਹੀ ਹੈ ਕਿ ਇਸ ਵਿਧੀ ਰਾਹੀਂ ਪੰਜਾਬ ਦੀ ਚਿਹਨਕੀ ਪ੍ਰਕਿਰਿਆ ਦੇ ਚਰਿਤ੍ਰ ਨੂੰ ਪਛਾਣਿਆ ਜਾ ਸਕਦਾ ਹੈ ਅਤੇ ਚਿਹਨਕੀ ਪ੍ਰਕਿਰਿਆ ਦੇ ਚਰਿਤ੍ਰ ਨੂੰ ਪਛਾਣਨ ਤੋਂ ਭਾਵ ਉਸ ਨੂੰ ਅਗਾਂਹ ਤੋਰਨ ਦਾ ਹੈ। ਇਸ ਦਿਸ਼ਾ ਵਿਚ ਜਦੋਂ ਚਿਹਨਕੀ ਪ੍ਰਕਿਰਿਆ ਅਗਾਂਹ ਤੁਰਦੀ ਹੈ ਤਾਂ ਅਰਥਾਂ ਦਾ ਵਿਗਠਨ ਹੁੰਦਾ ਹੈ। ਅਰਥਾਂ ਦੇ ਵਿਗਠਨ ਨਾਲ ਕਥਿਤ ਯਥਾਰਥ ਉਪਰ ਚਿਹਨਕਤਾ ਨੂੰ ਤਰਜੀਹ ਮਿਲਦੀ ਹੈ। ਚਿਹਨਕਤਾ ਨੂੰ ਤਰਜੀਹ ਮਿਲਣ ਨਾਲ ਲਿਖਿਤ ਦਾ ਲਿਖਤੀ ਚਰਿੱਤਰ ਆਜ਼ਾਦ ਹੁੰਦਾ ਹੈ ਅਤੇ ਲਿਖਿਤ ਦੇ ਲਿਖਤੀ ਚਰਿਤ੍ਰ ਦੇ ਆਜ਼ਾਦ ਹੋਣ ਨਾਲ ਸਭਿਆਚਾਰਕ ਪਰੰਪਰਾ ਦਾ ਅਵਚੇਤਨ ਗਿਆਨ-ਸ਼ਾਸਤਰੀ ਚੇਤੰਨਤਾ ਵਿਚ ਵਟ ਜਾਂਦਾ ਹੈ ਅਤੇ ਸਭਿਆਚਾਰ ਦੀਆਂ ਭਵਿਖਾ-ਰਥੀ ਸੰਭਾਵਨਾਵਾਂ ਇਸੇ ਰਾਹ ਉਤੇ ਤੁਰ ਕੇ ਕਾਵਿ-ਸ਼ਾਸਤਰੀ ਸਮੱਸਿਆਵਾਦ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁੜ ਸਕਦੀਆਂ ਹਨ। ਵਿਕੇਂਦ੍ਰਿਤ ਪਾਠ ਦੇ ਅਰਥਾਂ ਵਿਚ ਕਿਸਾ-ਕਾਵਿ ਨੂੰ ਪੜ੍ਹਨ ਲਈ ਸਾਨੂੰ ਪੰਜਾਬੀ ਕਿੱਸਿਆਂ ਵਿਚੋਂ ਉਦਾਹਰਣਾਂ ਦੇਣੀਆਂ ਜ਼ਰੂਰੀ ਬਣਦੀਆਂ ਹਨ। ਸਭ ਤੋਂ ਪਹਿਲਾਂ ਅਸੀਂ ਪੰਜਾਬੀ ਦੇ ਅਤਿਅੰਤ ਪ੍ਰਸਿੱਧ ਕਿੱਸੇ ਹੀਰ-ਵਾਰਿਸ ਨੂੰ ਲੈਂਦੇ ਹਾਂ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਇਸ ਕਿੱਸੇ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਸਾਹਮਣੇ ਰੱਖਿਆ ਜਾ ਸਕਦਾ ਹੈ। ਪੰਗਤੀਆਂ ਇਸ ਪ੍ਰਕਾਰ ਹਨ :

ਅਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ
ਪਹਿਲੋਂ ਆਪ ਹੀ ਰੱਬ ਨੇ ਇਸ਼ਕ ਕੀਤਾ
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ
ਇਸ਼ਕ ਮਰਦ ਦਾ ਭਲਾ ਰੰਜੂਲ ਮੀਆਂ
ਖਿਲੇ ਤਿਨਾ ਦੇ ਬਾਗ਼ ਕਲੂਬ ਅੰਦਰ
ਕੀਤਾ ਜਿਨ੍ਹਾਂ ਨੇ ਇਸ਼ਕ ਕਬੂਲ ਮੀਆਂ।

ਇਨ੍ਹਾਂ ਸਤਰਾਂ ਬਾਰੇ ਇਸ਼ਕ ਦੇ ਵਸਤੂ ਨੂੰ ਭਾਰੇ ਗੌਰੇ ਸੰਕਲਪ ਦੇ ਅਰਥਾਂ ਵਿਚ ਨਿਸ਼ਚਿਤ ਕਰਨ ਵਾਲਾ ਅਧਿਐਨ ਵੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਮਾਰਗ ਉਤੇ ਚਲਣ ਵਾਲੇ ਹੋਰ ਵਿਦਵਾਨਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪੰਗਤੀਆਂ ਦਾ ਕੇਂਦਰੀ ਵਿਸ਼ਾ ਇਸ਼ਕ ਹੈ। ਪਰ ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਸਤਰਾਂ ਦੇ ਪਾਠ ਵਿਚ ਇਕ ਪਾੜ ਪੈ ਜਾਂਦਾ ਹੈ। ਉਹ ਪਾੜ ਜ਼ਰੂਰੀ ਤੇ ਫ਼ਾਲਤੂ ਦਾ ਪਾੜ ਹੈ। ਜ਼ਰੂਰੀ ਇਸ਼ਕ ਬਣ ਜਾਂਦਾ ਹੈ ਤੇ ਬਾਕੀ ਸਭ ਕੁਝ ਫਾਲਤੂ। ਫਾਲਤੂ ਨੂੰ ਇਕ ਪਾਸੇ ਕਰਕੇ, ਜ਼ਰੂਰੀ ਨੂੰ ਪ੍ਰਾਥਮਿਕਤਾ ਦੇਣ ਨਾਲ ਵਿਸ਼ੇ ਦਾ ਅਧਿਆਤਮ ਕਾਇਮ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਪਰਖ ਪੜਤਾਲ ਦੀ ਭੌਤਿਕੀ ਪ੍ਰਕਿਰਿਆ ਇਕ ਲਾਂਭੇ ਹੋ ਜਾਂਦੀ ਹੈ। ਪਰ ਜਦੋਂ ਅਸੀਂ ਪਾਠ ਨੂੰ ਇਕ ਪ੍ਰਬੰਧ ਮੰਨ ਕੇ ਇਸ਼ਕ ਨੂੰ ਹੋਰ ਦੂਸਰੇ ਚਿਹਨਕੀ ਵਰਤਾਰਿਆਂ ਤੇ ਸੰਕਲਪਾਂ ਦੇ ਅੰਤਰਗਤ ਰਖ ਕੇ ਇਸਨੂੰ ਪੜ੍ਹਨ ਦਾ ਯਤਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਵਿਚ ਸਾਰਾ ਪ੍ਰਬੰਧ, ਪਉੜੀ-ਪ੍ਰਬੰਧ ਦਾ ਹੈ। ਪਹਿਲਾਂ ਰੱਬ ਤੋਂ ਗੱਲ ਤੋਰ ਕੇ ਇਸ਼ਕ ਨੂੰ ਰੱਬ ਤੇ ਜਗਤ ਦੇ ਵਿਚਕਾਰ ਰੱਖਿਆ ਗਿਆ ਹੈ। ਰੱਬ ਤੇ ਜਗਤ ਦੇ ਵਿਚਕਾਰ ਆਉਣ ਵਾਲਾ ਇਸ਼ਕ ਸਪੱਸ਼ਟ ਹੈ ਕੋਈ ਸਾਧਾਰਨ ਇਸ਼ਕ ਨਹੀਂ। ਇਸ਼ਕ ਰਾਹੀਂ ਜਗਤ ਤੇ ਰੱਬ ਇਕ ਦੂਜੇ ਨਾਲ ਜੁੜਦੇ ਵੀ ਹਨ ਤੇ ਨਿਖੜਦੇ ਵੀ ਹਨ। ਇਸੀ ਤਰ੍ਹਾਂ ਗੱਲ ਨੂੰ ਘੁਮਾ ਕੇ ਇਸ਼ਕ ਨੂੰ ਮਨੁੱਖ ਦੇ ਬਾਹਰਲੇ ਵਰਤਾਰੇ ਤੋਂ ਤੋਰ ਕੇ ਅੰਦਰਲੀ ਪਹਿਚਾਣ ਤੀਕ ਵੀ ਲਿਆਂਦਾ ਗਿਆ ਹੈ ਅਤੇ ਇਸ ਵਿਚ ਮਨੁੱਖ ਇਸ਼ਕ ਰਾਹੀਂ ਪੀਰ ਫ਼ਕੀਰ ਦੇ ਮਰਤਬੇ ਉਤੇ ਪੁੱਜਦਾ ਹੈ ਤੇ ਫਿਰ ਆਪਣੇ ਅੰਦਰ ਇਕ ਬਾਗ਼ ਖਿੜਨ ਵਾਲੀ ਮਾਨਸਿਕਤਾ ਪ੍ਰਾਪਤ ਕਰਦਾ ਹੈ। ਇਸ ਸਾਰੇ ਸਫ਼ਰ ਵਿਚ ਪਉੜੀ-ਪ੍ਰਬੰਧ ਦੁਆਰਾ ਇਸ਼ਕ ਵਿਕੇਂਦ੍ਰਿਤ ਹੋ ਜਾਂਦਾ ਹੈ ਤੇ ਅਜਿਹਾ ਹੋਣ ਨਾਲ ਇਕ ਅਧਿਆਤਮਕ ਸੰਕਲਪ ਹੋਣ ਦੀ ਬਜਾਏ ਇਸ਼ਕ ਚਿਹਨਕੀ ਪ੍ਰਕਿਰਿਆ ਦਾ ਭਾਗ ਬਣ ਜਾਂਦਾ ਹੈ। ਇਹ ਯਾਤਰਾ ਕੇਂਦਰ ਤੋਂ ਵਿਕੇਂਦਰਣ ਦੀ ਹੈ।

CC-0. In Public Domain. Gurukul Kangri Collection, Haridwar

ਇਸੀ ਤਰ੍ਹਾਂ ਜਦੋਂ ਕਿੱਸੇ ਦੇ ਅਗਲੇ ਹਿੱਸਿਆਂ ਨੂੰ ਪੜ੍ਹੀਦਾ ਹੈ ਤਾਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਵਾਰਿਸ ਸ਼ਾਹ ਆਪ ਵੀ ਇਸ ਬਾਰੇ ਚੇਤੰਨ ਹੈ। ਉਹ ਦ੍ਰਿਸ਼ ਦੀ ਪੇਸ਼ਕਾਰੀ ਕਰਨ ਨਾਲੋਂ ਵੱਖੋ ਵੱਖਰੇ ਖੰਡਾਂ ਵਿਚ ਕਾਰਜਸ਼ੀਲ ਮੱਧਕਾਲੀ ਪੰਜਾਬ ਦੇ ਚਿਹਨਕੀ ਵਰਤਾਰਿਆਂ ਨੂੰ ਪੇਸ਼ ਕਰਨ ਵਿਚ ਵਧੇਰੇ ਵਿਸ਼ਵਾਸ ਰਖਦਾ ਹੈ। ਇਸੇ ਲਈ ਉਹ ਆਪਣੇ ਦ੍ਰਿਸ਼ ਦੀ ਪੇਸ਼ਕਾਰੀ ਵਿਚ ਦ੍ਵੰਦਾਤਮਕ ਸੰਬੰਧ ਬਣਾ ਕੇ ਤੁਰਦਾ ਹੈ ਅਤੇ ਦ੍ਵੰਦਾਤਮਕ ਸੰਬੰਧ ਦੀ ਤਾਂ ਵਿਸ਼ੇਸ਼ਤਾ ਹੀ ਇਹ ਹੈ ਕਿ ਇਹ ਪਰਸਪਰ ਟਕਰਾਉ ਰਾਹੀਂ ਦ੍ਰਿਸ਼ਾਂ ਵਿਚਲਾ ਸਾਰਥਕ ਅਧਿਆਤਮ ਨਸ਼ਟ ਕਰ ਦੇਂਦਾ ਹੈ। ਮਿਸਾਲ ਵਜੋਂ ਵਾਰਿਸ ਸ਼ਾਹ ਜਦੋਂ ਇਸ਼ਕ ਆਦਿ ਦੇ ਬਿਆਨ ਨੂੰ ਬਹੁਤ ਵਡੇ ਵਡੇ ਵਿਵਰਣਾਂ ਵਿਚ ਪੇਸ਼ ਕਰਦਾ ਹੈ ਤਾਂ ਫਿਰ ਆਪ ਹੀ ਚੇਤੰਨ ਹੋ ਕੇ ਆਪਣੇ ਵਲੋਂ ਉਨ੍ਹਾਂ ਨੂੰ ਅਗਾਂਹ ਤੋਰਨ ਦੀ ਚੇਸ਼ਟਾ ਕਰਦਾ ਹੈ। ਜਦੋਂ ਉਹ ਕਹਿੰਦਾ ਹੈ :

"ਇਹ ਮਾਅਨੇ ਸਭ ਕੁਰਾਨ ਦੇ ਨੇ
ਜਿਹੜੇ ਸ਼ੇਅਰ ਮੀਆਂ ਵਾਰਿਸ ਸ਼ਾਹ ਦੇ ਨੇ"

ਤਾਂ ਪਤਾ ਲਗਦਾ ਹੈ ਕਿ ਇਸ ਸਤਰ ਤੋਂ ਉਪਰ ਆਏ ਵੇਰਵੇ ਨੂੰ ਉਹ ਇਕ ਅਜਿਹਾ ਮੋੜ ਦੇ ਰਿਹਾ ਹੈ, ਜਿਸ ਦਾ ਤਰਕ ਦੀ ਪੱਧਰ ਉਤੇ ਉਪਰਲੇ ਵੇਰਵਿਆਂ ਨਾਲ ਕੋਈ ਸਿੱਧਾ ਸੰਬੰਧ ਨਹੀਂ। ਇਹ ਗੱਲ ਵੀ ਪਾਠ ਨੂੰ ਵਿਕੇਂਦਰਣ ਕਰਨ ਦੀ ਵਿਧੀ ਦੀ ਹੀ ਹੈ।

ਇਸੀ ਤਰ੍ਹਾਂ ਅਸੀਂ ਅਖੀਰ ਤਕ ਚਲੇ ਜਾਂਦੇ ਹਾਂ, ਜਿਥੇ ਵਾਰਿਸ ਸ਼ਾਹ ਆਪਣੀ ਰਚਨਾ ਨੂੰ ਇਕ ਅਨਿਓਕਤੀ ਬਣਾ ਕੇ ਪੜ੍ਹਨ ਦੀ ਸਲਾਹ ਦੇਂਦਾ ਹੈ ! ਅਤੇ ਉਥੇ ਇਸ਼ਕ ਦੇ ਲੰਬੇ ਚੌੜੇ ਬਿਆਨ ਨੂੰ ਉਹ ਰੂਹ-ਕਲਬੂਤ, ਨਫ਼ਸ-ਸ਼ੈਤਾਨ, ਹਵਾਸ ਆਦਿ ਨਾਲ ਜੋੜ ਕੇ ਸਾਰੀ ਗੱਲ ਨੂੰ ਤਸੱਵੁਫ਼ ਵਿਚ ਪਾਂਦਾ ਹੈ। ਤਸੱਵੁਫ਼, ਰਹੱਸ ਹੈ; ਅਤੇ ਰਹੱਸ ਨਾਲ ਸੰਬੰਧਿਤ ਅਰਥਾਂ ਦੀ ਕੋਈ ਸਾਰ ਗਰਭਿਤ ਵਿਸ਼ੇਸ਼ਤਾ ਨਹੀਂ ਹੁੰਦੀ। ਉਹ ਤਾਂ ਇਕ ਚਿਹਨਕੀ ਪੱਧਰ ਉਪਰ, ਉਚੇਰੇ ਧਰਾਤਲ ਵਾਲੇ ਸੰਗਠਨ ਤੀਕ ਪੁਜੀ ਗੱਲ ਨੂੰ ਸੰਗਠਿਤ ਕਰ ਰਹੇ ਹੁੰਦੇ ਹਨ। ਇਸ ਕਰ ਕੇ ਵੀ ਅਸੀਂ ਇਸ ਪਾਠ ਨੂੰ ਵਿਕੇਂਦਰਿਤ ਕਹਿ ਸਕਦੇ ਹਾਂ।

ਆਪਣੇ ਤਰਕ ਨੂੰ ਅੱਗੇ ਤੋਰਦਿਆਂ ਹੋਰ ਕਿੱਸਿਆਂ ਵਿਚੋਂ ਵੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਮਿਸਾਲ ਵਜੋਂ ਅਸੀਂ ਹਾਸ਼ਮ ਰਚਿਤ ਸੱਸੀ ਨੂੰ ਹੀ ਵੇਖ ਸਕਦੇ ਹਾਂ। ਹਾਸ਼ਮ ਰਚਿਤ ਸੱਸੀ ਵਿਚ ਸੱਸੀ ਤੇ ਇਸ਼ਕ ਦੀ ਕਹਾਣੀ ਹੈ। ਪਰ ਕਿੱਸੇ ਦੇ ਅਰੰਭ ਵਿਚ ਹੀ ਲੇਖਕ ਪਰਿਵਾਰਕ ਜੀਵਨ ਵਿਚ ਹੋਣੀ ਦੇ ਸੰਕਲਪ ਨੂੰ ਉਤਾਰ ਲੈਂਦਾ ਹੈ, ਜਿਸ ਨਾਲ ਸਾਰੀ ਗੱਲ ਵਿਕੇਂਦਰਿਤ ਹੋ ਜਾਂਦੀ ਹੈ। ਜਨਮ ਲੈਂਦਿਆਂ ਹੀ ਜੋਤਿਸ਼ ਦੇ ਅਧੀਨ ਸੱਸੀ ਨੂੰ ਘਰ ਪਰਵਾਰ ਵਿਚੋਂ ਕਢ ਕੇ ਸੂਕਦੇ ਦਰਿਆ ਵਿਚ ਪਾ ਦਿੱਤਾ ਜਾਂਦਾ ਹੈ। ਇਹ ਨਿਸ਼ਚਿਤ ਜੀਵਨ ਨੂੰ, ਅਨਿਸ਼ਚਿਤ ਹੋਣੀ ਦੇ ਹਵਾਲੇ ਕਰਨ ਦੇ ਬਰਾਬਰ ਹੈ। ਇਸੀ ਤਰ੍ਹਾਂ ਜਦੋਂ ਸੱਸੀ ਧੋਬੀ ਦੇ ਘਰ ਭਰ ਜੁਆਨ ਤੇ ਮੁਟਿਆਰ ਹੁੰਦੀ ਹੈ ਤਾਂ ਉਸ ਨੂੰ ਸ਼ਾਹੀ ਮਹਿਲਾਂ ਦੀ ਪਰਵਾਨਗੀ ਲਈ ਭੇਜਣ ਦਾ ਯਤਨ ਕੀਤਾ ਜਾਂਦਾ ਹੈ; ਪਰੰਤੂ ਉਸ ਦੇ ਗਲ ਵਿਚਲੀ ਗਾਨੀ ਉਸ ਨੂੰ ਉਥੋਂ ਵੀ ਅਪਰਵਾਨ ਕਰ ਦੇਂਦੀ ਹੈ। ਇਸੀ ਤਰ੍ਹਾਂ ਜਦੋਂ ਉਸ ਦੀ ਦੋਸਤੀ ਪੁੰਨੂੰ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਲਗਦੀ ਹੈ ਤਾਂ ਪੁੰਨੂੰ ਸੁਤੀ ਹੋਈ ਸੱਸੀ ਨੂੰ ਛੱਡ ਕੇ ਹੋਤਾਂ ਨਾਲ ਨਸ ਜਾਂਦਾ ਹੈ ਤੇ ਸੱਸੀ ਤਪਾੜ ਮਾਰੂਥਲ ਵਿਚ ਉਸ ਦੀ ਡਾਚੀ ਦੀਆਂ ਪੈੜਾਂ ਲਭਦੀ ਆਪਣੀ ਜਾਨ ਦੇ ਦੇਂਦੀ ਹੈ । ਇਥੇ ਵੀ ਕਹਾਣੀ ਇਕ ਅਜਿਹੀ ਜਗਿਆਸਾ ਦੀ ਹੈ, ਜਿਸ ਦੀ ਕਿਤੇ ਵੀ ਅੰਤਿਮ ਮੰਜ਼ਲ ਨਹੀਂ ਆਉਂਦੀ । ਇਹ ਅਮੁਕ ਜਗਿਆਸਾ ਹੀ ਆਪਣੇ ਆਪ ਵਿਚ ਪਾਠ ਦਾ ਵਿਕੇਂਦਰਣ ਹੈ ।

ਸੋਹਣੀ ਦੇ ਕਿੱਸੇ ਵਿਚ ਇਸੇ ਜਗਿਆਸਾ ਦਾ ਇਕ ਵੱਖਰਾ ਰੂਪ ਹੈ । ਇਸ ਵਿਚ ਆਸ਼ਕ ਤੇ ਮਾਸ਼ੂਕ ਆਪਣੇ ਹਰ ਪ੍ਰਕਾਰ ਦੇ ਜਤਨਾਂ ਦੇ ਬਾਵਜੂਦ ਵੀ ਇਕ ਦੂਜੇ ਨੂੰ ਪ੍ਰਾਪਤ ਹੋਣ ਦੀ ਬਜਾਇ ਸ਼ੂਕਦੇ ਦਰਿਆ ਦੀਆਂ ਲਹਿਰਾਂ ਦੀ ਲਪੇਟ ਵਿਚ ਆ ਜਾਂਦੇ ਹਨ । ਸੱਸੀ ਤਪਦੇ ਮਾਰੂਥਲ ਵਿਚ ਭਟਕਦੀ ਜਾਨ ਦੇ ਦੇਂਦੀ ਹੈ ਤੇ ਸੋਹਣੀ ਤੇ ਮਹੀਂਵਾਲ ਦਰਿਆ ਦੇ ਤੂਫ਼ਾਨੀ ਵੇਗ ਵਿਚ ਜਾਨ ਦੇ ਦੇਂਦੇ ਹਨ । ਦੋਹਾਂ ਵਿਚ ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਇਸ਼ਕ ਕਿਸੇ ਨਿਸ਼ਚਿਤ ਮੰਜ਼ਲ ਉਤੇ ਆ ਕੇ ਨਹੀਂ ਟਿਕਦਾ; ਸਗੋਂ ਮੰਜ਼ਲ ਤੋਂ ਪਹਿਲਾਂ ਹੀ ਇਕ ਨਾਕਾਮੀ ਦੀ ਹਾਲਤ ਵਿਚ ਖ਼ਤਮ ਹੋ ਜਾਂਦਾ ਹੈ । ਇਸੇ ਵਿਚ ਜਗਿਆਸਾ ਹੈ । ਨਿਤਾਪ੍ਰਤੀ ਸੰਸਾਰਕ ਜੀਵਨ ਵਿਚ ਜਗਿਆਸਾ ਅੰਤਮ ਅਰਥਾਂ ਵਿਚ ਇਕ ਜ਼ਰੂਰਤ ਦੀ ਪੂਰਤੀ ਵਿਚ ਬਦਲ ਜਾਂਦੀ ਹੈ ਅਤੇ ਇਸ ਤਰ੍ਹਾਂ ਉਸ ਦਾ ਇਕ ਕੇਂਦਰ ਕਾਇਮ ਹੋ ਜਾਂਦਾ ਹੈ । ਜਗਿਆਸਾ ਉਪਰ ਜ਼ਰੂਰਤ ਹਾਵੀ ਹੋ ਜਾਂਦੀ ਹੈ; ਪਰ ਇਨ੍ਹਾਂ ਕਿੱਸਿਆਂ ਵਿਚ ਆਸ਼ਕਾਂ ਦੀ ਸਾਬਤੀ ਇਸ ਗੱਲ ਵਿਚ ਹੈ ਕਿ ਉਹ ਜਗਿਆਸਾ ਵਿਚ ਹੀ ਮਰ ਮੁਕ ਜਾਂਦੇ ਹਨ । ਚਿਹਨਕੀ ਪ੍ਰਕਿਰਿਆ ਦੀ ਗਤੀ ਵੀ ਇਸੇ ਰਾਹ ਉਤੇ ਤੁਰਦੀ ਹੈ । ਚਿਹਨਕੀ ਪ੍ਰਕਿਰਿਆ ਵਿਚ ਕੋਈ ਅੰਤਮ ਚਿਹਨਿਤ ਅਧਿਆਤਮ ਦਾ ਪੜਾ ਨਹੀਂ ਆਉਂਦਾ ਤੇ ਜਗਿਆਸਾ ਵਿਚ ਵੀ ਕਿਤੇ ਉਦੇਸ਼ ਦੀ ਪੂਰਤੀ ਵਾਲਾ ਪੜਾ ਨਹੀਂ ਆਉਂਦਾ । ਇਸ ਤਰ੍ਹਾਂ ਇਹ ਕਿੱਸੇ ਇਸ ਦ੍ਰਿਸ਼ਟੀ ਤੋਂ ਪੜ੍ਹਨ ਨਾਲ ਵਿਕੇਂਦ੍ਰਿਤ ਪਾਠ-ਪ੍ਰਬੰਧ ਦਾ ਅਰਥ ਦੇਂਦੇ ਪ੍ਰਤੀਤ ਹੁੰਦੇ ਹਨ ।

ਜੇ ਕੇਂਦਰ ਨੂੰ ਇਕ ਨਿਸ਼ਚਿਤ ਪ੍ਰਤਿਮਾਨ ਦੇ ਅਰਥਾਂ ਵਿਚ ਗ੍ਰਹਿਣ ਕਰ ਲਈਏ ਤਾਂ ਵਿਕੇਂਦਰਣ-ਵਿਧੀ ਨੂੰ ਪ੍ਰਤਿਮਾਨ ਤੋਂ ਪ੍ਰਾਹਿਤ ਰੂਪ ਦੀ ਪੇਸ਼ਕਾਰੀ ਵਜੋਂ ਵੇਖਿਆ ਜਾ ਸਕਦਾ ਹੈ । ਪ੍ਰਤਿਮਾਨ ਤੋਂ ਪ੍ਰਾਹਨ ਵਲ ਜਾਣ ਨਾਲ ਸਮਾਜਕ ਸੰਰਚਨਾ ਵਿਕੇਂਦਰਿਤ ਹੋ ਜਾਂਦੀ ਹੈ । ਕਿੱਸਿਆਂ ਵਿਚ ਬਿਰਤਾਂਤ ਦੀ ਗਤੀ ਵਿਧੀ ਇਸੇ ਤੋਰ ਨਾਲ ਤੁਰਦੀ ਹੈ । ਪਰ ਮਿਰਜ਼ਾ ਸਾਹਿਬਾਂ ਵਿਚ ਇਹ ਗਤੀ ਬੜੀ ਸ਼ਿੱਦਤ ਨਾਲ ਪੇਸ਼ ਹੁੰਦੀ ਹੈ । ਇਕ ਉਦਾਹਰਣ ਪੇਸ਼ ਹੈ :

> ਹੁਜਰੇ ਸ਼ਾਹ ਮੁਕੀਮ ਦੇ ਇਕ ਜੱਟੀ ਅਰਜ਼ ਕਰੇ ।
> ਮੈਂ ਬਕਰਾ ਦੇਨੀਆਂ ਪੀਰ ਦਾ, ਮੇਰੇ ਸਿਰ ਦਾ ਖਾਵੰਦ ਮਰੇ ।
> ਹੱਟੀ ਸੜੇ ਕਿਰਾੜ ਦੀ, ਜਿਥੇ ਦੀਵਾ ਨਿਤ ਬਲੇ ।
> ਕੁੱਤੀ ਮਰੇ ਫਕੀਰ ਦੀ, ਜਿਹੜੀ ਟਊਂ ਟਊਂ ਨਿਤ ਕਰੇ ।
> ਪੰਜ ਸਤ ਮਰਨ ਗਵਾਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ ।
> ਗਲੀਆਂ ਹੋਵਣ ਸੁੰਨੀਆਂ, ਵਿਚ ਮਿਰਜ਼ਾ ਯਾਰ ਫਿਰੇ !

ਇਨ੍ਹਾਂ ਸਤਰਾਂ ਵਿਚ ਇਕ ਤਾਂ ਜਾਣਿਆ ਪਛਾਣਿਆ ਪ੍ਰਤਿਮਾਨ ਹੈ ਤੇ ਉਹ ਹੈ : ਪੀਰ ਦੀ ਦਰਗਾਹ ਉਤੇ ਮੰਗ ਮੰਗਣੀ । ਪਰ ਇਥੇ ਜੋ ਮੰਗਾਂ ਮੰਗੀਆਂ ਗਈਆਂ ਹਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਸਾਰੀਆਂ ਹੀ ਪ੍ਰਤਿਮਾਨ ਤੋਂ ਪਰਾਨ ਵਲ ਜਾਣ ਵਾਲੀਆਂ ਹਨ । ਸਿਰ ਤੋਂ ਪਤੀ ਮਰਨਾ, ਕਿਰਾੜ ਦੀ ਹੱਟੀ ਸੜਨਾ, ਕੁੱਤੀ ਮਰਨਾ, ਗਲੀਆਂ ਖਾਲੀ ਕਰਨਾ ਆਦਿ ਦੀਆਂ ਮੰਗਾਂ, ਸਾਰੀ ਸਮਾਜਕ ਵਿਵਸਥਾ ਦਾ ਵਿਕੇਂਦਰਣ ਕਰ ਦੇਣ ਵਾਲੀਆਂ ਮੰਗਾਂ ਹਨ । ਸਭ ਤੋਂ ਪਹਿਲਾਂ ਵਿਕੇਂਦਰਣ ਇਸ ਕਿੱਸੇ ਵਿਚ ਵਰਜਿਤ ਭੋਗ ਨੂੰ ਤੋੜਨ ਨਾਲ ਸੰਬੰਧਿਤ ਹੈ । ਮਿਰਜ਼ੇ ਦਾ ਸਾਹਿਬਾਂ ਨਾਲ ਵਿਆਹ ਸੰਬੰਧ ਜੋੜਨਾ ਨਿਸ਼ਚਿਤ ਸਮਾਜ ਮਰਯਾਦਾ ਦਾ ਵਿਕੇਂਦਰਣ ਹੈ । ਦੂਜਾ ਵਿਕੇਂਦਰਣ ਸਮਾਜ ਵਲੋਂ ਦਿੱਤੇ ਖਾਵੰਦ ਦੇ ਮਰ ਜਾਣ ਦੀ ਮੰਗ ਹੈ । ਵਿਵਾਹਿਤ ਮਨੁੱਖ ਦਾ ਸਮਾਜ ਨਾਲ ਪੱਕਾ ਪੀਡਾ ਰਿਸ਼ਤਾ ਬਣ ਜਾਂਦਾ ਹੈ ਤੇ ਉਹਨੂੰ ਤੋੜਨਾ ਹੀ ਇਕ ਸਥਿਤ ਕੇਂਦਰ ਦਾ ਵਿਕੇਂਦਰਣ ਹੈ । ਇਸ ਕਿੱਸੇ ਦਾ ਅੰਤ ਵੀ ਵਿਕੇਂਦਰਣ ਵਿਧੀ ਦੇ ਪੱਖੋਂ ਖਾਸ ਧਿਆਨ ਦੀ ਮੰਗ ਕਰਦਾ ਹੈ । ਇਸ ਕਿੱਸੇ ਦਾ ਅੰਤ ਅਤਿਅੰਤ ਨਾਟਕੀ ਹੈ । ਉਸ ਵਿਚ ਵਿਸਫ਼ੋਟ ਹੈ । ਸਾਹਿਬਾਂ ਨੂੰ ਅੰਤ ਉਤੇ ਇਕ ਅਜਿਹੇ ਮੁਕਾਮ ਉਤੇ ਲਿਆ ਕੇ ਖੜਾ ਕਰ ਦਿੱਤਾ ਜਾਂਦਾ ਹੈ ਕਿ ਉਹਨੂੰ ਪਤਾ ਨਹੀਂ ਲੱਗਦਾ ਕਿ ਉਹ ਕਿਹੜੇ ਰਾਹ/ਮੁਕਾਮ ਵਲ ਤੁਰੇ ਅਤੇ ਕੀ ਕਰੇ ? ਅੰਤ ਵਿਚ ਤਾਂ ਉਹ ਯਾਰ ਦੇ ਕੇਂਦਰ ਉਤੇ ਵੀ ਨਹੀਂ ਖਲੋਂਦੀ । ਕਿੱਸੇ ਦਾ ਅਜਿਹਾ ਅੰਤ ਵੀ ਸਾਰੇ ਕਿੱਸੇ ਦਾ ਵਿਕੇਂਦਰਣ ਕਰ ਦੇਂਦਾ ਹੈ ।

ਇਸੇ ਵਿਕੇਂਦਰਣ ਵਿਧੀ ਨੂੰ 'ਪੂਰਨ ਭਗਤ' ਦੇ ਕਿੱਸੇ ਵਿਚੋਂ ਵੀ ਵੇਖਿਆ ਜਾ ਸਕਦਾ ਹੈ । ਪੂਰਨ ਜੰਮਦਿਆਂ ਹੀ ਭੋਰੇ ਵਿਚ ਪਾ ਦਿੱਤਾ ਜਾਂਦਾ ਹੈ ਤੇ ਇਉਂ ਇਕ ਪੁੱਤਰ ਵਜੋਂ ਪਰਵਾਨ ਨ ਹੋਣ ਦੇ ਰੂਪ ਵਿਚ ਇਹ ਵਿਕੇਂਦਰਿਤ ਹੋ ਜਾਂਦਾ ਹੈ । ਵੱਡਾ ਹੁੰਦਾ ਹੈ ਤਾਂ ਇਕ ਅਜਿਹੇ ਸੁਹਣੇ ਸੁਣੱਖੇ ਤੇ ਕਾਮ ਉਤੇਜਨਾ ਨੂੰ ਉਤੇਜਿਤ ਕਰਨ ਵਾਲੇ ਜੁਆਨ ਵਜੋਂ ਉਭਰਦਾ ਹੈ ਕਿ ਉਸ ਦੀ ਜੁਆਨੀ ਹੀ ਪੁਆੜੇ ਦੀ ਜੜ੍ਹ ਬਣ ਜਾਂਦੀ ਹੈ । ਈਡੀਪਸ ਆਧਾਰੀ ਜੀਵਨ ਕਰ ਕੇ, ਪਿਉ, ਮਾਰਨ ਲਈ ਤਿਆਰ ਹੋ ਜਾਂਦਾ ਹੈ । ਇਕ ਪਾਸੇ ਮਾਂ ਦੀ ਮਮਤਾ ਹੈ, ਦੂਜੇ ਪਾਸੇ ਕਾਮਨੀ ਦੀ ਕਾਮਨਾ ਹੈ ਤੇ ਤੀਜੇ ਪਾਸੇ ਰਾਜੇ ਦੀ ਤਲਵਾਰ ਹੈ ਤੇ ਪੂਰਨ ਇਨ੍ਹਾਂ ਸਾਰੀਆਂ ਧਿਰਾਂ ਦੇ ਸੰਬੰਧਾਂ ਤੇ ਵਿਰੋਧਾਂ ਵਿਚ ਘਿਰਿਆ ਹੋਇਆ ਹੈ; ਪਰ ਅੰਤ ਉਤੇ ਉਹ ਇਸ ਸਾਰੇ ਭੋਗ ਵਿਲਾਸ ਦੀ ਸੀਮਾ ਤੋਂ ਪਾਰ ਹੋ ਜਾਂਦਾ ਹੈ ਤੇ ਉਜੜੀ ਜ਼ਿੰਦਗੀ ਦੇ ਮੁੜ ਵਸੇਬੇ ਦਾ ਨੇਮ ਬਣ ਨਿਬੜਦਾ ਹੈ । ਇਹ ਸਾਰੀ ਯਾਤਰਾ ਵੀ ਨਿਸ਼ਚਿਤ ਕੇਂਦਰ ਤੋਂ ਵਿਕੇਂਦਰ ਵਲ ਵੱਧਣ ਵਾਲੀ ਯਾਤਰਾ ਹੈ । ਭਾਈਚਾਰੇ ਤੋਂ ਪਰਿਵਾਰਕ ਜੀਵਨ ਦੇ ਸੰਬੰਧ ਵਿਚ ਸੁਕੇਂਦਰਣ, ਸਾਰਾ ਈਡੀਪਸ ਆਧਾਰੀ ਜੀਵਨ ਹੁੰਦਾ ਹੈ ਅਤੇ ਵਿਕੇਂਦਰਣ ਈਡੀਪਸ ਆਧਾਰੀ ਜੀਵਨ ਤੋਂ ਮੁਕਤ ਹੋਣ ਵਿਚ ਪ੍ਰਾਪਤ ਹੁੰਦਾ ਹੈ । ਪੂਰਨ ਇਸ ਮੋਖ ਅਵਸਥਾ ਵਿਚ ਹੀ ਇਕ ਵਿਕੇਂਦਰਿਤ ਨੇਮ ਬਣ ਕੇ ਉਦੈਮਾਨ ਹੁੰਦਾ ਹੈ ।

ਇਸ ਤਰ੍ਹਾਂ ਅਸੀਂ ਕਿੱਸਿਆਂ ਦੇ ਸਮੁੱਚੇ ਦ੍ਰਿਸ਼-ਪ੍ਰਪੰਚ ਵਿਚ ਵਿਕੇਂਦਰਿਤ ਪਾਠ ਦੀ ਗਤੀ-ਪ੍ਰਗਤੀ ਨੂੰ ਕਾਰਜਸ਼ੀਲ ਹੋਇਆ ਵੇਖ ਸਕਦੇ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ-ਕਾਵਿ ਦਾ ਥੀਮਿਕ ਅਧਿਐਨ

ਪੰਜਾਬੀ ਦੇ ਮਧਕਾਲੀ ਸ਼ਬਦ-ਸਭਿਆਚਾਰ ਦੇ ਅੰਤਰਗਤ ਕਿੱਸਿਆ ਦੀ ਖ਼ਾਸੀ ਵਿਕਸਿਤ ਪਰੰਪਰਾ ਹੈ। ਕਾਵਿ-ਸ਼ਾਸਤਰੀ ਨੁਕਤੇ ਤੋਂ ਜਦੋਂ ਅਸੀਂ ਇਸ ਕਾਵਿ ਨੂੰ ਗ੍ਰਹਿਣ ਕਰਨ ਦਾ ਯਤਨ ਕਰਦੇ ਹਾਂ ਤਾਂ ਇਸ ਨੂੰ ਬਿਰਤਾਂਤਕ ਕਾਵਿ ਦੀ ਸ਼੍ਰੇਣੀ ਦੇ ਅੰਤਰਗਤ ਰਖਦੇ ਹਾਂ। ਇਸੇ ਗੱਲ ਨੂੰ ਰਤਾ ਕੁ ਹੋਰ ਵਧਾਉਂਦਿਆਂ ਬਿਰਤਾਂਤਕ ਕਾਵਿ ਦੀ ਅਚੂਕ ਪਛਾਣ ਲਈ ਅਸੀਂ ਕਾਵਿ-ਸ਼ਾਸਤਰੀ ਤਰਕ ਪੱਧਤੀ ਦੀ ਸਹਾਇਤਾ ਨਾਲ, ਇਸ ਦੇ ਮੁਕਾਬਲੇ ਵਿਚ ਪ੍ਰਗੀਤ ਤੇ ਨਾਟਕ ਨੂੰ ਰਖ ਸਕਦੇ ਹਾਂ। ਇਸ ਤਰ੍ਹਾਂ ਸਾਡੇ ਪਾਸ ਤਿੰਨ ਕੋਟੀਆਂ ਉਘੜ ਆਉਂਦੀਆਂ ਹਨ; ਜਿਨ੍ਹਾਂ ਨੂੰ ਅਸੀਂ ਬਿਰਤਾਂਤ, ਪ੍ਰਗੀਤ ਤੇ ਨਾਟਕ ਕਹਿ ਸਕਦੇ ਹਾਂ। ਪਰੰਤੂ ਇਨ੍ਹਾਂ ਦੀ ਨਿਖੜਵੀਂ ਤੇ ਨਖੇੜਵੀ ਪਛਾਣ ਲਈ ਇਨ੍ਹਾਂ ਨਾਲ ਕੁਝ ਪਰਿਭਾਸ਼ਾਯੁਕਤ ਪ੍ਰਸੰਗ ਵੀ ਜੋੜਨ ਦੀ ਲੋੜ ਪੈਂਦੀ ਹੈ। ਇਸੀ ਲੋੜ ਦੇ ਦਬਾਉ ਅਧੀਨ ਅਸੀਂ ਇਹ ਕਹਿੰਦੇ ਹਾਂ ਕਿ ਬਿਰਤਾਂਤ, ਘਟਨਾਵਾਂ ਦੀ ਕਾਰਜ-ਕਾਰਣ ਯੁਕਤ ਲੜੀ ਦਾ ਨਾਮ ਹੈ। ਇਸ ਦੇ ਮੁਕਾਬਲੇ ਉਤੇ ਪ੍ਰਗੀਤ ਚਿੱਤਰਗਤ ਬਿੰਦੂ ਉਤੇ ਟਿਕਿਆ ਇਕ ਸੰਗਠਨ ਹੈ। ਇਸ ਤਰ੍ਹਾਂ ਇਨ੍ਹਾਂ ਦੋਹਾਂ ਦੇ ਮੁਕਾਬਲੇ ਉਤੇ ਨਾਟਕ ਘਟਨਾਵਾਂ ਦੇ ਆਪਸੀ ਟਕਰਾਉ ਉਪਰ ਉਸਰਿਆ ਰੂਪਕਾਰ ਹੈ। ਘਟਨਾਵਾਂ ਦੀ ਨਿਰੰਤਰ ਲੜੀ ਇਕ ਕਹਾਣੀ ਪੇਸ਼ ਕਰਦੀ ਹੈ। ਚਿੱਤਰਗਤ ਬਿੰਦੂ ਉਪਰ ਟਿਕਿਆ ਸੰਗਠਨ ਇਕਸੁਰਤਾ ਦਾ ਪ੍ਰਭਾਵ ਪੇਸ਼ ਕਰਦਾ ਹੈ ਤੇ ਘਟਨਾਵਾਂ ਦੇ ਟਕਰਾਉ ਵਾਲਾ ਰੂਪਾਕਾਰ ਵਿਸਫ਼ੋਟ ਦੀ ਹੱਦ ਤੀਕ ਜਾ ਕੇ ਵਿਗਠਨ ਵਿਚੋਂ ਅਰਥਾਂ ਦਾ ਅਵਸ਼ਕਾਰ ਕਰਦਾ ਹੈ। ਇਸ ਤਰ੍ਹਾਂ ਨਾਟਕ ਤੇ ਪ੍ਰਗੀਤ ਦੇ ਮੁਕਾਬਲੇ ਉਤੇ ਬਿਰਤਾਂਤ ਇਕਸੁਰਤਾ ਤੇ ਟਕਰਾਉ ਨੂੰ ਆਪਣੀਆਂ ਇਮਦਾਦੀ ਸ਼ਕਤੀਆਂ ਬਣਾ ਕੇ ਪਿੱਠ-ਭੂਮੀ ਵਿਚ ਲੈ ਜਾਂਦਾ ਹੈ ਤੇ ਪ੍ਰਪੰਚ ਦੀ ਪੱਧਰ ਉਤੇ ਘਟਨਾਵਾਂ ਦੇ ਪ੍ਰਵਾਹ ਨੂੰ ਪੇਸ਼ ਕਰ ਦੇਂਦਾ ਹੈ। ਪਰ ਅਸੀਂ ਤਾਂ ਬਿਰਤਾਂਤ ਨੂੰ ਪੰਜਾਬ ਦੀ ਦੇਸੀ ਪਰੰਪਰਾ ਦੇ ਅੰਤਰਗਤ ਵਿਕਸਿਤ ਹੋਈ ਕਿੱਸਾ-ਕਾਵਿ ਦੀ ਪਰੰਪਰਾ ਦੇ ਅੰਤਰਗਤ ਰਖ ਕੇ ਵੇਖ ਰਹੇ ਹਾਂ। ਇਸ ਲਈ ਇਸ ਸੰਦਰਭ ਵਿਚ ਕਿੱਸਾ, ਬਿਰਤਾਂਤ ਤੇ ਕਾਵਿ ਦੇ ਦੂਹਰੇ ਪਿੰਡੇ ਵਾਲਾ ਹੋ ਨਿਬੜਦਾ ਹੈ। ਅਰਥਾਤ ਇਸ ਵਿਚ ਬਿਰਤਾਂਤ ਵੀ ਹੈ ਤੇ ਕਾਵਿ ਵੀ ਹੈ। ਘਟਨਾਵਾਂ ਦੀ ਗਤੀ ਅਵਸ਼ ਹੀ ਇਸ ਵਿਚ ਚਲਦੀ ਹੈ ਪਰੰਤੂ ਇਸ ਗਤੀ ਨੂੰ ਪ੍ਰਵਾਹਿਤ ਕਰਨ ਲਈ ਕਾਵਿ ਦਾ ਕਵਿੱਤਵ ਤੇ ਸ਼ਿਲਪ ਦੋਵੇਂ ਹੀ ਪੂਰੀ ਭਰਪੂਰਤਾ ਨਾਲ ਵਰਤੇ ਗਏ ਹਨ। ਬਿਰਤਾਂਤ ਦੀ ਕਹਾਣੀ ਤੋਂ ਇਲਾਵਾ ਜੇ ਕਰ ਕੋਈ ਰਸਕ ਪਾਠਕ ਇਸ ਵਿਚੋਂ ਕਾਵਿ ਦਾ ਅਨੰਦ ਲੈਣਾ ਚਾਹੇ ਤਾਂ ਇਸ ਵਿਚ ਵੀ ਉਸ ਨੂੰ ਕਮੀ ਮਹਿਸੂਸ ਨਹੀਂ ਹੁੰਦੀ। ਇਸ ਤਰ੍ਹਾਂ ਕਹਾਣੀ ਦਾ ਰੁਮਾਂਸ ਤੇ ਕਾਵਿ ਦਾ ਰਸ ਦੋਵੇਂ ਹੀ

CC-0. In Public Domain. Gurukul Kangri Collection, Haridwar

ਇਸ ਵਿਚ ਬੜੀ ਬਹੁਤਾਤ ਨਾਲ ਵਿਦਮਾਨ ਹਨ। ਪਰ ਗੱਲ ਇਥੇ ਹੀ ਖਤਮ ਨਹੀਂ ਹੋ ਜਾਂਦੀ। ਗੱਲ ਇਸ ਤੋਂ ਅਗਾਂਹ ਤੁਰਦੀ ਹੈ।

Digitized by Arya Samaj Foundation Chennai and eGangotri

ਕਾਵਿ-ਸ਼ਾਸਤਰੀ ਨੁਕਤੇ ਤੋਂ ਅਜੋਕੇ ਯੁਗ ਵਿਚ ਵਿਦਵਾਨਾਂ ਨੇ ਇਹ ਗੱਲ ਸਮਝਾਈ ਹੈ ਕਿ ਮਨੁੱਖ ਨੇ ਆਪਣੀ ਮਨੁੱਖਤਾ ਨੂੰ ਉਘਾੜਨ ਲਈ ਆਪਣੀ ਪਾਸ਼ਵਿਕ ਪ੍ਰਕਿਰਤੀ ਤੋਂ ਉਚੇਰਾ ਉਠਣ ਦੀ ਕੋਸ਼ਿਸ਼ ਕੀਤੀ ਹੈ। ਇਸ ਪ੍ਰਯਤਨ ਅਧੀਨ ਉਸ ਨੇ ਕੁਲ ਕਾਇਨਾਤ ਦੀ ਪ੍ਰਾਂਕਿਰਤਕ ਤੇ ਪਦਾਰਥਕ ਹੋਂਦ ਦੀ ਦੁਨੀਆਂ ਤੋਂ ਉਠ ਕੇ ਆਪਣੀ ਅਰਥਾਂ ਤੇ ਕਦਰਾਂ ਦੀ ਦੁਨੀਆ ਸਿਰਜੀ ਹੈ। ਅਜਿਹੇ ਸਿਰਜਨ ਵਿਚ ਉਸ ਨੇ ਗੱਲ ਨੂੰ ਪ੍ਰਕਿਰਤੀ ਵਿਚੋਂ ਚੁਕਿਆ ਹੈ ਤੇ ਸੰਸਕ੍ਰਿਤੀ ਵਿਚ ਤਬਦੀਲ ਕੀਤਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਪ੍ਰਕਿਰਤੀ ਤੋਂ ਸੰਸਕ੍ਰਿਤੀ ਵਿਚ ਸਾਮਗ੍ਰੀ ਨੂੰ ਲੈ ਜਾਣ ਲਈ, ਮਨੁੱਖ ਨੇ ਸੰਦ ਕਿਹੜੇ ਵਰਤੇ ਹਨ? ਇਸ ਗੱਲ ਦਾ ਅਧਿਐਨ ਕਰਨ ਤੋਂ ਇਹ ਗੱਲ ਸਮਝ ਆਉਂਦੀ ਹੈ ਕਿ ਮਨੁੱਖ ਦਾਂ ਪ੍ਰਮੁਖ ਸੰਦ ਇਸ ਪ੍ਰਸੰਗ ਵਿਚ ਭਾਸ਼ਾ ਹੈ। ਅਰਥਾਤ ਭਾਸ਼ਾ ਇਕ ਅਜਿਹਾ ਹਥਿਆਰ ਹੈ ਜੋ ਆਪਣੀ ਸਮੁੱਚੀ ਪ੍ਰਾਪਤੀ ਵਿਚ ਤਾਂ ਵਿਸ਼ੁਧ ਸਾਂਸਕ੍ਰਿਤਿਕ ਉਪਲਭਧੀ ਹੈ ਪਰ ਇਹ ਕੰਮ ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਦਰਮਿਆਨ ਵਿਚੋਲਗੀਰੀ ਦਾ ਕਰਦਾ ਹੈ ਅਤੇ ਆਪਣੇ ਅਜਿਹੇ ਕੰਮ ਰਾਹੀਂ ਇਹ ਸੰਸਕ੍ਰਿਤੀ ਵਿਚ ਕਈ ਪ੍ਰਕਾਰ ਦੀਆਂ ਵੰਨ ਸੁਵੰਨੀਆਂ ਤੇ ਜਟਿਲ ਬਣਤਰਾਂ ਬਣਾਉਣ ਦੀ ਪ੍ਰਕਿਰਿਆ ਵਿਚ ਪਿਆ ਹਹਿੰਦਾ ਹੈ। ਅਜਿਹੀਆਂ ਸਾਰੀਆਂ ਬਣਤਰਾਂ ਮਨੁੱਖੀ ਸਾਰਥਕਤਾਂ ਨੂੰ ਨਿਸ਼ਚਿਤ ਕਰਨ ਵਾਲੇ ਪ੍ਰਵਚਨ ਹੀ ਹੁੰਦੇ ਹਨ। ਇਨ੍ਹਾਂ ਵਿਚ ਬੁਨਿਆਦੀ ਤਾਂ ਭਾਸ਼ਾ ਹੀ ਹੁੰਦੀ ਹੈ ਪਰੰਤੂ ਇਸ ਬੁਨਿਆਦ ਦੇ ਉਪਰ ਉਸਰੀਆਂ ਬਣਤਰਾਂ ਭਾਸ਼ਾ-ਅਤਿਰਿਕਤ ਵਿਧੀਆਂ ਦੀ ਤਕਨੀਕ ਵਿਚ ਉਘੜਦੀਆਂ ਆਉਂਦੀਆਂ ਹਨ। ਇਉਂ ਭਾਸ਼ਾ ਤੇ ਭਾਸ਼ਾ ਅਤਿਰਿਕਤ ਤਕਨੀਕ ਮਿਲ ਕੇ ਮਾਨਵੀ ਜਗਤ ਵਿਚ ਸਾਰਥਕਤਾ ਨੂੰ ਦ੍ਰਿੜ ਕਰਨ ਵਾਲੇ ਸੰਗਠਨ ਬਣਾਉਂਦੀਆਂ ਹਨ। ਇਸੇ ਪ੍ਰਸੰਗ ਵਿਚ ਹੀ ਥੀਮਿਕਤਾ ਦੀ ਗੱਲ ਕੀਤੀ ਜਾ ਸਕਦੀ ਹੈ। ਅਰਥਾਤ ਥੀਮਿਕਤਾ ਅਜਿਹੇ ਸੰਗਠਨ ਨੂੰ ਕਿਹਾ ਜਾਂਦਾ ਹੈ ਜੋ ਪ੍ਰਕਿਰਤੀ ਨੂੰ ਨਿਯੰਤ੍ਰਣ ਵਿਚ ਲੈ ਕੇ, ਸਾਂਸਕ੍ਰਿਤਿਕ ਸਾਰਥਕਤਾ ਵਿਚ ਬਦਲ ਦੇਂਦਾ ਹੈ।

ਸਾਡੀ ਤਰਕ-ਪੱਧਤੀ ਸਾਨੂੰ ਫਿਰ ਭਾਸ਼ਾ ਉਤੇ ਲੈ ਆਉਂਦੀ ਹੈ। ਪ੍ਰਕਿਰਤੀ ਨੂੰ ਸਾਂਸਕ੍ਰਿਤਿਕ ਸਾਰਥਕਤਾ ਵਿਚ ਬਦਲਣ ਦਾ ਪਹਿਲਾਂ ਯਤਨ ਭਾਸ਼ਾ ਵਿਚ ਹੀ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਥੀਮਿਕਤਾ ਦੀ ਪਹਿਲੀ ਪ੍ਰਮਾਣਿਕ ਗਵਾਹੀ ਭਾਸ਼ਾ ਦੀ ਈਜਾਦ ਹੈ। ਭਾਸ਼ਾ ਜੋ ਨਿਰੰਤਰ ਸੰਚਾਰ ਪ੍ਰਵਾਹ ਨੂੰ, ਨਿਯੰਤ੍ਰਿਤ ਸੰਚਾਰ ਸਾਰਥਕਤਾ ਵਿਚ ਬਦਲਦੀ ਹੈ, ਅਵਸ਼ ਹੀ ਮਾਨਵੀ ਕਦਰਾਂ ਕੀਮਤਾਂ ਦੇ ਮਹੱਤਵ ਨੂੰ ਦ੍ਰਿੜ ਕਰਾਉਣ ਵਾਲੀ ਹੁੰਦੀ ਹੈ। ਸੁਆਲ ਪੈਦਾ ਹੁੰਦਾ ਹੈ ਕਿ ਇਹ ਭਾਸ਼ਾਈ ਨਿਯੰਤ੍ਰਣ, ਪ੍ਰਕਿਰਤੀ ਨੂੰ ਕਿਸ ਪ੍ਰਕਾਰ ਦੇ ਵਤੀਰੇ ਦੁਆਰਾ ਮਿਲਦਾ ਹੈ। ਉੱਤਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਕਿਰਤੀ ਵਿਚ ਨਿਗਰ ਤੇ ਭਾਰੀ ਗੌਰੀ ਵਾਸਤਵਿਕਤਾ ਤੇ ਸਾਮਗ੍ਰੀ ਹੁੰਦੀ ਹੈ। ਇਹ ਸਮਗ੍ਰੀ ਮਨੁੱਖ ਦੇ ਉਪਯੋਗ ਲਈ ਜ਼ਰੂਰੀ ਹੈ। ਇਸ ਰਾਹੀਂ ਮਨੁੱਖ ਦੀ ਪਾਸ਼ਵਿਕਤਾ ਆਪਣੀਆਂ ਆਦਮਜਾਤ ਭੁਖਾਂ ਦੀ ਤ੍ਰਿਪਤੀ ਕਰਦੀ ਹੈ। ਇਸ ਖਾਤਰ ਮਨੁੱਖ ਆਪਣੇ ਇੰਦ੍ਰਿਆਂ ਰਾਹੀਂ ਬਾਹਰਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਤਾਵਰਣ ਨਾਲ ਉਤੇਜਨਾ-ਪ੍ਰਤੀਉੱਤਰ ਦੇ ਸੰਬੰਧ ਵਿਚ ਜੁੜਿਆ ਹੁੰਦਾ ਹੈ ਅਤੇ ਇਸ ਯੰਤਰ ਦੀ ਮਦਦ ਨਾਲ ਆਪਣੀ ਉਪਜੀਵਕਾ ਨੂੰ ਸਾਧਦਾ ਹੈ। ਪਰੰਤੂ ਜਿਉਂ ਹੀ ਭਾਸ਼ਾ ਇਸ ਸਾਰੀ ਪ੍ਰਕਿਰਿਆ ਵਿਚ ਸ਼ਾਮਲ ਹੁੰਦੀ ਹੈ, ਸਾਰੀ ਗੱਲ ਬਦਲ ਜਾਂਦੀ ਹੈ। ਮਨੁੱਖ ਆਪਣੀ ਉਪਜੀਵਕਾ ਨੂੰ ਤਾਂ ਸਾਧਦਾ ਹੀ ਹੈ, ਪਰ ਭਾਸ਼ਾ ਰਾਹੀਂ ਉਹ ਆਪਣੀ ਮਾਨਸਿਕਤਾ ਨੂੰ ਵੀ ਵਿਕਸਿਤ ਕਰ ਲੈਂਦਾ ਹੈ। ਇਹ ਭਾਸ਼ਾ ਅੱਗੋਂ ਕਈ ਬਣਤਰਾਂ ਰਾਹੀਂ ਮਨੁੱਖ ਦੇ ਮਾਨਸਿਕ ਵਿਕਾਸ ਦੀ ਪ੍ਰਕਿਰਿਆ ਨੂੰ ਉਘਾੜਨ ਦਾ ਕਾਰਨ ਬਣਦੀ ਹੈ। ਇਥੇ ਭਾਸ਼ਾ ਦੋ ਪੱਖੀ ਵਿਹਾਰ ਵਿਚ ਰੁਝ ਜਾਂਦੀ ਹੈ। ਇਕ ਪੱਖ ਵਾਸਤਵਿਕਤਾ ਤੇ ਪ੍ਰਕਿਰਤੀ ਨੂੰ ਪਛਾਣਨ ਦਾ ਹੁੰਦਾ ਹੈ ਤੇ ਦੂਜਾ ਪੱਖ ਮਾਨਸਿਕਤਾ ਦੇ ਵਿਕਾਸ ਦਾ। ਪ੍ਰਕਿਰਤੀ ਤੇ ਵਾਸਤਵਿਕਤਾ ਦੀ ਪਛਾਣ ਰਾਹੀਂ ਭਾਸ਼ਾ ਮਨੁੱਖ ਦੀਆਂ ਸਰੀਰੀ ਤੇ ਪ੍ਰਾਣਧਾਰੀ ਲੋੜਾਂ ਦੀ ਇਮਦਾਦ ਕਰਦੀ ਹੈ। ਮਾਨਸਿਕ ਵਿਕਾਸ ਦੀ ਦਿਸ਼ਾ ਵਿਚ ਭਾਸ਼ਾ ਭਵਿਖਾਰਥੀ ਟੀਚਿਆਂ ਦੀ ਯੋਜਨਾ ਬਣਾਉਂਦੀ ਹੈ। ਟੀਚਿਆਂ ਦੀ ਯੋਜਨਾ ਬਣਾਉਣ ਦੀ ਪ੍ਰਕਿਰਿਆ, ਭਾਸ਼ਾ ਦੇ ਵਿਸ਼ੁਧ ਭਾਸ਼ਾਈ ਆਯਾਮ ਨੂੰ ਸਪੱਸ਼ਟ ਕਰਦੀ ਹੈ। ਇਸ ਮਾਰਗ ਉਤੇ ਭਾਸ਼ਾ ਆਪਣੀ ਪਕੜ ਵਿਚ ਆਉਣ ਵਾਲੀ ਹਰ ਪ੍ਰਕਾਰ ਦੀ ਸੂਚਨਾ ਨੂੰ ਇਕ ਨਿਯੋਜਨ, ਪ੍ਰਬੰਧ, ਮਨਸੂਬੇ ਜਾਂ ਵਿਉਂਤਬੰਦੀ ਵਿਚ ਢਾਲਦੀ ਚਲੀ ਜਾਂਦੀ ਹੈ। ਇਸ ਤਰ੍ਹਾਂ ਭਾਰਯੁਕਤ ਸਾਮਗ੍ਰੀ, ਯੋਜਨਾਬੱਧ ਪ੍ਰਬੰਧ ਵਿਚ ਢਲਦੀ ਜਾਂਦੀ ਹੈ। ਕਾਇਨਾਤ ਦੀ ਨਿਰੰਤਰਤਾ ਜੋ ਦੇਸ, ਕਾਲ, ਕਾਰਣ ਦੀਆਂ ਸੀਮਾਵਾਂ ਵਿਚ ਪ੍ਰਵਾਹਿਤ ਰਹਿੰਦੀ ਹੈ, ਉਪਰ ਭਾਸ਼ਾ ਇਸੇ ਨਿਯੋਜਨ ਤੇ ਪ੍ਰਬੰਧ ਦੇ ਹਸਤਾਖਰ ਕਰ ਦੇਂਦੀ ਹੈ ਤੇ ਅੱਗੋਂ ਭਾਸ਼ਾ ਦੀ ਯਾਤਰਾ ਇਸੇ ਨਿਯੋਜਨ ਤੇ ਪ੍ਰਬੰਧ ਦੀ ਦਿਸ਼ਾ ਵਲ ਦੀ ਹੋ ਜਾਂਦੀ ਹੈ। ਇਉਂ ਵਿਸ਼ੇਗਤ ਸਾਰਥਕਤਾ, ਯੋਜਨਾਬੱਧ ਬੀਮਿਕਤਾ ਵਿਚ ਬਦਲ ਜਾਂਦੀ ਹੈ। ਯੋਜਨਾਬੱਧ ਬੀਮਿਕਤਾ, ਭਾਸ਼ਾ ਦੀ ਹਰ ਉਕਤੀ ਤੇ ਪਦ ਨੂੰ ਉਸ ਦੀ ਵਿਆਕਰਣ ਤਕਨਾਲੋਜੀ ਨਾਲ ਜੋੜਦੀ ਹੈ। ਦੂਜੇ ਸ਼ਬਦਾਂ ਵਿਚ ਭਾਸ਼ਾ ਦੀ ਭਾਸ਼ਾਈ ਸਾਰਥਕਤਾ ਪ੍ਰਬੰਧ ਦੀ ਪੱਧਰ ਉਤੇ ਉਸ ਦੀ ਵਿਆਕਰਣ ਤਕਨਾਲੋਜੀ ਨਾਲ ਹੀ ਸੰਬੰਧਿਤ ਹੁੰਦੀ ਹੈ। ਭਾਸ਼ਾ ਦੀ ਉਕਤੀ ਤੋਂ ਤੁਰ ਕੇ ਵਿਆਕਰਣ ਤਕਨਾਲੋਜੀ ਤੀਕ ਪੁਜਣਾ ਤੇ ਇਸ ਦਿਸ਼ਾ ਉਪਰ ਸਾਵਧਾਨੀ ਨਾਲ ਤੁਰਨਾ ਬੜਾ ਕਠਨ ਕਾਰਜ ਹੈ। ਕਿਉਂਕਿ ਭਾਸ਼ਾ ਦੀਆਂ ਉਕਤੀਮੂਲਕ ਕੋਟੀਆਂ ਸ਼ਬਦ ਤੋਂ ਤਿਲਕ ਕੇ, ਵਸਤੂ ਵਲ ਚਲੀਆਂ ਜਾਂਦੀਆਂ ਹਨ। ਜਿਹੜਾ ਵਿਅਕਤੀ ਵਸਤੂ-ਮੂਲਕਤਾ ਵਲ ਉਲਾਰ ਹੋ ਜਾਂਦਾ ਹੈ, ਉਸ ਦੇ ਹੱਥੋਂ ਵਿਆਕਰਣ ਦਾ ਤਾਲ ਥਿੜਕ ਜਾਂਦਾ ਹੈ ਅਤੇ ਉਹ ਸ਼ਬਦ ਤੋਂ ਤਿਲਕ ਕੇ ਵਾਸਤਵਿਕਤਾ ਦੇ ਪ੍ਰਪੰਚ ਵਿਚ ਜਾ ਵੜਦਾ ਹੈ। ਅਜਿਹੀ ਯਾਤਰਾ ਵਿਚ ਭਾਸ਼ਾ ਦੀ ਭਾਸ਼ਾਤਮਕਾ ਖਤਮ ਹੁੰਦੀ ਹੈ ਤੇ ਵਾਸਤਵਿਕਤਾ ਆਪਣੀ ਜਟਲਤਾ ਵਿਚ ਜ਼ੋਰਦਾਰ ਹੋ ਜਾਂਦੀ ਹੈ। ਪਰ ਜਦੋਂ ਕੋਈ ਵਿਅਕਤੀ ਭਾਸ਼ਾ ਦੀ ਉਕਤੀਮੂਲਕ ਪੱਧਰ ਉਤੇ ਪੈਦਾ ਹੋਣ ਵਾਲੀ ਸੂਚਨਾ ਨੂੰ ਮੁੜ ਸ਼ਬਦ ਦੀ ਟਕਸਾਲ ਉਤੇ ਘੜਦਾ ਹੈ ਤਾਂ ਉਹ ਸ਼ਾਬਦਿਕ ਕੋਟੀਆਂ ਤੋਂ ਤੁਰ ਕੇ ਵਿਆਕਰਣਿਕ ਕੋਟੀਆਂ ਵਲ ਜਾਂਦਾ ਹੈ ਅਤੇ ਅੰਤ ਉਤੇ ਵਿਆਕਰਣ ਦੀ ਉਸ ਤਕਨਾਲੋਜੀ ਤੀਕ ਜਾ ਪੁਜਦਾ ਹੈ ਜੋ ਸ਼ਬਦਾਂ ਤੋਂ ਬਿਨਾ ਵਸਤਾਂ ਨੂੰ ਵੀ ਭਾਸ਼ਾ ਵਿਚ ਤਬਦੀਲ ਕਰ ਲੈਂਦੀ ਹੈ। ਇਹ ਥੀਮਿਕਤਾ ਦੀ ਯਾਤਰਾ ਹੈ।

ਮਧਕਾਲੀ ਪੰਜਾਬ ਵਿਚ ਥੀਮਿਕਤਾ ਦੀ ਇਹ ਯਾਤਰਾ ਗੁਰੂਆਂ ਦੁਆਰਾ ਸ਼ਾਸਤਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਧਰ ਉਪਰ ਖਾਸੀ ਸਪੱਸ਼ਟ ਹੈ ਪਰ ਇਸ ਵੇਲੇ ਸਾਡਾ ਮਸਲਾ ਕਿੱਸਾ-ਕਾਵਿ ਨਾਲ ਸੰਬੰਧਿਤ ਹੈ। ਕਿੱਸਾ-ਕਾਵਿ ਵਿਚ ਜਿਵੇਂ ਕਿ ਅਸੀਂ ਉਪਰ ਕਿਹਾ ਹੈ, ਭਾਸ਼ਾ ਵੀ ਹੈ, ਭਾਸ਼ਾ-ਅਤਿਰਿਕਤ ਵਿਧਾਨ ਵੀ ਹੈ ਅਤੇ ਨਾਲ ਹੀ ਸਮੁੱਚੀ ਭਾਈਚਾਰਕਤਾ ਨੂੰ, ਉਸ ਦੀਆਂ ਸਾਰੀਆਂ ਟਕਰਾਂ ਸਮੇਤ, ਪੇਸ਼ਕਾਰੀ ਦੇਣ ਵਾਲਾ ਪ੍ਰਪੰਚ ਤੇ ਪ੍ਰਬੰਧ ਵੀ ਸ਼ਾਮਲ ਹੈ। ਇਸ ਸਾਰੇ ਦਾ ਉਪਰੋਕਤ ਸੰਕਲਪਿਤ ਥੀਮਿਕਤਾ ਦੇ ਪੱਖ ਤੋਂ ਅਧਿਐਨ ਬੜੇ ਦਿਲਚਸਪ ਤੇ ਵਿਚਿੱਤਰ ਮਸਲੇ ਸਾਡੇ ਸਾਹਮਣੇ ਕਰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਹਨਾਂ ਦੇ ਵਿਵਰਣ ਵਿਚ ਜਾਈਏ, ਸਾਨੂੰ ਭਾਸ਼ਾ ਤੇ ਭਾਸ਼ਾ ਬਾਹਰੇ ਸੰਸਾਰ ਦੀ ਆਪਸੀ ਦ੍ਵੰਦਾਤਮਕਤਾ ਅਤੇ ਭਾਸ਼ਾ ਬਾਹਰੇ ਸੰਸਾਰ ਤੋਂ ਭਾਸ਼ਾਯੁਕਤ ਸੰਸਾਰ ਦੀ ਯਾਤਰਾ ਨੂੰ ਵੀ ਸਪੱਸ਼ਟ ਕਰ ਲੈਣਾ ਚਾਹੀਦਾ ਹੈ। ਅਸਲ ਵਿਚ ਭਾਸ਼ਾ ਬਾਹਰਾ ਸੰਸਾਰ ਪ੍ਰਕਿਰਤੀ ਦਾ ਤੇ ਜੀਵਾਤਮਕਤਾ ਦਾ ਸੰਸਾਰ ਹੈ। ਭਾਸ਼ਾ ਬਾਹਰੀ ਪ੍ਰਕਿਰਤੀ ਤੇ ਜੀਵਾਤਮਕਤਾ ਪਾਸ਼ਵਿਕ ਖੇਤਰ ਨਾਲ ਸੰਬੰਧਿਤ ਹੈ। ਭਾਸ਼ਯੁਕਤ ਪ੍ਰਕਿਰਤੀ ਤੇ ਜੀਵਾਤਮਕਤਾ ਆਪਣੇ ਪ੍ਰਕਿਰਤੀ ਤੇ ਜੀਵਾਤਮਕਤਾ ਨੂੰ ਨਾਲ ਰਖਦਿਆਂ ਭਾਸ਼ਾ ਦੇ ਅਨੁਸ਼ਾਸਨ ਵਿਚ ਪ੍ਰਵਿਸ਼ਟ ਕਰ ਜਾਂਦੇ ਹਨ। ਅਜਿਹੇ ਪ੍ਰਵੇਸ਼ ਵਿਚ ਪ੍ਰਕਿਰਤੀ-ਸੰਸਕ੍ਰਿਤੀ ਦ੍ਵੰਦ ਵੀ ਹੈ ਤੇ ਪ੍ਰਕਿਰਤੀ ਤੋਂ ਸੰਸਕ੍ਰਿਤੀ ਦੀ ਯਾਤਰਾ ਵੀ। ਕਿੱਸਿਆਂ ਵਿਚ ਕਿਉਂਕਿ ਭਾਸ਼ਾਈ ਯੋਜਨਾ ਦੀ ਮਦਦ ਨਾਲ ਬਿਰਤਾਂਤਕਤਾ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਭਾਸ਼ਾ ਪਹਿਲੀ ਪੱਧਰ ਉਤੇ ਆਪਣੇ ਦੁਆਰਾ ਐਸੀਆਂ ਘਟਨਾਵਾਂ, ਦ੍ਰਿਸ਼ਾਂ, ਮਨੁੱਖਾਂ, ਉਨ੍ਹਾਂ ਵਿਚਲੀਆਂ ਟਕਰਾਂ ਆਦਿ ਨੂੰ ਖੋਲ੍ਹਦੀ ਹੈ, ਜਿਨ੍ਹਾਂ ਵਿਚ ਮਨੁੱਖ ਦੀ ਜੀਵਾਤਮਕਤਾ ਆਪਣੀਆਂ ਵੇਦਨਾਵਾਂ, ਸੰਵੇਦਨਾਵਾਂ ਸਮੇਤ ਉਘੜਦੀ ਨਜ਼ਰ ਆਉਂਦੀ ਹੈ। ਇਸ ਪੱਧਰ ਉਤੇ ਮਨੁੱਖ ਨੂੰ ਉਸ ਦੀਆਂ ਸਾਰੀਆਂ ਅਕਾਂਖਿਆਵਾਂ ਸਮੇਤ ਜਗਾਇਆ ਜਾਂਦਾ ਹੈ; ਭਾਵੇਂ ਇਸ ਦੇ ਨਾਲ ਨਾਲ ਮਰਯਾਦਾ ਦਾ ਅੰਕਸ ਵੀ ਚਲਦਾ ਹੈ ਪਰੰਤੂ ਪਹਿਲੀ ਪੱਧਰ ਉਤੇ ਵਿਚਿਤਰਤਾ ਵੇਦਨਾਵਾਂ, ਸੰਵੇਦਨਾਵਾਂ ਦੇ ਡਰਾਮੇ ਤੇ ਇਸ ਡਰਾਮੇ ਦੇ ਭਾਵੁਕ ਪ੍ਰਭਾਵਕ ਪ੍ਰਤੀਉੱਤਰ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਇਹ ਭਾਸ਼ਾਈ ਤਵਾਜ਼ਨ ਤੋਂ ਤਿਲਕਣ ਦੀ ਵਿੱਧੀ ਹੈ। ਤੇ ਦੂਸਰੀ ਪੱਧਰ ਉਪਰ ਮਰਯਾਦਾ ਆਪਣੇ ਪੂਰੇ ਜ਼ੋਰ ਨਾਲ ਸਾਹਮਣੇ ਆਉਂਦੀ ਹੈ ਜੋ ਇਸ ਵਿਗੜੇ ਸੰਤੁਲਨ ਨੂੰ ਸ਼ਾਂਤ ਕਰਦੀ ਹੈ। ਮਾਨਵੀ ਦ੍ਰਿਸ਼ਟੀ ਇਸ ਵਿਚੋਂ ਭਾਵਕ ਅਨੰਦ ਤੇ ਦੁਖ ਸੁਖ ਦੇ ਉਤਾਰਾਂ ਚੜ੍ਹਾਵਾਂ ਨੂੰ ਅਨੁਭਵ ਕਰਦੀ ਹੈ ਪਰ ਪ੍ਰਬੰਧੀ ਦ੍ਰਿਸ਼ਟੀ ਇਸ ਵਿਚ ਪ੍ਰਤਿਮਾਨ ਤੇ ਵਿਦਰੋਹ ਦੇ ਡੋਲਵੇਂ ਸੰਤੁਲਨ ਦੇ ਗਲਪ ਨੂੰ ਗ੍ਰਹਿਣ ਕਰਦੀ ਹੈ।

ਅਸੀਂ ਆਪਣੀ ਗੱਲ ਹੀਰ ਰਾਂਝੇ ਦੇ ਕਿੱਸੇ ਤੋਂ ਕਰਦੇ ਹਾਂ। ਚਾਹੇ ਉਹ ਦਮੋਦਰ ਦਾ ਹੈ; ਚਾਹੇ ਵਾਰਸ ਦਾ ਹੈ; ਹੀਰ ਰਾਂਝੇ ਦੇ ਕਿੱਸੇ ਵਿਚ ਮਰਯਾਦਾ ਦੀਆਂ ਸੀਮਾਵਾਂ ਦੇ ਅੰਤਰਗਤ ਇਸ਼ਕ ਤੇ ਸ਼ਰ੍ਹਾ ਦੇ ਵਿਵਾਦ ਦੀ ਗੱਲ ਕੇਂਦਰ ਵਿਚ ਰਖੀ ਗਈ ਹੈ। ਪਹਿਲੀਆਂ ਹਾਲਤਾਂ ਵਿਚ ਜਗੀਰਦਾਰੀ ਵਾਤਾਵਰਨ ਦੀ ਚੜ੍ਹਤ ਨੂੰ ਵਿਖਾਣ ਤੋਂ ਬਾਅਦ ਹੀਰ-ਰਾਂਝੇ ਵਿਚਲੀ ਇਸ਼ਕ ਦੀ ਭਾਵਨਾ ਨੂੰ ਤਿਖਿਆਂ ਕੀਤਾ ਗਿਆ ਹੈ। ਜਿਉਂ ਜਿਉਂ ਇਹ ਭਾਵਨਾ ਤਿੱਖੀ ਹੁੰਦੀ ਹੈ, ਮਨੁੱਖ ਵਿਚਲੀ ਜੀਵਾਤਮਕਤਾ ਇਸ ਦੇ ਹਰ ਪਹਿਲੂ ਅਰਥਾਤ ਕਾਮੁਕ ਵੇਦਨਾਂ, ਭਾਵੁਕ ਸੰਵੇਦਨਾ, ਵਸਲ, ਵਿਯੋਗ, ਦੁੱਖ-ਸੁੱਖ ਆਦਿ ਨੂੰ ਕਾਲਪਨਿਕ ਤੇ

CC-0. In Public Domain. Gurukul Kangri Collection, Haridwar

ਵਾਸਤਵਿਕ ਪੱਧਰ ਉਪਰ ਮਾਣਨ ਦੀ ਚੇਸ਼ਟਾ ਕਰਦੀ ਹੈ । ਨਿਰਸੰਦੇਹ ਹਰ ਪੰਜਾਬੀ ਆਪਣੇ ਵਿਚਲੀ ਮਰਯਾਦਾ ਨੂੰ ਕੁਝ ਪਲਾਂ ਲਈ ਇਕ ਪਾਸੇ ਰਖ ਕੇ, ਕਿੱਸਿਆਂ ਦੇ ਪਾਠ ਵਿਚੋਂ ਉਪਰੋਕਤ ਪ੍ਰਕਾਰ ਦੀ ਅਤਿਅੰਤ ਭਾਵਕਤਾ ਦੇ ਪ੍ਰਵਾਹ ਨੂੰ ਮਾਣਦਾ ਹੈ । ਉਸ ਵਿਚ ਘੁਲ ਮਿਲ ਜਾਂਦਾ ਹੈ । ਕਈ ਵਾਰ ਅਜਿਹਾ ਹੁੰਦਾ ਹੈ ਕਿ ਇਹ ਭਾਵੁਕਤਾ ਇਤਨੀ ਤੀਬਰ ਹੋ ਜਾਂਦੀ ਹੈ ਕਿ ਬਿਰਤਾਂਤਕਾਰ ਖ਼ੁਦ ਬਿਰਤਾਂਤਕਤਾ ਦੇ ਆਪਣੇ ਅਨੁਸ਼ਾਸਨ ਨੂੰ ਛੱਡ ਕੇ ਇਸ ਭਾਵੁਕਤਾ ਵਿਚ ਵਹਿ ਜਾਂਦਾ ਹੈ । ਦਮੋਦਰ ਤੇ ਵਾਰਸਿ ਦੋਵੇਂ, ਆਪਣੇ ਵੇਲੇ ਦੀ ਮਰਯਾਦਾ ਸੰਬੰਧੀ ਪ੍ਰਮਾਣਿਕ ਤੌਰ ਤੇ, ਪ੍ਰਤਿਬੱਧ ਹੁੰਦੇ ਹੋਏ ਵੀ ਆਪਣੇ ਕਿੱਸਿਆਂ ਵਿਚ ਆਪ ਸਿਰਜੀ ਭਾਵਕਤਾ ਦੇ ਵਹਿਣ ਵਿਚ ਵਹਿ ਜਾਂਦੇ ਹਨ । ਇਹ ਸਾਰੀ ਗਤੀ ਜੀਵਾਤਮਕਤਾ ਦੀ ਸਹਿਜ ਗਤੀ ਵਿਚੋਂ ਅਨੰਦ ਮਾਣਨ ਦੀ ਪਰਵਿਰਤੀ ਹੈ ਅਤੇ ਇਸ਼ਕੀਆ ਕਿੱਸੇ ਇਸ ਪਰਵਿਰਤੀ ਨੂੰ ਅਭਿਵਿਅਕਤੀ ਦੇਂਦੇ ਹਨ । ਕਿਉਂਕਿ ਬਿਰਤਾਂਤ ਦੀ ਬਿਰਤਾਂਤਕਤਾ ਬਣਾਣ ਵਿਚ ਇਨ੍ਹਾਂ ਸਾਰੀਆਂ ਗੱਲਾਂ ਦੀ ਸਮਗ੍ਰਿਸ਼ੀਲ ਪ੍ਰਕਿਰਤੀ ਕੰਮ ਆਉਂਦੀ ਹੈ ਅਤੇ ਇਹ ਵੀ ਕੁਦਰਤੀ ਗੱਲ ਹੈ ਕਿ ਪਹਿਲੀ ਪੱਧਰ ਉਤੇ ਬਣਤਰ ਦੀ ਅਮੂਰਤ ਯੋਜਨਾ ਨਾਲੋਂ ਧਿਆਨ ਸਮਗ੍ਰੀ ਦੀ ਸਮੂਰਤ ਭਾਵਕਤਾ ਵਲ ਜਾਂਦਾ ਹੈ ਪਰੰਤੂ ਇਥੇ ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਇਨ੍ਹਾਂ ਕਿੱਸਿਆਂ ਵਿਚ ਭਾਵੁਕ ਖੁਲ੍ਹ ਦੇ ਨਾਲ ਮਰਯਾਦਾਗਤ ਬੰਦਸ਼ ਵੀ ਚਲਦੀ ਹੈ । ਭਾਵੁਕ ਖੁਲ੍ਹ ਦੇਣ ਲਗਿਆਂ ਵੀ ਕਿੱਸਾਕਾਰ ਕਈ ਜੁਗਤਾਂ ਵਰਤਦੇ ਹਨ ਅਤੇ ਇਨ੍ਹਾਂ ਜੁਗਤਾਂ ਸਦਕਾ ਉਹ ਮਰਯਾਦਾ ਦੀ ਸ਼ਕਤੀ ਨੂੰ ਦੁਰਬਲ ਕਰ ਦੇਂਦੇ ਹਨ; ਇਸੀ ਤਰ੍ਹਾਂ ਮਰਯਾਦਾ ਦੀ ਸ਼ਕਤੀ ਨੂੰ ਵਧਾਉਣ ਦੀਆਂ ਜੁਗਤਾਂ ਵੀ ਵਰਤਦੇ ਹਨ, ਜਿਸ ਨਾਲ ਉਹ ਭਾਵੁਕ ਵੇਦਨਾ, ਸੰਵੇਦਨਾ ਦੀ ਸ਼ਕਤੀ ਨੂੰ ਅਰਥ-ਰੂਪਾਂਤ੍ਰਣ ਦੇ ਉਚੇਰੇ ਸਤਰ ਉਤੇ ਲੈ ਜਾਂਦੇ ਹਨ । ਇਸ ਤਰ੍ਹਾਂ ਇਨ੍ਹਾਂ ਕਿਸਿਆਂ ਵਿਚ ਪੰਜਾਬੀ ਰਹਤਲ ਦੇ ਦ੍ਰਿਸ਼ਟੀਪਰਕ ਚਿਤਰਣ ਤੇ ਮਰਯਾਦਾ ਦੇ ਅਦ੍ਰਿਸ਼ਟੀਪਰਕ ਵਿਧਾਨ ਦੋਵੇਂ ਹਾਜ਼ਰ ਹਨ ।

ਹਾਸ਼ਮ ਰਚਿਤ ਸੱਸੀ ਵਿਚ ਬਿਰਤਾਂਤਕ ਜੁਗਤ ਪ੍ਰਗੀਤ ਦਾ ਰੂਪ ਅਖਤਿਆਰ ਕਰ ਲੈਂਦੀ ਹੈ ਪਰ ਉਥੇ ਵੇਦਨਾ-ਸੰਵੇਦਨਾ ਵਿਚੋਂ ਪੈਦਾ ਹੋਣ ਵਾਲੀ ਦੁਖ ਤੇ ਪੀੜਾ ਨੂੰ ਪ੍ਰਬਲ ਰੂਪ ਵਿਚ ਸਾਕਾਰ ਕਰਨ ਲਈ ਮਰਯਾਦਾ ਨੂੰ ਹੋਣੀ ਵਿਚ ਪਰਵਰਤਿਤ ਕਰ ਦਿੱਤਾ ਗਿਆ ਹੈ । ਸੱਸੀ, ਪੰਨੂੰ ਦਾ ਵਿਯੋਗ ਵਿਚ ਵਿਰਲਾਪ ਤੇ ਮਰਣ, ਹੋਣੀ ਦੀ ਪ੍ਰਬਲਤਾ ਦਾ ਚਮਤਕਾਰ ਹੈ । ਹੋਣੀ, ਮਰਯਾਦਾ ਦਾ ਅਤੀ ਮਾਰਮਿਕ ਰੂਪ ਹੈ ।

ਇਸੀ ਤਰ੍ਹਾਂ ਕੁਝ ਕਿੱਸੇ ਅਜਿਹੇ ਵੀ ਹਨ, ਜਿਨ੍ਹਾਂ ਵਿਚ ਮਰਯਾਦਾ ਦੇ ਮਹੱਤਵ ਨੂੰ ਇਕ ਉਦੇਸ਼ ਵਾਂਗ ਪਹਿਲ ਦਿੱਤੀ ਗਈ ਹੈ ਅਤੇ ਇਸ ਮਹੱਤਵ ਨੂੰ ਦ੍ਰਿੜ ਕਰਨ ਵਾਲੀ ਲਹਿਰ ਨੂੰ ਉਘਾੜਿਆ ਗਿਆ ਹੈ । ਅਸੀਂ ਕਾਦਰਯਾਰ ਰਚਿਤ ਪੂਰਨ ਭਗਤ ਨੂੰ ਇਸ ਸੰਦਰਭ ਵਿਚ ਵਿਚਾਰ ਸਕਦੇ ਹਾਂ । ਇਸ ਕਿੱਸੇ ਦੇ ਕੇਂਦਰ ਵਿਚ ਇਨਸੈਸਟ ਟੈਬੂ ਨੂੰ ਤੋੜ ਕੇ, ਮਰਯਾਦਾ ਦਾ ਵਿਰੋਧ ਵਿਖਾਇਆ ਗਿਆ ਹੈ ਤੇ ਮਰਯਾਦਾ ਦੇ ਵਿਰੋਧ ਨਾਲ ਸਾਰੇ ਸਮਾਜ ਤੇ ਭਾਈਚਾਰੇ ਵਿਚ ਸਾੜਸਤੀ ਪਰਵੇਸ਼ ਕਰ ਜਾਂਦੀ ਹੈ ਅਤੇ ਫਿਰ ਮਰਯਾਦਾ ਦੀ ਵਾਪਸੀ ਇਸ ਸਾੜਸਤੀ ਨੂੰ ਇਕ ਖੁਸ਼ਗਵਾਰ ਮਾਹੌਲ ਵਿਚ ਤਬਦੀਲ ਕਰਦੀ ਹੈ ।

ਇਸ ਪ੍ਰਕਾਰ ਉਪਰੋਕਤ ਸਰਵੇਖਣ ਇਹ ਦਸ ਪਾਉਂਦਾ ਹੈ ਕਿ ਮਧਕਾਲੀ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਕਿਸੇ ਬਿਰਤਾਂਤਕ ਰੂਪਾਕਾਰ ਦੀ ਸਿਰਜਣਾ ਕਰਦੇ ਹਨ ਤੇ ਇਸ ਬਿਰਤਾਂਤਕ ਰੂਪਕਾਰ ਦੀ ਸਿਰਜਣਾ ਵਿਚ ਪੰਜਾਬ ਦਾ ਭਾਸ਼ਾਈ ਤਥਾ ਪ੍ਰਤੀਕੀ ਵਿਨਿਅਸ ਆਪਣੇ ਦੂਹਰੇ ਕਾਰਜ ਵਿਚ ਸ਼ਿਰਕਤ ਕਰਦਾ ਹੈ। ਇਸ ਕਾਰਜ ਦਾਇ ਪਹਿਲੂ ਪ੍ਰਪੰਚਸ਼ੀਲ ਵਿਗੋਪਨ ਨਾਲ ਸੰਬੰਧਿਤ ਹੈ ਤੇ ਦੂਸਰਾ ਪ੍ਰਬੰਧਸ਼ੀਲ-ਗੋਪਨ ਨਾਲ। ਪ੍ਰਬੰਧਸ਼ੀਲ-ਗੋਪਨ ਇਸ ਦਾ ਨਿਯੋਜਨੀ ਪੱਖ ਹੈ ਅਤੇ ਇਹ ਨਿਯੋਜਨ ਜੇ ਅਸੀਂ ਕਿੱਸੇ ਦੇ ਪਾਠ ਤੋਂ ਪ੍ਰਵਚਨ ਵਲ ਚਲੀਏ ਤਾਂ ਸਪੱਸ਼ਟ ਹੀ ਇਹ ਸੂਚਨਾ ਦੇਂਦਾ ਹੈ ਕਿ ਇਸ ਦਾ ਬੁਨਿਆਦੀ ਪ੍ਰੇਰਨਾ-ਸ੍ਰੋਤ ਭਾਸ਼ਾਈ ਵਿਆਕਰਣ ਹੈ। ਇਸੇ ਭਾਸ਼ਾਈ ਵਿਆਕਰਣ ਦੇ ਆਧਾਰ ਉਤੇ ਅਸੀਂ ਕਿਸਿਆ ਵਿਚ ਪ੍ਰਯੁਕਤ ਭਾਸ਼ਾ ਅਤਿਰਿਕਤ ਵਿਧੀਆਂ ਤੇ ਕੋਟੀਆਂ ਦੇ ਆਧਾਰ ਉਤੇ ਪੰਜਾਬੀ ਕਿਸਿਆਂ ਦੇ ਵਿਆਪਤ ਵਿਆਕਰਣ ਵਲ ਰੁਚਿਤ ਹੋ ਸਕਦੇ ਹਾਂ। ਇਥੇ ਸਾਨੂੰ ਇਕ ਵਾਰ ਫਿਰ ਆਪਣੀ ਬੁਨਿਆਦੀ ਸਮਸਿਆ ਵਲ ਰੁਚਿਤ ਹੋਣਾ ਜ਼ਰੂਰੀ ਹੈ। ਸਾਡੀ ਬੁਨਿਆਦੀ ਸਮਸਿਆ ਕਿੱਸਿਆਂ ਦਾ ਥੀਮਿਕ ਅਧਿਐਨ ਹੈ। ਅਸੀਂ ਥੀਮਿਕ ਅਧਿਐਨ ਲਈ ਸਿੱਧਾ ਹੀ ਕਿਸਿਆਂ ਨੂੰ ਇਸ਼ਕ, ਧਰਮ, ਭਗਤੀ ਆਦਿ ਦੇ ਉਦੇਸ਼ਾਂ ਨਾਲ ਜੋੜ ਸਕਦੇ ਹਾ ਪਰ ਅਸੀਂ ਤਾਂ ਥੀਮ-ਅਧਿਆਤਮਕਤਾ ਦੇ ਰਾਹ ਉਤੇ ਨ ਚਲਦਿਆਂ, ਥੀਮ-ਸੰਗਠਨ ਤੇ ਥੀਮ-ਨਿਯੋਜਨ ਦਾ ਰਾਹ ਅਪਣਾਇਆ ਹੈ। ਥੀਮ-ਨਿਯੋਜਨ ਮਨੁੱਖ ਦੀ ਪ੍ਰਤੀਕੀ ਸਮਰਥਾ ਕਰਦੀ ਹੈ ਅਤੇ ਇਹ ਨਿਯੋਜਨ ਪ੍ਰਤੱਖ ਤੌਰ ਉਤੇ ਭਾਸ਼ਾ ਰਾਹੀਂ ਵਿਦਮਾਨ ਹੁੰਦਾ ਹੈ। ਭਾਸ਼ਾ ਦੇ ਕਿੱਸੇ ਵਾਕ ਵਿਚ ਕੋਈ ਅਧਿਆਤਮਕ ਥੀਮਿਕਤਾ ਨਹੀਂ ਹੁੰਦੀ। ਉਸ ਵਿਚ ਅਰਥ ਹੁੰਦੇ ਹਨ ਅਤੇ ਅਰਥ ਸੁਗਠਨ ਹੁੰਦਾ ਹੈ। ਸੁਗਠਨ ਹਮੇਸ਼ਾ ਹੀ ਵਾਸਤਵਿਕਤਾ ਦੀ ਗ਼ੈਰਹਾਜ਼ਰੀ ਵਿਚ ਹੁੰਦਾ ਹੈ। ਕਿਉਂਕਿ ਗੈਰਹਾਜ਼ਰੀ ਇਕ ਨਿਯੋਜਨ-ਵਿਧਾਨ ਦਾ ਰੂਪ ਵਟਾਉਂਦੀ ਹੈ; ਇਸ ਲਈ ਇਹ ਮਨੁੱਖੀ ਸੰਸਾਰ ਵਿਚ ਸਾਰਥਕਤਾ ਦੀ ਬਣਤ ਬਣਾਉਂਦੀ ਹੈ। ਅਸੀਂ ਕਿੱਸਿਆਂ ਵਿਚ ਵੀ ਅਜਿਹੀ ਬਣਤ ਨੂੰ ਹੀ ਵੇਖਣ ਦਾ ਪ੍ਰਯਾਸ ਕਰ ਰਹੇ ਹਾਂ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਕਿੱਸਿਆਂ ਵਿਚ ਇਸ਼ਕ ਤੇ ਸ਼ਰ੍ਹਾ ਦਾ ਝਗੜਾ ਹੈ ਤਾਂ ਅਸੀਂ ਕੁਝ ਹਦ ਤੀਕ ਥੀਮ-ਅਧਿਆਤਮਕਤਾ ਵਿਚ ਪ੍ਰਵੇਸ਼ ਕਰ ਜਾਂਦੇ ਹਾਂ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਕਿਸਿਆਂ ਵਿਚ ਪ੍ਰਾਹਨ ਤੇ ਪ੍ਰਤਿਮਾਨ ਹੈ ਤਾਂ ਅਸੀਂ ਵਿਸ਼ੁਧ ਰੂਪ ਵਿਚ ਥੀਮਿਕਤਾ ਦੇ ਸੰਗਠਨ ਵਲ ਵਧਦੇ ਹਾਂ ਅਤੇ ਇਸੇ ਦ੍ਰਿਸ਼ਟੀ ਤੋਂ ਅਸੀਂ ਕਿੱਸਾ ਵਿਚਲੀ ਸਾਰੀ ਸਮਗ੍ਰੀ ਨੂੰ ਵਿਧੀਗਤ ਬਣਤਰ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹਾਂ। ਇਸੇ ਲਈ ਅਸੀਂ ਇਹ ਕਹਿੰਦੇ ਹਾਂ ਕਿ ਕਿਸਿਆਂ ਦੇ ਰੂਪ ਵਿਚ ਉਪਲਬਧ ਬਿਰਤਾਂਤਕ ਕਾਵਿ ਮਧਕਾਲੀ ਪੰਜਾਬ ਵਿਚ ਸਮੁਚੀ ਲੋਕ ਰਹਤਲ ਨੂੰ ਉਸ ਦੇ ਸਮੂਰਤ ਜੀਵਨ ਤੇ ਅਮੂਰਤ ਮਰਯਾਦਾ ਸਮੇਤ ਇਕ ਨਿਯੋਜਿਤ ਥੀਮ ਪ੍ਰਬੰਧ ਵਿਚ ਢਾਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ-ਕਾਵਿ ਦਾ ਕਾਵਿ-ਸ਼ਾਸਤਰ

ਪਿਛਲੇ ਨਿਬੰਧਾਂ ਵਿਚ ਅਸੀਂ ਗੁਰਬਾਣੀ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਸਮੱਸਿਆ ਦੀ ਚਰਚਾ ਕਰਦਿਆਂ ਕਾਵਿ-ਸ਼ਾਸਤਰੀ ਪ੍ਰਕ੍ਰਿਆ ਦੀ ਸਮਾਨਯ ਰੂਪ ਵਿਚ ਜਾਣਕਾਰੀ ਪ੍ਰਾਪਤ ਕੀਤੀ ਸੀ। ਇਥੇ ਫਿਰ ਇਕ ਦੋ ਪੰਗਤੀਆਂ ਵਿਚ ਕਾਵਿ-ਸ਼ਾਸਤਰੀ ਪ੍ਰਕ੍ਰਿਆ ਦੀ ਪ੍ਰਕ੍ਰਿਤੀ ਮੁੜ ਦੁਹਰਾ ਲੈਣੀ ਯੋਗ ਹੈ। ਕਾਵਿ-ਸ਼ਾਸਤਰ ਵਿਚਲੇ ਦੋ ਸ਼ਬਦ ਇਸ ਦੀ ਪ੍ਰਕਿਰਤੀ ਦਾ ਸਪੱਸ਼ਟ ਸੰਕੇਤ ਦੇਂਦੇ ਹਨ। ਕਾਵਿ ਸਿਰਜਨ ਮੁਖ ਸਮੂਰਤ ਪ੍ਰਕਿਰਿਆ ਹੈ ਤੇ ਸ਼ਾਸਤਰ, ਉਸਾਰੀ ਮੁਖ ਅਮੂਰਤ ਗਿਆਨ-ਨਿਰਮਾਨ ਦੀ ਪ੍ਰਕਿਰਿਆ ਹੈ। ਕਾਵਿ ਦਾ ਸਿਰਜਨ ਅਧਿਕਤਰ ਅਵਚੇਤਨ ਦੀ ਪੱਧਰ ਤੇ ਹੁੰਦਾ ਹੈ। ਪਰੰਤੂ ਸ਼ਾਸਤਰੀ ਪ੍ਰਕ੍ਰਿਆ ਸੁਚੇਤ ਤੇ ਚੇਤੰਨ ਹੋ ਕੇ ਕਾਰਜ-ਸ਼ੀਲ ਹੁੰਦੀ ਹੈ। ਜਿਵੇਂ ਭਾਸ਼ਾ ਪ੍ਰਕਿਰਤਿਕ ਤੌਰ ਤੇ ਮਨੁੱਖ ਪਾਸ ਸਹਿਜੇ ਹੀ ਪ੍ਰਾਪਤ ਹੈ ਪਰ ਭਾਸ਼ਾ-ਵਿਗਿਆਨ ਨੂੰ ਸੁਚੇਤ ਉਸਾਰਿਆ ਜਾਂਦਾ ਹੈ, ਜਿਵੇਂ ਪ੍ਰਕ੍ਰਿਤੀ ਸਹਿਜੇ ਹੀ ਪੈਦਾ ਹੋ ਜਾਂਦੀ ਹੈ, ਪਰੰਤੂ ਪ੍ਰਕ੍ਰਿਤੀ ਵਿਗਿਆਨ ਦੀ ਸੁਚੇਤ ਉਸਾਰੀ ਕੀਤੀ ਜਾਂਦੀ ਹੈ ਤੇ ਇਵੇਂ ਹੀ ਸਾਹਿਤਕ-ਖੇਤਰ ਵਿਚ ਰਚੀਆਂ ਸਮੂਰਤ ਰਚਨਾਵਾਂ ਦੇ ਪਿਛੇ ਕਾਰਜਸ਼ੀਲ ਅਮੂਰਤ ਨੇਮ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਰੂਪਾਂ ਦੀ ਸੁਚੇਤ ਉਸਾਰੀ ਕਰਨ ਦੀ ਪ੍ਰਕਿਰਿਆ ਦਾ ਨਾਂ ਹੀ ਕਾਵਿ-ਸ਼ਾਸਤਰ ਹੈ। ਕਿਸੇ ਵੀ ਕਾਵਿ-ਖੇਤਰ ਨਾਲ ਸੰਬੰਧਿਤ ਸਮੂਹ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ-ਰੂਪਾਂ ਨੂੰ ਅੰਤਰਸੰਬੰਧਿਤ ਕਰ ਦੇਣ ਨਾਲ ਹੀ ਉਸ ਖੇਤਰ ਦਾ ਸਮੁੱਚਾ ਕਾਵਿ-ਸ਼ਾਸਤਰ ਤਿਆਰ ਕੀਤਾ ਜਾ ਸਕਦਾ ਹੈ। ਜਿਵੇਂ ਕਿ ਪਿਛਲੇ ਨਿਬੰਧ ਵਿਚ ਅਸੀਂ ਵੇਖਿਆ ਸੀ ਕਿ ਗੁਰਬਾਣੀ ਦਾ ਸਮੁੱਚਾ ਕਾਵਿ-ਸ਼ਾਸਤਰ ਉਸਾਰਨ ਦੀ ਸਮੱਸਿਆ ਇਕ ਨਿਬੰਧ ਤਕ ਸੀਮਿਤ ਨਹੀਂ ਕੀਤੀ ਜਾ ਸਕਦੀ, ਇਸੇ ਤਰ੍ਹਾਂ ਕਿੱਸਾ-ਕਾਵਿ ਦੇ ਕਾਵਿ-ਸ਼ਾਸਤਰ ਨੂੰ ਵੀ ਇਕ ਪਰਚੇ ਵਿਚ ਸੰਪੂਰਨ ਤੌਰ ਤੇ ਨਿਸ਼ਚਿਤ ਕਰਨਾ ਅਸੰਭਵ ਹੈ। ਹਾਂ ਕੇਵਲ ਕੁਝ ਕੁ ਬੁਨਿਆਦੀ ਕਾਵਿ-ਰੂੜ੍ਹੀਆਂ/ਜੁਗਤਾ/ਨੇਮਾਂ/ਸਖਣੇ-ਰੂਪਾਂ ਨੂੰ ਜ਼ਰੂਰ ਨਿਸ਼ਚਿਤ ਕਰਕੇ ਕਿੱਸਾ-ਕਾਵਿ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਭੂਮਿਕਾ ਜਿਹੀ ਜ਼ਰੂਰ ਤਿਆਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਹੱਥਲੇ ਪਾਠ ਵਿਚ ਇਸੇ ਸੀਮਾ ਨੂੰ ਧਿਆਨ ਵਿਚ ਰਖਦਿਆਂ ਕਿੱਸਾ-ਕਾਵਿਦੇ ਕਾਵਿ-ਸ਼ਾਸਤਰ ਬਾਰੇ ਚਰਚਾ ਕਰਨੀ ਹੈ।

ਇਸ ਦ੍ਰਿਸ਼ਟੀਕੋਣ ਤੋਂ ਜਦੋਂ ਅਸੀਂ ਮਧਕਾਲੀ ਪੰਜਾਬੀ ਕਾਵਿ ਨੂੰ ਵੇਖਦੇ ਹਾਂ, ਤਾਂ ਸਾਨੂੰ ਚਾਰ ਪਛਾਨਣਯੋਗ ਕਾਵਿ-ਪ੍ਰਣਾਲੀਆਂ ਪ੍ਰਾਪਤ ਹੁੰਦੀਆਂ ਹਨ :—

1. ਗੁਰਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸੂਫੀ-ਕਾਵਿ
3. ਕਿੱਸਾ ਕਾਵਿ
4. ਵਾਰ-ਕਾਵਿ

ਇਨ੍ਹਾਂ ਚਹੁੰਆਂ ਵਿਚੋਂ ਪਹਿਲੀਆਂ ਦੋ ਕਾਵਿ-ਪ੍ਰਣਾਲੀਆਂ ਪ੍ਰਗੀਤ-ਕਾਵਿ ਨਾਲ ਸੰਬੰਧਿਤ ਹਨ । ਗੁਰਬਾਣੀ ਦੀ ਪ੍ਰਗੀਤਕ ਪਰਕਿਰਤੀ ਦਾ ਸਖਣਾ-ਰੂਪ ਪਿਛਲੇ ਨਿਬੰਧ ਵਿਚ ਅਸੀਂ ਵੇਖ ਹੀ ਚੁੱਕੇ ਹਾਂ । ਤੀਸਰੀ ਤੇ ਚੌਥੀ-ਕਿੱਸਾ-ਕਾਵਿ ਤੇ ਵਾਰ-ਕਾਵਿ ਦੀਆਂ ਪ੍ਰਣਾਲੀਆਂ ਗਲਪ ਤਥਾ ਬਿਰਤਾਂਤਕ ਕਾਵਿ ਨਾਲ ਸੰਬੰਧਤ ਹਨ । ਇਸ ਦ੍ਰਿਸ਼ਟੀ ਤੋਂ ਵੇਖਿਆਂ ਗੁਰਬਾਣੀ ਤੇ ਸੂਫੀ-ਕਾਵਿ ਨਾਲੋਂ ਕਿੱਸਾ-ਕਾਵਿ ਨਾਲ ਸੰਬੰਧਿਤ ਇਕ ਨੇਮ/ਰੂੜ੍ਹੀ/ਸਖਣਾ ਪੈਟਰਨ ਇਹ ਹੈ ਕਿ ਇਹ ਸਾਰਾ ਕਾਵਿ ਦੂਹਰੇ ਪਿੰਡੇ ਵਾਲਾ ਹੈ । ਇਸ ਵਿਚ ਗਲਪ ਰੂੜ੍ਹੀਆਂ ਅਤੇ ਕਾਵਿ-ਰੂੜ੍ਹੀਆਂ ਦੋਵੇਂ ਨਾਲੋਂ ਨਾਲ ਚਲਦੀਆਂ ਹਨ । ਇਨ੍ਹਾਂ ਦੋਹਾਂ ਬਿਰਤਾਂਤਾਂ ਤੇ ਕਾਵਿ ਦੀਆਂ ਨਿਰਮਾਨ-ਰੂੜ੍ਹੀਆਂ ਤਥਾ ਜੁਗਤਾਂ/ ਨੇਮਾਂ/ਸਖਣੇ ਰੂਪਾਂ ਨੂੰ ਉਸਾਰਨ ਦੀ ਪ੍ਰਕਿਰਿਆ ਹੀ ਕਿੱਸਾ-ਕਾਵਿ ਦਾ ਕਾਵਿ-ਸ਼ਾਸਤਰ ਉਸਾਰਨ ਦੀ ਪ੍ਰਕਿਰਿਆ ਹੈ । ਇਨ੍ਹਾਂ ਕਿੱਸਿਆਂ ਵਿਚ ਸਾਨੂੰ ਬਿਰਤਾਂਤਕ ਰੂੜ੍ਹੀਆਂ ਵੀ ਪ੍ਰਾਪਤ ਹਨ ਤੇ ਵਿਸ਼ੁੱਧ ਕਾਵਿ ਆਪਣੇ ਪ੍ਰਗੀਤਕ ਰੂਪ ਵਿਚ ਪ੍ਰਾਪਤ ਹੈ ।

ਗੁਰਬਾਣੀ ਜਾਂ ਸੂਫੀ-ਕਾਵਿ ਦੇ ਕਾਵਿ-ਸ਼ਾਸਤਰ ਉਸਾਰਨ ਨਾਲੋਂ ਕਿੱਸਾ-ਕਾਵਿ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਇਕ ਵਖਰੀ ਸਮੱਸਿਆ ਇਹ ਹੈ ਕਿ ਕਿੱਸੇ ਇਤਨੀ ਭਿੰਨ ਭਿੰਨ ਪ੍ਰਕਿਰਤੀ ਦੇ ਮਿਲਦੇ ਹਨ ਕਿ ਇਨ੍ਹਾਂ ਦੇ ਕਾਵਿ-ਸ਼ਾਸਤਰ ਨੂੰ ਇਕ ਵਿਅਪਾਕ ਕੋਟੀ ਵਿਚ ਨਿਸ਼ਚਿਤ ਹੀ ਨਹੀਂ ਕੀਤਾ ਜਾ ਸਕਦਾ । ਇਸ ਦਾ ਕਾਰਣ ਇਹ ਹੈ ਕਿ ਸਾਰੇ ਕਿੱਸਿਆਂ ਦਾ ਪ੍ਰਬੰਧ ਹੀ ਵਿਸ਼ੇਸ਼ ਹੈ । ਪਰ ਫਿਰ ਵੀ ਇਨ੍ਹਾਂ ਦੇ ਵਿਸ਼ੇਸ਼ ਪ੍ਰਬੰਧ ਨੂੰ ਧਿਆਨ ਵਿਚ ਰਖ ਕੇ, ਜੋ ਜੋ ਸਾਮਾਨਯ/ਨੇਮ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ ਰੂਪ ਸਾਨੂੰ ਪ੍ਰਾਪਤ ਹਨ, ਉਹ ਅਸੀਂ ਇਸ ਨਿਬੰਧ ਵਿਚ ਨਿਸ਼ਚਿਤ ਕਰਨ ਦਾ ਉਪਰਾਲਾ ਕਰਦੇ ਹਾਂ । ਅਧਿਐਨ ਲਈ ਅਸੀਂ ਪ੍ਰਾਪਤ ਕਿੱਸਾ-ਕਾਵਿ ਵਿਚੋਂ ਵਾਰਿਸ, ਹਾਸ਼ਮ ਦਾ ਸੱਸੀ ਪੁੰਨੂੰ ਅਤੇ ਕਾਦਰਯਾਰ ਦਾ ਪੂਰਨ ਭਗਤ ਦਾ ਕਿੱਸਾ ਭਿੰਨ ਭਿੰਨ ਵੰਨਗੀਆਂ ਵਿਚੋਂ ਨਮੂਨੇ ਵਜੋਂ ਚੁਣ ਲੈਂਦੇ ਹਾਂ ।

ਇਸ ਪੱਖੋਂ ਸਭ ਤੋਂ ਪਹਿਲਾਂ ਵਾਰਿਸ ਦੀ ਹੀਰ ਨੂੰ ਲੈਂਦੇ ਹਾਂ । ਕਿੱਸੇ ਦੀ ਅਰੰਭਲੀ ਰੂੜ੍ਹੀ/ਨੇਮ/ਜੁਗਤ/ਸਖਣਾ ਪੈਟਰਨ ਮੰਗਲਾਚਰਨ ਦਾ ਹੈ । ਇਹ ਨਿਰਮਾਨ-ਰੂੜ੍ਹੀ ਲਗਭਗ ਸਾਰਿਆਂ ਕਿੱਸਿਆਂ ਵਿਚ ਪ੍ਰਾਪਤ ਹੈ ਤੇ ਵਾਰਿਸ ਦੇ ਕਿੱਸੇ ਦਾ ਆਰੰਭ ਵੀ ਇਸ ਨੇਮ/ਨਿਰਮਾਨ-ਰੂੜ੍ਹੀ ਨਾਲ ਹੁੰਦਾ ਹੈ :

ਅਵਲ ਹਮਦ ਖੁਦਾਇ ਦਾ ਵਿਰਦ ਕੀਜੇ
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ ।
ਪਹਿਲਾਂ ਆਪ ਅਲਾਹ ਨੇ ਇਸ਼ਕ ਕੀਤਾ
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ ।।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿਲੂ ਤਿੰਨਾਂ ਦੇ ਬਾਗ ਕਲੂਬ ਅੰਦਰ
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ ।।੧।।
ਦੂਈ ਨਾਅਤ ਰਸੂਲ ਮਕਬੂਲ ਵਾਲੀ
ਜਿਦੇ ਹੱਕ ਨਜ਼ੂਲ ਲੌਕਾਕ ਕੀਤਾ ।।
ਖਾਕੀ ਸਾਜ ਕੇ ਮਰਤਬਾ ਵੱਡਾ ਦਿੱਤਾ
ਸਭ ਖਲਕ ਦੇ ਐਬ ਥੀ ਪਾਕ ਕੀਤਾ ।।

ਇਥੇ ਵਾਰਿਸ ਸ਼ਾਹ ਹੀ ਰਾਂਝੇ ਦੀ ਲੋਕ-ਪ੍ਰੇਮ ਕਥਾ ਨੂੰ ਮੰਗਲਾਚਰਣ ਰਾਹੀਂ ਕੁਰਾਨ ਦੀ ਦੈਵੀ-ਇਸ਼ਕ ਮਿੱਥ ਦੇ ਸਖਣੇ ਪੈਟਰਨ ਵਿਚ ਪੇਸ਼ ਕਰਦਾ ਹੈ । ਨਿਰਮਾਨ-ਰੂੜ੍ਹੀ/ਜੁਗਤ/ਨੇਮ ਸਾਰੇ ਕਿੱਸਾ-ਕਾਵਿ ਵਿਚ ਵਿਆਪਕ ਹੈ । ਲਗਭਗ ਸਭ ਕਿੱਸਾਕਾਰਾਂ ਦੀ ਰਚਨਾ ਜੁਗਤ ਦਾ ਇਹ ਸਖਣਾ ਰੂਪ/ਨਿਰਮਾਨ-ਰੂੜ੍ਹੀ ਤਾਂ ਸਪੱਸ਼ਟ ਹੀ ਹੈ ਕਿ ਉਹ ਆਪਣੇ ਕਿੱਸਿਆਂ ਦੇ ਦੁਨਿਆਵੀ ਇਸ਼ਕ ਨੂੰ ਇਸ਼ਕ ਹਕੀਕੀ ਵਿਚ ਪ੍ਰੇਨਿਤ ਕਰਦੇ ਹਨ । ਲਗਭਗ ਹਰ ਕਿੱਸੇ ਦਾ ਬਿਰਤਾਂਤ ਦੁਨਿਆਵੀ ਪ੍ਰੇਮ ਦੀ ਕਹਾਣੀ ਦਸਣ ਤੋਂ ਉਪਰੰਤ ਉਸ ਨੂੰ ਇਸ਼ਕ ਹਕੀਕੀ ਦੀ ਰੰਗਣ ਦੇ ਦੇਂਦਾਂ ਹੈ । ਸੋ ਕਿੱਸਿਆਂ ਦੇ ਬਿਰਤਾਂਤ ਦੀ ਇਕ ਨਿਰਮਾਨ-ਰੂੜ੍ਹੀ/ਸਖਣਾ ਪੈਟਰਨ ਤਾਂ ਸਪੱਸ਼ਟ ਹੀ ਹੈ ਕਿ ਉਹ ਗੱਲ ਸਰੀਰਕ ਪਿਆਰ ਤੋਂ ਸ਼ੁਰੂ ਕਰਕੇ ਅਖੀਰ ਤੇ ਉਸਦਾ ਸੰਬੰਧ ਦੈਵੀ ਪਿਆਰ ਨਾਲ ਜੋੜ ਦਿੰਦੇ ਹਨ । ਦੈਵੀਕਰਨ ਦੀ ਇਹ ਜੁਗਤ ਉਨ੍ਹਾਂ ਆਪਣੀ ਮੱਧਕਾਲੀਨ ਵਿਸ਼ਵ ਦ੍ਰਿਸ਼ਟੀ ਵਿਚੋਂ ਅਚੇਤ ਹੀ ਆਤਮਸਾਤ ਕੀਤੀ ਹੈ । ਇਥੇ ਮੰਗਲਾਚਰਨ ਦੀ ਜੁਗਤ ਵਿਚ ਵਾਰਿਸ ਸ਼ਾਹ ਕਿੱਸਾ-ਕਾਵਿ ਦੇ ਇਸੇ ਸਖਣੇ ਪੈਟਰਨ ਤੋਂ ਪ੍ਰੇਰਿਤ ਹੋਇਆ ਹੀਰ ਰਾਂਝੇ ਦੀ ਲੋਕ ਪ੍ਰੇਮ-ਕਥਾ ਨੂੰ ਮੰਗਲਾਚਰਨ ਰਾਹੀਂ ਕੁਰਾਨ ਦੇ ਦੈਵੀ ਇਸ਼ਕ ਨਾਲ ਜੋੜ ਦਿੰਦਾ ਹੈ । ਇਸ ਨਾਲ ਇਕ ਤਾਂ ਮੰਗਲਾਚਰਨ ਸਾਰੇ ਕਿਸੇ ਦੀ ਸਰੰਚਨਾ ਦਾ ਲਾਜ਼ਮੀ ਅੰਗ ਬਣਦਾ ਹੈ, ਦੂਸਰਾ ਮੰਗਲਾਚਰਨ ਸਾਰੇ ਕਿੱਸੇ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਨ ਵਾਲੀ ਜੁਗਤ ਦਾ ਕੰਮ ਕਰਦਾ ਹੈ । ਇਉਂ ਇਹ ਜੁਗਤ/ਨਿਰਮਾਨ-ਰੂੜ੍ਹੀ ਸਾਰੇ ਕਿੱਸੇ ਨੂੰ ਇਕ ਇਕਾਗਰਤਾ ਦੇਣ ਵਾਲੀ ਰੂੜ੍ਹੀ ਹੈ, ਜੋ ਆਪਣੀ ਪ੍ਰਕਿਰਤੀ ਵਿਚ ਬਾਣੀ ਦੀ 'ਰਹਾਉ' ਦੀ ਜੁਗਤ ਦੇ ਅਤਿ ਨੇੜੇ ਹੈ । ਵਾਰਿਸ, ਹੀਰ ਦੇ ਇਹ-ਲੌਕਿਕ ਰੁਮਾਸ ਨੂੰ ਪੇਸ਼ ਕਰਨ ਤੋਂ ਪਹਿਲਾਂ ਉਸ ਨੂੰ ਦੈਵੀ-ਇਸ਼ਕ ਦੀ ਕੁਰਾਨ ਵਿਚਲੀ ਮਿੱਥ ਨਾਲ ਸੰਬੰਧਿਤ ਕਰ ਦੇਂਦਾ ਹੈ । ਵਾਰਿਸ ਦੀ ਅਜਿਹੀ ਜੁਗਤ ਦ੍ਰਿਸ਼-ਕਾਵਿ ਦੇ ਵਿਆਪਕ ਸਖਣੇ ਰੂਪ ਨੂੰ ਹੀ ਦ੍ਰਿੜਾਉਂਦੀ ਪ੍ਰਤੀਤ ਹੁੰਦੀ ਹੈ । ਇਉਂ ਹੀਰ ਰਾਂਝੇ ਦੀ ਦੁਨਿਆਵੀ ਕਥਾ ਚਿਹਨਕ ਬਣਦੀ ਹੈ ਤੇ ਉਸ ਦੇ ਅਧਿਆਤਮਕ ਤੇ ਦੈਵੀ ਅਰਥ ਉਸ ਦੇ ਚਿਹਨਿਤ । ਕਿੱਸਾ-ਕਾਵਿ ਦਾ ਪਹਿਲਾ ਸਖਣਾ-ਪੈਟਰਨ ਲੌਕਿਕ ਪੱਧਰ ਉਤੇ ਪ੍ਰਾਪਤ ਲੋਕ ਕਹਾਣੀਆਂ ਨੂੰ ਨਵਾਂ ਚਿਹਨ-ਪ੍ਰਬੰਧ ਵੀ ਬਣਾ ਜਾਂਦਾ ਹੈ । ਪੰਜਾਬ ਦੀ ਲੋਕ-ਕਥਾ ਦੇ ਵਿਸ਼ੇ ਨੂੰ ਕੁਰਾਨ ਦੇ ਵਿਸ਼ੇ ਨਾਲ ਸੰਬੰਧਿਤ ਕਰਕੇ ਵਾਰਿਸ ਸ਼ਾਹ ਇਸ ਕਿੱਸੇ ਦੇ ਨਵੇਂ ਚਿਹਨ-ਵਿਗਿਆਨਕ ਸਿਸਟਮ ਪ੍ਰਤੀ ਸਪੱਸ਼ਟ ਸੰਕੇਤ ਕਰਦਾ ਹੈ । ਪੰਜਾਬੀ ਹੀਰ ਰਾਂਝੇ ਦੀ ਲੋਕ-ਕਥਾ ਸਮਾਜ ਮਰਯਾਦਾ ਦੇ ਵਿਦ੍ਰੋਹ ਵਿਚ ਇਸ਼ਕ ਦੇ ਸੁਤੰਤਰ ਰਾਹ ਨੂੰ ਤਰਜੀਹ ਦੇਂਦੀ ਹੈ । ਸੂਫ਼ੀਵਾਦ ਇਸਲਾਮੀ ਸ਼ਰ੍ਹਾ ਦੇ ਵਿਦ੍ਰੋਹ ਵਿਚ ਇਸ਼ਕ ਦੇ ਰਾਹ ਨੂੰ ਤਰਜੀਹ ਦਿੰਦਾ ਹੈ । ਇਸ ਮੰਗਲਾਚਰਨ ਦੇ ਪ੍ਰਗੀਤ ਵਿਚ ਜਿਥੇ ਹੀਰ-ਰਾਂਝੇ ਦੇ ਇਹਲੌਕਿਕ ਇਸ਼ਕ ਨੂੰ ਕੁਰਾਨੀ ਸੰਦਰਭ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਛਾਨਣ ਦਾ ਯਤਨ ਹੈ, ਉਥੇ ਸੂਫ਼ੀਵਾਦ ਦੀ ਨਵੀਂ ਕੁਰਾਨੀ ਵਿਆਖਿਆ ਬਿਰਤੀ ਵੀ ਸਪੱਸ਼ਟ ਹੈ। ਵਾਰਿਸ਼ ਸ਼ਾਹ ਨੇ ਆਪਣੀ ਅਜਿਹੀ ਭਾਵਨਾ ਪ੍ਰਤੀ ਕਿੱਸੇ ਵਿਚ ਸਪੱਸ਼ਟ ਸੰਕੇਤ ਵੀ ਕੀਤਾ ਹੈ :

ਇਹ ਕੁਰਾਨ ਮਜੀਦ ਦੇ ਮਾਇਨੇ ਨੀ,
ਜਿਹੜੇ ਕੌਲ ਮੀਏਂ ਵਾਰਿਸ਼ਾਹ ਦੇ ਵੇ ।

ਅਜਿਹੇ ਸਪੱਸ਼ਟ ਸੰਕੇਤ ਤੋਂ ਹੀ ਕਿੱਸਾ-ਕਾਵਿ ਦੇ ਬੁਨਿਆਦੀ ਸਖਣੇ ਪੈਟਰਨ ਦਾ ਪਤਾ ਚਲਦਾ ਹੈ ਕਿ ਕਿੱਸਾ ਸਿਰਜਨ ਦੀ ਇਕ ਜੁਗਤ/ਨਿਰਮਾਨ-ਰੂੜ੍ਹੀ ਦੁਨਿਆਵੀ ਪਿਆਰ ਨੂੰ ਇਸ਼ਕ ਹਕੀਕੀ ਵਿਚ ਪ੍ਰੇਣਿਤ ਕਰਨ ਨਾਲ ਸੰਬੰਧਤ ਹੈ। ਇਥੇ ਵਾਰਿਸ-ਸ਼ਾਹ ਦਾ ਸੁਚੇਤ ਕਥਨ ਇਹ ਪਤਾ ਦਿੰਦਾ ਹੈ ਕਿ ਉਹ ਪੰਜਾਬ ਦੀ ਪ੍ਰੀਤ ਕਥਾ ਦੇ ਚਿਹਨ ਨੂੰ ਉਹਦੇ ਲੌਕਿਕ ਚਿਹਨਕ-ਚਿਹਨਿਤ ਸੰਬੰਧਾਂ ਤੋਂ ਵਿਛੋੜ ਕੇ ਪਾਰਲੌਕਿਕ ਸੰਬੰਧਾਂ ਵਿਚ ਜੋੜਨ ਦਾ ਯਤਨ ਕਰ ਰਿਹਾ ਹੈ। ਪੰਜਾਬੀ ਕਿੱਸਾ-ਕਾਵਿ ਦਾ ਇਹ ਬੁਨਿਆਦੀ ਸਖਣਾ ਪੈਟਰਨ/ਨੇਮ/ਜੁਗਤ ਨਿਰਮਾਨ-ਰੂੜ੍ਹੀ ਹੈ। ਇਸ ਸਖਣੇ ਪੈਟਰਨ ਨਾਲ ਪ੍ਰਾਥਮਿਕ ਲੌਕਿਕ ਪੱਧਰ ਤੇ ਪ੍ਰਾਪਤ ਯਥਾਰਥ ਨੂੰ ਦੂਜੈਲੇ ਪੱਧਰ ਤੇ ਪੇਸ਼ ਕੀਤਾ ਜਾਂਦਾ ਹੈ। ਸੂਫ਼ੀ-ਕਾਵਿ ਦੇ ਪਿਛੇ ਵੀ ਇਹ ਜੁਗਤ/ਨਿਰਮਾਨ-ਰੂੜ੍ਹੀ ਕਾਰਜਸ਼ੀਲ ਹੈ, ਪਰ ਉਥੇ ਇਹ ਪ੍ਰਗੀਤਕ ਰੂਪਾਕਾਰ ਵਿਚ ਪੇਸ਼ ਹੈ। ਸ਼ਾਹ ਹੁਸੈਨ ਦੀਆਂ ਕਾਫੀਆਂ ਵਿਚੋਂ ਇਕ ਉਦਾਹਰਣ ਪੇਸ਼ ਹੈ।

1. ਸਾਈਂ ਸਾਈਂ ਕਰੇਂਦਿਆਂ ਮਾਂ ਪਿਉ ਹੁੜੇਦਿਆਂ
ਕੋਈ ਨੇਹੁੜਾ ਲਾਇਓ ।
ਵਤ ਘਰਿ ਵੰਞਣ ਕੇਹਾ ਵੇ ਮਾਹੀਆ ॥ ੧ ॥ ਰਹਾਉ ॥
ਹੀਰੇ ਨੂੰ ਇਸ਼ਕ ਚਿਰੋਕਾ ਆਹਾ, ਜਾਂ ਆਹੀ ਦੁਧ ਵਾਤੀ ॥
ਵਿਚ ਪੰਗੂੜੇ ਦੇ ਪਈ ਤੜਫੇ, ਵੇਦਨ ਰਤੀ ਨ ਜਾਤੀ ॥
ਬਿਰਹੁ ਕਸਾਈ ਤਨ ਅੰਦਰ ਵੜਿਆ, ਘਿੰਨ ਕੁਹਾਵੀ ਕਾਤੀ ॥

ਵਾਰਿਸ ਸ਼ਾਹ ਨੇ ਸੂਫ਼ੀ-ਕਾਵਿ ਦੇ ਪ੍ਰਗੀਤਕ ਰੂਪ ਵਿਚ ਪ੍ਰਾਪਤ ਇਸ ਸਖਣੇ ਰੂਪ ਨੂੰ ਬਿਰਤਾਂਤਕ ਕੋਡ ਵਿਚ ਵਿਸਥਾਪਿਤ ਕਰ ਦਿੱਤਾ ਹੈ। ਪਰ ਇਹ ਸਖਣਾ-ਰੂਪ ਪੰਜਾਬ ਦੀਆਂ ਲੋਕ ਕਹਾਣੀਆਂ ਦਾ ਦੈਵੀਕਰਨ ਕਰਕੇ ਨਵਾਂ ਚਿਹਨ ਵੀ ਸਿਰਜਦਾ ਹੈ। ਨਵੇਂ ਚਿਹਨ ਦੀ ਸਿਰਜਨਾ ਤਦ ਹੁੰਦੀ ਹੈ ਜਦੋਂ ਕਿ ਪਹਿਲੀ ਪੱਧਰ ਤੇ ਪ੍ਰਾਪਤ ਚਿਹਨ ਨੂੰ ਕਿਸੇ ਹੋਰ ਸਿਸਟਮ ਦਾ ਚਿਹਨਕ ਬਣਾ ਦਿੱਤਾ ਜਾਵੇ। ਹੀਰ-ਰਾਂਝਾ ਪੰਜਾਬੀ ਲੋਕ-ਸਭਿਆਚਾਰ ਵਿਚ ਪ੍ਰਾਪਤ ਬੁਨਿਆਦੀ ਪੱਧਰ ਦੇ ਲੋਕ-ਸਾਹਿਤ ਦੇ ਸਿਸਟਮ ਨੂੰ ਪੇਸ਼ ਕਰਦੇ ਹਨ। ਇਸ ਪੱਧਰ ਤੇ ਹੀਰ-ਰਾਂਝੇ ਦੀ ਪ੍ਰਤੀ-ਕਥਾ ਦਾ ਚਿਹਨਿਤ ਅਰਥ ਸਮਾਜ ਮਰਯਾਦਾ ਦੀ ਵਿਆਹ-ਸੰਸਥਾ ਪ੍ਰਤੀ ਵਿਦਰੋਹ ਭਾਵਨਾ ਵਿਚ ਵੇਖਿਆ ਜਾ ਸਕਦਾ ਹੈ। ਪੰਜਾਬੀ ਸੂਫ਼ੀ ਤੇ ਕਿੱਸਾ-ਕਾਵਿ ਦੋਵੇਂ ਹੀ ਇਕ ਪ੍ਰਗੀਤਕ ਰੂਪਾਕਾਰ ਵਿਚ ਇਸ ਲੌਕਿਕ ਪੱਧਰ ਤੇ ਪ੍ਰਾਪਤ ਚਿਹਨਕ-ਚਿਹਨਿਤ ਰਿਸ਼ਤੇ ਵਿਚੋਂ ਉਜਾਗਰ ਹੁੰਦੇ ਚਿਹਨ ਨੂੰ ਵੱਖ ਵੱਖ ਕਿਰਤਾਂ ਦਾ ਨਵੀਨ ਚਿਹਨਕ ਬਣਾਂਦੇ ਹਨ। ਹੀਰ ਰਾਂਝੇ ਦੀ ਪ੍ਰੇਮ-ਕਥਾ ਨਵਾਂ ਚਿਹਨਕ ਬਣ ਕੇ ਵਿਸ਼ੇਸ਼ ਦੈਵੀ ਇਸ਼ਕ ਦੇ ਅਰਥਾਂ ਨੂੰ ਚਿਹਨਿਤ ਕਰਦੀ ਹੈ। ਇਉਂ ਹੀਰ ਰਾਂਝੇ ਦੀ ਕਥਾ ਕਿੱਸਾਕਰਾਂ ਦੇ ਹੱਥ ਵਿਚ ਇਕ ਵਸਤੂਮੂਲਕ ਸਮੀਕਰਣ (Objective Correlative) ਦਾ ਕਾਰਜ ਕਰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤੀਤ ਹੁੰਦੀ ਹੈ । ਇਸੇ ਦਿਸ਼ਾ ਵਿਚ ਵੱਧ ਕੇ ਅਸੀਂ ਕਿੱਸਾ-ਕਾਵਿ ਦੇ ਇਸ ਕਾਵਿ-ਸ਼ਾਸਤਰੀ ਸਖਣੇ-ਰੂਪ/ਨਿਰਮਾਨ-ਰੂੜ੍ਹੀ/ਨੇਮ/ਜੁਗਤ ਨੂੰ ਅੱਗੇ ਦਿੱਤੇ ਮਾਡਲ ਵਿਚ ਸਪੱਸ਼ਟ ਕਰ ਸਕਦੇ ਹਾਂ :



ਵਾਰਿਸ ਸ਼ਾਹ ਵੀ ਇਸੇ ਸਖਣੇ-ਪੈਟਰਨ ਦੀ ਜੁਗਤ ਰਾਹੀਂ ਹੀਰ ਰਾਂਝੇ ਦੇ ਬਿਰਤਾਂਤ ਨੂੰ ਰੂਪਕ ਰਚਨਾ ਦਾ ਰੂਪ ਦੇ ਰਿਹਾ ਹੈ । ਹੀਰ-ਰਾਂਝੇ ਦੇ ਇਹਲੌਕਿਕ ਇਸ਼ਕ ਨੂੰ ਕੁਰਾਨ ਵਿਚਲੇ ਖੁਦਾ-ਰਸੂਲ-ਇਸ਼ਕ ਨਾਲ ਸੰਬੰਧਿਤ ਕਰਨ ਤੋਂ ਵਾਰਿਸ ਦੀ ਭਾਵਨਾ ਇਸ ਲੌਕਿਕ ਕਥਾ ਦੇ ਚਿਹਨਕ ਨੂੰ ਨਵੇਂ ਚਿਹਨਤ ਨਾਲ ਜੋੜਨ ਦੀ ਹੈ । ਇਹੋ ਇਸ਼ਕ ਮਜ਼ਾਜ਼ੀ ਨੂੰ ਇਸ਼ਕ ਹਕੀਕੀ ਨਾਲ ਜੋੜਨ ਦਾ ਕਿੱਸਿਆਂ ਦਾ ਸਖਣਾ-ਰੂਪ ਹੈ ਜੋ ਕਿ ਵਾਰਿਸ ਦੇ ਪਿਛੇ ਵੀ ਇਕ ਨੇਮ/ਜੁਗਤ/ਨਿਰਮਾਨ-ਰੂੜ੍ਹੀ ਵਾਂਗ ਕਾਰਜਸ਼ੀਲ ਹੈ । ਵਾਰਿਸ ਇਥੇ ਸੂਫ਼ੀਆਂ ਵਾਲੇ ਪ੍ਰਗੀਤਕ ਸਖਣੇ-ਰੂਪ ਨੂੰ ਬਿਰਤਾਂਤਕ ਰੂਪਾਕਾਰ ਵਿਚ ਵਿਸਥਾਪਿਤ ਕਰਨ ਦਾ ਕਾਰਜ ਕਰ ਰਿਹਾ ਹੈ ।

ਆਪਣੀਆਂ ਰੂਪਾਕਾਰਕ ਜੁਗਤਾਂ ਲਈ ਵਾਰਿਸ ਪੰਜਾਬ ਦੇ ਲੌਕਿਕ ਸੰਦਰਭਾਂ ਵਲ ਵੀ ਪਰਤਦਾ ਹੈ ਤੇ ਇਸਲਾਮ ਦੀ ਮਿੱਥ ਪਰੰਪਰਾ ਵਲ ਵੀ । ਦੋਨਾਂ ਪਰੰਪਰਾਵਾਂ ਦੇ ਸੰਦਰਭਾਂ ਨੂੰ ਵਿਸਥਾਪਿਤ ਕਰ ਕੇ ਆਪਣੇ ਕਿੱਸੇ ਦੀ ਰਚਨਾ ਕਰਦਾ ਹੈ । ਉਸਦੀ ਅਜਿਹੀ ਨਿਰਮਾਨ-ਰੂੜ੍ਹੀ/ਜੁਗਤ/ਸਖਣਾ ਰੂਪ ਅਜਿਹਾ ਹੈ ਜੋ ਕਿ ਸਾਰੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਕਿੱਸਾ-ਕਾਵਿ ਦੀ ਰੂੜ੍ਹੀ ਬਣ ਗਿਆ ਹੈ । ਅਜਿਹਾ ਤੱਦ ਹੀ ਸੰਭਵ ਹੁੰਦਾ ਹੈ ਜਦੋਂ ਕਿ ਬਹੁ-ਭਾਸ਼ਕੀ ਤੇ ਬਹੁ-ਸਾਂਸਕ੍ਰਿਤਕ ਸਥਿਤੀ ਵਿਚ ਅਜਿਹੇ ਵਕਤੇ ਸਰੋਤੇ ਪੈਦਾ ਹੋਣ ਜੋ ਨਿਰੰਤਰ ਅਜਿਹੀ ਸਥਿਤੀ ਵਿਚ ਆਦਾਨ ਪ੍ਰਦਾਨ ਕਰਨ । ਪੰਜਾਬ ਦੀ ਉਦੋਂ ਦੀ ਸਥਿਤੀ ਬਹੁ-ਭਾਸ਼ਕੀ ਵੀ ਸੀ ਤੇ ਬਹੁ-ਸਾਂਸਕ੍ਰਿਤਕ ਵੀ ਸੀ । ਇਸ ਸਥਿਤੀ ਦਾ ਸਖਣਾ-ਰੂਪ ਹੀ ਕਿੱਸਿਆਂ ਦੀ ਨਿਰਮਾਂਨ-ਰੂੜ੍ਹੀ ਬਣ ਗਿਆ ਹੈ । ਵਾਰਿਸ ਸ਼ਾਹ ਨੂੰ ਯਾਰਾਂ ਨੇ ਆਕੇ ਮੰਗ ਕੀਤੀ ਕਿ ਹੀਰ ਰਾਂਝੇ ਦੀ ਲੌਕਿਕ ਕਥਾ ਨੂੰ ਨਵਾਂ ਬਣਾ ਕੇ ਪੇਸ਼ ਕਰੋ । ਉਸ ਮੰਗ ਨੂੰ ਪੂਰਾ ਕਰਨ ਲਈ ਵਾਰਿਸ ਨੇ ਪ੍ਰਾਚੀਨ ਪ੍ਰਾਪਤ ਪ੍ਰਤਿਮਾਨ (Norm) ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਹਨ (deviation) ਕਰ ਦਿੱਤਾ । ਉਸ ਨੇ ਲੋਕ-ਕਥਾ ਦੇ ਇਹਲੌਕਿਕ ਸੰਦਰਭਾਂ ਨੂੰ ਸਾਮੀ-ਮਿੱਥ ਦੇ ਪਾਰਲੌਕਿਕ ਸੰਦਰਭਾਂ ਨਾਲ ਅੰਤਰਸੰਬੰਧਿਤ ਕਰਕੇ ਇਸੇ ਕਿੱਸੇ ਦੇ ਨਵੀਨ ਸਿਸਟਮ ਨੂੰ ਜਨਮ ਦਿੱਤਾ ਹੈ। ਕਿੱਸੇ ਦੇ ਆਰੰਭ ਵਿਚ ਵਾਰਿਸ ਸ਼ਾਹ ਨੇ ਜੋ ਆਪਣੇ ਕਾਵਿ-ਸਿਧਾਂਤਾਂ ਦਾ ਵਰਨਣ ਕੀਤਾ ਹੈ, ਉਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਹੀਰ ਦੇ ਕਿੱਸੇ ਨੂੰ 'ਨਵਾਂ ਬਣਾਉਣ' ਵਲ ਰੁਚਿਤ ਹੈ । ਨਵੀਨਤਾ, ਪਰਾਚੀਨਤਾ ਵਿਚੋਂ ਹੀ ਨਵੀਨ ਸਿਸਟਮ ਨੂੰ ਸਿਰਜਦੀ ਹੈ। ਪੰਜਾਬੀ ਸਭਿਆਚਾਰ ਵਿਚ ਹੀਰ-ਰਾਂਝੇ ਦੀ ਪ੍ਰੇਮ-ਕਥਾ, ਲੋਕ-ਪਰੰਪਰਾ ਵਿਚ ਸਹਿਜ ਪ੍ਰਾਪਤ ਸੀ। ਵਾਰਿਸ ਨੇ ਇਸ ਨਾਲੋਂ ਸਹਜ ਪ੍ਰਾਪਤ ਸਾਰਥਕਤਾ ਨੂੰ ਵਿਛੋੜ ਕੇ ਇਸ ਨਾਲ ਨਵੀਨ ਸਾਰਥਕਤਾ ਨੂੰ ਜੋੜ ਦਿੱਤਾ। ਵਾਰਿਸ ਸ਼ਾਹ ਅਜਿਹੇ ਦੁਜੈਲੇ ਮਾਡਲ ਸਿਰਜਨ ਪ੍ਰਤੀ ਆਪਣੀ ਚੇਤੰਨਤਾ ਹੇਠਲੀਆਂ ਪੰਗਤੀਆਂ ਰਾਹੀਂ ਪੇਸ਼ ਕਰਦਾ ਹੈ :

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ,
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ ।
ਬੜੇ ਚਿਰ ਤੋਂ ਇਸ ਦੀ ਗਲ ਸੁੱਤੀ
ਨਵੇਂ ਸਿਰੇ ਤੋਂ ਫੇਰ ਜਗਾਈਏ ਜੀ ।

ਉਪਰੋਕਤ ਉਦਾਹਰਣ ਵਿਚ ਲਫਜ਼ 'ਸੁੱਤੀ' ਤੇ 'ਜਗਾਉਣਾ' ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਜੋ ਚੀਜ਼ ਸਾਡੇ ਨਿਤ ਦੇ ਵਰਤੋਂ ਵਿਹਾਰ ਵਿਚ ਆਉਂਦੀ ਹੈ, ਉਸ ਪ੍ਰਤੀ ਸਾਡੀਆਂ ਸੰਵੇਦਨਾਵਾਂ 'ਸਉਂ' ਜਾਂਦੀਆਂ ਹਨ ਭਾਵ ਮਰ ਜਾਂਦੀਆਂ ਹਨ। ਉਹ ਸਾਡਾ ਧਿਆਨ ਆਪਣੇ ਵਲ ਬਿਲਕੁਲ ਨਹੀਂ ਖਿਚਦੀਆਂ। ਕਵੀ ਦੀ ਕਲਾਤਮਕਤਾ ਦਾ ਰਾਜ਼ ਇਸੇ ਵਿਚ ਹੈ ਕਿ ਉਹ ਸਾਡੀ ਜਾਣੀ-ਪਛਾਣੀ ਸਭਿਆਚਾਰਕ ਤੇ ਸਾਂਸਕ੍ਰਿਤਕ ਪਿੱਠ-ਭੂਮੀ ਵਿਚੋਂ ਕੁਝ ਅਜੇਹੀ ਨਵੀਨ ਸਾਰਥਕਤਾ ਉਜਾਗਰ ਕਰੇ ਜੋ ਸਾਡੀ ਬਿਰਤੀ ਨੂੰ ਅਗ੍ਰਭੂਮਿਤ ਕਰ ਦੇਵੇ। ਇਹੋ ਅਗ੍ਰਭੂਮਿਤ ਕਰਨ ਦੀ ਮੂਲ ਕਲਾਤਮਕ ਜੁਗਤੀ ਹੀ 'ਸੁੱਤੇ' ਸਭਿਆਚਾਰਕ ਚਿਹਨਾ ਨੂੰ 'ਮੁੜ ਜਗਾਉਣ' ਨਾਲ ਸੰਬੰਧਿਤ ਹੈ। ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿਚ ਵੀ ਇਸੇ ਨਿਰਮਾਨ-ਰੂੜ੍ਹੀ/ ਜੁਗਤ ਦੀ ਵਰਤੋਂ ਕੀਤੀ ਹੈ। ਵਾਰਿਸ ਦੀ ਸਿਰਜਨਾ ਦੀ ਇਹ ਕੇਂਦਰੀ ਜੁਗਤ/ ਨਿਰਮਾਨ-ਰੂੜ੍ਹੀ ਹੈ। ਵਾਰਿਸ ਬਾਰ ਬਾਰ ਪੰਜਾਬ ਦੀ ਲੋਕ-ਕਹਾਣੀ ਦੇ ਮੋਟਿਫਾ ਨੂੰ ਪੇਸ਼ ਕਰਨ ਲਈ ਇਸਲਾਮੀ ਸੰਦਰਭਾ ਵਲ ਪਰਤਦਾ ਹੈ। ਕਿਸੇ ਦੇ ਅਰੰਭਲੇ ਤਖਤ ਹਜ਼ਾਰੇ ਦੇ ਮੋਟਿਫਾਂ ਦੀ ਨਿਰਮਾਨ-ਰੂੜ੍ਹੀ/ਜੁਗਤ/ਸਖਣਾ-ਪੈਟਰਨ ਵੀ ਇਸੇ ਸਿਰਜਨਾ ਦੀ ਜੁਗਤ ਰਾਹੀਂ ਸਿਰਜਿਆ ਗਿਆ ਹੈ :—

ਕੇਹੀ ਤਕਤ ਹਜ਼ਾਰੇ ਦੀ ਗਲ ਕੀਜੇ,
ਜਿਥੇ ਰਾਂਝਿਆਂ ਰੰਗ ਮਚਾਇਆ ਈ ।
ਛੈਲ ਗਭਰੂ ਮਸਤ ਅਲਬੇਲੜੇ ਨੀ,
ਸੁੰਦਰ ਇਕ ਥੀਂ ਇਕ ਸਵਾਇਆ ਈ ।
ਵਾਲੇ ਕੋਕਲੇ ਮੁੰਦਰਾਂ ਮਝ ਲੁੰਢੀ,
ਨਵਾਂ ਠਾਠ ਤੇ ਠਾਠ ਚੜ੍ਹਾਇਆ ਈ ।
ਵਾਰਿਸ ਕੀ ਹਜ਼ਾਰੇ ਦੀ ਸਿਫਤ ਆਖਾਂ ।
ਗੋਯਾ ਭਿਸ਼ਤ ਜ਼ਮੀਨ ਤੇ ਆਇਆ ਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਵਾਰਿਸ ਪੰਜਾਬੀ ਸਭਿਆਚਾਰ ਦੇ ਇਕ ਸ਼ਹਿਰ ਤਖਤ ਹਜ਼ਾਰੇ ਦਾ ਵਰਨਣ ਪੇਸ਼ ਕਰਨ ਲਈ ਇਸ ਦੀ ਨਿਰਮਾਨ-ਰੂੜ੍ਹੀ/ਸਖਣਾ-ਪੈਟਰਨ ਕੁਰਾਨ ਵਿਚ ਪੇਸ਼ ਕੀਤੇ ਜਨਤ ਦੇ ਸਖਣੇ-ਪੈਟਰਨ ਤੋਂ ਲੈਂਦਾ ਹੈ। ਕੁਰਾਨ ਵਿਚਲੇ ਜਨਤ ਦੇ ਮਾਡਲ ਨੂੰ ਤਖਤ ਹਜ਼ਾਰੇ ਦਾ ਮੋਟਿਫ ਸਿਰਜਨ ਲਈ ਜੋ ਵਿਸਥਾਪਨ ਇਥੇ ਵਾਰਿਸ ਨੇ ਕੀਤਾ ਹੈ ਇਹ ਬਾਅਦ ਵਿਚ ਕਿੱਸਾਕਾਰਾਂ ਦੀ ਸਿਰਜਨਾਤਮਕਤਾ ਦੀ ਇਕ ਨਿਰੰਤਰ ਜੁਗਤ ਬਣ ਗਈ ਜਾਪਦੀ ਹੈ। ਇਸੇ ਨਿਰਮਾਨ-ਰੂੜ੍ਹੀ/ਜੁਗਤ ਰਾਹੀਂ ਹਾਸ਼ਮ ਨੇ ਸੱਸੀ ਪੁੰਨੂੰ ਦੇ ਕਿੱਸੇ ਵਿਚਲੇ ਭੰਬੋਰ ਸ਼ਹਿਰ ਦਾ ਮੋਟਿਫ ਸਿਰਜਿਆ ਹੈ। ਉਹ ਵੀ ਭੰਬੋਰ ਸ਼ਹਿਰ ਦੇ ਮੋਟਿਫ ਦੀ ਪੇਸ਼ਕਾਰੀ ਬਹਿਸ਼ਤ ਦੇ ਸਖਣੇ ਪੈਟਰਨ ਵਿਚ ਵਿਸਥਾਪਿਤ ਕਰਕੇ ਕਰਦਾ ਹੈ। ਕਿੱਸੇ ਦਾ ਅਰੰਭਲਾ ਮੋਟਿਫ਼ ਤੇ ਉਸ ਦੇ ਸਿਰਜਨ ਦਾ ਸਖਣਾ ਰੂਪ ਪੇਸ਼ ਹੈ :—

ਆਦਮ ਜਾਤ ਭੰਬੋਰ ਸ਼ਹਿਰ ਦਾ,
ਸਾਹਿਬ ਤਖਤ ਕਹਾਵੇ ।
ਵਹਿਸ਼ ਤਯੂਰ ਮਨਾਇਤ ਆਦਮ,
ਹਰ ਇਕ ਸੀਸ ਨਿਵਾਵੇ ।
ਜਾਹ ਜਲਾਲ ਸਿਕੰਦਰ ਵਾਲਾ,
ਖਾਤਰ ਮੂਲ ਨਾ ਲਿਆਵੇ ।
ਹਾਸ਼ਮ ਆਖ ਜ਼ਬਾਨ ਨ ਥਕਦੀ,
ਕੌਣ ਤਰੀਫ ਸੁਣਾਵੇ ।
ਸ਼ਹਿਰ ਭੰਬੋਰ ਮਕਾਨ ਇਲਾਹੀ,
ਬਾਗ਼ ਬਹਿਸ਼ਤ ਬਣਾਇਆ ।

ਹਾਸ਼ਮ ਨੇ ਵੀ ਭੰਬੋਰ ਸ਼ਹਿਰ ਦੇ ਸਿਰਜਨ ਲਈ ਵਾਰਿਸ ਦੇ ਕਿੱਸੇ ਵਾਲੀ ਬਹਿਸ਼ਤ ਦੇ ਸਖਣੇ-ਪੈਟਰਨ ਦੀ ਰੂੜ੍ਹੀ ਨੂੰ ਵਰਤਿਆ ਹੈ। ਇਹ ਸਾਂਝ ਸੁਭਾਵਕ ਨਹੀਂ ਆ ਗਈ। ਇਹ ਸਾਂਝ ਹੀ ਇਸ ਗੱਲ ਦਾ ਸਬੂਤ ਹੈ ਕਿ ਕਿੱਸੇਕਾਰਾਂ ਦੇ ਪਾਸ ਅਚੇਤ ਜਾਂ ਸੁਚੇਤ ਰੂਪ ਵਿਚ ਕੁਝ ਸੀਮਤ ਨਿਰਮਾਨ-ਰੂੜ੍ਹੀਆਂ/ਜੁਗਤਾਂ/ਸਖਣੇ ਰੂਪ ਸਨ, ਜਿਨ੍ਹਾਂ ਰਾਹੀਂ ਉਹ ਆਪਣੇ ਕਿੱਸਿਆਂ ਦਾ ਸਿਰਜਨ ਕਰਦੇ ਸਨ। ਪਰੰਤੂ ਪੰਜਾਬੀ ਵਿਚ ਸਾਹਿਤ-ਸ਼ਾਸਤਰੀ ਬਿਰਤੀ ਦੀ ਘਾਟ ਦੇ ਕਾਰਨ ਅਜੇ ਤਕ ਕਿੱਸਾ-ਕਾਵਿ ਦਾ ਕੋਈ ਵੀ ਕਾਵਿ-ਸ਼ਾਸਤਰ ਉਸਾਰਿਆ ਨਹੀਂ ਜਾ ਸਕਿਆ। ਸੰਪੂਰਨ ਕਿੱਸਾ-ਕਾਵਿ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਪ੍ਰੇਰਨਾ ਕਿੱਸਿਆਂ ਵਿਚਲੇ ਅਜਿਹੇ ਸਾਂਝੇ ਨੇਮ/ਜੁਗਤਾਂ ਤੋਂ ਸਪੱਸ਼ਟ ਤੌਰ ਤੇ ਪ੍ਰਾਪਤ ਹੁੰਦੀ ਹੈ।

ਸਾਡੇ ਮੱਧਕਾਲੀ ਕਿੱਸਾਕਾਰਾਂ ਦੀ ਇਹ ਨਿਰਮਾਨ-ਰੂੜ੍ਹੀ ਵੀ ਲੌਕਿਕ ਸੰਦਰਭਾਂ ਦੇ ਦੈਵੀਕਰਨ ਦੀ ਜੁਗਤ ਵਿਚ ਰਖ ਕੇ ਵੇਖੀ ਜਾ ਸਕਦੀ ਹੈ। ਕਿੱਸਾ-ਕਾਵਿ ਦੇ ਕਾਵਿ-ਸ਼ਾਸਤਰ ਦੀ ਇਹ ਬੁਨਿਆਦੀ ਜੁਗਤ ਹੈ ਜੋ ਵਾਰਿਸ ਤੇ ਹਾਸ਼ਮ ਦੋਨੋਂ ਹੀ ਵਰਤ ਰਹੇ ਹਨ। ਇਕ ਨੇ ਤਖਤ ਹਜ਼ਾਰੇ ਦੇ ਇਹਲੌਕਿਕ ਮੋਟਿਫ ਨੂੰ ਕੁਰਾਨ ਦੇ ਬਹਿਸ਼ਤ ਦੇ ਸਖਣੇ-ਪੈਟਰਨ ਵਿਚ ਵਿਸਥਾਪਿਤ ਕਰਕੇ ਉਸ ਦਾ ਸਿਰਸਨ ਕੀਤਾ ਹੈ ਤਾਂ ਦੂਜੇ ਨੇ ਭੰਬੋਰ ਦੇ ਇਹਲੈਕਿਕ ਮੋਟਿਫ ਨੂੰ ਬਹਿਸ਼ਤ ਦੇ ਸਖਣੇ-ਪੈਟਰਨ ਵਿਚ ਵਿਸਥਾਪਤ ਕੀਤਾ ਹੈ। ਇਹ ਹੀ ਨਹੀਂ ਵਾਰਿਸ ਦੇ ਕਿੱਸੇ ਵਿਚ ਤਾਂ ਇਹ ਨਿਰਮਾਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂੜ੍ਹੀ/ਜੁਗਤ ਇਤਨੀ ਵਿਆਪਕ ਹੈ ਕਿ ਉਹ ਕਿੱਸੇ ਦੇ ਬਿਰਤਾਂਤ ਦੇ ਲਗਭਗ ਹਰ ਗਤੀਸ਼ੀਲ ਮੋਟਿਫ਼ ਨੂੰ ਪੇਸ਼ ਕਰਨ ਲਈ, ਆਪਣਾ ਸਖਣਾ-ਪੈਟਰਨ/ਜੁਗਤ ਆਦਿਮ ਦੀ ਮਿੱਥ ਵਿਚੋਂ ਲੈਂਦਾ ਹੈ। ਇਸ ਦੇ ਨਾਲ ਹੀ ਉਹ ਲੌਕਿਕ ਪ੍ਰੇਮ-ਕਥਾ ਦੇ ਮੋਟਿਫ਼ਾਂ ਦਾ ਦੈਵੀਕਰਨ ਸਹਿਜੇ ਹੀ ਕਰ ਜਾਂਦਾ ਹੈ। ਇਹ 'ਆਦਿਮ ਦੀ ਮਿੱਥ' ਦਾ ਸਖਣਾ-ਰੂਪ ਹੀ ਹੈ, ਜੋ ਵਾਰਿਸ ਆਪਣੇ ਕਿੱਸੇ ਦੇ ਬਿਰਤਾਂਤ ਨੂੰ ਸਿਰਜਨ ਦੀ ਬੁਨਿਆਦੀ ਨਿਰਮਾਨ-ਰੂੜ੍ਹੀ ਬਣਾਂਦਾ ਹੈ। ਇਸ ਲਈ ਸੰਖੇਪ ਵਿਚ ਇਸ ਮਿੱਥ ਨੂੰ ਜਾਣ ਲੈਣਾ ਉਚਿਤ ਹੈ। ਆਦਿਮ ਤੇ ਹਵਾ ਜਨਤ ਵਿਚ ਸਹਜ ਤੇ ਸੁਖਾਵਾਂ ਜੀਵਨ ਬਤੀਤ ਕਰ ਰਹੇ ਸਨ। ਇਹੋ ਜਿਹਾ ਸਹਿਜ ਜੀਵਨ, ਬਿਰਤਾਂਤ ਸਿਰਜਨ ਦਾ ਪ੍ਰੇਰਣਾ-ਸ੍ਰੋਤ ਨਹੀਂ ਹੋ ਸਕਦਾ। ਬਿਰਤਾਂਤ ਸਿਰਜਨ ਵਿਚ ਗਤੀਸ਼ੀਲ ਮੋਟਿਫ਼ ਨੂੰ ਪੇਸ਼ ਕਰਨ ਦੀ ਜੁਗਤ, ਜੀਵਨ ਦੀ ਸਹਿਜ ਦੇ ਹਾਂ-ਮੁੱਖ ਤੌਰ ਦੇ ਵਿਰੋਧ ਵਿਚ ਕਾਰਜਸ਼ੀਲ ਹੋਣ ਨਾਲ ਹੀ ਸੰਭਵ ਹੈ। ਇਸ ਲਈ ਬਿਰਤਾਂਤ ਦਾ ਗਤੀਸ਼ੀਲ ਮੋਟਿਫ਼ ਜੀਵਨ ਦੀ ਸਹਿਜ ਤੌਰ ਪ੍ਰਤੀ ਨਾਂਹ-ਮੁੱਖ ਰੋਲ ਅਦਾ ਕਰਨ ਨਾਲ ਹੀ ਸਿਰਜਿਆ ਜਾ ਸਕਦਾ ਹੈ। ਆਦਿਮ ਤੇ ਹਵਾ ਦੇ ਜਨਤ ਵਿਚਲੇ ਸਹਜ-ਜੀਵਨ ਵਿਚ ਅਜਿਹਾ ਨਾਂਹ-ਮੁੱਖ ਰੋਲ ਸ਼ੈਤਾਨ ਨੇ ਅਦਾ ਕੀਤਾ। ਸ਼ੈਤਾਨ ਦੇ ਨਾਂਹ-ਮੁੱਖੀ ਕਾਰਜ ਕਾਰਨ ਹੀ ਆਦਿਮ ਤੇ ਹਵਾ ਨੂੰ ਜਨਤ ਛੱਡ ਕੇ ਧਰਤੀ ਤੇ ਆਉਣਾ ਪਿਆ। ਨਾਂਹ-ਮੁੱਖ ਕਾਰਜ ਤੋਂ ਬਿਨਾਂ ਮਨੁੱਖੀ ਜੀਵਨ-ਬਿਰਤਾਂਤ ਤੇ ਦੁਨੀਆਂ ਦਾ ਅਰੰਭ ਹੀ ਸੰਭਵ ਨਹੀਂ ਸੀ। ਸ਼ੈਤਾਨ ਦੇ ਨਾਂਹ-ਮੁੱਖ ਮੋਟਿਫ਼ ਦੀ ਪੇਸ਼ਕਾਰੀ ਨੇ ਹੀ ਗਤੀ-ਪ੍ਰਦਾਨ ਕੀਤੀ ਤੇ ਮਨੁੱਖ ਜਨਤ ਨੂੰ ਛਡ ਕੇ ਹੇਠਾਂ ਧਰਤੀ ਤੇ ਗਿਰ ਕੇ ਦੁਖਦਾਈ ਤੇ ਸੰਕਟਗ੍ਰਸਤ ਜੀਵਨ ਦੀ ਯਾਤਰਾ ਵਿਚ ਪੈ ਗਿਆ। ਇਥੋਂ ਇਸ ਮਿੱਥ ਵਿਚੋਂ ਬਿਰਤਾਂਤ-ਸਿਰਜਨ ਦਾ ਸਖਣਾ ਪੈਟਰਨ ਇਹ ਪ੍ਰਾਪਤ ਹੁੰਦਾ ਹੈ ਕਿ ਜੋ ਨੇਮ, ਵਸਤੂ-ਜੀਵਨ ਲਈ ਨਾਂਹ-ਮੁੱਖ ਹੈ, ਬਿਰਤਾਂਤ-ਸਿਰਜਨ ਲਈ ਅਤੇ ਉਸ ਨੂੰ ਗਤੀਸ਼ਲ ਬਣਾ ਕੇ ਅੱਗੇ ਤੋਰਨ ਲਈ ਉਹ ਨੇਮ ਹਾਂ-ਮੁੱਖ ਹੈ।

ਬਿਰਤਾਂਤ-ਸਿਰਜਨ ਦੀ ਇਹ ਜੁਗਤ ਬੀਜ-ਜੁਗਤ ਵਾਂਗ ਵਾਰਿਸ ਨੇ ਹੀਰ ਰਾਂਝੇ ਦੀ ਕਥਾ ਨੂੰ ਪੇਸ਼ ਕਰਨ ਲਈ ਸਖਣੇ-ਪੈਟਰਨ/ਨਿਰਮਾਨ-ਰੂੜ੍ਹੀ ਵਜੋਂ ਵਰਤੀ ਹੈ। ਕੁਰਾਨ ਦੇ ਇਸ ਸਖਣੇ-ਪੈਟਰਨ ਜਾਂ ਸੂਝ-ਮਾਡਲ ਰਾਹੀਂ ਹੀਰ ਰਾਂਝੇ ਦੇ ਸਾਰੇ ਬਿਰਤਾਂਤ ਦਾ ਅਧਿਐਨ ਹੋ ਸਕਦਾ ਹੈ। ਪਿਆਰ ਤੇ ਸੁਖ ਦਾ ਜੀਵਨ ਜੋ ਵਸਤੂ ਜਗਤ ਲਈ ਹਾਂ-ਮੁੱਖ ਹੈ, ਬਿਰਤਾਂਤ ਦੀ ਗਤੀ ਲਈ ਇਸ ਪ੍ਰਤੀ ਨਾਂਹ-ਮੁੱਖ ਹੋਣਾ ਲਾਜ਼ਮੀ ਹੈ। ਇਸ ਪ੍ਰਤੀ ਨਾਂਹ-ਮੁੱਖ ਕਾਰਜ ਵਾਲੇ ਮੋਟਿਫ਼ ਨੂੰ ਪੇਸ਼ ਕੀਤੇ ਬਿਨਾਂ ਬਿਰਤਾਂਤ ਅੱਗੇ ਤੁਰ ਨਹੀਂ ਸਕਦਾ। ਇਸ ਲਈ ਬਿਰਤਾਂਤ-ਸਿਰਜਨ ਲਈ ਘੱਟੋ ਘੱਟ ਦੋ ਪ੍ਰਕਾਰ ਦੇ ਮੋਟਿਫ਼ਾਂ ਦਾ ਹੋਣਾ ਲਾਜ਼ਮੀ ਹੈ: (1) ਹਾਂ-ਮੁੱਖ ਮੋਟਿਫ਼, ਜੋ ਬਿਰਤਾਂਤ ਨੂੰ ਸਥਿਤੀਸ਼ੀਲ ਬਣਾ ਕੇ ਰੋਕ ਲੈਂਦੇ ਹਨ ਅਤੇ (2) ਗਤੀਸ਼ੀਲ ਮੋਟਿਫ਼ ਜੋ ਬਿਰਤਾਂਤ ਨੂੰ ਗਤੀ ਪ੍ਰਦਾਨ ਕਰਕੇ ਇਸ ਨੂੰ ਅੱਗੇ ਤੋਰਦੇ ਹਨ। ਬਿਰਤਾਂਤ ਇਕ ਕਲਾ ਹੈ ਤੇ ਰੁਕ ਰੁਕ ਕੇ ਤੁਰਨ ਨਾਲ ਹੀ ਕਲਾ ਜੀਵਨ ਦੀ ਸਾਧਾਰਨ ਤੌਰ ਦਾ ਅਜਨਬੀਕ੍ਰਿਤ ਰੂਪ ਧਾਰਨ ਕਰਦੀ ਹੈ। ਇਹ ਅਜਨਬੀਕ੍ਰਿਤ ਰੂਪ ਤਦੇ ਹੀ ਸੰਭਵ ਹੈ ਜੇ ਉਹ ਸਾਧਾਰਨ ਜੀਵਨ ਦੇ ਪ੍ਰਤਿਮਾਨਾਂ/ਨੇਮਾਂ ਦਾ ਪਰਾਹਨ ਕਰੇ। ਇਸ ਬਿਰਤਾਂਤ ਨੂੰ ਤੋਰਨ ਦੀ ਜੁਗਤ, ਵਸਤੂ-ਜੀਵਨ ਦੇ ਪੱਖੋਂ ਨਾਂਹ-ਮੁੱਖ ਹੁੰਦੀ ਹੈ। ਇਸਲਾਮੀ ਦ੍ਰਿਸ਼ਟੀ ਅਨੁਸਾਰ ਅਜਿਹਾ ਕਾਰਜ ਸ਼ੈਤਾਨ ਕਰਦਾ ਹੈ। ਵਾਰਿਸਸ਼ਾਹ ਹੀਰ ਰਾਂਝੇ ਦੇ ਕਿੱਸੇ ਦੇ ਸਿਰਜਨ ਲਈ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਮਾਨ-ਰੂੜ੍ਹੀ/ਸਖਣੇ ਰੂਪ ਨੂੰ ਬਾਰ ਬਾਰ ਦੁਹਰਾਇਆ ਹੈ। ਰਾਂਝਾ ਤਖ਼ਤ ਹਜ਼ਾਰੇ ਦੇ ਸੁਖਾਵੇਂ ਤੇ ਸੁਰਗ ਵਰਗੇ ਸਹਿਜ ਜੀਵਨ ਵਿਚ ਰਹਿ ਰਿਹਾ ਹੈ। ਤਖਤ ਹਜ਼ਾਰਾ 'ਗੋਯਾ ਭਿਸ਼ਤ ਜ਼ਮੀਨ ਤੇ ਆਇਆ' ਰਾਹੀਂ ਸੁਰਗ ਦੇ ਰੂਪਕ ਵਿਚ ਪੇਸ਼ ਹੈ। ਅਜਿਹਾ ਸੁਰਗੀ ਜੀਵਨ, ਬਿਰਤਾਂਤ ਨਹੀਂ ਸਿਰਜ ਸਕਦਾ। ਉਸ ਨੂੰ ਅੱਗੇ ਤੋਰਨ ਲਈ ਨਾਂਹ-ਮੁੱਖ ਕਾਰਜ ਦੀ ਲੋੜ ਹੈ। ਰਾਂਝੇ ਦੇ ਸੁਰਗੀ ਜੀਵਨ ਵਿਚੋਂ ਉਹਨੂੰ ਕੱਢਣ ਦੇ ਜ਼ਿੰਮੇਵਾਰ ਉਹਦੇ ਭਰਾ ਹਨ, ਜੋ ਨਾਂਹ-ਮੁੱਖ ਕਾਰਜ ਕਰਦੇ ਹਨ। ਉਨ੍ਹਾਂ ਨੂੰ ਵਾਰਿਸ 'ਸੱਪ-ਵਾਂਗੂ' ਨਾਲ ਉਪਮਾ ਦੇ ਕੇ ਸਾਮੀ ਮਿੱਥ ਵਲ ਸੰਕੇਤ ਦਿੰਦਾ ਹੈ ਕਿਉਂਕਿ ਉਥੇ ਸ਼ੈਤਾਨ ਸੱਪ ਦਾ ਰੂਪ ਬਦਲ ਕੇ ਨਾਂਹ-ਮੁੱਖ ਕਾਰਜ ਕਰਦਾ ਹੈ। ਸਪੱਸ਼ਟਤਾ ਲਈ ਉਦਾਹਰਣ ਪੇਸ਼ ਹੈ :—

ਵਾਰਿਸ ਕੀ ਹਜ਼ਾਰੇ ਦੀ ਸਿਫਤ ਆਖਾਂ
ਗੋਯਾ ਭਿਸ਼ਤ ਜ਼ਮੀਨ ਤੇ ਆਇਆ ਈ।
ਬਾਪ ਕਰੇ ਪਿਆਰ ਤੇ ਭਾਈ ਵੈਰੀ
ਡਰ ਬਾਪ ਤੋਂ ਪਏ ਸੰਗਦੇ ਨੀ।
ਗੁਝੇ ਮੇਹਣੇ ਮਾਰਦੇ ਸੱਪ ਵਾਂਗੂ
ਉਸ ਦੇ ਕਾਲਜੇ ਨੂੰ ਪਏ ਡੰਗਦੇ ਨੀ।

ਇਸੇ ਤਰ੍ਹਾਂ ਭਰਾਵਾਂ ਦੇ ਸ਼ੈਤਾਨੀ ਰੂਪ ਵਿਚ ਕੀਤੇ ਨਾਂਹ-ਮੁੱਖ ਰੋਲ ਕਾਰਣ ਰਾਂਝਾ ਘਰੋਂ ਨਿਕਲ ਤੁਰਦਾ ਹੈ ਤੇ ਬਿਰਤਾਂਤ ਵਿਚ ਗਤੀ ਆਉਂਦੀ ਹੈ। ਅੱਗੇ ਜਿਸ ਮਸਜਿਦ ਵਿਚ ਰਾਂਝਾ ਜਾ ਕੇ ਠਹਿਰਦਾ ਹੈ ਉਸ ਦਾ ਸਿਰਜਨ ਫਿਰ ਸੁਰਗ/ਬਹਿਸ਼ਤ ਦੇ ਸਖਣੇ ਪੈਟਰਨ ਵਿਚ ਪੇਸ਼ ਹੈ :

ਮਸਜਿਦ ਬੈਤੁਲ ਅਤੀਕ ਮਿਸ਼ਾਲ ਆਹੀ,
ਖਾਨੇ ਕਾਹਬਿਉਂ ਡੋਲ ਉਤਾਰੀਆਂ ਨੇ।
ਗੋਇਆ ਅਕਸਾ ਦੇ ਨਾਲ ਦੀ ਭੈਣ ਦੂਜੀ,
ਸ਼ਾਇਦ ਸੰਦਲੀ ਨੂਰ ਉਸਾਰੀਆਂ ਨੇ।

ਇਸ ਬਹਿਸ਼ਤ ਵਿਚੋਂ ਰਾਂਝੇ ਨੂੰ ਕੱਢ ਕੇ ਬਿਰਤਾਂਤ ਨੂੰ ਗਤੀ ਦੇਣ ਵਾਲਾ ਮੌਲਵੀ ਫਿਰ ਸ਼ੈਤਾਨ ਦੇ ਰੂਪ ਵਿਚ ਪੇਸ਼ ਹੈ :

"ਦਾੜੀ ਸ਼ੇਖ ਦੀ ਅਮਲ ਸ਼ੈਤਾਨ ਵਾਲੇ;
ਕੇਹਾ ਰਾਣਿਉ ਜਾਂਦਿਆਂ ਰਾਹੀਆਂ ਨੂੰ।"

ਇਥੋਂ ਤੁਰ ਰਾਂਝਾ ਹੀਰ ਦੇ ਸੁਰਗੀ ਪਸਾਰੇ ਵਿਚ ਟਿਕ ਜਾਂਦਾ ਹੈ, ਉਥੇ ਵੀ ਕਹਾਣੀ ਨੂੰ ਅੱਗੇ ਗਤੀ ਪ੍ਰਦਾਨ ਕਰਨ ਵਾਲਾ ਕੈਦੋਂ ਲੰਙੇ ਦਾ ਮੋਟਿਫ਼ ਸ਼ੈਤਾਨ ਦੇ ਰੂਪ ਵਿਚ ਪੇਸ਼ ਹੈ :

"ਵਾਰਿਸ ਸ਼ਾਹ ਫਰਿਸ਼ਤਿਆਂ ਅਰਸ਼ ਉਤੋਂ
ਸ਼ੈਤਾਨ ਨੂੰ ਜ਼ਿਮੀ ਪਰ ਸੁਟਿਆ ਸੂ।"

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿੱਸਾਕਾਰਾਂ ਪਾਸ ਕੁਝ ਕੁ ਸੀਮਿਤ ਸਖਣੇ ਰੂਪ/ਨਿਰਮਾਨ-ਰੂੜ੍ਹੀਆਂ/ਜੁਗਤਾਂ ਹਨ, ਜਿਨ੍ਹਾਂ ਨੂੰ ਉਹ ਬਾਰ ਬਾਰ ਦੁਹਰਾ ਕੇ ਆਪਣੇ ਕਿੱਸਿਆਂ ਦੀ ਰਚਨਾ ਕਰਦੇ ਹਨ। ਇਨ੍ਹਾਂ ਸੀਮਿਤ ਰੂੜ੍ਹੀਆਂ/ਸਖਣੇ ਰੂਪਾਂ ਨੂੰ ਸਮੁੱਚੇ

CC-0. In Public Domain. Gurukul Kangri Collection, Haridwar

ਰੂਪ ਵਿਚ ਨਿਸ਼ਚਿਤ ਕਰਨਾ ਹੀ ਕਾਵਿ-ਸ਼ਾਸਤਰੀ ਪ੍ਰਕਿਰਿਆ ਦਾ ਕੰਮ ਹੈ। ਪਰੰਤੂ
Digitized by Arya Samaj Foundation Chennai and eGangotri
ਸਮੁੱਚੇ ਕਿੱਸਾ-ਕਾਵਿ ਨੂੰ ਆਪਣੇ ਸਾਹਮਣੇ ਰਖ ਕੇ ਉਸ ਦਾ ਸਮੁੱਚਾ-ਕਾਵਿ ਸ਼ਾਸਤਰ ਸਿਰਜਨਾ ਇਕ ਕਾਫ਼ੀ ਵਿਸਤ੍ਰਿਤ ਵਿਸ਼ਾ ਹੈ। ਇਕ ਅੱਧੇ ਕਿੱਸੇ ਦੀ ਉਦਾਹਰਣ ਲੈ ਕੇ ਉਸ ਵਿਚੋਂ ਕਾਵਿ-ਸ਼ਾਸਤਰੀ ਨੇਮ/ਜੁਗਤਾਂ/ਨਿਰਮਾਨ-ਰੂੜ੍ਹੀਆਂ/ਸਖਣੇ-ਰੂਪਾਂ ਨੂੰ ਵੀ ਇਸ ਅਧਿਐਨ ਵਿਚ ਕੇਵਲ ਸੰਕੇਤਕ ਰੂਪ ਵਿਚ ਹੀ ਦਸਿਆ ਜਾ ਸਕਦਾ ਹੈ। ਫਿਰ ਕਿੱਸਾ-ਕਾਵਿ ਵਿਚ ਬਹੁਤ ਵੰਨਗੀਆਂ ਦੇ ਕਿੱਸੇ ਮਿਲਦੇ ਹਨ। ਇਸ ਲਈ ਕਿੱਸਿਆਂ ਦਾ ਕਾਵਿ-ਸ਼ਾਸਤਰ ਇਕ ਅਤਿਅੰਤ ਵਿਆਪਕ ਕੋਟੀ ਵਿਚ ਨਿਸ਼ਚਿਤ ਕਰਨਾ ਕਠਨ ਕਾਰਜ ਤੇ ਬਿਖੜਾ ਮਾਰਗ ਹੈ। ਇਥੇ ਤਾਂ ਸੰਕੇਤ ਮਾਤਰ ਪ੍ਰਮੁਖ ਵੰਨਗੀਆਂ ਦੇ ਕਿੱਸਿਆਂ ਦੀਆਂ ਨਿਰਮਾਨ-ਜੁਗਤਾਂ ਦੇ ਪ੍ਰਬੰਧ ਦੀ ਵਿਸ਼ੇਸਤਾ ਹੀ ਦੱਸੀ ਜਾ ਸਕਦੀ ਹੈ। ਵਾਰਿਸ ਵਿਚ ਕਿੱਸੇ ਦੇ ਬਿਰਤਾਂਤ ਦੀ ਪ੍ਰਕਿਰਤੀ ਵਧੇਰੇ ਖੁਲ੍ਹਦੀ ਹੈ। ਉਥੇ ਸਮਾਜ ਤੇ ਮੱਧਕਾਲੀਨ ਜੀਵਨ ਦੇ ਬਹੁ-ਪੱਖੀ ਯਥਾਰਥ ਦਾ ਭਰਪੂਰ ਵਰਨਣ ਹੈ। ਉਹ ਪੰਜਾਬੀ ਸਭਿਆਚਾਰ ਤੇ ਸੰਸਕ੍ਰਿਤੀ ਨੂੰ ਭਰਪੂਰ ਰੂਪ ਵਿਚ ਉਘਾੜਦਾ ਹੈ। ਉਸ ਦੀ ਬਿਰਤੀ ਸਮਾਜ ਯਥਾਰਥ ਤੇ ਸਮਾਜਕ ਮਰਯਾਦਾ ਦੇ ਪ੍ਰਤੀਮਾਨ ਦਾ ਪ੍ਰਹਾਨ ਪੇਸ਼ ਕਰਨ ਵਲ ਵਧੇਰੇ ਬੱਲ ਦਿੰਦੀ ਹੈ। ਜਿਉਂ ਜਿਉਂ ਬਿਰਤਾਂਤ ਅੱਗੇ ਵੱਧਦਾ ਹੈ ਤਿਉਂ ਤਿਉਂ ਸਮਾਜਕ ਪ੍ਰਸੰਗ ਖੁਲ੍ਹਦੇ ਹਨ ਤੇ ਹੀਰ ਨੂੰ ਅਸੀਂ ਸਮਾਜ-ਮਰਯਾਦਾ ਦਾ ਪ੍ਰਾਹਨ ਕਰਦੇ ਵੇਖਦੇ ਹਾਂ। ਵਾਰਿਸ ਦੀ ਹੀਰ ਸਮਾਜਕ ਪ੍ਰਸੰਗ ਦੇ ਪਰਵਾਰਕ, ਸਮਾਜਕ ਅਤੇ ਧਾਰਮਿਕ ਮਰਯਾਦਾ ਦੇ ਮੱਧਕਾਲੀਨ ਪ੍ਰਤਿਮਾਨਾਂ (norms) ਦਾ ਪ੍ਰਾਹਨ ਕਰਦੀ ਹੈ ਅਤੇ ਇਸ ਇਹਲੌਕਿਕ ਮਰਯਾਦਾ ਦਾ ਪ੍ਰਾਹਨ ਕਰਨ ਸਮੇਂ ਦੈਵੀ ਸ਼ਕਤੀਆਂ (divine powers) ਦਾ ਆਸਰਾ ਲੈਂਦੀ ਹੈ। ਇਉਂ ਇਹਲੌਕਿਕਤਾ ਤੇ ਦੈਵੀ ਸ਼ਕਤੀਆਂ ਦਾ ਸਖਣਾ-ਰੂਪ ਇਸ ਕਿੱਸੇ ਦੀ ਨਿਰਮਾਨ-ਰੂੜ੍ਹੀ/ਜੁਗਤ/ਨੇਮ ਦੇ ਰੂਪ ਵਿਚ ਕਾਰਜਸ਼ੀਲ ਹੈ। ਸਾਰੇ ਕਿੱਸੇ ਦੇ ਰੂਪਾਕਾਰ ਵਿਚ ਬਿਰਤਾਂਤ ਤੇ ਸਮਾਜਕ ਯਥਾਰਥ ਅਗ੍ਰਭੂਮਿਤ ਹੈ ਅਤੇ ਪ੍ਰਗੀਤ ਪਿੱਠ-ਭੂਮੀ ਵਿਚ ਸਰਕਾ ਦਿੱਤਾ ਗਿਆ ਹੈ। ਸਾਂਝੇ ਨੇਮਾਂ ਦੇ ਹੁੰਦਿਆਂ ਵੀ ਇਹ ਕਿੱਸਾ ਬਾਕੀ ਵੰਨਗੀਆਂ ਨਾਲੋਂ ਵਖਰਾ ਵੀ ਹੈ।

ਵਾਰਿਸ ਦੇ ਕਿੱਸੇ ਨਾਲੋਂ ਹਾਸ਼ਮ ਦੇ ਸੱਸੀ ਪੁੰਨੂੰ ਦਾ ਪ੍ਰਮੁਖ ਅੰਤਰ ਇਹ ਹੈ ਕਿ ਜਿਥੇ ਵਾਰਿਸ ਵਿਚ ਸਮਾਜਕ ਯਥਾਰਥ ਤੇ ਬਿਰਤਾਂਤਕ ਰੂਪਾਕਾਰ ਅਗ੍ਰਭੂਮਿਤ ਹੈ ਤੇ ਪ੍ਰਗੀਤਕ ਰੂਪਾਕਾਰ ਨੂੰ ਪਿੱਠ-ਭੂਮੀ ਵਿਚ ਸਰਕਾ ਦਿੱਤਾ ਗਿਆ ਹੈ, ਉਥੇ ਸੱਸੀ ਹਾਸ਼ਮ ਵਿਚ ਕਿੱਸੇ ਦਾ ਰੂਪਾਕਾਰ ਸ਼ੁੱਧ ਪ੍ਰਗੀਤ ਦਾ ਰੂਪਾਕਾਰ ਬਣ ਜਾਂਦਾ ਹੈ ਅਤੇ ਸਮਾਜ-ਮਰਯਾਦਾ ਦੇ ਆਪਸੀ ਟਕਰਾਉ ਦਾ ਬਿਰਤਾਂਤਕ ਰੂਪਾਕਾਰ ਪਿੱਠ-ਭੂਮੀ ਵਿਚ ਸਰਕਾ ਦਿੱਤਾ ਗਿਆ ਹੈ। ਪਿਛੇ ਅਸੀਂ ਸੱਸੀ ਪੁੰਨੂੰ ਦੇ ਕਿੱਸੇ ਵਿਚਲੀ ਸਿਰਜਨਾਤਮਕਤਾ ਦੇ ਇਕ ਸਖਣੇ-ਰੂਪ ਦੀ ਸਮਾਨਤਾ ਬਾਰੇ ਚਰਚਾ ਕਰ ਚੁੱਕੇ ਹਾਂ। ਵਾਰਿਸ ਤੇ ਹਾਸ਼ਮ ਦੋਵੇਂ ਹੀ ਕ੍ਰਮਵਾਰ ਤਖਤ ਹਜ਼ਾਰੇ ਅਤੇ ਭੰਬੋਰ ਸ਼ਹਿਰ ਦੇ ਮੋਟਿਫ਼ ਨੂੰ ਕੁਰਾਨ ਵਿਚਲੇ ਬਹਿਸ਼ਤ ਦੇ ਸਖਣੇ-ਰੂਪ ਵਿਚ ਵਿਸਥਾਪਿਤ ਕਰਦੇ ਹਨ। ਇਉਂ ਇਹਲੌਕਿਕ ਵੇਰਵਿਆਂ ਦਾ ਦੈਵੀਕਰਣ ਜਾਂ ਪਰਾਲੌਕਿਕਤਾ ਨਾਲ ਜੋੜਨ ਦੇ ਸਖਣੇ-ਰੂਪ ਦੀ ਦੋਹਾਂ ਦੀ ਸਮਾਨਤਾ ਵੀ ਵਿਦਮਾਨ ਹੈ। ਕਿੱਸਾ ਰਚਣ ਦੇ ਪ੍ਰੇਰਨਾ-ਸ੍ਰੋਤ ਬਾਰੇ ਵਾਰਿਸ ਮਿੱਤਰਾਂ ਦੇ ਕਹਿਣ ਉਤੇ ਲੋਕ-ਸਾਹਿਤ ਵਿਚ ਪ੍ਰਾਪਤ ਕਿੱਸੇ ਨੂੰ ਨਵੀਨਤਾ ਪ੍ਰਦਾਨ ਕਰਨ ਲਈ ਉਸ ਨੂੰ ਦੈਵੀਕਰਨ ਦੇ ਚਿਹਨਿਤ ਨਾਲ ਜੋੜਨਾ ਹੈ।

CC-0. In Public Domain. Gurukul Kangri Collection, Haridwar

ਹਾਸ਼ਮ ਵੀ ਕਿੱਸਾ-ਸਿਰਜਨ ਦਾ ਪ੍ਰੇਰਨਾ-ਸ੍ਰੋਤ ਲੋਕ ਮਰਯਾਦਾ ਨਾਲ ਜੋੜਦਾ ਹੈ। ਲੋਕ ਮਰਯਾਦਾ ਵਿਚੋਂ ਉਹਨੇ ਸੱਸੀ/ਪੁੰਨੂ ਦੇ ਇਸ਼ਕ ਦੀਆਂ ਬਾਤਾਂ ਸੁਣੀਆਂ। ਲੋਕ ਪਰੰਪਰਾ ਵਿਚੋਂ ਜ਼ਬਾਨੀ ਸੁਣੇ ਇਸ ਕਿੱਸੇ ਨੂੰ ਹਾਸ਼ਮਨੇ ਲਿਖ ਤੀ ਰੂਪ ਦੇਣ ਦਾ ਫੈਸਲਾ ਕੀਤਾ। ਇਸ ਦਾ ਜ਼ਿਕਰ ਉਹਦੇ ਆਪਣੇ ਸ਼ਬਦਾਂ ਵਿਚ ਇਉਂ ਪੇਸ਼ ਹੈ :

Digitized by Arya Samaj Foundation Chennai and eGangotri

'ਹੁਸਨ ਕਲਾਮ ਜੋ ਸ਼ਾਇਰ ਕਰਦੇ, ਸੁਖਨ ਨਾ ਸਾਥੀ ਆਇਆ।
ਜੇਹਾ ਅਕਲ ਸ਼ਊਰ ਆਸਾਡਾ ਅਸਾਂ ਭੀ ਆਖ ਸੁਣਾਇਆ।
ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ।
ਹਾਸ਼ਮ ਜੋਸ਼ ਤਬੀਅਤ ਕੀਤਾ, ਵਹਿਮ ਇਤੇ ਵਲ ਆਇਆ।'

ਪਰੰਤੂ ਹਾਸ਼ਮ ਦੇ ਕਿੱਸੇ ਵਿਚ ਆਰੰਭ ਤੋਂ ਹੀ ਸਮਾਜ ਤੇ ਮਰਯਾਦਾ ਦੇ ਟਕਰਾਉ ਦੀ ਸਿਰਜਨ-ਜੁਗਤ ਤੋਂ ਅਲਹਿਦਾ ਹੋਣੀ ਤੇ ਪ੍ਰਕ੍ਰਿਤੀ ਦੀਆਂ ਅੰਨ੍ਹੀਆਂ ਸ਼ਕਤੀਆਂ ਨੂੰ ਬਿਰਤਾਂਤ ਦੀ ਪੇਸ਼ਕਾਰੀ ਲਈ ਵਰਤਿਆ ਗਿਆ ਹੈ। ਸੱਸੀ ਦੇ ਜਨਮ ਸਮੇਂ ਉਸ ਦੇ ਨਸੀਬ ਨੂੰ ਦਸਣ ਲਈ ਨਜੂਮੀਆਂ ਨੂੰ ਬੁਲਾਇਆ ਜਾਂਦਾ ਹੈ। ਨਜੂਮੀ ਪਹਿਲਾਂ ਚੁਪ ਕਰ ਜਾਂਦੇ ਹਨ ਤੇ ਬਾਅਦ ਵਿਚ ਡਰ ਨੂੰ ਉਤਾਰ ਕੇ ਉਹ ਸੱਸੀ ਦੀ ਹੋਣੀ ਦੀ ਭਵਿਖ ਬਾਣੀ ਨੂੰ ਉਚਾਰਦੇ ਹਨ :

ਓੜਕ ਖ਼ੌਫ ਉਤਾਰ ਨਜੂਮੀ, ਬਾਤ ਕਰਨ ਮਨ ਭਾਣੀ।
ਕਾਮਲ ਇਸ਼ਕ ਸੱਸੀ ਨੂੰ ਹੋਸੀ, ਹੋਵਗ ਜਦੋਂ ਸਿਆਣੀ।
ਮਸਤ ਬੇਹੋਸ਼ ਥਲਾਂ ਵਿਚ ਮਰਸੀ, ਦਰਦ ਫਿਰਾਕ ਰੰਞਾਨੀ।
ਹਾਸ਼ਮ ਦਾਗ਼ ਲਗਾਵਸ ਕੁਲ ਨੂੰ ਹੋਗ ਜਹਾਨ ਕਹਾਣੀ।

ਇਸ ਹੋਣੀ ਦੇ ਉਚਾਰ ਤੋਂ ਬਾਅਦ ਕਵੀ ਮੱਧਕਾਲੀਨ ਹੋਣੀ ਦੀ ਸਖਣੇ ਪੈਟਰਨ ਨੂੰ ਪੇਸ਼ ਕਰਦਾ ਹੈ, ਜਿਸ ਦੀ ਦ੍ਰਿਸ਼ਟੀ ਤ੍ਰਾਸਦੀ ਦੀ ਹੈ। ਇਸ ਵਿਚ ਕਿਮਮਤ ਦਾ ਪਲਟਾਉ ਹੈ। ਜਦੋਂ ਹੋਣੀ ਵਾਪਰਦੀ ਹੈ ਤਾਂ ਰਾਜੇ ਨੂੰ ਤਖਤ ਤੋਂ ਹਟਾ ਕੇ ਫਕੀਰ ਵਾਂਗ ਖੈਰ ਮੰਗਵਾਂਦੀ ਹੈ :

ਵਾਹ ਕਲਾਮ ਨਸੀਬ ਸੱਸੀ ਦਾ ਨਾਉਂ ਲਿਆ ਦਿਲ ਡਰਦਾ।
ਤਖਤੇ ਚਾਇ ਸੁਟੇ ਸੁਲਤਾਨਾ, ਖੈਰ ਮੰਗਣ ਦਰ ਦਰ ਦਾ।

ਇਉਂ ਸੱਸੀ ਦੀ ਤ੍ਰਾਸਦੀ ਦੇ ਪਿਛੇ ਹੋਣੀ ਦਾ ਸਖਣਾ-ਪੈਟਰਨ ਜਾਂ ਜੁਗਤ ਕਾਰਜਸ਼ੀਲ ਹੈ। ਉਹ ਆਪਣੇ ਸੁਭਾ ਕਾਰਨ ਜਾਂ ਕਿਸੇ ਦੇ ਸ਼ੈਤਾਨੀ ਨਾਂਹ-ਮੁੱਖ ਕਾਰਜ ਕਰਕੇ ਮੁਸੀਬਤ ਵਿਚ ਨਹੀਂ ਫਸਦੀ, ਇਹ ਤਾਂ ਸਗੋਂ ਉਸ ਦਾ ਨਸੀਬ ਹੈ ਕਿ ਉਸਦਾ ਪਿਉ ਉਸ ਨੂੰ ਨਦੀ ਦੀਆਂ ਅੰਨ੍ਹੀਆਂ ਪ੍ਰਕਿਰਤਿਕ ਸ਼ਕਤੀਆਂ ਦੇ ਹਵਾਲੇ ਕਰ ਦੇਂਦਾ ਹੈ :

ਪਾਇ ਸੰਦੂਕ ਰੁੜ੍ਹਾਈ ਸੱਸੀ, ਨੂਹ ਤੂਫਾਨ ਵਗੇਂਦਾ।
ਬਾਸ਼ਕ ਨਾਗ ਨ ਹਾਥ ਲਿਆਵੇ, ਬੋਲ ਪਨਾਹ ਮੰਗਦਾ।
ਪਾਰ ਉਰਾਰ ਬਲਾਈਂ ਭਰਿਆ, ਦਾਨੇ ਦੇਉਂ ਡਰੇਂਦਾ।
ਹਾਸ਼ਮ ਵੇਖ ਨਸੀਬ ਸੱਸੀ ਦਾ, ਕੀ ਕੁਝ ਹੋਰ ਕਰੇਂਦਾ।

ਇਉਂ ਉਪਰੋਕਤ ਪੰਕਤੀਆਂ ਤੋਂ ਬਿਲਕੁਲ ਸਪੱਸ਼ਟ ਹੈ ਕਿ ਕਵੀ ਆਪ ਆਪਣੇ ਕਿੱਸੇ ਦੀ ਸਿਰਜਨਾਤਮਕ ਜੁਗਤ ਹੋਣੀ ਨੂੰ ਸਪੱਸ਼ਟ ਕਰ ਰਿਹਾ ਹੈ। ਉਹ ਕਿੱਸਾ ਪੜ੍ਹਨ ਵਾਲੇ ਨੂੰ ਇਹ ਵੇਖਣ ਲਈ ਕਹਿੰਦਾ ਹੈ ਕਿ ਹੋਣੀ ਦੀਆਂ ਕਰਨੀਆਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਗਤ ਵੱਥ । ਸੱਸੀ ਦਾ ਪੁੰਨੂੰ ਨੂੰ ਮਿਲਣਾ, ਇਸ਼ਕ ਹੋਣਾ, ਸੁੱਤੇ ਹੋਇਆਂ ਦਾ ਵਿਛੋੜੇ ਜਾਣਾ ਤੇ ਫਿਰ ਥਲਾਂ ਵਿਚ ਦੋਹਾਂ ਦੇ ਪਿਆਰ ਦਾ ਅੰਤ ਹੋਣਾ; ਇਹ ਸਭ ਹੋਣੀ ਦੇ ਸੰਖੇਪ ਜਿਹੇ ਵੇਰਵੇ ਹਨ । ਕਿੱਸੇ ਦੀ ਸ਼ਕਤੀ ਸੱਸੀ ਦੀਆਂ ਅਜਿਹੀਆਂ ਪ੍ਰਗੀਤਾਮਕ ਧੁਨੀਆਂ ਵਿਚ ਹੀ ਹੈ :

1. ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ ।
ਜਬ ਲਗ ਸਾਸ ਨਿਰਾਸ ਨ ਹੋਵਾ, ਮਰਨੋਂ ਮੂਲ ਨਾ ਡਰਸਾਂ ।
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਂ ਪੱਲਾ ਉਸ ਫੜਸਾਂ ।
ਹਾਸ਼ਮ ਨਹੀਂ ਸ਼ਹੀਦ ਹੋਵੈਸਾਂ, ਥਲ ਮਾਰੂ ਵਿਚ ਮਰਸਾਂ ।

ਸੱਸੀ ਦੇ ਇਸ ਦ੍ਰਿੜ ਫੈਸਲੇ ਵਿਚ ਆਪਣੇ ਇਸ਼ਕ ਨੂੰ ਦੈਵੀ ਸ਼ਕਤੀ ਰੱਬ ਨਾਲ ਜੋੜਨ ਦੀ ਜੁਗਤ/ਨਿਰਮਾਨ-ਰੂੜ੍ਹੀ ਸਪੱਸ਼ਟ ਹੈ । ਇਹ ਨੇਮ/ਜੁਗਤ ਲਗਭਗ ਸਭ ਕਿੱਸਿਆਂ ਵਿਚ ਵਿਦਮਾਨ ਹੈ । ਥਲਾਂ ਵਿਚ ਸੱਸੀ ਦੀ ਤ੍ਰਾਸਦ ਸਥਿਤੀ ਦਾ ਵਰਨਣ ਜੋ ਹਾਸ਼ਮ ਨੇ ਹੇਠਲੀਆਂ ਪੰਗਤੀਆਂ ਵਿਚ ਪੇਸ਼ ਕੀਤਾ ਹੈ, ਉਸ ਵਿਚਲੀ ਪ੍ਰਗੀਤਾਮਕਤਾ ਦੀ ਤੀਬਰਤਾ ਪੰਜਾਬੀ-ਕਾਵਿ ਵਿਚ ਆਪਣੀ ਮਿਸਾਲ ਆਪ ਹੀ ਹੈ :

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਮਰ ਦੋਜ਼ਕ ਵਿਚ ਜਾਵੇ ।
ਜਾਂ ਉਸ ਨਿਹੁ ਲਗੇ ਵਿਚ ਬਿਰਹੋਂ, ਵਾਂਗ ਸੱਸੀ ਜਲ ਜਾਵੇ ।
ਹਾਸ਼ਮ ਮੌਤ ਪਵੇ ਕਰਵਾਨਾਂ, ਤੁਖਮ ਉਨ੍ਹਾਂ ਬਲ ਜਾਵੇ ।

ਵਾਰਿਸ ਤੇ ਹਾਸ਼ਮ ਦੇ ਕਿੱਸਿਆਂ ਦੀਆਂ ਵੰਨਗੀਆਂ ਦੇ ਵਿਚਕਾਰ ਕਾਦਰਯਾਰ ਦੇ ਪੂਰਨ ਭਗਤ ਦੇ ਕਿੱਸੇ ਦੀ ਵੰਨਗੀ ਰਖੀ ਜਾ ਸਕਦੀ ਹੈ । ਇਸ ਕਿੱਸੇ ਦਾ ਸਖਣਾ ਰੂਪ/ਨਿਰਮਾਨ-ਰੂੜ੍ਹੀ ਬਾਕੀ ਦੋਹਾਂ ਨਾਲੋਂ ਭਿੰਨ ਹੈ ! ਕਾਦਰਯਾਰ ਦੀ ਸਿਰਜਨਾਤਮਕਤਾ ਦੀ ਜੁਗਤ ਦਾ ਸਖਣਾ-ਰੂਪ ਇਹ ਹੈ ਕਿ ਉਸ ਨੇ ਪ੍ਰਤਿਮਾਨ-ਨਿਸ਼ਠ ਸਾਂਸਕ੍ਰਿਤਿਕ ਮਰਯਾਦਾ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਪਹਿਲਾਂ ਲੂਣਾ ਅਤੇ ਰਾਜਾ ਸਲਵਾਨ ਦੀ ਜੁਗਤ ਰਾਹੀਂ ਉਹਦੇ ਪ੍ਰਾਹਨਾਂ ਨੂੰ ਪੇਸ਼ ਕੀਤਾ ਹੈ; ਅਤੇ ਅੰਤ ਵਿਚ ਫਿਰ ਸਾਂਸਕ੍ਰਿਤਿਕ ਮੂਲਾਂ/ਪ੍ਰਤਿਮਾਨਾ/ਮਰਯਾਦਾ ਨੂੰ ਦ੍ਰਿੜਾਇਆ ਹੈ । ਪੂਰਨ ਤੇ ਇਛਰਾਂ ਨੂੰ ਉਸਨੇ ਸਾਂਸਕ੍ਰਿਤਕ ਪ੍ਰਤਿਮਾਨਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ ਤੇ ਲੂਣਾ ਤੇ ਸਾਲਵਾਨ ਨੂੰ ਇਨ੍ਹਾਂ ਦੇ ਪ੍ਰਾਹਨ ਕਰਨ ਦੀ ਜੁਗਤ ਦੇ ਪ੍ਰਤੀਕ ਵਜੋਂ । ਸੰਸਕ੍ਰਿਤੀ ਪ੍ਰਕਿਰਤੀ ਦੇ ਘੋਲ ਨੂੰ ਮਾਂ/ਪੁੱਤ ਦੇ ਇੰਨਸੈਸਟ ਟੈਬੂ ਦੀ ਨਾਟਕੀਅਤਾ ਦੇ ਰੂਪ ਵਿਚ ਕਾਦਰਯਾਰ ਨੇ ਇਸ ਕਿੱਸੇ ਦੀ ਕੇਂਦਰੀ ਜੁਗਤ ਵਜੋਂ ਵਰਤਿਆ ਹੈ । ਪੂਰਨ ਲੂਣਾਂ ਨੂੰ ਆਪਣੀ ਧਰਮ-ਮਾਂ ਮੰਨਦਾ ਹੈ । ਅੱਗੋਂ ਲੂਣਾਂ ਉਹਦੇ ਉੱਤਰ ਵਜੋਂ ਮਨੁੱਖ ਤੇ ਇਸਤੀ ਦੇ ਪ੍ਰਾਕਿਰਤਿਕ ਸੰਬੰਧਾਂ ਨੂੰ ਪੇਸ਼ ਕਰਦੀ ਹੋਈ ਆਖਦੀ ਹੈ ਕਿ 'ਜਣੇ ਜ਼ਨਾਨੀ' ਦਾ ਤਾਂ ਮੂਲੋਂ ਇਕ ਹੀ ਸਾਕ ਹੁੰਦਾ ਹੈ । ਹੋਰ ਸਭ ਧਰਮ ਤੇ ਸਮਾਜ ਮਰਯਾਦਕ ਗੱਲਾਂ ਸਭ ਕੂੜ ਹੀ ਹਨ । ਲੂਣਾਂ ਦੀ ਇਨਸੈਸਟ ਟੈਂਬੂ ਨੂੰ ਤੋੜਨ ਦੀ ਰੀਝ ਕਾਦਰਯਾਰ ਨੇ ਇਉਂ ਪੇਸ਼ ਕੀਤੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੂਰਤ ਨਜ਼ਰ ਆਈ, ਰਾਜਾ ਭੁੱਲ ਗਿਆ, ਸਿਰ ਪੈਰ ਤਾਈਂ ਅੱਗ ਭੜਕ ਉਠੀ ।
ਦਿਲੋਂ ਪੁੱਤਰ ਨੂੰ ਯਾਰ ਬਣਾਇਉ ਸੂ, ਉਹਦੀ ਸਾਬਤੀ ਦੀ ਵਿਚੋਂ ਲੱਜ ਟੁਟੀ ।
ਕਾਦਰਯਾਰ ਤ੍ਰੀਮਤ ਹੋਸਿਆਰੀ ਲਗੀ ਵੇਖ ਵਗਾਵਣੇ ਨਦੀ ਪੁੱਠੀ ।

ਲੂਣਾ ਕਿਉਂਕਿ ਮਰਯਾਦਾ ਨੂੰ ਤੋੜਨ ਦਾ ਪ੍ਰਤੀਕ ਹੈ, ਇਸ ਲਈ ਉਸਦੇ ਭਾਣੇ ਕੁਦਰਤ ਦੀ ਰਜ਼ਾ ਤਦ ਪੂਰੀ ਹੁੰਦੀ ਹੈ ਜੇ ਇਹ ਮਰਯਾਦਾ ਦਾ ਵਹਿਣ ਉਲਟਾ ਦੇਵੇ । ਕੁਦਰਤ ਦੇ ਵਿਹਾਰ ਬਾਰੇ ਉਹਦੀ ਸੋਚ ਪੂਰਨ ਦੀ ਸੋਚ ਕੋਲੋਂ ਉਕਾ ਅੱਡਰੀ ਹੈ । ਲੂਣਾ ਪੂਰਨ ਨੂੰ ਕੁਦਰਤ ਵਲੋਂ ਦਿੱਤੀ ਖੁਲ੍ਹ ਦਾ ਰਾਹ ਵਿਖਾਉਂਦੀ ਹੈ । 'ਮਾਂ' ਦੇ ਅਰਥ ਸਹੀ ਕਰਕੇ ਦਸਦੀ ਹੈ ਅਤੇ ਇਸਦੇ ਨਾਲ ਹੀ ਆਪਣੇ ਵਜੂਦ ਵਲ ਖਿੱਚੇ ਜਾਣ ਲਈ ਗੁੱਝੀਆਂ ਸੈਨਤਾਂ ਮਾਰਦੀ ਹੋਈ ਪੂਰਨ ਅੰਦਰ ਵਾਸ਼ਨਾ ਜਗਾਉਂਦੀ ਹੈ :

ਕੁਛੜ ਬੈਠ ਮੰਮਾ ਕਦੋਂ ਚੁਘਿਆ ਈ,
ਐਵੇਂ ਕੂੜ ਦੀ ਮਾਂ ਬਣਾਉਂਦਾ ਏਂ ।

ਪੂਰਨ ਕੁਦਰਤ ਦੇ ਵਿਹਾਰ ਬਾਰੇ ਆਪਣੀ ਸਮਝ ਲੂਣਾਂ ਤਕ ਪੁਚਾਣ ਲਈ ਉਹਦੇ ਵਾਂਗਰ ਹੀ ਢੁਕਵਾਂ ਢੰਗ ਵਰਤਦਾ ਹੈ ਅਤੇ ਆਪਣੇ ਪਿਉ ਨਾਲ ਉਹਦੇ ਖੁਲ੍ਹੇ ਸੰਬੰਧ ਦਾ ਵੇਰਵਾ ਦੇ ਕੇ ਉਹਨੂੰ ਕਚਿਆਂ ਤੇ ਠੰਡਿਆਂ ਕਰਨ ਦਾ ਯਤਨ ਕਰਦਾ ਹੈ :

ਜੀਹਦੀ ਇਸਤ੍ਰੀ, ਉਹ ਹੈ ਬਾਪ ਮੇਰਾ,
ਤਿਸ ਦੀ ਤੁਖਮ ਥੀ ਜੰਮਿਆ ਜਾਣ ਮਾਏ ।

ਇਉਂ ਕਾਦਰਯਾਰ ਨੇ ਲੂਣਾਂ ਨੂੰ ਸਾਂਸਕ੍ਰਿਤਕ ਮਰਯਾਦਾ ਦੇ ਪ੍ਰਤਿਮਾਨਾਂ ਤੋਂ ਵੱਖ ਕੀਤੀ ਇਕ ਅਜਿਹੀ ਇਸਤ੍ਰੀ ਦੇ ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਹੈ, ਜਿਸਦੀ ਆਪਣੀ ਨਿਜੀ ਮਰਜ਼ੀ/ਇੱਛਾ ਆਪਣੇ ਆਪ ਨੂੰ ਸਾਰੀ ਲੋਕਾਈ ਤੇ ਮਰਯਾਦਾ ਤੋਂ ਵੱਖ ਕਰ ਦੇਂਦੀ ਹੈ । ਲੋਕਾਂ ਦੀ ਅਤੇ ਸਮਾਜ-ਮਰਯਾਦਾ ਦੀ ਅਣਹੋਂਦ ਅਜਿਹੇ ਪਾਤਰਾਂ ਲਈ ਕੋਈ ਅਰਥ ਹੀ ਨਹੀਂ ਰਖਦੀ । ਇਸ ਦੇ ਉਲਟ ਪੂਰਨ ਆਪਣੇ ਆਪ ਨੂੰ ਲੋਕ-ਮਰਯਾਦਾ/ਸਮਾਜ-ਮਰਯਾਦਾ ਤੋਂ ਵੱਖ ਕਰਕੇ ਵੇਖ ਹੀ ਨਹੀਂ ਸਕਦਾ । ਉਹ ਆਪਣੇ ਕਿਸੇ ਵੀ ਕੰਮ ਨੂੰ ਕੱਲਿਆਂ ਕਰਕੇ ਨਹੀਂ ਵੇਖ ਸਕਦਾ । ਉਹ ਕਹਿੰਦਾ ਹੈ :

ਗਲਾਂ ਏਹੋ ਜਿਹੀਆਂ ਜਦੋਂ ਹੋਣਗੀਆਂ
ਪੁੱਠੀ ਹੋਗੁ ਜ਼ਮੀਨ ਅਸਮਾਨ ਮਾਏ ।

ਇਉਂ ਲੂਣਾ ਮਨੁੱਖ ਦੇ ਸਵੈਕੇਂਦ੍ਰਿਤ ਮਨੁੱਖੀ ਵਿਹਾਰ ਦੇ ਆਪਹੁਦਰੇ ਤੇ ਪ੍ਰਤਿਮਾਨਾਂ ਦਾ ਪ੍ਰਹਾਨ ਕਰਨ ਵਾਲੇ ਸਖਣੇ-ਰੂਪ ਵਿਚ ਸਿਰਜਿਆ ਗਿਆ ਪਾਤਰ ਹੈ ਤਾਂ ਪੂਰਨ ਸਮਾਜ-ਮਰਯਾਦਾ ਨੂੰ ਮੰਨਣ ਤੇ ਸਥਾਪਿਤ ਕਰਨ ਵਾਲਾ ਪਾਤਰ ਹੈ । ਸਾਰੇ ਕਿੱਸੇ ਦੀ ਸਿਰਜਨਾਤਮਕਤਾ ਦਾ ਸਖਣਾ ਰੂਪ/ਨਿਰਮਾਨ-ਰੂੜ੍ਹੀ ਇਹ ਹੈ ਕਿ ਸਮਾਜ-ਮਰਯਾਦਾ ਨੂੰ ਦ੍ਰਿੜਾਉਣ ਲਈ ਵਿਚ ਅੰਨ੍ਹੀਆਂ ਪ੍ਰਕਿਰਤਿਕ ਸ਼ਕਤੀਆਂ ਰਾਹੀਂ ਨਾਟਕੀਅਤਾ ਨੂੰ ਲਿਆਂਦਾ ਗਿਆ ਹੈ । ਇਨ੍ਹਾਂ ਦੀ ਬਲਵਾਨ ਸ਼ਕਤੀ ਕਾਰਨ ਪੂਰਨ ਦੁਖ ਪਾਉਂਦਾ ਹੈ ਪਰ ਅੰਤ ਵਿਚ ਸਮਾਜ-ਮਰਯਾਦਾ ਦੀ ਜਿਤ ਨੂੰ ਦ੍ਰਿੜਾਇਆ ਗਿਆ ਹੈ ।

ਸਾਰੀ ਚਰਚਾ ਨੂੰ ਸਮੇਟਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਕਿੱਸਾ-ਕਾਵਿ-ਸ਼ਾਸਤਰ ਦੀ ਉਸਾਰੀ ਲਈ ਘੱਟੋ ਘੱਟ ਉਪਰੋਕਤ ਤਿੰਨ ਵੰਨਗੀਆਂ ਦੇ ਤਿੰਨ ਕਿੱਸਿਆਂ ਅਤੇ ਇਨ੍ਹਾਂ ਵਿਚੋਂ ਮਿਲਦੇ ਨੇਮਾਂ/ਜੁਗਤਾਂ/ਨਿਰਮਾਨ-ਰੂੜ੍ਹੀਆਂ ਨੂੰ ਧਿਆਨ ਵਿਚ ਰਖ ਕੇ ਵੀ ਕਿੱਸਾ-ਕਾਵਿ-ਸ਼ਾਸਤਰ ਦੀ ਸਮੁੱਚੀ ਉਸਾਰੀ ਸੰਭਵ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫ਼ੀ-ਸੰਸਾਰ ਤੋਂ ਕਿੱਸਾ-ਸੰਸਾਰ ਵਲ

ਹਰ ਨਵੀਨ ਕਾਵਿ-ਸਿਰਜਨ ਦਾ ਉਦੈ ਪੂਰਬ-ਪ੍ਰਾਪਤ ਪ੍ਰਵਚਨਾਂ ਦੀ ਪਿੱਠ-ਭੂਮੀ ਵਿਚੋਂ ਹੁੰਦਾ ਹੈ। ਪੂਰਬ-ਪ੍ਰਾਪਤ ਪ੍ਰਵਚਨਾਂ ਦੀ ਸਦਾ ਵਰਤਮਾਨ ਪਰੰਪਰਾ ਵਿਚ ਜੀਉਂਦਿਆਂ ਕਲਾਕਾਰ ਅਚੇਤ ਹੀ ਪ੍ਰਵਚਨਾਂ ਦੀ ਯੋਗਤਾ (ਲੈਂਗ) ਨੂੰ ਆਤਮਸਾਤ ਕਰ ਲੈਂਦੇ ਹਨ। ਇਸ ਲਈ ਸੰਰਚਨਾਵਾਦ ਦੀ ਇਹ ਬੁਨਿਆਦੀ ਧਾਰਨਾ ਹੈ ਕਿ ਨਵੀਨ-ਕਿਰਤਾਂ ਦਾ ਜਨਮ ਪੂਰਬ-ਪ੍ਰਾਪਤ ਪਰੰਪਰਾ ਦੀ ਰੋਸ਼ਨੀ ਵਿਚੋਂ ਹੁੰਦਾ ਹੈ। ਇਉਂ ਕਾਵਿ-ਪਰੰਪਰਾ, ਨਵੀਨ ਸਿਰਜਨ ਲਈ ਸੰਦਰਭਾਂ ਦਾ ਵਿਰਸਾ ਪ੍ਰਦਾਨ ਕਰਦੀ ਹੈ। ਸਾਡੇ ਕਾਵਿ ਵਿਚਲੇ ਨਵੇਂ ਰੂਪਾਕਾਰਾਂ ਦੇ ਸੰਦਰਭ ਪਰੰਪਰਾਗਤ ਪ੍ਰਵਚਨਾਂ ਵਿਚ ਹੀ ਹੁੰਦੇ ਹਨ। ਸਿਰਜਨਹਾਰ ਆਪਣੇ ਨਵੀਨ ਥੀਮਿਕ ਪ੍ਰੇਰਕਾਂ ਦੇ ਪ੍ਰਸੰਗ ਵਿਚ ਪੂਰਬ-ਪ੍ਰਾਪਤ ਸੰਦਰਭਾਂ ਨੂੰ ਵਿਸਥਾਪਿਤ ਕਰ ਕੇ ਹੀ ਨਵੀਨ ਰੂਪਾਕਾਰਾਂ ਨੂੰ ਵੀ ਸਿਰਜਦੇ ਰਹਿੰਦੇ ਹਨ। ਬਾਕੀ ਸੰਰਚਨਾਵਾਂ ਨਾਲੋਂ ਕਾਵਿ-ਸੰਰਚਨਾ ਦੀ ਵਿਲੱਖਣਤਾ ਇਸੇ ਦਿਸ਼ਾ ਵਿਚ ਵੱਧ ਕੇ ਸਪੱਸ਼ਟ ਹੁੰਦੀ ਹੈ। ਕਾਵਿ-ਸੰਰਚਨਾ ਦਾ ਨਵਾਂ-ਪ੍ਰਵਚਨ ਪੂਰਬ-ਪ੍ਰਾਪਤ ਸੰਦਰਭਾਂ ਦੀ ਯੋਗਤਾ (ਲੈਂਗ) ਨੂੰ ਵੀ ਵਿਸਤਾਰ ਦਿੰਦਾ ਹੈ। ਕਾਵਿ-ਸੰਰਚਨਾ ਦੀ ਇਸੇ ਪ੍ਰਕਿਰਤੀ ਵਿਚੋਂ ਹੀ ਨਵੀਨ ਰੂਪਾਕਾਰਾਂ ਦਾ ਉਦੈ ਹੁੰਦਾ ਹੈ। ਪੰਜਾਬੀ ਕਿੱਸਾ-ਕਾਵਿ ਦੇ ਨਵੀਨ ਰੂਪਾਕਾਰ ਦੇ ਉਦੈ ਹੋਣ ਦੀ ਸਮੱਸਿਆ ਨੂੰ ਸਮਝਣ ਸਮਝਾਣ ਲਈ ਇਸੇ ਪਰਿਪੇਖ ਤੋਂ ਦਿਸ਼ਾ ਗ੍ਰਹਿਣ ਕੀਤੀ ਜਾ ਸਕਦੀ ਹੈ। ਪੰਜਾਬੀ ਕਿੱਸਾ-ਕਾਵਿ ਦੇ ਸੰਦਰਭ ਪੰਜਾਬੀ ਲੋਕ-ਸਾਹਿਤ ਤੇ ਕਾਫ਼ੀ-ਕਾਵਿ ਵਿਚ ਪਛਾਣੇ ਜਾ ਸਕਦੇ ਹਨ। ਲੋਕ-ਪਰੰਪਰਾ ਵਿਚ ਪ੍ਰਚਲਿਤ ਹੀਰ-ਰਾਂਝੇ ਦੀ ਦੇਸੀ ਕਥਾ ਨੂੰ ਸਭ ਤੋਂ ਪਹਿਲਾਂ ਪੰਜਾਬੀ ਸੂਫ਼ੀ-ਕਵੀਆਂ ਨੇ ਆਪਣੇ ਕਾਫ਼ੀ-ਸੰਸਾਰ ਵਿਚ ਵਸਤੂ-ਮੂਲਕ ਸਮੀਕਰਣ (Objective Correlative) ਵਜੋਂ ਆਪਣਾਇਆ। ਸੂਫ਼ੀਆਂ ਦੀ ਥੀਮਿਕ ਚੇਤੰਨਤਾ ਦਾ ਇਕ ਪ੍ਰੇਰਕ ਆਪਣੀ ਇਸਲਾਮੀ ਸੰਸਥਾ ਦੇ ਅੰਤਰਗਤ ਸ਼ਰ੍ਹਾ ਦੇ ਕੁਝ ਕਟੜ ਨੇਮਾਂ ਪ੍ਰਤੀ ਵਿਦ੍ਰੋਹ ਦੀ ਭਾਵਨਾ ਸੀ। ਧਰਮ-ਸੰਸਥਾ ਪ੍ਰਤੀ ਇਸ ਵਿਦ੍ਰੋਹ ਦੇ ਥੀਮਿਕ ਪ੍ਰੇਰਕ ਦਾ ਵਸਤੂ-ਮੂਲਕ ਸਮੀਕਰਣ ਸੂਫ਼ੀਆਂ ਨੇ ਹੀਰ ਦੀ ਵਿਆਹ ਮਰਯਾਦਾ ਪ੍ਰਤੀ ਵਿਦ੍ਰੋਹ-ਭਾਵਨਾਂ ਵਿਚ ਵੇਖਿਆ। ਸ਼ਾਹ-ਹੁਸੈਨ ਨੇ ਆਪਣੇ ਪ੍ਰਗੀਤ-ਸੰਸਾਰ ਵਿਚ ਹੀਰ ਰਾਂਝੇ ਦੀ ਲੋਕ-ਕਹਾਣੀ ਦੇ ਵੇਰਵਿਆਂ ਨੂੰ ਵਰਤਿਆ। ਏਦਾਂ ਉਹਨੇ ਸੂਫ਼ੀਆਂ ਦੀ ਇਸ਼ਕ-ਭਾਵਨਾ ਦੀ ਪੇਸ਼ਕਾਰੀ ਲਈ ਰੂਪਕ-ਸਿਰਜਣਾ ਕੀਤੀ। ਲੋਕ-ਕਥਾ ਨੂੰ ਕਾਵਿ-ਪਰੰਪਰਾ ਵਿਚ ਵਿਸਥਾਪਿਤ ਕਰਨ ਦਾ ਪਹਿਲਾ ਯਤਨ ਪੰਜਾਬੀ ਸੂਫ਼ੀ ਕਵੀਆਂ ਵਲੋਂ ਕਾਫ਼ੀ-ਸਿਰਜਣ ਲਈ ਕੀਤਾ ਗਿਆ। ਕਾਫ਼ੀ ਆਪਣੇ ਮੂਲ ਰੂਪ ਵਿਚ ਪ੍ਰਗੀਤਾਤਮਕ ਹੈ। ਪ੍ਰਗੀਤ ਦਾ ਸੁਭਾਉ ਬਿਰਤਾਂਤ ਨਾਲੋਂ ਵਖਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਉਹ ਮੁੱਢ ਵਿਚ ਹੀ ਬੁਨਿਆਦੀ ਮੋਟਿਫ਼ ਸਿਰਜ ਲੈਂਦਾ ਹੈ ਤੇ ਫੇਰ ਉਸੇ ਦੀ ਥੀਮ ਨੂੰ ਵਿਸਤਾਰਦਾ ਹੈ । ਜਿੱਥੇ ਬਿਰਤਾਂਤ-ਰਚਨਾ ਇਕ ਮੋਟਿਫ਼ ਵਿਚੋਂ ਲੰਮੀ ਕਾਰਜ-ਲੜੀ ਨੂੰ ਗਤੀਮਾਨ ਕਰਦੀ ਹੈ, ਉਥੇ ਪ੍ਰਗੀਤ ਇਕੋ ਥੀਮਿਕ-ਮੋਟਿਫ਼ ਵਿਚੋਂ ਅਨੇਕ ਰੀਮਕ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ । ਪ੍ਰਗੀਤ ਕਿਸੇ ਕਥਾ ਦੇ ਕਿਸੇ ਇਕ ਵੇਰਵੇ ਨੂੰ ਰੂਪਕ ਵਾਂਗ ਉਸਾਰਦਾ ਹੈ । ਸੂਫੀ-ਕਵੀਆਂ ਨੇ ਕਾਫ਼ੀ-ਰਚਨਾ ਲਈ ਹੀਰ-ਰਾਂਝਾ-ਕਹਾਣੀ ਦੇ ਕੁਝ ਵੇਰਵਿਆਂ ਨੂੰ ਪ੍ਰਗੀਤ-ਰਚਨਾ ਲਈ ਵਰਤਿਆ । ਸ਼ਾਹ ਹੁਸੈਨ ਦੀ ਰਚਨਾ ਵਿਚੋਂ ਦੋ ਉਦਾਹਰਣ ਵੰਨਗੀ ਵਜੋਂ ਪੇਸ਼ ਹਨ :

1. ਸਾਈਂ ਸਾਈਂ ਕਰੇਂਦਿਆਂ ਮਾਂ ਪਿਉ ਹੁੜੇਂਦਿਆਂ ਕੋਈ ਨੇਹੁੜਾ ਲਾਇਉ ।
ਵਤ ਘਰਿ ਵੰਞਣ ਕੇਹਾ ਵੇ ਮਾਹੀਆ ॥੧॥ ਰਹਾਉ ॥
ਹੀਰੇ ਨੂੰ ਇਸ਼ਕ ਚਿਰੋਕਾ ਆਹਾ, ਜਾਂ ਆਹੀ ਦੁਧ ਵਾਤੀ ।
ਵਿਚ ਪੰਗੂੜੇ ਦੇ ਪਈ ਤੜਫ਼ੇ, ਵੇਦਨ ਰਤੀ ਨ ਜਾਤੀ ।
ਬਿਰਹੁ ਕਸਾਈ ਤਨ ਅੰਤਰਿ ਵੜਿਆ, ਘਿੰਨ ਕੁਹਾਵੀ ਕਾਤੀ ।

2. ਸੈਆਂ ਵਰ੍ਹਿਆਂ ਦੀ ਜ਼ਹਮਤਿ ਜਾਵੇ, ਜੇ ਰਾਂਝਣ ਪਾਵੇ ਝਾਤੀ ।੧। ਰਹਾਉ ।
ਛਿਲਕ ਪੁੜੀ ਤਨ ਰਾਂਝਣ ਵਾਲੀ, ਮਹਿਰਮ ਹੋਇ ਸੋਈ ਪੁਟੇ ।
ਲੱਖ ਲੱਖ ਸੂਈਆਂ ਤੇ ਲੱਖ ਲੱਖ ਨਹੇਰਨੁ, ਲੱਖ ਜੰਬੂਰਾਂ ਦੇ ਤੁਟੇ ।੨।
ਲੱਖ ਲੱਖ ਮੁਲਾਂ ਤੇ ਲੱਖ ਲੱਖ ਕਾਜ਼ੀ, ਲੱਖ ਇਲਮ ਪੜਿ ਪੜਿ ਹੁੱਟੇ ।
ਜੇ ਟੁਕ ਰਾਂਝਣ ਦਰਸ ਦਿਖਾਵੇ ਤਾਂ ਹੀਰ ਅਜਾਬੋਂ ਛੁਟੇ ।੩।
ਸ਼ਾਹ ਹੁਸੈਨ ਫ਼ਕੀਰ ਸੁਣਾਵੇ ਰਾਂਝੇ ਬਾਝੋਂ ਬਿਰਹੁ ਸਤਾਵੇ ।
ਜਾਂ ਮਿਲਸਾਂ ਤਾਂ ਸ਼ਾਂਤਿ ਆਵੇ ।੪।

ਇਨ੍ਹਾਂ ਪ੍ਰਗੀਤ-ਰਚਨਾਵਾਂ ਵਿਚ ਹੀਰ-ਰਾਂਝੇ ਦੀ ਲੋਕ-ਕਥਾ ਦੇ ਚਿਹਨ ਨੂੰ ਸੂਫੀ-ਕਾਵਿ ਦੇ ਵਿਸ਼ੇਸ਼ ਚਿਹਨ-ਵਿਗਿਆਨ ਵਿਚ ਪ੍ਰੇਨਿਤ ਕਰਨ ਦੀ ਪਰਵਿਰਤੀ ਸਪੱਸ਼ਟ ਹੈ । ਚਿਹਨ-ਸਿਰਜਨਾ ਦਾ ਮਤਲਬ ਹੈ ਪ੍ਰਾਥਮਿਕ ਪੱਧਰ ਤੇ ਪ੍ਰਾਪਤ ਯਥਾਰਥ ਨੂੰ ਦੁਜੈਲੇ ਪੱਧਰ ਤੇ ਪੇਸ਼ ਕਰਨਾ । ਇਕ ਸਿਰਜਿਤ ਚਿਹਨ ਹੀ ਦੂਜੇ ਚਿਹਨ ਦੀ ਸਿਰਜਣਾ ਲਈ ਪ੍ਰਾਥਮਿਕ ਬਣ ਜਾਂਦਾ ਹੈ । ਦੁਜੈਲੇ ਪੱਧਰ ਦੇ ਚਿਹਨ-ਸਿਸਟਮ ਦਾ ਸਿਰਜਨ ਉਦੋਂ ਉਜਾਗਰ ਹੁੰਦਾ ਹੈ ਜਦੋਂ ਕਿ ਬੁਨਿਆਦੀ ਪੱਧਰ ਤੇ ਪ੍ਰਾਪਤ ਚਿਹਨ ਨੂੰ ਕਿਸੇ ਹੋਰਸ ਸਿਸਟਮ ਦਾ ਚਿਹਨਕ ਬਣਾ ਦਿੱਤਾ ਜਾਵੇ । ਹੀਰ-ਰਾਂਝਾ ਪੰਜਾਬੀ ਲੋਕ-ਸਭਿਆਚਾਰ ਵਿਚ ਪ੍ਰਾਪਤ ਬੁਨਿਆਦੀ ਪੱਧਰ ਦੇ ਲੋਕ-ਸਾਹਿਤ ਦੇ ਸਿਸਟਮ ਨੂੰ ਪੇਸ਼ ਕਰਦੇ ਹਨ । ਇਸ ਪੱਧਰ ਤੇ ਹੀਰ-ਰਾਂਝੇ ਦੀ ਪ੍ਰੀਤ-ਕਥਾ ਦਾ ਚਿਹਨਿਤ ਅਰਥ ਸਮਾਜ-ਮਰਯਾਦਾ ਦੀ ਵਿਆਹ-ਸੰਸਥਾ ਪ੍ਰਤੀ ਵਿਦ੍ਰੋਹ-ਭਾਵਨਾ ਵਿਚ ਵੇਖਿਆ ਜਾ ਸਕਦਾ ਹੈ । ਸੂਫ਼ੀ-ਕਾਵਿ ਦੇ ਪ੍ਰਗੀਤ ਇਸ ਲੌਕਿਕ-ਪੱਧਰ ਦੇ ਚਿਹਨਕ-ਚਿਹਨਿਤ ਰਿਸ਼ਤੇ ਵਿਚੋਂ ਉਜਾਗਰ ਹੁੰਦੇ ਚਿਹਨ ਨੂੰ ਆਪਣੇ ਸੂਫ਼ੀ-ਸਿਸਟਮ ਦਾ ਚਿਹਨਕ ਬਣਾਂਦੇ ਹਨ । ਇਨ੍ਹਾਂ ਪ੍ਰਗੀਤਾਂ ਵਿਚ ਹੀਰ-ਰਾਂਝੇ ਦੀ ਪ੍ਰੇਮ-ਕਥਾ ਚਿਹਨਕ ਬਣ ਕੇ ਹੀ ਸੂਫ਼ੀਆਂ ਦੀ ਵਿਸ਼ੇਸ਼ ਥੀਮਿਕ-ਪ੍ਰੇਰਨਾ ਦਾ ਵਸਤੂ-ਮੂਲਕ ਸਮੀਕਰਣ ਪੇਸ਼ ਕਰ ਸਕਣ ਦੇ ਯੋਗ ਹੁੰਦੀ ਹੈ । ਇਸੇ ਦਿਸ਼ਾ ਵਿਚ ਵੱਧ ਕੇ ਹੀ ਸੂਫ਼ੀ ਚਿਹਨ-ਵਿਗਿਆਨ ਦੀ ਵਿਲੱਖਣਤਾ ਨੂੰ ਪਛਾਣਿਆ ਜਾ ਸਕਦਾ ਹੈ । ਉਪਰੋਕਤ ਚਿਹਨ-ਸਿਰਜਨ ਦੀ ਜੁਗਤ ਨੂੰ ਹੇਠਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਡਲ ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ :



ਵਾਰਿਸ ਸ਼ਾਹ ਦੀ ਹੀਰ ਦਾ ਸਿਰਜਨ ਸੂਫ਼ੀ-ਕਾਫ਼ੀ ਦੇ ਇਸੇ ਚਿਹਨ-ਵਿਗਿਆਨ ਦੇ ਪ੍ਰਗੀਤਾਤਮਕ ਸੰਦਰਭ ਨੂੰ ਬਿਰਤਾਂਤਕ ਸੰਰਚਨਾ ਦੇ ਰੂਪਾਕਾਰ ਵਿਚ ਵਿਸਥਾਪਿਤ ਕਰਨ ਨਾਲ ਕੀਤਾ ਗਿਆ ਹੈ । ਇਸ ਦ੍ਰਿਸ਼ਟੀ ਤੋਂ ਵੇਖਿਆਂ ਸੂਫ਼ੀ-ਕਾਫ਼ੀ ਤੇ ਹੀਰ-ਵਾਰਿਸ ਦਾ ਕਿੱਸਾ ਇਕੋ ਕਾਵਿ-ਸੰਸਾਰ ਦੀਆਂ ਦੋ ਭਿੰਨ ਭਿੰਨ ਵੰਨਗੀਆਂ ਹੀ ਹਨ । ਸੂਫ਼ੀ-ਕਾਫ਼ੀ ਇਸੇ ਚਿਹਨ-ਵਿਗਿਆਨਕ ਸਿਸਟਮ ਦਾ ਫੈਲਾਉ ਪ੍ਰਗੀਤ ਦੇ ਰੂਪਾਕਾਰ ਵਿਚ ਕਰਦੀ ਹੈ ਤੇ ਵਾਰਿਸ ਦਾ ਕਿੱਸਾ ਬਿਰਤਾਂਤਕ ਰੂਪਾਕਾਰ ਵਿਚ । ਕਿੱਸਾ-ਰਚਨਾ ਰਾਹੀਂ ਪ੍ਰਗੀਤ-ਪ੍ਰਵਚਨ ਦੇ ਸੰਦਰਭਾਂ ਨੂੰ ਬਿਰਤਾਂਤਕ ਰੂਪਾਕਾਰ ਦੇ ਪ੍ਰਸੰਗ ਵਿਚ ਵਿਸਥਾਪਿਤ ਕੀਤਾ ਜਾ ਰਿਹਾ ਹੈ । ਬਿਰਤਾਂਤਕ-ਰੂਧਾਕਾਰ ਦੇ ਆਪਣੇ ਸੰਦਰਭ ਪੰਜਾਬ ਦੀ ਲੋਕ-ਸਾਹਿਤ ਪਰੰਪਰਾ ਦੀਆਂ ਲੋਕ-ਕਹਾਣੀਆਂ ਵਿਚੋਂ ਵੀ ਆ ਰਹੇ ਹਨ ਤੇ ਸਾਮੀ-ਪਰੰਪਰਾ ਦੇ ਲੋਕ ਤੇ ਮਿੱਥ-ਸਾਹਿਤ ਤੋਂ ਵੀ । ਦੋ ਪਰੰਪਰਾਵਾਂ ਨਾਲ ਸੰਬੰਧਿਤ ਸਿਰਜਕ ਦੀ ਕ੍ਰਿਤ ਨੂੰ ਇਸੇ ਦਿਸ਼ਾ ਵਿਚ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ । ਹੀਰ-ਵਾਰਿਸ ਦੇ ਸੰਦਰਭ ਪੰਜਾਬੀ ਸੂਫ਼ੀ-ਕਾਵਿ ਵਿਚ ਵੀ ਹਨ, ਪੰਜਾਬ ਦੇ ਲੋਕ-ਕਥਾ-ਸਾਹਿਤ ਵਿਚ ਵੀ ਅਤੇ ਸਾਮੀ-ਪਰੰਪਰਾ ਦੇ ਲੋਕ ਤੇ ਮਿੱਥ-ਸਾਹਿਤ ਵਿਚ ਵੀ । ਤਿੰਨਾਂ ਸਿਸਟਮਾਂ ਦੇ ਸੰਦਰਭਾਂ ਨੂੰ ਅੰਤਰ-ਸੰਬੰਧਿਤ ਕਰ ਕੇ ਹੀ ਵਾਰਿਸਸ਼ਾਹ ਨੇ ਨਵੀਨ ਤੇ ਵਿਲੱਖਣ 'ਹੀਰ' ਦੇ ਕਿੱਸੇ ਦਾ ਸਿਸਟਮ ਸਿਰਜਿਆ ਹੈ ।

ਕਿੱਸੇ ਨੂੰ ਅਰੰਭ ਕਰਨ ਤੋਂ ਪਹਿਲਾਂ ਵਾਰਿਸਸ਼ਾਹ ਬਿਰਤਾਂਤਕ ਰੂੜ੍ਹੀ ਮੰਗਲਾ-ਚਰਨ ਨੂੰ ਵਰਤਦਾ ਹੈ । ਪਰ ਇਸ ਨਾਲ ਉਹ ਬਿਰਤਾਂਤ ਅਰੰਭਣ ਦੀ ਥਾਂ ਪ੍ਰਗੀਤ ਰਚਨ ਵਿਚ ਪਰਵਿਰਤ ਹੋ ਜਾਂਦਾ ਹੈ । ਮੰਗਲਾਚਰਨ ਦੇ ਪ੍ਰਗੀਤ ਵਿਚ ਵਾਰਸ ਸ਼ਾਹ ਨੇ ਪੰਜਾਬੀ ਕਾਫ਼ੀ ਪਰੰਪਰਾ ਵਿਚਲੇ ਇਸ਼ਕ ਦੇ ਵਿਸ਼ੇ ਨੂੰ ਸਾਮੀ ਮਿੱਥ ਨਾਲ ਸੰਬੰਧਿਤ ਕਰ ਦਿੱਤਾ ਹੈ । ਪਰ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਕੇਵਲ ਪੰਜਾਬੀ-ਸਭਿਆਚਾਰ ਤਕ ਹੀ ਸੀਮਿਤ ਰਹਿੰਦੀਆਂ ਹਨ । ਏਦਾਂ ਇਕੋ ਪ੍ਰੀਤ-ਕਹਾਣੀ ਵੱਖੋ ਵੱਖਰੀ ਸੰਦਰਭ-ਚੇਤਨਾ ਕਾਰਣ ਦੋ ਵਿਲੱਖਣ ਬਿੰਬ ਸਿਰਜ ਦੇਂਦੀ ਹੈ । ਇਉਂ ਲੋਕ-ਕਥਾ ਦੇ ਵਿਸ਼ੇ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਮੀ-ਮਿੱਥ ਵਿਚਲੇ ਵਿਸ਼ੇ ਨਾਲ ਸੰਬੰਧਿਤ ਕਰਨ ਦੀ ਪ੍ਰਵਿਰਤੀ ਸਪੱਸ਼ਟ ਹੁੰਦੀ ਹੈ। ਇਸ ਪ੍ਰਵਿਰਤੀ ਰਾਹੀਂ ਹੀ ਲੋਕ-ਪੱਧਰ ਦੇ ਚਿਹਨਕ ਨੂੰ ਸੂਫ਼ੀ-ਪੱਧਰ ਦੇ ਚਿਹਨ ਵਿਚ ਪ੍ਰੇਣਿਤ ਕੀਤਾ ਗਿਆ ਹੈ। ਪੰਜਾਬੀ ਇਸ਼ਕ ਦੀ ਲੋਕ-ਕਹਾਣੀ ਦਾ ਬਿਰਤਾਂਤ ਪੇਸ਼ ਕਰਨ ਲਈ ਇਸ਼ਕ ਦੇ ਵਿਸ਼ੇ ਨੂੰ ਕੁਰਾਨ ਵਿਚਲੇ ਸੰਦਰਭਾਂ ਨਾਲ ਜੋੜਿਆ ਗਿਆ ਹੈ। ਕਿੱਸੇ ਦੇ ਪਹਿਲੇ ਦੋ ਬੰਦਾਂ ਵਿਚ ਹੀ ਇਹ ਬਿਰਤੀ ਕਾਰਜਸ਼ੀਲ ਹੁੰਦੀ ਸਪੱਸ਼ਟ ਨਜ਼ਰੀਂ ਪੈਂਦੀ ਹੈ :—

''ਅਵਲ ਹਮਦ ਖ਼ੁਦਾਇ ਦਾ ਵਿਰਦ ਕੀਜੇ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਅਲਾਹ ਨੇ ਇਸ਼ਕ ਕੀਤਾ,
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲ੍ਹੇ ਤਿਨਾ ਦੇ ਬਾਗ਼ ਕਲੂਬ ਅੰਦਰ,
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।
ਦੂਈ ਨਾਅਤ ਰਸੂਲ ਮਕਬੂਲ ਵਾਲੀ,
ਜਿਦੇ ਹੱਕ ਨਜ਼ੂਲ ਲੌਕਾਕ ਕੀਤਾ।
ਖਾਕੀ ਸਾਜ ਕੇ ਮਰਤਬਾ ਵਡਾ ਦਿੱਤਾ,
ਸਭ ਖਲਕ ਦੇ ਐਬ ਥੀਂ ਪਾਕ ਕੀਤਾ।''

ਹੀਰ-ਰਾਂਝੇ ਦੀ ਲੋਕ-ਪ੍ਰੇਮ-ਕਥਾ ਨੂੰ ਮੰਗਲਾਚਰਨ ਰਾਹੀਂ ਕੁਰਾਨ ਦੀ ਦੈਵੀ-ਇਸ਼ਕ-ਮਿੱਥ ਨਾਲ ਸੰਬੰਧਿਤ ਕਰਨ ਦੀ ਬਿਰਤੀ ਉਪਰਲੇ ਬੰਦਾਂ ਵਿਚ ਸਪੱਸ਼ਟ ਹੈ। ਸੂਫ਼ੀਵਾਦ, ਇਸਲਾਮ ਦੇ ਅੰਤਰਗਤ ਰਹਿੰਦਿਆਂ ਹੀ ਇਸਲਾਮ ਦੀ ਨਵੀਂ ਵਿਆਖਿਆ ਪੇਸ਼ ਕਰਦਾ ਹੈ। ਸ਼ਰ੍ਹਾਂ ਦੀ ਕੱਟੜ ਮਰਯਾਦਾ ਦੀ ਥਾਂ ਇਸ਼ਕ ਦੇ ਸਹਿਜ ਰਾਹ ਨੂੰ ਤਰਜੀਹ ਦੇਣਾ, ਸੂਫ਼ੀਵਾਦ ਦਾ ਕੇਂਦਰ-ਬਿੰਦੂ ਹੈ। ਇਸ ਲਈ ਵਾਰਿਸਸ਼ਾਹ ਹੀਰ-ਰਾਂਝੇ ਦੇ ਰੁਮਾਂਸ ਨੂੰ ਪੇਸ਼ ਕਰਨ ਤੋਂ ਪਹਿਲਾਂ ਹੀ ਆਪਣੇ ਵਿਸ਼ੇ ਨੂੰ ਕੁਰਾਨ ਵਿਚਲੇ ਸੰਦਰਭਾਂ ਨਾਲ ਸੰਬੰਧਿਤ ਕਰ ਦਿੰਦਾ ਹੈ। ਪੰਜਾਬ ਦੀ ਲੋਕ-ਕਥਾ ਦੇ ਵਿਸ਼ੇ ਨੂੰ ਕੁਰਾਨ ਵਿਚਲੇ ਵਿਸ਼ੇ ਨਾਲ ਸੰਬੰਧਿਤ ਕਰਨ ਨਾਲ ਹੀ ਵਾਰਿਸਸ਼ਾਹ ਇਸ ਕਿੱਸੇ ਦੇ ਨਵੇਂ ਚਿਹਨ ਵਿਗਿਆਨਕ ਸਿਸਟਮ ਪ੍ਰਤੀ ਅਚੇਤ ਸੰਕੇਤ ਵੀ ਕਰ ਦੇਂਦਾ ਹੈ। ਪੰਜਾਬੀ ਲੋਕ-ਕਥਾ ਸਮਾਜ-ਮਰਯਾਦਾ ਦੇ ਵਿਦ੍ਰੋਹ ਵਿਚ ਇਸ਼ਕ ਦੇ ਰਾਹ ਨੂੰ ਤਰਜੀਹ ਦੇਂਦੀ ਹੈ। ਸੂਫ਼ੀ ਇਸਲਾਮੀ ਸ਼ਰ੍ਹਾ ਦੇ ਵਿਦ੍ਰੋਹ ਵਿਚ ਇਸ਼ਕ ਦੇ ਰਾਹ ਨੂੰ ਤਰਜੀਹ ਦਿੰਦਾ ਹੈ। ਇਸ ਲਈ ਮੰਗਲਾਚਰਨ ਦੇ ਪ੍ਰਗੀਤ ਵਿਚ ਜਿਥੇ ਹੀਰ-ਰਾਂਝੇ ਦੇ ਇਹਲੌਕਿਕ ਇਸ਼ਕ ਨੂੰ ਕੁਰਾਨੀ ਸੰਦਰਭ ਵਿਚ ਪਛਾਣਨ ਦਾ ਯਤਨ ਹੈ, ਉਥੇ ਸੂਫ਼ੀਵਾਦ ਦੀ ਨਵੀਂ ਕੁਰਾਨ-ਵਿਆਖਿਆ ਬਿਰਤੀ ਵੀ ਸਪੱਸ਼ਟ ਹੈ। ਵਾਰਿਸਸ਼ਾਹ ਨੇ ਆਪਣੀ ਅਜਿਹੀ ਭਾਵਨਾ ਪ੍ਰਤੀ ਕਿੱਸੇ ਵਿਚ ਸਪੱਸ਼ਟ ਸੰਕੇਤ ਵੀ ਕੀਤਾ ਹੈ :—

''ਇਹ ਕੁਰਾਨ ਮਜੀਦ ਦੇ ਮਾਇਨੇ ਨੀ,
ਜਿਹੜੇ ਕੌਲ ਮੀਏਂ ਵਾਰਿਸ਼ਾਹ ਦੇ ਵੇ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੇ ਸਪੱਸ਼ਟ ਕਥਨ ਤੋਂ ਪਤਾ ਚਲਦਾ ਹੈ ਕਿ ਵਾਰਿਸ਼ ਸ਼ਾਹ ਪੰਜਾਬ ਦੀ ਪ੍ਰੀਤ-ਕਥਾ ਦੇ ਚਿਹਨ ਨੂੰ ਉਹਦੇ ਲੌਕਿਕ ਚਿਹਨਕ-ਚਿਹਨਤ ਰਿਸ਼ਤੇ ਨਾਲੋਂ ਵਿਛੋੜ ਕੇ ਪਾਰਲੌਕਿਕ ਚਿਹਨਕ-ਚਿਹਨਿਤ ਸੰਬੰਧਾਂ ਨਾਲ ਜੋੜਨ ਦਾ ਯਤਨ ਕਰ ਰਿਹਾ ਹੈ। ਖ਼ੁਦਾ ਨੇ ਸਭ ਤੋਂ ਪਹਿਲਾਂ ਹਜ਼ਰਤ ਮੁਹੰਮਦ ਵਿਚ ਨੂਰ ਰਖਿਆ ਤੇ ਉਹਨੂੰ ਆਪਣਾ ਮਾਸ਼ੂਕ ਥਾਪ ਕੇ ਉਹਦੀ ਖ਼ਾਤਰ ਜ਼ਮੀਨ ਆਸਮਾਨ ਬਣਾਏ। ਇਉਂ ਕੁਰਾਨ ਦੇ ਹਵਾਲੇ ਰਾਹੀਂ ਵਾਰਿਸਸ਼ਾਹ ਨੇ ਸ੍ਰਿਸ਼ਟੀ ਰਚਨਾ ਦੇ ਮੂਲ ਨੂੰ ਖ਼ੁਦਾ ਤੇ ਹਜ਼ਰਤ ਮੁਹੰਮਦ ਦੇ ਦੈਵੀ ਇਸ਼ਕ-ਸੰਬੰਧਾਂ ਨਾਲ ਜੋੜ ਦਿੱਤਾ ਹੈ। ਸੂਫ਼ੀਆਂ ਦੀ ਅਜਿਹੀ ਕੁਰਾਨ-ਵਿਆਖਿਆ ਸ਼ਰ੍ਹਾ ਦੇ ਵਿਦ੍ਰੋਹ ਵਜੋਂ ਕੀਤੀ ਗਈ ਹੈ। ਹੀਰ-ਰਾਂਝੇ ਦੀ ਪ੍ਰੇਮ-ਕਥਾ ਵੀ ਸਮਾਜ-ਮਰਯਾਦਾ ਦੇ ਵਿਦ੍ਰੋਹ ਵਜੋਂ ਇਸ਼ਕ ਦੇ ਰਾਹ ਨੂੰ ਪੇਸ਼ ਕਰਦੀ ਹੈ। ਦੋਹਾਂ ਦੀ ਸਮਾਨਤਾ, ਮਰਯਾਦਾ ਦੇ ਵਿਦ੍ਰੋਹ ਵਜੋਂ ਇਸ਼ਕ ਦੇ ਰਾਹ ਨੂੰ ਚੁਣਨ ਵਿਚ ਹੈ। ਇਸੇ ਸਮਾਨਤਾ ਨੂੰ ਹੀ ਰੂਪਕ ਸਿਰਜਨ ਦਾ ਆਧਾਰ ਬਣਾਇਆ ਗਿਆ ਹੈ। ਇਉਂ ਵਾਰਿਸ ਸ਼ਾਹ ਨੇ ਮੰਗਲਾਚਰਨਾ ਰਾਹੀਂ ਲੌਕਿਕ-ਕਥਾ ਦੇ ਇਹਲੌਕਿਕ ਇਸ਼ਕ ਨੂੰ ਖ਼ੁਦਾ-ਰਸੂਲ ਦੇ ਪਾਰਲੌਕਿਕ ਇਸ਼ਕ ਨਾਲ ਸੰਬੰਧਿਤ ਕਰ ਦਿੱਤਾ ਹੈ। ਇਹਲੌਕਿਕ ਪੱਧਰ ਦੇ ਚਿਹਨ ਨੂੰ ਦੂਜੈਲੇ ਸਿਸਟਮ ਦੀ ਸਿਰਜਨਾ ਲਈ ਕੇਵਲ ਚਿਹਨਕ ਵਜੋਂ ਵਰਤਣ ਦੀ ਬਿਰਤੀ ਹੈ। ਇਸੇ ਬਿਰਤੀ ਰਾਹੀਂ ਹੀ ਸੂਫ਼ੀ ਆਪਣੇ ਦੂਜੈਲੇ ਚਿਹਨ-ਸਿਸਟਮ ਨੂੰ ਸਿਰਜਦੇ ਹਨ। ਇਸੇ ਬਿਰਤੀ ਦੀ ਵਰਤੋਂ ਵਾਰਿਸਸ਼ਾਹ ਇਥੇ ਕਰ ਰਿਹਾ ਹੈ। ਹੀਰ-ਰਾਂਝੇ ਦੇ ਇਸ਼ਕ ਨੂੰ ਕੁਰਾਨ ਵਿਚਲੇ ਖ਼ੁਦਾ-ਰਸੂਲ-ਇਸ਼ਕ ਨਾਲ ਸੰਬੰਧਿਤ ਕਰਨ ਤੋਂ ਭਾਵਨਾ ਇਸ ਕਥਾ ਦੇ ਚਿਹਨਕ ਨੂੰ ਨਵੇਂ ਚਿਹਨਿਤ ਨਾਲ ਜੋੜਨ ਦੀ ਹੈ। ਇਉਂ ਵਾਰਿਸਸ਼ਾਹ ਦੇ ਕਿੱਸੇ ਦਾ ਚਿਹਨ-ਵਿਗਿਆਨ ਕਾਫ਼ੀਆਂ ਵਿਚਲੇ ਚਿਹਨ-ਵਿਗਿਆਨ ਨੂੰ ਕਿੱਸੇ ਵਿਚ ਵਿਸਥਾਪਿਤ ਕਰਨ ਨਾਲ ਸੰਬੰਧਿਤ ਹੋ ਜਾਂਦਾ ਹੈ। ਕਾਫ਼ੀ/ਪ੍ਰਗੀਤ ਦੀ ਦੂਜੈਲਾ ਚਿਹਨ ਸਿਰਜਨ ਦੀ ਜੁਗਤ ਨੂੰ ਹੀ ਇਥੇ ਆਪਣੇ ਪ੍ਰਗਟਾਵੇ ਲਈ ਬਿਰਤਾਂਤ ਦੇ ਰੂਪਾਕਾਰ ਵਿਚ ਵਿਸਥਾਪਿਤ ਕੀਤਾ ਜ਼ਾ ਰਿਹਾ ਹੈ। ਇਸੇ ਲਈ ਹੀ ਅਸੀਂ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਤੇ ਵਾਰਿਸ ਸ਼ਾਹ ਦੀ ਹੀਰ ਨੂੰ ਇਕੋ ਸੰਸਾਰ ਦੀਆ ਦੋ ਵੰਨਗੀਆਂ ਮੰਨਿਆ ਹੈ। ਕਿਉਂਕਿ ਸ਼ਹ ਹੁਸੈਨ ਦੀ ਪ੍ਰਗੀਤ-ਰਚਨਾ, ਵਾਰਸ ਸ਼ਾਹ ਦੀ ਪਰੰਪਰਾ ਹੈ, ਇਸੇ ਲਈ ਅਸੀਂ ਕਿੱਸੇ ਦੇ ਸੰਦਰਭ ਕਾਫ਼ੀ-ਸੰਸਾਰ ਨਾਲ ਵੀ ਜੋੜਨ ਦਾ ਯਤਨ ਕੀਤਾ ਹੈ ਤੇ ਸ਼ਾਇਦ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਹੀਰ ਵਾਰਿਸ ਦੇ ਕਿੱਸੇ ਦੀ ਸਿੱਧੀ ਪ੍ਰੇਰਨਾ ਪੰਜਾਬੀ ਕਾਫ਼ੀ-ਪਰੰਪਰਾ ਤੋਂ ਹੀ ਲਈ ਗਈ।

ਆਪਣੀਆਂ ਰੂਪਕਾਰਕ ਜੁਗਤਾਂ ਦੇ ਸੁੰਦਰਭਾਂ ਲਈ ਵਾਰਸਸ਼ਾਹ ਪੰਜਾਬ ਦੀ ਲੋਕ-ਪਰੰਪਰਾ ਵਲ ਵੀ ਪਰਤਦਾ ਹੈ ਤੇ ਇਸਲਾਮ ਦੀ ਮਿੱਥ-ਪਰੰਪਰਾ ਵਲ ਵੀ। ਪੰਜਾਬੀ ਕਾਫ਼ੀ ਤੇ ਲੋਕ-ਕਥਾ ਦੇ ਸੰਦਰਭਾਂ ਅਤੇ ਸਾਮੀ-ਮਿੱਥ ਦੇ ਮੰਦਰਭਾਂ ਨੂੰ ਆਪਸ ਵਿਚ ਅੰਤਰ-ਸੰਬੰਧਿਤ ਕਰਨ ਰਾਹੀਂ ਹੀ ਵਾਰਿਸ ਸ਼ਾਹ ਨੇ ਇਸ ਕਿੱਸੇ ਦੇ ਨਵੀਨ ਸਿਸਟਮ ਨੂੰ ਜਨਮ ਦਿੱਤਾ ਹੈ। ਕਿੱਸੇ ਦੇ ਆਰੰਭ ਵਿਚ ਵਾਰਿਸਸ਼ਾਹ ਨੇ ਜੋ ਆਪਣੇ ਕਾਵਿ-ਸਿਧਾਂਤਾਂ ਦਾ ਵਰਨਣ ਕੀਤਾ ਹੈ, ਉਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਹੀਰ ਦੇ ਕਿੱਸੇ ਨੂੰ 'ਨਵਾਂ ਬਣਾਉਣ' ਵਲ ਰੁਚਿਤ ਹੈ। ਨਵੀਨਤਾ, ਨਵੀਨ ਸਿਸਟਮ ਦੇ ਸਿਰਜਨ ਰਾਹੀਂ ਹੀ ਸੰਭਵ ਹੈ। ਪੰਜਾਬੀ ਸਭਿਆਚਾਰ ਵਿਚ ਹੀਰ-ਰਾਂਝੇ ਦੀ ਪ੍ਰੇਮ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਥਾ ਲੋਕ-ਪਰੰਪਰਾ ਦੇ ਚਿਹਨ ਵਜੋਂ ਸਹਜ ਪ੍ਰਾਪਤ ਹੈ । ਨਵੀਨ ਤੇ ਦੁਜੈਲੇ ਸਿਰਜਨ ਦਾ ਸੰਬੰਧ ਇਸ ਦੀ ਸਹਜ-ਪ੍ਰਾਪਤ ਸਾਰਥਕਤਾ ਨੂੰ ਵਿਛੋੜ ਕੇ ਇਸ ਨੂੰ ਨਵੀਨ-ਸਿਰਜਿਤ ਸਾਰਥਕਤਾ ਨਾਲ ਜੋੜਨ ਤੋਂ ਹੈ । ਵਾਰਿਸਸ਼ਾਹ ਦੁਜੈਲੇ ਸਿਸਟਮ ਦੇ ਸਿਰਜਨ ਪ੍ਰਤੀ ਆਪਣੀ ਚੇਤੰਨਤਾ ਹੇਠਲੀਆਂ ਪੰਗਤੀਆਂ ਰਾਹੀਂ ਪੇਸ਼ ਕਰਦਾ ਹੈ :—

"ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ,
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ ।
ਬੜੇ ਚਿਰ ਤੋਂ ਇਸ ਦੀ ਗਲ ਸੁਤੀ,
ਨਵੇਂ ਸਿਰੇ ਤੋਂ ਫੇਰ ਜਗਾਈਏ ਜੀ ।"

ਅਜਿਹਾ ਦੁਜੈਲਾ ਸਿਸਟਮ ਸਿਰਜਨ ਦੀ ਬਿਰਤੀ ਪੰਜਾਬੀ ਸਭਿਆਚਾਰ ਦੇ ਲੋਕ-ਕਥਾ ਦੇ ਸੰਦਰਭਾਂ ਨੂੰ ਸਾਮੀ-ਪਰੰਪਰਾ ਦੇ ਸੰਦਰਭਾਂ ਨਾਲ ਅੰਤਰ-ਸੰਬੰਧਿਤ ਕਰਨ ਦੀ ਜੁਗਤ ਦੁਆਰਾ ਪੇਸ਼ ਹੁੰਦੀ ਹੈ । ਹੀਰ-ਵਾਰਿਸ ਦੀ ਸਿਰਜਨਾਤਮਕ ਪ੍ਰਤਿਭਾ ਦੀ ਇਹ ਕੇਂਦਰੀ ਜੁਗਤ ਹੈ । ਵਾਰਿਸ ਬਾਰ ਬਾਰ ਪੰਜਾਬ ਦੀ ਲੋਕ-ਕਹਾਣੀ ਦੇ ਮੋਟਿਫ਼ਾਂ ਨੂੰ ਪੇਸ਼ ਕਰਨ ਲਈ ਸਾਮੀ ਸੰਦਰਭਾਂ ਵਲ ਪਰਤਦਾ ਹੈ । ਕਿੱਸੇ ਦੇ ਅਰੰਭਲੇ ਹੇਠ ਲਿਖੇ ਤਖ਼ਤ-ਹਜ਼ਾਰੇ ਦੇ ਮੋਟਿਫ਼ ਦੀ ਸਿਰਜਨਾ-ਜੁਗਤ ਨੂੰ ਧਿਆਨ ਨਾਲ ਵੇਖਿਆਂ ਵਾਰਿਸ ਦੀ ਸਿਰਜਨਾਤਮਕ ਜੁਗਤ ਬਾਰੇ ਸਪੱਸ਼ਟਤਾ ਮਿਲਦੀ ਹੈ :—

ਕੇਹੀ ਤਖ਼ਤ ਹਜ਼ਾਰੇ ਦੀ ਗੱਲ ਕੀਜੇ,
ਜਿਥੇ ਰਾਂਝਿਆਂ ਰੰਗ ਮਚਾਇਆ ਈ ।
ਛੈਲ ਗਭਰੂ ਮਸਤ ਅਲਬੇਲੜੇ ਨੀ,
ਸੁੰਦਰ ਇਕ ਥੀਂ ਇਕ ਸਵਾਇਆ ਈ ।
ਵਾਲੇ ਕੋਕਿਲੇ ਮੁੰਦਰਾਂ ਮਝ ਲੁੰਝੀ,
ਨਵਾਂ ਠਾਠ ਤੇ ਠਾਠ ਚੜ੍ਹਾਇਆਂ ਈ ।
ਵਾਰਿਸ ਕੀ ਹਜ਼ਾਰੇ ਦੀ ਸਿਫ਼ਤ ਆਖਾਂ,
ਗੋਯਾ ਭਿਸ਼ਤ ਜ਼ਮੀਨ ਤੇ ਆਇਆ ਈ ।

ਕਵੀ ਨੇ ਹੀਰ-ਰਾਂਝੇ ਨੂੰ ਨਵਾਂ ਸਿਸਟਮ ਇਸ ਜੁਗਤ ਨਾਲ ਬਨਾਣਾ ਹੈ ਕਿ ਉਹ ਸੂਫ਼ੀਆਂ ਮੁਤਾਬਕ ਕੁਰਾਨ ਦੀ ਅਰਥ ਵਿਆਖਿਆ ਵੀ ਪੇਸ਼ ਕਰਦਾ ਹੋਵੇ । ਅਰਥ ਵਿਆਖਿਆ ਕਰਨ ਦੀਆਂ ਸੁਚੇਤ ਤੇ ਅਚੇਤ ਦੁਹਾਂ ਜੁਗਤਾਂ ਦੀ ਵਰਤੋਂ ਇਥੇ ਕੀਤੀ ਗਈ ਹੈ । ਕਿੱਸੇ ਦੇ ਵਿਸ਼ੇ ਨੂੰ ਸੁਚੇਤ ਪੱਧਰ ਤੇ ਕੁਰਾਨ ਦੇ ਇਸ਼ਕ ਦੇ ਸੰਕਲਪ ਨਾਲ ਜੋੜਨ ਦੀ ਜੁਗਤ ਨੂੰ ਅਸੀਂ ਵੇਖ ਚੁਕੇ ਹਾਂ । ਹੁਣ ਕੁਰਾਨ ਦੇ ਜਨਤ ਦੇ ਸਖਣੇ ਪੈਟਰਨ ਦੀ ਵਰਤੋਂ ਤਖ਼ਤ ਹਜ਼ਾਰੇ ਦੇ ਨਵੀਨ ਮੋਟਿਫ਼ ਨੂੰ ਪੇਸ਼ ਕਰਨ ਲਈ ਕੀਤੀ ਗਈ ਹੈ । ਇਥੇ ਕੁਰਾਨ ਵਿਚਲੇ ਜਨਤ ਦੇ ਮਾਡਲ ਨੂੰ ਤਖ਼ਤ-ਹਜ਼ਾਰੇ ਦਾ ਮੋਟਿਫ਼ ਸਿਰਜਨ ਲਈ ਵਿਸਥਾਪਿਤ ਕੀਤਾ ਗਿਆ ਹੈ । ਵਾਰਿਸ ਭਾਵੇਂ ਸਿਰਜਨ ਤਖ਼ਤ-ਹਜ਼ਾਰੇ ਦਾ ਕਰ ਰਿਹਾ ਹੈ ਪਰ ਉਸ ਨੇ ਆਪਣੀ ਪਰੰਪਰਾ ਵਿਚੋਂ ਅਚੇਤ ਹੀ ਕਈ ਪਰੰਪਰਾਗਤ ਮਾਡਲਾਂ ਨੂੰ ਆਤਮਸਾਤ ਕੀਤਾ ਹੋਇਆ ਹੈ । ਇਹ ਸਖਣੇ ਪੈਟਰਨ ਸਾਡੇ ਬਿਰਤਾਂਤ ਦੇ ਮੂਲ ਸੋਮਿਆਂ ਲੋਕ ਤੇ ਮਿੱਥ-ਕਥਾਵਾਂ ਤੋਂ ਸਾਨੂੰ ਸਹਿਜ ਰੂਪ ਵਿਚ ਪ੍ਰਾਪਤ ਹੁੰਦੇ ਹਨ । ਨਵੇਂ ਮੋਟਿਫ਼ਾਂ ਦੀ ਵੱਥ ਨੂੰ ਅਜਿਹੇ ਸਖਣੇ ਪੈਟਰਨਾਂ ਵਿਚ ਪੇਸ਼ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ ਜਾਂਦਾ ਹੈ। ਜਿਉਂ ਬਿਰਤਾਂਤ-ਸਿਰਜਨ ਲਈ ਮਿਥਿਕ ਪੈਟਰਨਾਂ ਦਾ ਵਿਸਥਾਪਨ ਕੀਤਾ ਜਾਂਦਾ ਹੈ। ਵਾਰਿਸਸ਼ਾਹ ਨੇ ਇਸ ਜਨਤ ਦੇ ਪੈਟਰਨ ਨੂੰ ਵਰਤ ਕੇ ਹੀਰ-ਵਾਰਿਸ ਦੀ ਦੈਵੀਕਰਨ ਦੀ ਪਰਵਿਰਤੀ ਨੂੰ ਹੀ ਦ੍ਰਿੜ ਕੀਤਾ ਹੈ। ਰਾਂਝੇ ਦੀ ਪ੍ਰੇਮ-ਕਥਾ ਉਸ ਬੰਦੇ ਦੀ ਹੈ, ਜਿਸ ਨੇ ਧਰਤੀ ਤੇ ਪੈਦਾ ਹੋ ਕੇ ਇਥੇ ਹੀ ਸਮਾਪਤ ਹੋ ਜਾਣਾ ਹੈ। ਪਰ ਉਸ ਦੇ ਜਨਮ ਦੇ ਸ਼ਹਿਰ ਦਾ ਮੋਟਿਫ਼ ਪੇਸ਼ ਕਰਨ ਲਈ ਪੈਟਰਨ ਜਨਤ ਤੋਂ ਉਤਾਰਿਆ ਗਿਆ ਹੈ। ਪ੍ਰੇਮ-ਕਥਾ ਦੇ ਸਿਰਜਨ ਲਈ ਧਰਮ ਦੇ ਮਿਥਿਕ ਪੈਟਰਨ ਦੀ ਵਰਤੋਂ ਕਰਨ ਦੀ ਬਿਰਤੀ ਵੀ ਇਸ ਪ੍ਰੀਤ-ਕਥਾ ਦੇ ਇਹਲੌਕਿਕ ਬੁਨਿਆਦੀ ਸਿਸਟਮ ਨੂੰ ਦੁਜੈਲੇ ਸੂਫ਼ੀ-ਸਿਸਟਮ ਦਾ ਚਿਹਨ ਬਣਾਨ ਦਾ ਸੰਕੇਤ ਹੈ। ਇਹ ਹੀ ਨਹੀਂ ਆਪਣੇ ਕਿੱਸੇ ਦੇ ਬਿਰਤਾਂਤ ਦੇ ਲਗਭਗ ਹਰ ਗਤੀਸ਼ੀਲ ਮੋਟਿਫ਼ ਨੂੰ ਪੇਸ਼ ਕਰਨ ਲਈ ਵਾਰਿਸ 'ਆਦਿਮ ਦੀ ਮਿੱਥ' ਦੇ ਸਖਣੇ-ਪੈਟਰਨ ਨੂੰ ਹੀਰ-ਰਾਂਝੇ ਦੀ ਲੋਕ-ਕਥਾ ਵਿਚ ਵਿਸਥਾਪਿਤ ਕਰਨ ਦੀ ਜੁਗਤ ਨੂੰ ਵਰਤਦਾ ਹੈ। ਆਦਿਮ ਤੇ ਹਵਾ ਜਨਤ ਵਿਚ ਸਹਜ ਤੇ ਸੁਖਾਵਾਂ ਜੀਵਨ ਬਤੀਤ ਕਰ ਰਹੇ ਹਨ। ਇਹੋ ਜਿਹਾ ਜੀਵਨ ਸੁਰਗ ਦਾ ਹੋ ਸਕਦਾ ਹੈ। ਬਿਰਤਾਂਤ-ਸਿਰਜਨ ਵਿਚ ਗਤੀਸ਼ੀਲ ਮੋਟਿਫ਼ ਨੂੰ ਪੇਸ਼ ਕਰਨ ਦੀ ਜੁਗਤ ਜੀਵਨ ਦੀ ਸਹਿਜ ਤੇ ਹਾਂ-ਮੁਖ ਤੋਰ ਦੇ ਵਿਰੋਧ ਵਿਚ ਕਾਰਜਸ਼ੀਲ ਹੋਣ ਨਾਲ ਹੀ ਸੰਭਵ ਹੈ। ਇਸ ਲਈ ਬਿਰਤਾਂਤ ਦਾ ਗਤੀਸ਼ੀਲ ਮੋਟਿਫ਼ ਜੀਵਨ ਦੀ ਸਹਿਜ ਤੋਰ ਪ੍ਰਤੀ ਨਾਹ-ਮੁਖ ਰੋਲ ਅਦਾ ਕਰਨ ਨਾਲ ਹੀ ਸਿਰਜਿਆ ਜਾ ਸਕਦਾ ਹੈ। ਆਦਿਮ ਤੇ ਹਵਾ ਦੇ ਜਨਤ ਵਿਚਲੇ ਸਹਿਜ ਤੇ ਸੁਖੀ ਜੀਵਨ ਵਿਚ ਅਜਿਹਾ ਨਾਹ-ਮੁਖ ਰੋਲ ਸ਼ੈਤਾਨ ਨੇ ਅਦਾ ਕੀਤਾ ਸੀ। ਸ਼ੈਤਾਨ ਦੇ ਨਾਹ-ਮੁਖੀ ਰੋਲ ਕਾਰਨ ਹੀ ਆਦਿਮ ਤੇ ਹਵਾ ਨੂੰ ਜਨਤ ਛੱਡ ਕੇ ਧਰਤੀ ਤੇ ਆਉਣਾ ਪਿਆ। ਨਾਹ-ਮੁਖ ਕਾਰਜ ਤੋਂ ਬਿਨਾਂ ਮਨੁੱਖੀ ਜੀਵਨ-ਬਿਰਤਾਂਤ ਦਾ ਅਰੰਭ ਵੀ ਸੰਭਵ ਨਹੀਂ ਸੀ। ਨਾਹ-ਮੁਖ ਮੋਟਿਫ਼ ਦੀ ਗਤੀ ਕਾਰਨ ਹੀ ਮਨੁੱਖ ਜਨਤ ਦੇ ਸਹਿਜ ਤੇ ਸੁਖਦਾਈ ਜੀਵਨ ਤੋਂ ਹੇਠਾਂ ਧਰਤੀ ਤੇ ਗਿਰ ਕੇ ਦੁਖਮਈ ਤੇ ਸੰਕਟਗ੍ਰਸਤ ਜੀਵਨ ਦੀ ਯਾਤਰਾ ਵਿਚ ਪੈਂਦਾ ਹੈ। ਇਸ ਲਈ ਕੁਰਾਨ ਸਰੀਫ਼ ਵਿਚ ਮਨੁੱਖ ਨੂੰ ਹਦਾਇਤ ਹੈ 'ਲਾ ਤੱਤਾ ਬਿਊ ਖੁਤਵਾਤੇ ਸ਼ੈਤਾਨਿ' (ਭਾਵ ਸ਼ੈਤਾਨ ਦੇ ਪਾਏ ਪੂਰਨਿਆਂ ਤੇ ਨਾ ਚਲੋ)। ਪਰੰਤੂ ਜੋ ਨੇਮ ਵਸਤੂ-ਜੀਵਨ ਲਈ ਨਾਹ-ਮੁਖ ਹੈ, ਬਿਰਤਾਂਤ-ਸਿਰਜਨ ਅਤੇ ਉਸ ਨੂੰ ਗਤੀਸ਼ੀਲ ਬਣਾ ਕੇ ਅੱਗੇ ਤੋਰਨ ਲਈ ਉਹੋ ਹਾਂ-ਮੁਖ ਹੈ।

ਬਿਰਤਾਂਤ-ਸਿਰਜਨ ਦੀ ਇਹ ਜੁਗਤ ਬੀਜ-ਜੁਗਤ ਵਾਂਗ ਵਾਰਿਸ ਨੇ ਹੀਰ-ਰਾਂਝੇ ਦੀ ਕਥਾ ਨੂੰ ਪੇਸ਼ ਕਰਨ ਲਈ ਸਖਣੇ ਪੈਟਰਨ ਵਜੋਂ ਵਰਤੀ ਹੈ। ਕੁਰਾਨ ਦੇ ਇਸੇ ਸੂਝ-ਮਾਡਲ ਦੇ ਆਧਾਰ ਉਤੇ ਹੀ ਸਾਰੇ ਹੀਰ-ਰਾਂਝੇ ਦੇ ਬਿਰਤਾਂਤ ਦਾ ਅਧਿਐਨ ਹੋ ਸਕਦਾ ਹੈ। ਪਿਆਰ ਤੇ ਸੁਖ ਦਾ ਸਹਿਜ-ਜੀਵਨ ਜੋ ਵਸਤੂ-ਜਗਤ ਲਈ ਹਾਂ-ਮੁਖ ਹੈ, ਬਿਰਤਾਂਤ ਦੀ ਗਤੀ ਲਈ ਇਸ ਪ੍ਰਤੀ ਨਾਹ-ਮੁਖ ਹੋਣਾ ਲਾਜ਼ਮੀ ਹੈ। ਇਸ ਪ੍ਰਤੀ ਨਾਹ-ਮੁਖ ਕਾਰਜ ਨੂੰ ਪੇਸ਼ ਕਰਨ ਵਾਲੇ ਮੋਟਿਫ਼ ਨੂੰ ਪੇਸ਼ ਕੀਤੇ ਬਿਨਾਂ ਬਿਰਤਾਂਤ ਵਿਚ ਗਤੀ ਸੰਭਵ ਨਹੀਂ। ਇਸ ਲਈ ਬਿਰਤਾਂਤ ਸਿਰਜਨ ਲਈ ਘੱਟੋ ਘੱਟ ਦੋ ਪ੍ਰਕਾਰ ਦੇ ਮੋਟਿਫ਼ਾਂ ਦੀ ਵਰਤੋਂ ਕਰਨੀ ਲਾਜ਼ਮੀ ਹੈ: ਹਾਂ-ਮੁਖ ਮੋਟਿਫ਼ ਜੋ ਬਿਰਤਾਂਤ ਨੂੰ ਸਥਿਤੀ-ਸ਼ੀਲ ਬਣਾ ਕੇ ਰੋਕ ਲੈਂਦੇ ਹਨ ਅਤੇ ਗਤੀਸ਼ੀਲ ਮੋਟਿਫ਼ ਜੋ ਬਿਰਤਾਂਤ ਨੂੰ ਗਤੀ ਪ੍ਰਦਾਨ ਕਰਕੇ ਇਸ ਦੀ ਤੋਰ ਨੂੰ ਅੱਗੇ ਤੋਰਦੇ ਹਨ। ਬਿਰਤਾਂਤ ਇਕ ਕਲਾ ਹੈ ਤੇ ਰੁਕ ਰੁਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਤੁਰਨ ਨਾਲ ਹੀ ਕਲਾ, ਜੀਵਨ ਦੀ ਸਧਾਰਨ ਤੌਰ ਦਾ ਅਜਨਬੀਕ੍ਰਿਤ ਰੂਪ ਧਾਰਨ ਕਰਦੀ ਹੈ। ਨ੍ਰਿਤ-ਕਲਾ ਦੀ ਪ੍ਰਕਿਰਤੀ ਵੀ ਜੀਵਨ ਦੀ ਸਹਿਜ ਤੌਰ ਦਾ ਅਜਨਬੀ-ਕ੍ਰਿਤ ਰੂਪ ਹੀ ਹੈ। ਇਵੇਂ ਹੀ ਬਿਰਤਾਂਤ ਵੀ ਸਹਜ-ਜੀਵਨ ਦਾ ਅਜਨਬੀਕ੍ਰਿਤ ਰੂਪ ਹੈ ਤੇ ਸਹਜ-ਜੀਵਨ ਨਾਲੋਂ ਇਸ ਦੀ ਭਿੰਨਤਾ ਇਸੇ ਲੱਛਣ ਵਿਚ ਹੈ ਕਿ ਇਹ ਰੁਕ ਰੁਕ ਕੇ ਤੁਰਦਾ ਹੈ। ਇਸ ਨੂੰ ਰੋਕਣ ਦੀ ਜੁਗਤ ਵਸਤੂ-ਜੀਵਨ ਦੇ ਪੱਖੋਂ ਨਾਹ-ਮੁਖ ਹੁੰਦੀ ਹੈ। ਇਸਲਾਮੀ ਜੀਵਨ-ਦ੍ਰਿਸ਼ਟੀ ਅਨੁਸਾਰ ਅਜਿਹਾ ਕਾਰਜ ਸ਼ੈਤਾਨ ਵਲੋਂ ਕੀਤਾ ਜਾਂਦਾ ਹੈ। ਵਾਰਿਸਸ਼ਾਹ ਵੀ ਹੀਰ-ਰਾਂਝੇ ਦੀ ਲੋਕ-ਕਥਾ ਦੇ ਸਿਰਜਨ ਲਈ ਇਸੇ ਸਖਣੇ ਪੈਟਰਨ ਨੂੰ ਬਾਰ ਬਾਰ ਦੁਹਰਾਉਂਦਾ ਹੈ। ਵਾਰਿਸ ਦੀ ਇਹ ਪਰਵਿਰਤੀ ਇਹ ਸਿਧ ਕਰਦੀ ਹੈ ਕਿ ਸਾਡੇ ਨਵੀਨ ਤੋਂ ਨਵੀਨ ਸਿਰਜਨ ਦੇ ਸਖਣੇ ਪੈਟਰਨ ਸਾਡੇ ਪ੍ਰਾਚੀਨ ਤੋਂ ਪ੍ਰਾਚੀਨ ਮਿਥਿਕ ਸੰਦਰਭਾਂ ਵਿਚੋਂ ਹੀ ਆਤਮਸਾਤ ਕੀਤੇ ਹੁੰਦੇ ਹਨ। ਨਵੀਨ ਸਿਰਜਨ ਇਨ੍ਹਾਂ ਸਖਣੇ ਪੈਟਰਨਾਂ ਨੂੰ ਨਵੀਨ-ਪ੍ਰਸੰਗ ਵਿਚ ਵਿਸਥਾਪਿਤ ਕਰਨ ਦੀ ਜੁਗਤ ਦੁਆਰਾ ਹੀ ਸੰਭਵ ਹੁੰਦਾ ਹੈ। ਹੀਰ-ਵਾਰਿਸ ਅਰੰਭ ਤੋਂ ਹੀ ਇਸ ਜੁਗਤ ਦੀ ਵਰਤੋਂ ਕਰਦੀ ਪ੍ਰਤੀਤ ਹੁੰਦੀ ਹੈ। ਰਾਂਝਾ, ਤਖ਼ਤ ਹਜ਼ਾਰੇ ਵਿਚ ਸਹਿਜ ਤੇ ਸੁਖਾਵਾਂ ਜੀਵਨ ਜੀਅ ਰਿਹਾ ਹੈ। ਵਾਰਿਸ ਤਖ਼ਤ ਹਜ਼ਾਰੇ ਦੀ ਉਪਮਾ 'ਗੋਯਾ ਭਿਸ਼ਤ ਜ਼ਮੀਨ ਤੇ ਆਇਆ' ਰਾਹੀਂ ਸੁਰਗ ਨਾਲ ਦਿੰਦਾ ਹੈ। ਇਸ ਸੁਖ ਵਸਦੇ ਸੁਰਗੀ ਤਖ਼ਤ ਹਜ਼ਾਰੇ ਦਾ ਜੀਵਨ, ਬਿਰਤਾਂਤ ਦੇ ਸਥਿਤੀਸ਼ੀਲ ਮੋਟਿਫ਼ ਨੂੰ ਪੇਸ਼ ਕਰਨ ਦੇ ਹੀ ਸਮਰਥ ਹੈ। ਬਿਰਤਾਂਤ ਨੂੰ ਅੱਗੇ ਤੋਰਨ ਲਈ ਨਾਹ-ਮੁਖ ਪ੍ਰਕਿਰਤੀ ਦੇ ਗਤੀਸ਼ੀਲ ਮੋਟਿਫ਼ ਦਾ ਹੋਣਾ ਲਾਜ਼ਮੀ ਹੈ। ਇਹ ਨਾਹ-ਮੁਖ ਮੋਟਿਫ਼ ਰਾਂਝੇ ਦੇ ਭਰਾਵਾਂ ਵਲੋਂ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਭਰਾਵਾਂ ਦੀ ਛੁਪ ਕੇ ਰਾਂਝੇ ਉਪਰ ਵਾਰ ਕਰਨ ਦੀ ਉਪਮਾ ਵਾਰਿਸ 'ਆਦਿਮ ਤੇ ਹਵਾ' ਦੇ ਜੀਵਨ ਵਿਚ ਸ਼ੈਤਾਨ ਦੇ ਸੱਪ ਦਾ ਰੂਪ ਧਾਰਨ ਕਰਕੇ ਗੁੱਝਾ ਵਾਰ ਕਰਨ ਦੀ ਮਿਥਿਕ ਕਥਾ ਨਾਲ ਦਿੰਦਾ ਹੈ। ਸੰਬੰਧਿਤ ਪੰਕਤੀਆਂ ਪੇਸ਼ ਹਨ :

> ''ਵਾਰਿਸ ਕੀ ਹਜ਼ਾਰੇ ਦੀ ਸਿਫ਼ਤ ਆਖਾਂ
> ਗੋਯਾ ਭਿਸ਼ਤ ਜ਼ਮੀਨ ਤੇ ਆਇਆ ਈ।
> ਮੌਜੂ ਚੌਧਰੀ ਪਿੰਡ ਦੀ ਪਾਂਧ ਵਾਲਾ
> ਚੰਗਾ ਭਾਈਆਂ ਦਾ ਸਰਦਾਰ ਆਹਾ।
> ... ...
> ਵਾਰਿਸਸ਼ਾਹ ਇਹ ਕੁਦਰਤਾਂ ਰੱਬ ਦੀਆਂ ਨੀ,
> ਧੀਦੋ ਨਾਲ ਉਸ ਬਹੁਤ ਪਿਆਰ ਆਹਾ।
> ਬਾਪ ਕਰੇ ਪਿਆਰ ਤੇ ਭਾਈ ਵੈਰੀ,
> ਡਰ ਬਾਪ ਦੇ ਥੀਂ ਪਏ ਸੰਗਦੇ ਨੀ।
> ਗੁਝੇ ਮੇਹਣ ਮਾਰਦੇ ਸੱਪ ਵਾਂਗੂ,
> ਉਸ ਦੇ ਕਾਲੇਜੇ ਨੂੰ ਪਏ ਡੰਗਦੇ ਨੀ।''

ਉਪਰੋਕਤ ਮੋਟਿਫ਼ ਸਿਰਜਨ ਦੀ ਜੁਗਤ ਤੋਂ ਸਪੱਸ਼ਟ ਹੈ ਕਿ ਵਾਰਿਸ ਕਿੱਸੇ ਦੇ ਅਰੰਭ ਤੋਂ ਹੀ ਬਿਰਤਾਂਤ ਨੂੰ ਅੱਗੇ ਤੋਰਨ ਤੇ ਉਸ ਨੂੰ ਗਤੀ ਪ੍ਰਦਾਨ ਕਰਨ ਲਈ ਕੁਰਾਨ ਦੇ ਆਦਿਮ-ਮਿੱਥ ਦੇ ਸਖਣੇ ਪੈਟਰਨ ਨੂੰ ਹੀਰ-ਰਾਂਝੇ ਦੀ ਲੋਕ-ਕਥਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਸਥਾਪਿਤ ਕਰ ਰਿਹਾ ਹੈ। ਇਹ ਵਰਤੋਂ ਜਿੱਧਰ ਇਕ ਪਾਸੇ ਕਲਾਕਾਰ ਦੀ ਪਰੰਪਰਾਗਤ ਸਦਰਭਾਂ ਨੂੰ ਨਵੀਨ ਪ੍ਰਸੰਗ ਵਿਚ ਵਿਸਥਾਪਿਤ ਕਰਨ ਦੇ ਨੇਮ ਨੂੰ ਸਪੱਸ਼ਟ ਕਰਦੀ ਹੈ, ਉਧਰ ਦੂਜੇ ਪਾਸੇ ਵਾਰਿਸ ਦੀ ਸੁਚੇਤ ਭਾਵਨਾ 'ਇਹ ਕੁਰਾਨ ਮਜੀਦ ਦੇ ਮਾਇਨੇ ਨੀ, ਜਿਹੜੇ ਕੌਲ ਮੀਏਂ ਵਾਰਿਸਸ਼ਾਹ ਦੇ ਵੇ' ਨੂੰ ਵੀ ਅਭਿਵਿਅਕਤ ਕਰਦੀ ਹੈ। ਆਪਣੀ ਇਸੇ ਭਾਵਨਾ ਤੋਂ ਉਤਸਾਹਿਤ ਹੋ ਕੇ ਕਵੀ ਹੀਰ-ਰਾਂਝੇ ਦੇ ਬਿਰਤਾਂਤ ਦੇ ਭਿੰਨ ਭਿੰਨ ਗਤੀਸ਼ੀਲ ਮੋਟਿਫ਼ਾਂ ਦਾ ਸਿਰਜਨ ਇਸੇ ਸਖਣੇ ਪੈਟਰਨ ਰਾਹੀਂ ਕਰਦਾ ਹੈ। ਬਿਰਤਾਂਤ ਬਾਰ ਬਾਰ ਰੁਕਦਾ ਹੈ। ਹਰ ਰੋਕ ਨੂੰ ਗਤੀ ਪ੍ਰਦਾਨ ਕਰਨ ਲਈ ਨਾਂਹ-ਮੁਖ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ। ਕੋਈ ਵੀ ਬਿਰਤਾਂਤ ਕੁਝ ਕੁ ਸੀਮਿਤ ਨੇਮਾਂ/ਜੁਗਤਾਂ ਨੂੰ ਬਾਰ ਬਾਰ ਦੁਹਰਾਉਣ ਦੁਆਰਾ ਸਿਰਜਿਆ ਜਾਂਦਾ ਹੈ। ਬਿਰਤਾਂਤ ਵੀ ਇਕ ਪ੍ਰਕਾਰ ਦਾ ਕਾਵਿ-ਪ੍ਰਵਚਨ ਹੈ। ਕਾਵਿ-ਪ੍ਰਵਚਨ ਦਾ ਇਕ ਵੱਡਾ ਲੱਛਣ ਇਹ ਹੈ ਕਿ ਇਹਦੇ ਵਾਕ ਜਾਂ ਤਾਂ ਪ੍ਰਵਚਨ ਦੀ ਤੋਰ ਨੂੰ ਸਥਾਨਗਤ ਸਹਿਜ ਬਣਾ ਕੇ ਟਿਕਾਂਦੇ ਹਨ ਤੇ ਜਾਂ ਇਸ ਦੀ ਸਹਿਜ-ਸਥਿਤੀ ਨੂੰ ਰੋਕ ਪਾ ਕੇ, ਇਸ ਨੂੰ ਗਤੀਸ਼ੀਲ ਬਣਾ ਕੇ ਅੱਗੇ ਤੋਰਦੇ ਹਨ। ਬਿਰਤਾਂਤ ਵਿਚ, ਸਹਿਜ-ਸਥਿਤੀ ਪ੍ਰਤੀ ਰੋਕ ਪਾ ਕੇ ਉਸ ਨੂੰ ਗਤੀਸ਼ੀਲ ਬਣਾਨ ਵਾਲਾ ਮੋਟਿਫ਼, ਵਧੇਰੇ ਮਹੱਤਵਸ਼ੀਲ ਹੈ। ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਹਾਂ-ਮੁਖ ਤੇ ਨਾਂਹ-ਮੁਖ ਦੋਹਾਂ ਪ੍ਰਕਾਰ ਦੇ ਵਾਕਾਂ ਨਾਲ ਸੰਚਾਰ ਦਾ ਕਾਰਜ ਚਲਦਾ ਹੈ। ਬਿਰਤਾਂਤ ਸਿਰਜਨ ਦਾ ਆਧਾਰ ਵੀ ਇਹੋ ਦ੍ਵੰਦ ਹੈ। ਹਾਂ-ਮੁਖ ਸਹਿਜ-ਜੀਵਨ ਦੇ ਖਲੋਤੇ ਜੀਵਨ ਨੂੰ ਨਾਂਹ-ਮੁਖ ਪਰਵਿਰਤੀ ਰਾਹੀਂ ਰੋਕ ਪਾ ਕੇ ਅੱਗੇ ਤੋਰਨ ਵਾਲੇ ਗਤੀਸ਼ੀਲ ਮੋਟਿਫ਼ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ।

ਪਿਛੇ ਅਸੀਂ ਵੇਖ ਚੁਕੇ ਹਾਂ ਕਿ ਪਿਤਾ-ਪਿਆਰ ਦੇ ਤਖ਼ਤ ਹਜ਼ਾਰੇ ਵਿਚਲੇ ਸੁਰਗੀ ਜੀਵਨ ਨੂੰ ਭਰਾਵਾਂ ਦੇ ਨਾਂਹ-ਮੁਖ ਕਾਰਜ ਨੇ ਤੋਰੇ ਪਾਇਆ ਹੈ। ਰਾਂਝਾ ਘਰੋਂ ਤੁਰਿਆ ਹੈ, ਅੱਗੇ ਮਸੀਤ ਨੇ ਰੋਕ ਲਿਆ ਹੈ। ਰੋਕ ਪਾਣ ਵਾਲੀ ਮਸਜਦ ਵੀ ਬਹਿਸ਼ਤ ਵਾਂਗ ਬਾਹਰੋਂ ਵੇਖਣ ਨੂੰ ਬੇਮਿਸਾਲ ਹੈ। ਵਾਰਿਸ ਉਸ ਦਾ ਵਰਨਣ ਇਉਂ ਪੇਸ਼ ਕਰਦਾ ਹੈ :

"ਮਸਜਿਦ ਬੈਤੁਲ ਅਤੀਕ ਮਿਸਾਲ ਆਹੀ,
ਖ਼ਾਨੇ ਕਾਹਬਿਉਂ ਡੌਲ ਉਤਾਰੀਆਂ ਨੇ।
ਗੋਇਆ ਅਕਸਾ ਦੇ ਨਾਲ ਦੀ ਭੈਣ ਦੂਜੀ,
ਸ਼ਾਇਦ ਸੰਦਲੀ ਨੂਰ ਉਸਾਰੀਆਂ ਨੇ।"

ਅਜਿਹੇ ਬੇਮਿਸਾਲ ਸਥਾਨ ਉਤੇ ਰਾਂਝੇ ਦੇ ਰੁਕ ਜਾਣ ਨਾਲ ਕਹਾਣੀ ਦਾ ਬਿਰਤਾਂਤ ਰੁਕ ਜਾਂਦਾ ਹੈ। ਇਸ ਲਈ ਰਾਂਝੇ ਨੂੰ ਤੋਰਨ ਲਈ ਨਾਂਹ-ਮੁਖ ਕਾਰਜ ਮਸਜਦ ਦੇ ਮੁਲਾਂ ਦੁਆਰਾ ਪੇਸ਼ ਕੀਤਾ ਗਿਆ ਹੈ। ਕੁਰਾਨ ਦੀ ਦ੍ਰਿਸ਼ਟੀ ਅਨੁਸਾਰ ਇਹ ਨਾਂਹ-ਮੁਖ ਕਾਰਜ ਦਾ ਕਰਨ ਵਾਲਾ ਸ਼ੈਤਾਨ ਹੈ, ਜੋ ਕਈ ਰੂਪ ਧਾਰਨ ਕਰ ਕੇ ਵਾਰ ਕਰਦਾ ਹੈ। ਤਖ਼ਤ ਹਜ਼ਾਰੇ ਦੀ ਬਹਿਸ਼ਤ ਵਿਚੋਂ ਕੱਢਣ ਵਾਲੇ ਭਾਈਆਂ ਨੂੰ ਸ਼ੈਤਾਨ ਦੇ ਸੱਪ ਦੇ ਰੂਪ ਵਿਚ ਗੁਝਾ ਵਾਰ ਕਰਨ ਦੀ ਉਪਮਾ ਅਸੀਂ ਪਿਛੇ ਵੇਖ ਚੁਕੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਰਾਂਝੇ ਨੂੰ ਮਸਜਦ ਵਿਚ ਨਾ ਟਿਕਣ ਦੇਣ ਵਾਲੇ ਮੁੱਲਾਂ ਨੂੰ ਸ਼ੈਤਾਨ ਨਾਲ ਫਿਰ ਉਪਮਾ ਦਿੱਤੀ ਗਈ ਹੈ :

''ਦਾੜ੍ਹੀ ਸ਼ੇਖ ਦੀ ਅਮਲ ਸ਼ੈਤਾਨ ਵਾਲੇ,
ਕੇਹਾ ਰਾਣਿਉਂ ਜਾਂਦਿਆਂ ਰਾਹੀਆਂ ਨੂੰ ।
ਅੱਗੇ ਕੱਢ ਕੁਰਾਨ ਤੇ ਬਹੇ ਮਿੰਬਰ,
ਕੇਹਾ ਅੱਡਿਉਂ ਮਕਰ ਦੀਆਂ ਫਾਹੀਆਂ ਨੂੰ ।
... .
ਵਾਰਿਸਸ਼ਾਹ ਖ਼ੁਦਾ ਦੇ ਖ਼ਾਨਿਆਂ ਨੂੰ,
ਇਹ ਮੁੱਲਾ ਵੀ ਚੰਬੜੇ ਨੇ ਬਲਾਈਂ ।''

ਇਸ ਮੋਟਿਫ਼ ਸਿਰਜਨ ਵਿਚ ਵੀ ਆਦਿਮ ਦੀ ਪੌਰਾਣਿਕ ਕਥਾ ਦੇ ਸਖਣੇ ਰੂਪ ਦੀ ਜੁਗਤ ਨੂੰ ਹੀ ਵਰਤੋਂ ਵਿਚ ਲਿਆਂਦਾ ਗਿਆ ਹੈ । ਕੁਰਾਨ ਦੀ ਆਦਿਮ-ਮਿੱਥ ਦੇ ਸਖਣੇ ਰੂਪ ਰਾਹੀਂ ਲੋਕ-ਕਥਾ ਦੇ ਮੋਟਿਫ਼ਾਂ ਦੀ ਪੇਸ਼ਕਾਰੀ ਹੀ ਕੁਰਾਨ ਦੀ ਵਿਆਖਿਆ ਬਿਰਤੀ ਨੂੰ ਸਪੱਸ਼ਟ ਕਰਦੀ ਹੈ । ਮਸੀਤ ਵਿਚੋਂ ਕੱਢ ਕੇ ਰਾਂਝੇ ਨੂੰ ਫਿਰ ਹੀਰ ਦੇ ਬਹਿਸ਼ਤ ਵਰਗੇ ਜੀਵਨ ਵਿਚ ਵਾੜ ਦਿੱਤਾ ਜਾਂਦਾ ਹੈ :

ਦੋਹਾਂ ਬਾਹਾਂ ਤੋਂ ਪਕੜ ਰੰਝੇਟੜੇ ਨੂੰ,
ਮੁੜ ਆਣ ਬੇੜੀ ਵਿਚ ਚਾੜ੍ਹਿਆ ਨੇ ।
ਤਕਸੀਰ ਮੁਆਫ਼ ਕਰ ਆਦਮੋਂ ਦੀ,
ਮੁੜ ਆਣ ਬਹਿਸ਼ਤ ਵਿਚ ਵਾੜਿਆਂ ਨੇ ।
ਗੋਇਆ ਖਾਬ ਦੇ ਵਿਚ ਅਜ਼ਾਜ਼ੀਲ ਢੱਠਾ,
ਹੇਠੋਂ ਫੇਰ ਮੁੜ ਅਰਸ਼ ਤੇ ਚਾੜ੍ਹਿਆ ਨੇ ।
ਵਾਰਿਸਸ਼ਾਹ ਨੂੰ ਤੁਰੰਤ ਨੁਹਾਇ ਕੇ ਤੇ,
ਬੀਵੀ ਹੀਰ ਦੇ ਪਲੰਘ ਤੇ ਚਾੜ੍ਹਿਆ ਨੇ ।

ਹੀਰ ਦੇ ਪਿਆਰ ਨੇ ਹਾਂ-ਮੁਖ ਰੋਲ ਅਦਾ ਕਰ ਕੇ ਬਿਰਤਾਂਤ ਦੀ ਤੋਰ ਨੂੰ ਫਿਰ ਰੋਕ ਲਿਆ ਹੈ । ਹੀਰ, ਰਾਂਝੇ ਨੂੰ ਪਿਆਰ ਦੇ ਕੇ ਅਤੇ ਸੁਖੀ ਜੀਵਨ ਦਾ ਵਾਸਤਾ ਪਾ ਕੇ ਰੁਕ ਜਾਣ ਲਈ ਬੇਨਤੀ ਕਰਦੀ ਹੈ :

ਮੱਖਣ ਖੰਡ ਪਰਾਉਂਠੇ ਖਾਹ ਮੀਆਂ
ਮਹੀਂ ਛੇੜ ਦੇ ਰੱਬ ਦੇ ਆਸਰੇ ਤੇ ।
ਹੱਸਣ ਗਭਰੂ ਰਾਂਝਿਆ ਜਾਣ ਭਾਈ,
ਗੁਜ਼ਰ ਆਵਸੀ ਦੁੱਧ ਦੇ ਕਾਸੜੇ ਤੇ ।
ਹੀਰ ਆਖਦੀ ਰੱਬ ਰੱਜ਼ਾਕ ਤੇਰਾ,
ਮੀਆਂ ਜਾਹ ਨ ਲੋਕਾਂ ਦੇ ਹਾਸੜੇ ਤੇ ।
ਮਹੀਂ ਛੇੜ ਦੇ ਝੱਲ ਦੇ ਵਿਚ ਮੀਆਂ
ਵਾਰਿਸਸ਼ਾਹ ਹੋ ਬਹੀਂ ਤੂੰ ਪਾਸੜੇ ਤੇ ।

ਹੀਰ ਦੀ ਰੋਕ ਨੂੰ ਸ੍ਵੀਕਾਰ ਕਰ ਕੇ ਰਾਂਝਾ ਬੇਲਿਆਂ ਦੇ ਬਹਿਸ਼ਤ ਵਰਗੇ ਜੀਵਨ

CC-0. In Public Domain. Gurukul Kangri Collection, Haridwar

ਵਿਚ ਸਥਿਤੀਸ਼ੀਲ ਹੋ ਜਾਂਦਾ ਹੈ। ਬੇਲੇ ਵਿਚਲੇ ਸਹਿਜ ਸੁਖੀ ਜੀਵਨ ਦਾ ਚਿੱਤਰ
Digitized by Arya Samaj Foundation Chennai and eGangotri
ਵਾਰਿਸਸ਼ਾਹ ਇਉਂ ਪੇਸ਼ ਕਰਦਾ ਹੈ :

ਬੇਲੇ ਰੱਬ ਦਾ ਨਾਉ ਲੈ ਜਾਇ ਵੜਿਆ,
ਹੋਇਆ ਧੁਪ ਦੇ ਨਾਲ ਜ਼ਹੀਰ ਮੀਆਂ।
ਉਹਦੀ ਨੇਕ ਸਾਇਤ ਰੁਜੂ ਆਣ ਹੋਈ
ਮਿਲੇ ਰਾਹ ਜਾਂਦੇ ਪੰਜ ਪੀਰ ਮੀਆਂ।
ਬਚਾ ਖਾਹ ਚੂਰੀ, ਚੋਇ ਮੱਝ ਬੂਰੀ,
ਜੀਊ ਵਿਚ ਨ ਹੋਇ ਦਿਲਗੀਰ ਮੀਆਂ।
ਕਾਈ ਨਢੜੀ ਸੋਹਣੀ ਕਰੋ ਬਖ਼ਸ਼ਿਸ਼,
ਪੂਰੇ ਰੱਬ ਦੇ ਹੋ ਤੁਸੀਂ ਪੀਰ ਮੀਆਂ।
ਵਾਰਿਸਸ਼ਾਹ ਰੰਝੇਟੇ ਨੂੰ ਹੀਰ ਬਖ਼ਸ਼ੀ,
ਸਾਨੂੰ ਯਾਦ ਕਰੀਂ ਪਵੀ ਭੀੜ ਮੀਆਂ।

ਅਜਿਹੀ ਪਿਆਰ ਤੇ ਬਖ਼ਸ਼ਸ਼ ਦੀ ਸੁਰਗ, ਜੀਵਨ ਵਿਚ ਸਥਿਤੀਸ਼ੀਲ ਹੋ ਕੇ ਬੈਠ ਜਾਣ ਦੀ ਪ੍ਰੇਰਨਾ ਦਿੰਦੀ ਹੈ। ਬਿਰਤਾਂਤ ਦੀ ਤੋਰ ਰੁਕ ਜਾਂਦੀ ਹੈ। ਇਥੇ ਬਿਰਤਾਂਤ ਦੀ ਤੋਰ ਨੂੰ ਪਿਆਰ ਤੇ ਇਸ਼ਕ ਦੇ ਮਾਹੌਲ ਨੇ ਰੋਕ ਲਿਆ ਹੈ। ਬਿਰਤਾਂਤ ਨੂੰ ਅੱਗੇ ਤੋਰਨ ਲਈ ਫਿਰ ਵਾਰਿਸ ਆਦਿਮ ਦੀ ਮਿੱਥ ਦੇ ਸਖਣੇ ਪੈਟਰਨ ਨੂੰ ਹੀ ਵਰਤਦਾ ਹੈ। ਰਾਂਝੇ ਨੂੰ ਇਸ ਬਹਿਸ਼ਤ ਵਿਚੋਂ ਕੱਢਣ ਵਾਲਾ ਕੈਦੋਂ ਲੰਙਾ ਵੀ ਸ਼ੈਤਾਨ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ :

''ਹੀਰ ਚਾਇ ਭੱਤਾ ਖੰਡ ਖੀਰ ਮੱਖਣ,
ਮੀਏਂ ਰਾਂਝੇ ਦੇ ਪਾਸ ਧਾਂਵਦੀ ਹੈ।
ਤੇਰੇ ਵਾਸਤੇ ਜੂਹ ਮੈਂ ਭਾਲ ਥੱਕੀ,
ਖੋਲ੍ਹ ਆਪਣਾ ਹਾਲ ਵਿਖਾਂਵਦੀ ਹੈ।
ਕੈਦੋਂ ਢੂੰਡਦਾ ਖੋਜ ਨੂੰ ਫਿਰੇ ਭੌਂਦਾ,
ਬਾਸ ਚੂਰੀ ਦੀ ਬੇਲਿਉਂ ਆਂਵਦੀ ਹੈ।
ਵਾਰਸ਼ਾਹ ਮੀਆਂ ਵੇਖ ਟੰਗ ਲੰਙੀ,
ਸ਼ੈਤਾਨ ਦੀ ਕਲਾ ਜਗਾਂਵਦੀ ਹੈ।''

ਕੈਦੋਂ ਵੀ ਇਸ ਸਥਾਨ ਤੇ ਵਾਰ ਕਰਨ ਲਈ ਆਦਿਮ ਦੀ ਮਿੱਥ-ਕਥਾ ਵਾਂਗ ਭੇਸ ਬਦਲ ਕੇ ਆਉਂਦਾ ਹੈ। ਕੈਦੋਂ ਫ਼ਕੀਰ ਬਣ ਕੇ ਰਾਂਝੇ ਤੋਂ ਚੂਰੀ ਦੀ ਖ਼ੈਰ ਮੰਗ ਕੇ ਲੈ ਜਾਂਦਾ ਹੈ। ਹੀਰ ਨੂੰ ਜਦੋਂ ਇਸ ਸ਼ਰਾਰਤ ਦਾ ਪਤਾ ਚਲਦਾ ਹੈ ਤਾਂ ਉਹ ਕੈਦੋਂ ਤੋਂ ਚੂਰੀ ਖੋਹ ਲੈਣ ਲਈ ਪਿਛੇ ਨਸਦੀ ਹੈ। ਹੀਰ ਦੁਆਰਾ ਕੈਦੋਂ ਨੂੰ ਮਾਰ ਪੈਂਦੀ ਹੈ ਤੇ ਉਹਦੀ ਦੁਰਗਤ ਹੋਣ ਦੀ ਸਥਿਤੀ ਨੂੰ ਵਾਰਿਸ ਸ਼ੈਤਾਨ ਦੇ ਫ਼ਰਸ਼ਤਿਆਂ ਦੁਆਰਾ ਅਰਸ਼ ਤੋਂ ਜ਼ਿਮੀ ਉਪਰ ਸੁਟਣ ਨਾਲ ਉਪਮਾ ਦਿੰਦਾ ਹੈ :—

ਮਿਲੀ ਰਾਹ ਵਿਚ ਦੌੜ ਕੇ ਆ ਨੱਢੀ,
ਪਹਿਲਾਂ ਨਾਲ ਫ਼ਰੇਬ ਦੇ ਚੱਟਿਆ ਸੂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਵਾਂਗ ਗੱਜੀ,
ਅੱਖੀਂ ਰੋਹ ਦਾ ਨੀਰ ਪਲਟਿਆ ਸੂ ।
ਸਿਰੋਂ ਲਾਹ ਟੋਪੀ, ਗਲੋਂ ਤੋੜ ਸੇਹਲੀ,
ਲਕੋਂ ਪਕੜ ਕੇ ਜ਼ਿਮੀਂ ਤੇ ਸਟਿਆ ਸੂ ।
ਪਕੜ ਜ਼ਿਮੀਂ ਤੇ ਮਾਰਿਆ ਨਾਲ ਗੁੱਸੇ,
ਧੋਬੀ ਪਟੜੇ ਤੇ ਖੇਸ ਨੂੰ ਛਟਿਆ ਸੂ ।
ਵਾਰਿਸਸ਼ਾਹ ਫ਼ਰਿਸ਼ਤਿਆਂ ਅਰਸ਼ ਉਤੋਂ,
ਸ਼ੈਤਾਨ ਨੂੰ ਜ਼ਿਮੀਂ ਪਰ ਸਟਿਆ ਸੂ ।

ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਵਾਰਿਸ ਲੋਕ-ਕਥਾ ਤੇ ਬਿਰਤਾਂਤ ਦੇ ਹਰ ਗਤੀਸ਼ੀਲ ਮੋਟਿਫ਼ ਦੀ ਸਿਰਜਨਾ ਲਈ ਆਦਮ ਦੀ ਆਦਿ ਮਿੱਥ-ਕਥਾ ਦੇ ਸਖਣੇ ਪੈਟਰਨ ਨੂੰ ਵਿਸਥਾਪਿਤ ਕਰਨ ਦੀ ਜੁਗਤ ਦੀ ਵਰਤੋਂ ਕਰ ਰਿਹਾ ਹੈ । ਇਉਂ ਵਾਰਿਸ ਲੋਕ-ਕਥਾ ਦੇ ਬਿਰਤਾਂਤ ਨੂੰ ਕੇਵਲ ਪੇਸ਼ ਕਰਨ ਨਾਲੋਂ ਵਧੇਰੇ ਇਸ ਕਥਾ ਦੇ ਪਾਤਰਾਂ ਤੇ ਸਥਿਤੀਆਂ ਨੂੰ ਕੇਵਲ ਚਿਹਨਕ ਬਣਾ ਕੇ ਉਨ੍ਹਾਂ ਨਾਲ ਇਸਲਾਮੀ ਜੀਵਨ-ਦ੍ਰਿਸ਼ਟੀ ਦੇ ਚਿਹਨਤ ਜੋੜਨ ਦੇ ਯਤਨ ਵਿਚ ਤੱਤਪਰ ਹੈ । ਉਸ ਦੀ ਅਜਿਹੀ ਭਾਵਨਾ ਹੀ ਹੀਰ-ਰਾਂਝੇ ਦੀ ਲੌਕਿਕ-ਕਥਾ ਦੇ ਬੁਨਿਆਦੀ ਚਿਹਨ-ਸਿਸਟਮ ਨੂੰ ਸੂਫ਼ੀ-ਪਰੰਪਰਾ ਦੇ ਦੁਜੈਲੇ ਚਿਹਨ-ਸਿਸਟਮ ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ । ਸ਼ਾਇਦ ਇਸੇ ਲਈ ਹੀ ਵਾਰਿਸ ਨੇ ਹੀਰ-ਰਾਂਝੇ ਦੀ ਆਪਣੀ ਪੇਸ਼ਕਾਰੀ ਨੂੰ ਕੁਰਾਨ ਮਜੀਦ ਦੀ ਵਿਆਖਿਆ ਕਹਿਣਾ ਯੋਗ ਸਮਝਿਆ । ਲੋਕ-ਕਥਾ ਦੇ ਲੌਕਿਕ-ਸੰਦਰਭਾਂ ਨੂੰ ਕੁਰਾਨ ਦੇ ਸੰਦਰਭਾਂ ਨਾਲ ਅੰਤਰਸੰਬੰਧਿਤ ਕਰਨ ਦੀ ਪ੍ਰਕਿਰਿਆ ਰਾਹੀਂ ਵਾਰਿਸਸ਼ਾਹ ਨੇ ਹੀਰ ਰਾਂਝੇ ਦੀ ਕਥਾ ਦੇ ਲੋਕ-ਸਿਸਟਮ ਨੂੰ ਸੂਫ਼ੀ-ਸਿਸਟਮ ਦੇ ਚਿਹਨ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ । ਪਰ ਅਜਿਹਾ ਸਿਸਟਮ ਸਿਰਜਨ ਦੀ ਚੇਤਨਾ ਦਾ ਅਰੰਭ ਸ਼ਾਹ ਹੁਸੈਨ ਤੋਂ ਹੁੰਦਾ ਹੈ । ਵਾਰਿਸ਼ ਸ਼ਾਹ ਨੇ ਸ਼ਾਹ ਹੁਸੈਨ ਦੇ ਪ੍ਰਗੀਤਾਤਮਕ ਸੰਦਰਭਾਂ ਨੂੰ ਹੀ ਬਿਰਤਾਂਤਕ ਪ੍ਰਸੰਗ ਵਿਚ ਪੇਸ਼ ਕਰ ਕੇ ਉਨ੍ਹਾਂ ਨੂੰ ਵਿਸਥਾਪਿਤ ਕੀਤਾ ਹੈ । ਇਉਂ ਦੋਹਾਂ ਦੀਆਂ ਰਚਨਾਵਾਂ ਇਕੋ ਕਾਵਿ-ਸੰਸਾਰ ਦੀਆਂ ਭਿੰਨ ਭਿੰਨ ਵੰਨਗੀਆਂ ਕਹੀਆਂ ਜਾ ਸਕਦੀਆਂ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਮਸਾਖੀ ਦਾ ਬਿਰਤਾਂਤ-ਸ਼ਾਸਤਰ

ਜਨਮਸਾਖੀ ਮਧਕਾਲੀ ਪੰਜਾਬੀ ਬਿਰਤਾਂਤ-ਸਾਹਿਤ ਵਿਚ ਇਕ ਲੋਕਪ੍ਰਿਯ ਕਿਰਤ ਵਾਂਗ ਸਦੀਆਂ ਤੋਂ ਸਤਕਾਰੀ ਚਲੀ ਆ ਰਹੀ ਹੈ। ਵਿਸ਼ੇਸ ਕਰ ਕੇ ਸੰਪ੍ਰਦਾਇ ਦੇ ਅੰਤਰਗਤ ਇਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਰਾਹੀਂ ਸ਼ਰਧਾਲੂ ਗੁਰਬਾਣੀ ਦੇ ਸੰਦੇਸ਼ ਨੂੰ ਲੋਕ ਮਾਧਿਅਮ ਵਿਚ ਪਾ ਕੇ ਆਪਣੇ ਧਾਰਮਿਕ ਸੰਸਕਾਰਾਂ ਨੂੰ ਤ੍ਰਿਪਤੀ ਦੇਂਦੇ ਹਨ। ਇਸ ਤਰ੍ਹਾਂ ਸਿੱਖ-ਸੰਸਕ੍ਰਿਤੀ ਦੇ ਅੰਤਰਗਤ ਇਸ ਦਾ ਮਹੱਤਵ ਇਕ ਵਿਸ਼ੇਸ਼ ਕੋਡ ਦਾ ਨਿਰਮਾਨ ਕਰਨਾ ਵੀ ਹੈ। ਕੋਡ ਤਾਂ ਗੁਰਬਾਣੀ ਵੀ ਨਿਰਮਿਤ ਕਰਦੀ ਹੈ; ਪਰ ਜਨਮਸਾਖੀ ਵਿਚਲਾ ਕੋਡ ਲੌਕਿਕ ਮਾਨਸਿਕਤਾ ਦੇ ਐਨ ਅਨੁਕੂਲ ਹੈ। ਗੁਰਬਾਣੀ ਬਹੁਤ ਵਾਰ ਭਾਸ਼ਾ ਤੇ ਮੈਟਾ-ਭਾਸ਼ਾ ਦੇ ਕੋਡ ਬਣਾ ਕੇ ਚਲਦੀ ਹੈ, ਇਸ ਲਈ ਉਸ ਵਿਚਲਾ ਕੋਡ ਜਨਮ ਤੋਂ ਹੀ ਸ਼ਾਸਤਰੀ ਹੁੰਦਾ ਹੈ ਪਰ ਜਨਮਸਾਖੀ ਨੇ ਲੌਕਿਕਤਾ ਤੋਂ ਲੌਕਿਕਤਾ ਵਲ ਚਲਣਾ ਹੁੰਦਾ ਹੈ, ਇਸ ਲਈ ਇਹ ਆਪਣੇ ਕੋਡ ਨੂੰ ਲੋਕ-ਅਨੁਕੂਲ ਬਣਾ ਕੇ ਚਲਦੀ ਹੈ।

ਅਸੀਂ ਰਤਾ ਕੁ ਆਪਣੀ ਗੱਲ ਸਾਫ਼ ਕਰ ਲਈਏ ਤਾਂ ਚੰਗਾ ਹੈ। ਸ਼ਾਸਤਰੀ ਕੋਡ ਕਿਸੇ ਨਿਸ਼ਚਿਤ ਤੇ ਪ੍ਰਮਾਣਿਕ ਗਿਆਨ-ਆਧਾਰੀ ਟੀਚੇ ਨੂੰ ਅੰਕਿਤ ਕਰਦਾ ਹੈ; ਇਸ ਲਈ ਇਸ ਦੀ ਉਥਾਨ ਪ੍ਰਾਕਿਰਤਿਕ ਭਾਸ਼ਾ ਦੇ ਸਥਲ ਤੋਂ ਰਤਾ ਕੁ ਉਚੇਰੀ ਹੁੰਦੀ ਹੈ ਅਤੇ ਕਈ ਵਾਰ ਇਸ ਵਿਚਲਾ ਸੰਦੇਸ਼ ਇਤਨੀ ਕਰੜਾਈ ਨਾਲ ਬੰਦ ਕੀਤਾ ਗਿਆ ਹੁੰਦਾ ਹੈ ਕਿ ਜੁਗੋ ਜੁਗ ਉਸ ਦੇ ਖੋਲ੍ਹਣ ਦਾ ਅਭਿਆਸ ਚਲਦਾ ਰਹਿੰਦਾ ਹੈ। ਮਿਸਾਲ ਵਜੋਂ ਗੁਰਬਾਣੀ ਵਿਚ ਮੂਲ ਮੰਤਰ ਇਕ ਅਜਿਹਾ ਸ਼ਾਸਤਰੀ ਕੋਡ ਹੈ, ਜਿਸ ਦੇ ਸੰਦੇਸ਼ ਨੂੰ ਡੀਕੋਡ ਕਰਨ ਦੀਆਂ ਸੰਭਾਵਨਾਵਾਂ ਸਦਾ ਹੀ ਖੁਲ੍ਹੀਆਂ ਰਹਿਣਗੀਆਂ ਤੇ ਹਮੇਸ਼ਾ ਹੀ ਇਸ ਸੰਬੰਧੀ ਕੁਝ ਨਵਾਂ ਸਮਝਣ ਦੀ ਗੁੰਜਾਇਸ਼ ਬਣੀ ਰਹੇ ਗੀ। ਪਰ ਅਜਿਹੇ ਸ਼ਸਤਰੀ ਕੋਡਾਂ ਦੇ ਮੁਕਾਬਲੇ ਉਤੇ ਪ੍ਰਾਕਿਰਤਿਕ ਲੌਕਿਕ ਕੋਡ ਦਾ ਉਥਾਨ ਪ੍ਰਾਕਿਰਤਿਕ ਭਾਸ਼ਾ ਤੋਂ ਹੁੰਦਾ ਹੈ। ਪ੍ਰਾਕਿਰਤਿਕ ਭਾਸ਼ਾ ਨਿਤਾਪ੍ਰਤੀ ਜੀਵਨ ਦੀਆਂ ਸਾਧਾਰਨ ਅਸਾਧਾਰਨ ਗੱਲਾਂ ਉਪਰ ਅਧਾਰਿਤ ਹੁੰਦੀ ਹੈ ਅਤੇ ਲੋਕ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਡੂੰਘੀਆਂ ਗੱਲਾਂ ਨੂੰ ਇਸੇ ਕੋਡ ਉਤੇ ਉਤਾਰ ਕੇ ਆਤਮਸਾਤ ਕਰਦੇ ਹਨ। ਜਨਮਸਾਖੀ ਸਿੱਖੀ ਦੇ ਉਪਰੋਕਤ ਸ਼ਾਸਤਰੀ ਕੋਡਾਂ ਨੂੰ ਲੋਕ-ਕੋਡ ਵਿਚ ਉਤਾਰ ਕੇ ਵੇਖਣ ਦਾ ਯਤਨ ਕਰਦੀ ਹੈ; ਇਸੇ ਲਈ ਸਿੱਖ-ਜਗਤ ਵਿਚ ਸੰਪ੍ਰਦਾਇਕ ਪੱਧਰ ਦਾ ਯਤਨ ਕਰਦੀ ਹੈ; ਇਸੇ ਲਈ ਸਿੱਖ-ਜਗਤ ਵਿਚ ਸੰਪ੍ਰਦਾਇਕ ਪੱਧਰ ਉਤੇ ਇਸ ਦਾ ਸਵੀਕਰਣ ਅਸੰਦਿਗਧ ਹੈ। ਪਰ ਇਸ ਦਿਸ਼ਾ ਵਿਚ ਜਨਮਸਾਖੀ ਸੰਪ੍ਰਦਾਇਕ ਪੱਧਰ ਉਤੇ ਸਿਮਰੀ ਜਾਂਦੀ ਹੈ। ਭਾਈ ਵੀਰ ਸਿੰਘ ਦੇ ਜ਼ਮਾਨੇ ਤਕ ਜਨਮਸਾਖੀ ਦਾ ਪਾਠ ਇਸੇ ਸਿਮਰਨ-ਵਿਧੀ ਦੇ ਮੁਤਾਬਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਹੁੰਦਾ ਆਇਆ ਹੈ। ਪਰੰਤੂ ਅੱਜ ਸਾਡੇ ਸਾਹਮਣੇ ਮਸਲਾ ਜਨਮਸਾਖੀ ਦੇ ਅਧਿਐਨ ਦਾ ਹੈ।

ਜਨਮਸਾਖੀ ਦੇ ਅਧਿਐਨ ਦੀ ਗੱਲ ਵੀ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਅੰਗ੍ਰੇਜ਼ੀ ਸਾਮਰਾਜ ਦੀ ਸਥਾਪਤੀ ਨਾਲ ਸਾਖਰਿਕਤਾ ਨੂੰ ਮਸ਼ੀਨੀ ਰੂਪਾਂਤ੍ਰਣ ਦੇਣ ਦਾ ਯਤਨ ਕੀਤਾ ਜਾਂਦਾ ਹੈ। ਇਸ ਸਮੇਂ ਮਸਲਾ ਪਰੰਪਰਾਗਤ ਪ੍ਰਾਪਤੀਆਂ ਨੂੰ ਪ੍ਰਮਾਣਿਕ ਮਿਆਰਾਂ ਉਪਰ ਖੜਾ ਕਰਨ ਦਾ ਬਣਦਾ ਹੈ। ਜਨਮਸਾਖੀ ਕਿਉਂਕਿ ਗੁਰੂ ਨਾਨਕ ਦੇ ਜੀਵਨ-ਬਿਰਤਾਂਤ ਨਾਲ ਜੋੜੀ ਜਾਂਦੀ ਹੈ, ਇਸ ਲਈ ਇਸ ਦੀ ਪ੍ਰਮਾਣਕਤਾ ਸਿੱਧ ਕਰਨ ਲਈ, ਇਸ ਵਿਚ ਤੱਥ ਤੇ ਕਲਪਨਾ ਦੀ ਤਫ਼ਦੀਸ ਕੀਤੀ ਜਾਂਦੀ ਹੈ। ਭਾਵ ਵੇਖਿਆ ਇਹ ਜਾਂਦਾ ਹੈ ਕਿ ਇਸ ਵਿਚ ਕਿੰਨਾ ਕੁ ਇਤਿਹਾਸਕ ਸੱਚ ਹੈ ਤੇ ਕਿੰਨੀ ਕੁ ਕਲਪਨਾ ਹੈ। ਇਹ ਵਿਧੀ ਕਰਮ ਸਿੰਘ ਹਿਸਟੋਰੀਅਨ, ਸਾਹਿਬ ਸਿੰਘ ਤੇ ਇਤਿਆਦਿ ਹੋਰ ਕਈ ਵਿਦਵਾਨਾਂ ਨੇ ਹੁਣ ਤੀਕ ਅਪਣਾਈ ਰਖੀ ਹੈ। ਇਥੋਂ ਤਕ ਕਿ ਡਬਲਿਉ ਐਚ. ਮੈਕਲੋਡ ਨੇ ਵੀ ਇਤਿਹਾਸ ਨੂੰ ਆਧਾਰ ਬਣਾ ਕੇ, ਇਸੇ ਵਿਧੀ ਰਾਹੀਂ ਜਨਮਸਾਖੀ ਦੀ ਛਾਣਬੀਨ ਕੀਤੀ ਹੈ।

ਤਕਰੀਬਨ ਇਕ ਦਹਾਕਾ ਪਹਿਲਾਂ ਡਾ. ਹਰਿਭਜਨ ਸਿੰਘ ਤੇ ਉਸ ਦੇ ਕੁਝ ਸਾਥੀਆਂ ਨੇ ਪੰਜਾਬੀ ਦੀ ਉਚੇਰੀ ਵਿਦਿਆ ਦੀਆਂ ਸਮਜਿਆਵਾਂ ਨੂੰ ਮੁੱਖ ਰਖਦਿਆਂ ਜਨਮ-ਸਾਖੀ-ਬਿਰਤਾਂਤ ਬਾਰੇ ਕੁਝ ਲੇਖ ਲਿਖੇ, ਜਿਨ੍ਹਾਂ ਵਿਚ ਧਾਰਨਾ ਇਹ ਬਣਾਈ ਗਈ ਕਿ ਆਪਣੀ ਅੰਦਰਲੀ ਗਵਾਹੀ ਤੋਂ ਜਨਮਸਾਖੀ ਮਿੱਥ-ਬਿਰਤਾਂਤ ਹੈ ਅਰਥਾਤ ਇਸ ਵਿਚ ਸੱਚ ਕੇਵਲ ਇਤਨਾ ਹੈ ਕਿ ਗੁਰੂ ਨਾਨਕ ਮਧਕਾਲ ਵਿਚ ਇਕ ਖਾਸ ਕਿਸਮ ਦਾ ਸਾਂਸਕ੍ਰਿਤਿਕ ਇਨਕਲਾਬ ਪੈਦਾ ਕਰਨ ਵਾਲੇ ਹੋਏ ਹਨ। ਇਸ ਪ੍ਰਸਤਾਵ ਦੇ ਆਧਾਰ ਉਤੇ ਜਨਮਸਾਖੀਕਾਰ ਅਜਿਹੇ ਬਿਰਤਾਂਤ ਬਣਾਂਦਾ ਹੈ ਜੋ ਗੁਰੂ ਨਾਨਕ ਦੇਵ ਨੂੰ ਇਕ ਮਹਾਨ ਨਾਇਕ ਸਿੱਧ ਕਰਦੇ ਹਨ। ਪੰਜਾਬੀ ਵਿਚ ਹੁਣ ਤੀਕ ਜਨਮਸਾਖੀ ਬਿਰਤਾਂਤ ਦਾ ਅਧਿਐਨ ਇਥੋਂ ਤਕ ਹੀ ਹੋਇਆ ਹੈ।

ਸਾਡੀ ਗੱਲ ਇਸ ਤੋਂ ਰਤਾ ਅਗਾਂਹ ਤੁਰਦੀ ਹੈ। ਜਨਮਸਾਖੀ ਬਿਰਤਾਂਤ ਹੈ, ਅਸੀਂ ਇਸ ਨਾਲ ਵੀ ਸਹਿਮਤ ਹਾਂ। ਇਸ ਦੀ ਆਧਾਰਸ਼ਿਲਾ ਮਿੱਥ ਹੈ; ਸ਼ਤ ਪ੍ਰਤੀ ਸ਼ਤ ਇਸ ਨਾਲ ਵੀ ਸਾਡੀ ਸਹਿਮਤੀ ਹੈ। ਗੁਰਬਾਣੀ-ਕਲਚਰ ਉਸ ਦੇ ਸਾਰੇ ਪਸਾਰੇ ਵਿਚ ਸਮਾਇਆ ਹੋਇਆ ਹੈ। ਇਹ ਵੀ ਠੀਕ ਹੈ। ਗੁਰੂ ਇਸ ਵਿਚ ਇਕ ਨਾਇਕ ਦੀ ਪਦਵੀ ਰਖਦੇ ਹਨ, ਇਹ ਵੀ ਠੀਕ ਹੈ। ਇਸ ਵਿਚਲੀ ਬਿਰਤਾਂਤਕਤਾ ਇਕ ਟੋਟਕੇ ਵਰਗੀ ਸਰਲਤਾ ਦੇ ਚਰਿੱਤਰ ਵਾਲੀ ਹੈ, ਇਹ ਵੀ ਸੱਚ ਹੈ। ਪਰ ਕੁਝ ਇਸ ਤੋਂ ਵਧੀਕ ਵੀ ਹੈ; ਤੇ ਜੇ ਅਸੀਂ ਇਸ ਵਧੀਕ ਦਾ ਰਤਾ ਕੁ ਭੇਦ ਪਾ ਲਈਏ ਤਾਂ ਫਿਰ ਅਸੀਂ ਸ਼ਾਇਦ ਉਹ ਦਿਸ਼ਾ ਉਜਾਗਰ ਕਰ ਲਵਾਂਗੇ, ਜਿਸ ਉਤੇ ਚਲ ਕੇ ਅਸੀਂ ਜਨਮਸਾਖੀ-ਬਿਰਤਾਂਤ ਦਾ ਸ਼ਾਸਤਰ ਤਿਆਰ ਕਰ ਸਕੀਏ।

ਪਰ ਇਸ ਤੋਂ ਪਹਿਲਾਂ ਸਾਨੂੰ ਸਿਧਾਂਤਕ ਮਸਲੇ ਬਾਰੇ ਸੁਚੇਤ ਹੋ ਜਾਣਾ ਚਾਹੀਦਾ ਹੈ। ਸਿਧਾਂਤਕ ਮਸਲਾ ਬਿਰਤਾਂਤ ਦਾ ਸ਼ਾਸਤਰ ਹੈ। ਬਿਰਤਾਂਤ ਨਵਾਂ ਹੋਵੇ ਚਾਹੇ ਪੁਰਾਣਾ; ਘਟਨਾਵਾਂ ਦੀ ਨਿਰੰਤਰ ਲੜੀ ਵਿਚ ਬਝਿਆ ਹੁੰਦਾ ਹੈ। ਇਸ ਵਿਚ ਬਹੁਤ ਕੁਝ ਅਜਿਹਾ ਹੁੰਦਾ ਹੈ ਜੋ ਨਿਤਾਪ੍ਰਤੀ ਜੀਵਨ ਦੀ ਵਾਸਤਵਿਕ ਸਪੇਸ ਦੇ ਵਿਵਰਣ ਵਰਗਾ ਹੁੰਦਾ ਹੈ; ਅਤੇ ਇੰਜ ਲਗਦਾ ਹੈ ਕਿ ਜਿਵੇਂ ਜਾਂ ਤਾਂ ਵਾਸਤਵਿਕਤਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਾਰਾ ਹੋਵੇ ਜਾਂ ਜਿਸ ਤੋਂ ਜੋੜੀ ਸੀੜੀ ਵਾਰਤਾ ਦੀ ਇੰਨ ਬਿੰਨ ਤਫ਼ਸੀਲ ਹੋਵੇ । ਪਛਮ ਦੀ ਕਾਵਿ-ਸ਼ਾਸਤਰੀ ਪਰੰਪਰਾ ਵਿਚ ਬਿਰਤਾਂਤ ਦੀ ਉਪਰੋਕਤ ਪ੍ਰਕਾਰ ਦੀ ਪਰਿਭਾਸ਼ਾ ਦੇ ਆਧਾਰ ਉਤੇ ਹੀ ਇਕ ਸ਼ਾਸਤਰ ਬਣਿਆ ਤੁਰਿਆ ਆਉਂਦਾ ਰਿਹਾ । ਅਰਸਤੂ ਨੇ ਭਾਵੇਂ ਤ੍ਰਾਸਦੀ ਦੇ ਸੰਦਰਭ ਵਿਚ ਅਨੁਕਰਣ ਸਿਧਾਂਤ ਪੇਸ਼ ਕੀਤਾ ਪਰ ਸਮੀਖਿਆ ਦੇ ਇਤਿਹਾਸ ਵਿਚ ਇਹ ਅਨੁਕਰਣ-ਸਿਧਾਂਤ ਬਿਰਤਾਂਤਕ ਸਾਹਿਤ ਦੇ ਕਾਵਿ-ਸ਼ਾਸਤਰ ਦਾ ਆਧਾਰ ਬਣ ਗਿਆ ਅਤੇ ਸਦੀਆਂ ਤਕ ਇਸੇ ਨੂੰ ਪ੍ਰਮਾਣਕ ਮੰਨਿਆ ਗਿਆ । ਅਰਸਤੂ ਨੇ ਭਾਵੇਂ ਬਿਰਤਾਂਤਕ ਘਟਨਾਵਾਂ ਦੀ ਤਫ਼ਸੀਲ ਦੇ ਨਾਲ ਨਾਲ ਕਥਾਨਕ ਦੀ ਮਦਦ ਨਾਲ ਇਸ ਦੇ ਜੁਗਤ-ਵਿਵੇਕ ਦੀ ਗੱਲ ਵੀ ਕੀਤੀ ਪਰੰਤੂ ਮਗਰੋਂ ਆਉਣ ਵਾਲੇ ਅਲੋਚਕਾਂ ਨੇ ਧਿਆਨ ਕੇਵਲ ਵਾਸਤਵਿਕਤਾ, ਵਿਵਰਣ, ਚਰਿਤ੍ਰ ਤੇ ਯਥਾਰਥ ਆਦਿ ਉਪਰ ਹੀ ਰਖਿਆ ਤੇ ਇਸ ਤਰ੍ਹਾਂ ਬਿਰਤਾਂਤ ਦੇ ਪੜ੍ਹਨ ਦਾ ਆਧਾਰ ਯਥਾਰਥ ਦੀ ਪ੍ਰਮਾਣਿਕਤਾ ਬਣਦੀ ਰਹੀ । ਰੂਸੀ ਰੂਪਵਾਦੀਆਂ ਨੇ ਵਿਗਿਆਨਕ ਤਕਨਾਲੋਜੀ ਦੇ ਅਧੀਨ ਸਾਹਿਤ ਦੀ ਤਕਨਾਲੋਜੀ ਤਿਆਰ ਕਰਨ ਦੇ ਉਦੇਸ਼ ਨਾਲ ਬਿਰਤਾਂਤ ਨੂੰ ਸੂਤਿਆ ਬੋਧਿਆ, ਪਰ ਉਨ੍ਹਾਂ ਨੇ ਕਥਾਨਕੀ ਰੂੜ੍ਹੀਆਂ ਤੇ ਕਥਾਨਕ ਨੂੰ ਤਕਨੀਕੀ ਆਯਾਮ ਦੇਣ ਦਾ ਯਤਨ ਕੀਤਾ । ਉਨ੍ਹਾਂ ਦੀ ਇਹ ਦੇਣ ਬਿਰਤਾਂਤ-ਸ਼ਾਸਤਰ ਦੇ ਪੱਖ ਤੋਂ ਖਾਸੀ ਮਹੱਤਵਸ਼ੀਲ ਹੈ । ਇਹ ਹੀ ਕਾਰਨ ਹੈ ਕਿ ਪੱਛਮ ਵਿਚ ਚਲੀ ਸੰਰਚਨਾਵਾਦੀ ਲਹਿਰ ਨੇ ਬਿਰਤਾਂਤਕ ਸੰਰਚਨਾ ਨੂੰ ਸਮਝਣ ਲਈ ਰੂਸੀ ਰੂਪਵਾਦੀਆਂ ਦੀ ਅੰਤਰ-ਦ੍ਰਿਸ਼ਟੀ ਨੂੰ ਕਾਫ਼ੀ ਇਸਤੇਮਾਲ ਕੀਤਾ । ਪਰ ਸੰਰਚਨਾਵਾਦ ਦੇ ਅਧਿਆਇ ਤੀਕ ਬਿਰਤਾਂਤ ਵਿਚ ਭਾਸ਼ਾ ਦੇ ਰੋਲ ਸੰਬੰਧੀ ਕੋਈ ਗੰਭੀਰ ਵਿਚਾਰ ਪ੍ਰਸਤੁਤ ਨ ਹੋਈ । ਹਾਲਾਂ ਕਿ ਇਹ ਸੱਚ ਹੈ ਕਿ ਬਿਰਤਾਂਤ-ਨਿਰਮਾਨ ਭਾਸ਼ਾ ਵਿਚ ਹੁੰਦਾ ਹੈ । ਇਸ ਦੀ ਸੰਕਲਪਨਾ ਤੇ ਪੇਸ਼ਕਾਰੀ ਭਾਸ਼ਾ ਵਿਚ ਹੁੰਦੀ ਹੈ । ਪਰੰਤੂ ਵਿਹਾਰ ਵਿਚ ਪ੍ਰਾਥਮਿਕਤਾ ਭਾਸ਼ਾ ਦੀ ਬਜਾਏ ਪ੍ਰਸਤੁਤ ਵਸਤੂ ਨੂੰ ਮਿਲ ਜਾਂਦੀ ਹੈ । ਬਿਰਤਾਂਤਕਾਰ ਵਸਤੂ ਨੂੰ ਭਾਸ਼ਾ ਵਿਚ ਲੈ ਜਾਂਦਾ ਹੈ । ਇਹ ਯਾਤਰਾ ਸਮੂਰਤ ਤੋਂ ਅਮੂਰਤ ਵਲ ਜਾਣ ਦੀ ਹੈ । ਪਰ ਅਧਿਐਤਾ ਪ੍ਰਸਤੁਤ ਬਿਰਤਾਂਤ-ਦ੍ਰਿਸ਼ ਨੂੰ ਭਾਸ਼ਾਈ ਪ੍ਰਬੰਧ ਦੇ ਪਾਠਗਤ ਆਯਾਮ ਉਪਰ ਘਟਾਉਣ ਦੀ ਬਜਾਏ, ਉਸ ਨੂੰ ਵਸਤੂ-ਦੇਸ਼ ਵਲ ਲੈ ਤੁਰਦਾ ਹੈ ਤੇ ਅੱਗੋਂ ਮਸਲੇ ਦਰ ਮਸਲੇ ਖੜੇ ਹੋ ਜਾਂਦੇ ਹਨ । ਨਾਰਥਰੋ ਫ਼ਰਾਈ ਵਰਗੇ ਵਿਦਵਾਨ ਅਲੋਚਕ ਜਦੋਂ ਕਹਿੰਦੇ ਹਨ ਕਿ ਨਾਵਲ-ਬਿਰਤਾਂਤ ਜਟਿਲ ਹੁੰਦਾ ਹੈ ਤਾਂ ਉਸ ਦਾ ਸਾਫ਼ ਮਤਲਬ ਹੈ ਕਿ ਉਹ ਵੀ ਯਥਾਰਥਕ ਮਸਲਿਆਂ ਦੀ ਗ੍ਰਿਫ਼ਤ ਵਿਚ ਆ ਜਾਂਦਾ ਹੈ, ਹਾਲਾਂ ਕਿ ਉਹ ਬਿਰਤਾਂਤ ਨੂੰ ਪ੍ਰਤੀਕਾਤਮਕ ਜਗਤ ਕਹਿਣ ਵਲੋਂ ਖਾਸਾ ਸੁਚੇਤ ਹੈ । ਇਸ ਤਰ੍ਹਾਂ ਸੰਰਚਾਵਾਦ ਤਕ ਭਾਸ਼ਾ ਅਤਿਰਿਕਤ ਪਾਠਾਂ ਦੀ ਭਾਸ਼ਾਗਤ ਸ਼ਾਸਤਰੀ-ਅਤਾ ਨਿਸ਼ਚਿਤ ਹੋਣ ਵਿਚ ਕਾਫ਼ੀ ਕਸਰ ਰਹਿੰਦੀ ਹੈ । ਇਸੇ ਲਈ ਵਿਦਵਾਨ, ਸੰਰਚਨਾਵਾਦ ਦੇ ਭਾਸ਼ਾਈ ਵਤੀਰੇ ਉਪਰ ਪ੍ਰਹਾਰ ਕਰਦੇ ਹਨ । ਉਹ ਕਹਿੰਦੇ ਹਨ ਕਿ ਜਦੋਂ ਇਹ ਗੱਲ ਸਮਝ ਆ ਜਾਂਦੀ ਹੈ ਕਿ ਮਨੁੱਖ ਭਾਸ਼ਾ ਦੇ ਆਧਾਰ ਉਤੇ ਕਈ ਤਰ੍ਹਾਂ ਦੀਆਂ ਰਚਨਾਵਾਂ ਬਣਾਂਦਾ ਹੈ ਤਾਂ ਫਿਰ ਉਨ੍ਹਾਂ ਨੂੰ ਮਾਨਵ, ਵਿਅਕਤੀ, ਵਸਤੂ, ਯਥਾਰਥ ਦੀ ਲਗ ਲਬੇੜ ਤੋਂ ਆਜ਼ਾਦ ਕਰ ਕੇ ਕਿਉਂ ਨਹੀਂ ਵੇਖਦਾ; ਕਿਉਂਕਿ ਭਾਸ਼ਾ-ਪ੍ਰਬੰਧ ਦਾ ਵਿਨਿਆਸਮੂਲਕ ਨਿਯੋਜਨ ਹਰ ਤਰ੍ਹਾਂ ਦੀ ਸੂਚਨਾ ਤੇ ਸਮਗ੍ਰੀ ਨੂੰ ਨੇਮਬਧ ਕਰ ਦੇਂਦਾ ਹੈ ਅਤੇ ਇਸ ਨੇਮਬੱਧਤਾ ਰਾਹੀਂ ਹਰ ਗੱਲ ਨੂੰ ਗ੍ਰਹਿਣ ਕਰਨ

CC-0. In Public Domain. Gurukul Kangri Collection, Haridwar

ਦਾ ਆਧਾਰ ਗ੍ਰਾਮਰ ਬਣ ਜਾਂਦੀ ਹੈ। ਇਸ ਗੱਲ ਨੂੰ ਉਹ ਸਮਝਦਾ ਹੈ ਜੋ ਆਪ ਸਿਰਜਨ-ਪ੍ਰਕਿਰਿਆ ਵਿਚ ਪਿਆ ਹੋਇਆ ਹੋਵੇ; ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਨੇ ਰੰਗਾਂ ਰੰਗਾਂ ਦੀਆਂ ਸੂਚਨਾਵਾਂ ਇਧਰੋਂ ਉਧਰੋਂ ਇਕੱਤਰ ਕੀਤੀਆਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਆਪਣੇ ਵਿਚਲੀ ਭਾਸ਼ਾਈ ਤੇ ਵਿਨਿਅਸੀ ਯੋਗਤਾ ਰਾਹੀਂ ਵਿਸ਼ੇਸ਼ ਪ੍ਰਕਾਰ ਦਾ ਰੂਪਾਂਤ੍ਰਣ ਦਿੱਤਾ ਹੁੰਦਾ ਹੈ।

Digitized by Arya Samaj Foundation Chennai and eGangotri

ਸਾਡਾ ਜਨਮਸਾਖੀਕਾਰ ਜਨਮਸਾਖੀ ਬਣਾਂਦਾ ਹੈ। ਗੁਰੂ ਨਾਨਕ ਦੀ ਵਡਿਆਈ ਉਸ ਤੋਂ ਪਹਿਲਾਂ ਜਗ ਪ੍ਰਸਿਧ ਹੈ। ਗੁਰਬਾਣੀ ਸੰਕਲਿਤ ਹੋ ਕੇ ਪੰਜਾਬ ਵਿਚ ਪਰਸਾਰਿਤ ਹੋ ਚੁੱਕੀ ਹੈ। ਬਿਰਤਾਂਤਕ ਵਿਨਿਆਸ ਪੰਜਾਬ ਦੇ ਲੋਕ ਮਾਨਿਸ ਵਿਚ ਸੰਸਕਾਰ ਵਾਂਗ ਦ੍ਰਿੜ ਹੋਇਆ ਪਿਆ ਹੈ। ਮੁਗ਼ਲਾਂ/ਪਠਾਣਾ ਦੀਆਂ ਲੜਾਈਆਂ ਵੀ ਹੋ ਚੁੱਕੀਆਂ ਹਨ। ਮਾਨਵੀ ਮੂਲਾਂ ਦੀ ਤਬਾਹੀ ਹੋ ਚੁੱਕੀ ਹੈ। ਗੁਰਬਾਣੀ ਦੁਆਰਾ ਜਗ-ਉਬਾਰਨ ਦਾ ਸੰਦੇਸ਼ ਸੰਚਰਿਤ ਹੋ ਚੁੱਕਾ ਹੈ ਅਤੇ ਇਤਿਆਦਿ ਹੋਰ ਬਹੁਤ ਕੁਝ ਅਜਿਹਾ ਹੈ ਜੋ ਜਨਮਸਾਖੀਕਾਰ ਨੇ ਅਸਾਨੀ ਨਾਲ ਇਕੱਠਾ ਕਰ ਲਿਆ ਹੈ। ਪਰ ਇਸ ਤੋਂ ਵਧੀਕ ਜੋ ਉਸ ਨੇ ਕੀਤਾ ਹੈ ਉਹ ਇਹ ਹੈ ਕਿ ਉਸ ਨੇ ਗੁਰਬਾਣੀ-ਕਲਚਰ ਦੇ ਸਮੁੱਚੇ ਪੰਜਾਬੀ ਸਭਿਆਚਾਰ ਉਪਰ ਪਏ ਪ੍ਰਭਾਵ-ਪਰਵਰਤਕ ਸੁਨੇਹੇ ਨੂੰ ਇਕ ਗਿਆਨ-ਸ਼ੀਲ ਪ੍ਰਵਚਨ ਦੀ ਪੱਧਰ ਉਤੇ ਉਘਾੜਿਆ ਹੈ। ਇਸ ਵਿਚ ਉਸ ਨੇ ਜਿਵੇਂ ਕਿ ਅਸੀਂ ਸ਼ੁਰੂ ਵਿਚ ਇਸ਼ਾਰਾ ਕੀਤਾ ਹੈ, ਵਰਤੋਂ ਲੋਕਿਕ ਕੋਡ ਦੀ ਕੀਤੀ ਹੈ। ਇਸ ਲਈ ਸਾਡੇ ਲਈ ਵੰਗਾਰਮੂਲਕ ਗੱਲ ਇਹ ਹੈ ਕਿ ਅਸੀਂ ਇਸ ਬਿਰਤਾਂਤ ਵਿਚਲੀਆਂ ਘਟਨਾਵਾਂ ਨੂੰ ਇਕ ਰੁਮਾਂਸ ਦੇ ਰੂਪ ਵਿਚ ਗ੍ਰਹਿਣ ਕਰਨ ਦੀ ਬਜਾਏ ਇਕ ਅਰਥ-ਉਤਪਾਦਨ ਵਾਲੇ ਪ੍ਰਵਚਨ ਵਾਂਗ ਗ੍ਰਹਿਣ ਕਰੀਏ। ਅਜਿਹਾ ਕਰਨ ਨਾਲ ਅਸੀਂ ਘਟਨਾ ਨੂੰ ਪਾਠ ਉਪਰ ਤੇ ਰੂੜ੍ਹੀਆਂ ਨੂੰ ਕਥਾਨਕ ਤੇ ਗ੍ਰਾਮਰ ਉਪਰ ਘਟਾਣ ਦਾ ਯਤਨ ਕਰਾਂਗੇ। ਵਾਕ-ਰਚਨਾ ਵਿਚ ਜੋ ਦਰਜਾ ਗ੍ਰਾਮਰ ਦਾ ਹੁੰਦਾ ਹੈ, ਬਿਰਤਾਂਤਕ-ਵਿਨਿਆਸ ਵਿਚ ਉਹ ਹੀ ਦਰਜਾ ਕਥਾਨਕੀ ਰੂੜ੍ਹੀਆਂ ਦਾ ਹੁੰਦਾ ਹੈ। ਇਨ੍ਹਾਂ ਦੀ ਮਦਦ ਨਾਲ ਲੇਖਕ ਆਪਣੀ ਸਾਰੀ ਸਮਗਰੀ ਨੂੰ ਨਿਯੋਜਨ ਦੀ ਪੱਧਰ ਉਪਰ ਸੂਤਰ-ਬੱਧ ਕਰਦਾ ਹੈ।

ਪੁਰਾਤਨ ਜਨਮਸਾਖੀ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਚਲਦਾ ਹੈ ਕਿ ਸਾਖੀਕਾਰਾਂ ਤਾਂ ਚਲਦਾ ਹੀ ਯੋਜਨਾ ਤੋਂ ਯੋਜਨਾ ਤਕ ਹੈ। ਇਸ ਵਿਚ ਸੰਦੇਹ ਨਹੀਂ ਕਿ ਉਸ ਦਾ ਪ੍ਰਧਾਨ ਕੋਡ ਲੋਕਿਕ ਹੈ; ਪਰ ਆਪਣੀ ਰਚਨਾ-ਉਸਾਰੀ ਲਈ ਸਭ ਤੋਂ ਪਹਿਲਾਂ ਜਨਮਸਾਖੀਕਾਰ ਉਹ ਸਾਰੇ ਰਾਹ ਬੰਦ ਕਰ ਦੇਂਦਾ ਹੈ, ਜਿਨ੍ਹਾਂ ਰਾਹੀਂ ਕੋਈ ਫ਼ਾਲਤੂ ਤੇ ਅਪ੍ਰਸੰਗਿਕ ਵੇਰਵੇ ਅੰਦਰ ਆਉਣ ਦੀ ਆਸ ਹੁੰਦੀ ਹੈ। ਅਜਿਹੀ ਸਥਿਤੀ ਪ੍ਰਤੀ ਸੁਚੇਤ ਹੋਣ ਤੋਂ ਹੀ ਇਹ ਸਮਝ ਲਗ ਜਾਂਦੀ ਹੈ ਕਿ ਲੇਖਕ ਦਾ ਪ੍ਰੇਰਨਾ-ਸ੍ਰੋਤ ਆਪਣੀ ਸਿਰਜਨਾ-ਬਿਰਤੀ ਹੈ ਨ ਕਿ ਕੋਈ ਹੋਈ ਬੀਤੀ ਵਾਰਤਾ। ਇਸ ਲਈ ਕਿਸੇ ਪ੍ਰਕਾਰ ਦਾ ਅਨੁਕਰਣ ਜਾਂ ਰਿਪੋਰਟ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਅਸੀਂ ਗੁਰੂ ਨਾਨਕ ਦੀ ਅਵਤਾਰ ਬਾਲਪਨ ਦੀ ਸਾਖੀ ਹੀ ਲੈਂਦੇ ਹਾਂ। ਇਸ ਸਾਖੀ ਦੇ ਅਰੰਭ ਵਿਚ ਹੀ ਸਾਖੀਕਾਰ ਲਿਖਦਾ ਹੈ :

> "ਸ੍ਰੀ ਸਤਿਗੁਰੂ ਜੀ ਜਗਤ ਨਿਸਤਾਰਨ ਕਉ ਆਇਆ ਕਲਜੁਗ ਵਿਚ। ਬਾਬਾ ਨਾਨਕ ਹੋਇ ਜਨਮਿਆ। ਪਾਰਬ੍ਰਹਮ ਕਾ ਨਿਜ ਭਗਤ। ਸਤਿਗੁਰ ਪ੍ਰਸਾਦਿ।"

CC-0. In Public Domain. Gurukul Kangri Collection, Haridwar

ਇਹ ਸਤਰਾਂ ਹੀ ਇਸ ਨੂੰ ਇਕ ਵਿਸ਼ੇਸ਼ ਪ੍ਰਕਾਰ ਦੇ ਪ੍ਰਵਚਨ ਵਾਲਾ ਸਿੱਧ ਕਰ
Digitized by Arya Samaj Foundation Chennai and eGangotri
ਦੇਂਦੀਆਂ ਹਨ ਪਰ ਇਸ ਤੋਂ ਅੱਗੇ :—

> "...ਬਾਬਾ ਨਾਨਕ ਜਨਮਿਆ ਵੈਸਾਖ ਮਾਹਿ ਤ੍ਰਿਤੀਆ ਚਾਨਣੀ ਰਾਤ, ਅੰਮ੍ਰਿਤ ਵੇਲਾ, ਪਹਿਰ ਰਾਤ ਰਹਿੰਦੀ ਕਉ ਜਨਮਿਆ । ਅਨਹਦ ਸਬਦ ਪਰਮੇਸਰ ਕੇ ਦਰਬਾਰ ਵਾਜੇ । ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ । ਚਉਸਠ ਜੋਗਣੀ, ਬਵੰਜਾ ਪੀਰ, ਛਿਆਂ ਜਤੀਆਂ, ਚੌਰਾਸੀਆਂ ਸਿੱਧਾਂ, ਨਵਾਂ ਨਾਥਾਂ ਨਮਸਕਾਰ ਕੀਆ ਜੋ ਵੱਡਾ ਭਗਤ ਜਗਤ ਨਿਸਤਾਰਨ ਕਉ ਆਇਆ, ਤਿਸ ਕੋ ਨਮਸਕਾਰ ਕੀਜੀਐ ਜੀ ।"

ਇਨ੍ਹਾਂ ਸਤਰਾਂ ਤੋਂ ਭਲੀ ਪ੍ਰਕਾਰ ਪ੍ਰਗਟ ਹੋ ਜਾਂਦਾ ਹੈ ਕਿ ਜਨਮਸਾਖੀਕਾਰ ਗੁਰੂ ਨਾਨਕ ਦੇ ਜਨਮ ਬਾਰੇ ਇਕ ਵਿਸ਼ੇਸ਼ ਪ੍ਰਕਾਰ ਦੀ ਪ੍ਰਵਚਨ-ਪਰੰਪਰਾ ਨਾਲ ਜੁੜ ਰਿਹਾ ਹੈ, ਨ ਕਿ ਕਿਸੇ ਸਾਧਾਰਨ ਘਟਨਾ ਦਾ ਬਿਰਤਾਂਤ ਕਰ ਰਿਹਾ ਹੈ ।

ਇਸ ਤੋਂ ਅੱਗੇ ਪੜ੍ਹੀਏ ਤਾਂ ਫਿਰ ਗੱਲ ਹੋਰ ਸਪੱਸ਼ਟ ਹੁੰਦੀ ਹੈ :

> "ਵਡਾ ਹੋਆ ਤਾਂ ਲਗਾ ਬਾਲਕਾਂ ਨਾਲ ਖੇਡਣ । ਪਰ ਬਾਲਕਾਂ ਤੇ ਇਸ ਦੀ ਦ੍ਰਿਸ਼ਟੀ ਅਉਰ ਆਵੈ । ਆਤਮੇ ਅਭਿਆਸ ਪਰਮੇਸ਼ਰ ਕਿਾ ਕਰੇ । ਜਬ ਬਾਬਾ ਬਰਸਾਂ ਪੰਜਾਂ ਕਾ ਹੋਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆਂ ਕਰਣ । ਜੋ ਕਿਛੁ ਬਾਤ ਕਰੇ ਸੁ ਸਮਝ ਕਰੇ, ਤਿਸ ਤੇ ਸਭਸ ਕਿਸੇ ਦੀ ਨਿਸ਼ਾ ਹੋਇ ਆਵੇ । ਹਿੰਦੂ ਕਹਿਣ ਜੋ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਿਣ ਜੋ ਕੋਈ ਖੁਦਾਇ ਕਾ ਸਾਦਕ ਪੈਦਾ ਹੋਇਆ ਹੈ ।"

ਇਨ੍ਹਾਂ ਸਤਰਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਇਕ ਤਾਂ ਲੇਖਕ ਗੁਰੂ ਨਾਨਕ ਨੂੰ ਸਾਧਾਰਨ ਬਾਲਕਾਂ ਤੋਂ ਵਖਰਾ ਕਰ ਰਿਹਾ ਹੈ; ਦੂਸਰਾ ਉਸ ਨੂੰ ਆਮ ਲੋਕਾਂ ਤੋਂ ਵਧ ਸੂਝਵਾਨ ਦਸ ਰਿਹਾ ਹੈ ਤੇ ਤੀਸਰਾ ਉਸ ਨੂੰ ਹਿੰਦੂਆਂ ਦਾ ਦੇਵਤਾ ਤੇ ਮੁਸਲਮਾਨਾ ਦਾ ਸਾਦਕ ਪ੍ਰਸਤੁਤ ਕਰ ਰਿਹਾ ਹੈ । ਸਾਫ਼ ਜ਼ਾਹਰ ਹੈ ਕਿ ਇਸ ਸਾਖੀ ਵਿਚ, ਬਿਰਤਾਂਤ ਨਹੀਂ, ਬਿਰਤਾਂਤ ਉਲੰਘਣ ਹੈ ਅਤੇ ਉਲੰਘਣ ਕਿਸ ਲਈ ਹੈ ? ਇਸ ਲਈ ਕਿ ਅਰਥ-ਸਿਰਜਨ ਲਈ ਹਮੇਸ਼ਾ ਨਿਰੰਤਰਤਾ ਨੂੰ ਪਾਰ ਕਰਨਾ ਪੈਂਦਾ ਹੈ । ਅਰਥ, ਨਿਰੰਤਰਤਾ ਵਿਚ ਨਹੀਂ, ਨਿਯੰਤ੍ਰਣ ਵਿਚ ਹੁੰਦਾ ਹੈ ਅਤੇ ਇਹ ਨਿਸ਼ਚਿਤ ਹੀ ਨਿਯੰਤ੍ਰਿਤ ਪ੍ਰਵਚਨ-ਪ੍ਰਬੰਧ ਵਿਚ ਹੁੰਦਾ ਹੈ । ਇਸ ਵਿਚਲੀ ਯੋਜਨਾ ਭਾਸ਼ਾ ਤੇ ਭਾਸ਼ਾ-ਅਤਿਰਿਕਤ ਵਿਨਿਅਸ ਦੇ ਆਧਾਰ ਉਤੇ ਵਿਅਕਰਣ=ਪਲਾਟ=ਪ੍ਰਵਚਨ ਹੈ । ਇਸੇ ਉਪਰ ਸਾਰੀ ਜਨਮਸਾਖੀ ਦੇ ਬਿਰਤਾਂਤ-ਸ਼ਾਸ਼ਤਰ ਦੀ ਉਸਾਰੀ ਕੀਤੀ ਜਾ ਸਕਦੀ ਹੈ ।

ਇਸੀ ਤਰ੍ਹਾਂ ਅਸੀਂ ਆਪਣੀ ਗੱਲ ਦੇ ਸਮਰਥਨ ਵਿਚ ਕਈ ਹੋਰ ਸਾਖੀਆਂ ਵੀ ਦੇ ਸਕਦੇ ਹਾਂ । ਮਿਸਾਲ ਵਜੋਂ ਅਸੀਂ ਕੀੜ ਨਗਰ ਦੀ ਸਾਖੀ ਲੈਂਦੇ ਹਾਂ । ਕੀੜ ਨਗਰ ਦੀ ਸਾਖੀ ਵਿਚ ਸਾਰੀ ਗੱਲ ਹੀ ਬਿਰਤਾਂਤਕ ਵਿਨਿਅਸ ਦੀ ਆਪਣੀ ਨਿਯੋਜਨ-ਪ੍ਰਕਿਰਿਆ ਵਿਚ ਪਈ ਹੋਈ ਹੈ ਕਿਉਂਕਿ ਇਸ ਵਿਚ ਗੱਲ ਬਿਰਤਾਂਤ ਵਿਚੋਂ ਨਿਕਲ ਕੇ ਬਿਰਤਾਂਤ ਵਿਚ ਹੀ ਸਮਾਈ ਚਲੀ ਜਾਂਦੀ ਹੈ ਅਤੇ ਬਿਰਤਾਂਤਕ ਸਪੇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਆਪ ਵਿਚ [illegible] ਹੈ। ਇਸ ਸਾਖੀ ਦਾ ਨਾਮ ਲੇਖਕ ਨੇ 'ਕੀੜ ਨਗਰ' ਰਖਿਆ ਹੈ। ਪਹਿਲਾਂ ਤਾਂ ਨਗਰ ਹੀ ਮਿਥਿਆ ਹੈ, ਜਿਸ ਦੀ ਵਾਸਤਵਿਕਤਾ ਲਭਣੀ ਨਿਰਮੂਲ ਹੈ। ਅਸਲ ਵਿਚ ਲੇਖਕ 'ਕੀੜ' ਨੂੰ ਜੀਵਾਂ ਦੀ ਕੋਟੀ ਵਿਚ ਸਭ ਤੋਂ ਨੀਚ ਖਿਆਲ ਕਰ ਰਿਹਾ ਹੈ ਤੇ ਦਸਣਾ ਇਹ ਚਾਹੁੰਦਾ ਹੈ ਕਿ ਕਈ ਵਾਰੀ ਨੀਚ ਦੀ ਉਚਤਾ ਨੂੰ ਵੀ ਮੰਨਣਾ ਪੈਂਦਾ ਹੈ। ਗੁਰੂ ਨਾਨਕ ਮਰਦਾਨੇ ਨੂੰ ਦਸ ਰਹੇ ਹਨ ਕਿ ਇਹ ਸਾਰਾ ਕਾਲ-ਪਾਸਾਰ ਕੀੜੀਆਂ ਦਾ ਦੇਸ਼ ਹੈ ਅਤੇ ਇਥੇ ਕੀੜੀ ਦੀ ਰਜ਼ਾ ਚਲਦੀ ਹੈ। ਇਕ ਵਾਰੀ ਇਕ ਰਾਜਾ ਲਸ਼ਕਰ ਸਮੇਤ ਕੀੜ ਨਗਰ ਵਿਚੋਂ ਲੰਘਿਆ ਤੇ ਕੀੜੀਆਂ ਦੀ ਮੀਜ਼ਬਾਨੀ ਮੰਨਣ ਤੋਂ ਮੁਨਕਰ ਹੋ ਗਿਆ ਤੇ ਉਨ੍ਹਾਂ ਨਾਲ ਯੁਧ ਲਈ ਆਮਾਦਾ ਹੋ ਗਿਆ। ਤਦ ਕੀੜੀਆਂ ਨੇ ਜ਼ਹਿਰੀਲੇ ਡੰਗਾਂ ਨਾਲ ਰਾਜੇ ਦੀ ਸਾਰੀ ਫ਼ੌਜ ਖਤਮ ਕਰ ਦਿੱਤੀ। ਤੇ ਅਖੀਰ ਉਤੇ ਜਦੋਂ ਰਾਜੇ ਨੇ ਨੀਵਾਂ ਹੋ ਕੇ ਕੀੜੀਆਂ ਦੀ ਰੋਟੀ ਮੰਨ ਲਈ ਤਾਂ ਕੀੜੀਆਂ ਨੇ ਅੰਮ੍ਰਿਤ ਨਾਲ ਫ਼ੌਜ ਨੂੰ ਫਿਰ ਜਿਵਾਲ ਦਿੱਤਾ। ਤੇ ਰਾਜੇ ਦੇ ਲਸ਼ਕਰਾਂ ਨੂੰ ਹੰਕਾਰ ਲਾਹ ਕੇ, ਜੁਗਾਂ ਜੁਗਾਤਰਾਂ ਦਾ ਬਚਿਆ ਖਾਣਾ, ਖਾਣਾ ਪਿਆ। ਤੇ ਜਦੋਂ ਰਾਜੇ ਨੂੰ ਗਿਆਨ ਹੋਇਆ ਤਾਂ ਉਸ ਦਾ ਹੰਕਾਰ ਦੂਰ ਹੋ ਗਿਆ। ਇਸ ਤਰ੍ਹਾਂ ਇਹ ਸਾਰੀ ਸਾਖੀ ਸਿੱਧਾ ਹੀ ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕਤਾ ਨੂੰ ਸਮਝਾਣ ਵਾਲਾ ਪ੍ਰਵਚਨ ਹੈ, ਪਰ ਇਸ ਪ੍ਰਵਚਨ ਸੰਬੰਧੀ ਮਜ਼ੇਦਾਰ ਗੱਲ ਇਹ ਹੈ ਕਿ ਇਸ ਵਿਚ ਸ਼ੁਰੂ ਤੋਂ ਅਖੀਰ ਤਕ ਬਿਰਤਾਂਤ ਦੀ ਵਿਨਿਆਸ ਤਕਨਾਲੋਜੀ ਸਾਰੀ ਗੱਲ ਨੂੰ ਚੱਕਰ ਵਿਚ ਪਾਈ ਤੁਰੀ ਜਾਂਦੀ ਹੈ ਅਤੇ ਅੰਤ ਉਤੇ ਇਸ ਦੀ ਸਮਾਪਤੀ ਗੁਰੂ ਨਾਨਕ ਦੇ ਸ਼ਲੋਕ 'ਸ਼ੀਆ ਬਾਜਾਂ ਚਰਗਾ ਕੁਹੀਆ ਏਨਾ ਖਵਾਲੇ ਘਾਹ' ਨਾਲ ਕੀਤੀ ਗਈ ਹੈ। ਇਹ ਵੀ ਇਸ ਸਾਰੀ ਰਚਨਾ ਦੇ ਯੋਜਨਾਬੱਧ ਪ੍ਰਵਚਨ ਦੀ ਸਾਖ ਭਰਦਾ ਹੈ।

ਸਾਖੀਆਂ ਦੇ ਆਧਾਰ ਉਤੇ ਅਸੀਂ ਸਾਖੀਆਂ ਵਿਚ ਆਏ ਨਾਵਾਂ, ਥਾਵਾਂ, ਵਾਤਾਵਰਨਾ, ਗੁਰਬਾਣੀ-ਵਿਆਖਿਆ ਆਦਿ ਵਲ ਵੀ ਜਾ ਸਕਦੇ ਹਾਂ ਤੇ ਸਾਡਾ ਆਮ ਅਧਿਐਨ ਇਸ ਪਾਸੇ ਵਲ ਜਾਂਦਾ ਵੀ ਹੈ। ਪਰ ਇਉਂ ਕਰਨ ਨਾਲ ਅਸੀਂ ਪਾਠ ਤੇ ਪ੍ਰਵਚਨ ਦੀ ਭੌਤਿਕਤਾ ਵਿਚੋਂ ਨਿਕਲ ਕੇ, ਵਸਤੂ ਸੰਦੇਸ਼ ਤੇ ਯਥਾਰਥ ਦੀ ਅਧਿਭੌਤਿਕਤਾ ਵਲ ਚਲੇ ਜਾਂਦੇ ਹਾਂ; ਜਿਸ ਨਾਲ ਬਿਰਤਾਂਤਕ ਵਿਨਿਆਸ ਦੇ ਨਸ਼ਟ ਹੋਣ ਦਾ ਖਤਰਾ ਹੈ। ਅਸੀਂ ਤਾਂ ਬਿਰਤਾਂਤ-ਸ਼ਾਸਤਰ ਦੇ ਨਿਰਮਾਨ ਲਈ ਬਿਰਤਾਂਤਕ ਵਿਨਿਆਸ ਤੋਂ ਬਿਰਤਾਂਤ ਦੇ ਵਿਆਕਰਣ-ਵਿਗਿਆਨ ਵਲ ਜਾਣਾ ਹੈ। ਇਸ ਪਾਸੇ ਵਲ ਸੁਚੇਤ ਹੋਣ ਦੀ ਬਹੁਤ ਜ਼ਰੂਰਤ ਹੈ ਤੇ ਇਸ ਦਾ ਮਤਲਬ ਹੈ : ਚਿਹਨਕ ਨੂੰ ਇਸ ਦੀ ਵਿਸ਼ੁਧਤਾ ਵਿਚ ਆਜ਼ਾਦ ਕਰਨਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਰ ਰਸੀ ਵਾਰਾਂ ਦਾ ਬਿਰਤਾਂਤ-ਸ਼ਾਸਤਰ

ਮਧਕਾਲ ਵਿਚ ਗੁਰਬਾਣੀ ਤੇ ਸੂਫ਼ੀ ਕਾਵਿ ਦੇ ਨਾਲ ਨਾਲ ਕਿੱਸਾ-ਕਾਵਿ ਤੇ ਵਾਰ-ਕਾਵਿ ਬਿਰਤਾਂਤਕ ਕਾਵਿ ਦੀ ਵੰਨਗੀ ਵਜੋਂ ਕਾਰਜਸ਼ੀਲ ਹਨ। ਇਸ ਦਾ ਭਾਵ ਇਹ ਹੈ ਕਿ ਅਸੀਂ ਵਾਰ-ਕਾਵਿ ਨੂੰ ਬਿਰਤਾਂਤਕ ਕਾਵਿ ਦੇ ਖੇਤਰ ਵਿਚ ਰਖ ਸਕਦੇ ਹਾਂ। ਕਿੱਸਾ-ਕਾਵਿ ਆਮ ਕਰ ਕੇ ਇਸ਼ਕ ਦੀ ਥੀਮ ਦੇ ਦੁਆਲੇ ਘੁੰਮਦਾ ਹੈ। ਇਸ ਲਈ ਇਹ ਵਿਆਪਕ ਅਰਥਾਂ ਵਿਚ ਸਿੰਗਾਰ-ਰਸ ਦਾ ਉਤਪਾਦਨ ਕਰਦਾ ਹੈ ਅਤੇ ਇਸ ਦੇ ਮੁਕਾਬਲੇ ਉਤੇ ਵਾਰ-ਕਾਵਿ ਆਮ ਕਰ ਕੇ ਜੰਗਾਂ ਤੇ ਲੜਾਈਆਂ ਨਾਲ ਸੰਬੰਧਿਤ ਹੈ, ਇਸ ਕਰ ਕੇ ਇਹ ਬੀਰ-ਰਸ ਨਾਲ ਸੰਬੰਧਿਤ ਹੈ। ਇਹ ਹੀ ਕਾਰਨ ਹੈ ਕਿ ਵਾਰਾਂ ਅਜਿਹਾ ਬਿਰਤਾਂਤਕ ਕਾਵਿ ਹਨ, ਜੋ ਬੀਰ ਰਸ ਦਾ ਉਤਪਾਦਨ ਕਰਦੀਆਂ ਹਨ।

ਵਾਰਾਂ ਦੀ ਰਚਨਾ ਪੂਰਬ ਨਾਨਕ ਕਾਲ ਦੇ ਜ਼ਮਾਨੇ ਤੋਂ ਸ਼ੁਰੂ ਹੋ ਜਾਂਦੀ ਹੈ। ਇਸ ਜ਼ਮਾਨੇ ਵਿਚ ਲੋਕ-ਵਾਰਾਂ ਰਚੀਆਂ ਗਈਆਂ। ਇਸ ਯੁਗ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਦੇ ਪ੍ਰਸਿਧ ਸ਼ਾਇਰ ਸ਼ਾਹ ਮੁਹੰਮਦ ਤੀਕ ਬੀਰ ਰਸੀ ਵਾਰਾਂ ਨਿਰੰਤਰ ਰਚੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਵਾਰਾਂ ਨੂੰ ਪੰਜਾਬੀਆਂ ਵਲੋਂ ਸਾਮੂਹਕ ਪੱਧਰ ਉਪਰ ਭਰਾਵਾਂ ਹੁੰਗਾਰਾ ਵੀ ਪ੍ਰਾਪਤ ਹੁੰਦਾ ਰਿਹਾ। ਇਥੋਂ ਤੀਕ ਕਿ ਅੱਜ ਦੇ ਜ਼ਮਾਨੇ ਵਿਚ ਵੀ ਜਦੋਂ ਕੋਈ ਯੁਧ ਜੰਗ ਦੀ ਗੱਲ ਛਿੜ ਪੈਂਦੀ ਹੈ ਤਾਂ ਪੰਜਾਬ ਦੇ ਮੰਚ ਕਵੀ ਇਸ ਕਾਵਿ-ਰੂਪ ਦੀ ਰਚਨਾ ਕਰ ਕੇ ਲੋਕਾਂ ਦੇ ਸੁਤੇ ਪ੍ਰਤੀਉੱਤਰ ਨੂੰ ਜਗਾ ਦੇਂਦੇ ਹਨ। ਇਸ ਦਾ ਭਾਵ ਹੈ ਕਿ ਪੰਜਾਬ ਦੇ ਕਾਵਿ ਤਥਾ ਸਾਹਿਤ-ਅਵਚੇਤਨ ਵਿਚ ਹੋਰ ਕਾਵਿ ਵੰਨਗੀਆਂ ਵਾਂਗ ਇਹ ਵੀ ਇਕ ਸੰਸਕਾਰ ਬਣੀ ਹੋਈ ਹੈ। ਜਦੋਂ ਕੋਈ ਵਿਧੀ ਸਾਮੂਹਕ ਸਭਿਆਚਾਰ ਦੀ ਮਾਨਸਿਕਤਾ ਵਿਚ ਸੰਸਕਾਰ ਵਾਂਗ ਕੁਰੇਦੀ ਜਾਏ, ਉਦੋਂ ਉਹ ਵਿਨਿਆਸ ਦਾ ਦਰਜਾ ਪ੍ਰਾਪਤ ਕਰ ਜਾਂਦੀ ਹੈ ਤੇ ਅਰਥਾਂ ਦੇ ਸਿਰਜਨ ਵਿਚ ਕੰਮ ਆਉਂਦੀ ਹੈ। ਧਰਮ ਦੇ ਅਰਥ ਸਿਰਜਣ ਲਈ ਪੰਜਾਬੀਆਂ ਪਾਸ ਗੁਰਬਾਣੀ ਦਾ ਸੰਸਕਾਰ ਹੈ। ਸੂਫ਼ੀਆਨਾ ਇਸ਼ਕ ਨਾਲ ਸੰਬੰਧਿਤ ਅਰਥਾਂ ਦਾ ਪਾਸਾਰ ਸਿਰਜਨ ਲਈ ਸੂਫ਼ੀ ਵਿਰਾਸਤ ਦਾ ਸੰਸਕਾਰ ਮੌਜੂਦ ਹੈ। ਇਸ ਤਰ੍ਹਾਂ ਰੁਮਾਂਟਿਕ ਇਸ਼ਕ ਨੂੰ ਅਗ੍ਰਭੂਮੀ ਉਤੇ ਲਿਆਉਣ ਵਾਲਾ ਕਾਵਿ-ਸਿਰਜਨ ਲਈ ਸਾਡੇ ਪਾਸ ਕਿੱਸਾ-ਸੰਸਾਰ ਮੌਜੂਦ ਹੈ। ਇਸੀ ਤਰ੍ਹਾਂ ਸੂਰਬੀਰਤਾ ਤੇ ਬਹਾਦਰੀ ਦਾ ਪ੍ਰਵਚਨ ਸਿਰਜਨ ਲਈ ਪੰਜਾਬੀ ਸਾਮੂਹਕਤਾ ਪਾਸ ਵਾਰ-ਕਾਵਿ ਦਾ ਖਾਸਾ ਸਮਵ੍ਰਿਧ ਸੰਸਕਾਰ ਤਥਾ ਵਿਨਿਅਸ ਮੌਜੂਦ ਹੈ। ਪਰ ਪੰਜਾਬੀ ਜਗਤ ਵਿਚ ਅਜੇ ਤੀਕ ਹੋਰ ਸਾਹਿਤਕ ਵੰਨਗੀਆਂ ਵਾਂਗ ਵਾਰਾਂ ਨੂੰ ਵੀ ਐਸੀ ਦ੍ਰਿਸ਼ਟੀ ਤੋਂ ਨਹੀਂ ਪੜ੍ਹਿਆ ਗਿਆ। ਸਾਡੀ ਪੜ੍ਹਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧੀ ਵਾਰਾਂ ਵਿਚਲੀ ਸਮਗਰੀ ਵਲ ਤੇ ਵਿਵਰਣਾ ਵਲ ਵਧੇਰੇ ਰੁਚਿਤ ਰਹਿੰਦੀ ਹੈ। ਲੋਕ ਵਾਰਾਂ ਵਿਚ ਵਾਰ ਦੀ ਗੱਲ ਘੱਟ ਹੈ ਤੇ ਉਨ੍ਹਾਂ ਵਿਚ ਦਿੱਤੇ ਪ੍ਰਸੰਗਾਂ ਦੀ ਗੱਲ ਵਧੇਰੇ ਹੈ। ਇਸੇ ਤਰ੍ਹਾਂ ਲੋਕ-ਵਾਰਾਂ ਤੋਂ ਉਪਰੰਤ ਸਾਡੇ ਪਾਸ 'ਚੰਡੀ ਦੀ ਵਾਰ' ਹੈ। ਚੰਡੀ ਦੀ ਵਾਰ ਵਿਚ ਸਮਗ੍ਰੀ ਤੋਂ ਬਿਨਾ ਤਥਾ ਯੁਧ ਵਰਣਨ ਤੋਂ ਬਿਨਾ ਅਜਿਹੀਆਂ ਟਿੱਪਣੀਆਂ ਵੀ ਮੌਜੂਦ ਹਨ ਜੋ ਮੈਟਾਭਾਸ਼ਾ ਦੀ ਪੱਧਰ ਉਤੇ ਸਾਰੀ ਗੱਲ ਨੂੰ ਇਕ ਵਖਰੀ ਪ੍ਰਕਾਰ ਦਾ ਸੰਗਠਨ ਵੀ ਦੇਂਦੀਆਂ ਜਾਂਦੀਆਂ ਹਨ ਪਰ ਤਾਂ ਵੀ ਅਸੀਂ 'ਚੰਡੀ ਦੀ ਵਾਰ' ਨੂੰ ਕੇਵਲ ਦੇਵਾਂ ਤੇ ਦੈਤਾਂ ਦੇ ਯੁਧ ਨਾਲ ਜੋੜ ਕੇ ਵੇਖਦੇ ਹਾਂ ਜਾਂ ਇਸ ਵਿਚ ਚੰਡੀ ਦੇਵੀ, ਜੋ ਇਸ ਦੀ ਮੁਖ ਨਾਇਕਾ ਹੈ, ਦੀ ਬਹਾਦਰੀ ਦਾ ਵਰਣਨ ਕਰਦੇ ਹਾਂ।

ਇਵੇਂ ਇਸ ਤੋਂ ਅੱਗੋਂ ਸਾਡੇ ਪਾਸ ਨਜਾਬਤ ਦੀ ਪ੍ਰਸਿਧ ਵਾਰ ਆਉਂਦੀ ਹੈ। ਇਸ ਵਾਰ ਦਾ ਅਧਿਐਨ ਵੀ ਇਸ ਵਿਚਲੇ ਯੁਧ ਵਿਵਰਣ ਦੀ ਵਿਆਖਿਆ ਨਾਲ ਹੀ ਸੰਬੰਧਿਤ ਕੀਤਾ ਜਾਂਦਾ ਰਿਹਾ ਹੈ ਜਾਂ ਇਸ ਯੁਧ ਪਿਛੇ ਇਤਿਹਾਸਕ ਕਾਰਨਾ ਨੂੰ ਲਭੇ ਜਾਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਚਠਿਆਂ ਦੀ ਵਾਰ ਵੀ ਇਸੇ ਪ੍ਰਕਾਰ ਦੀ ਵਿਆਖਿਆ ਦਾ ਰਤਾ ਕੁ ਵਖਰਾ ਦ੍ਰਿਸ਼ ਪੇਸ਼ ਕਰਦੀ ਹੈ। ਇਸ ਵਾਰ ਵਿਚ ਇਕ ਵਿਸ਼ੇਸ਼ ਜਾਤੀ ਵਰਗ ਦੇ ਨਾਲ ਜੁਧ ਤੇ ਜਿੱਤ ਦੇ ਵਰਣਨ ਦੀ ਵਿਆਖਿਆ ਹੀ ਪੇਸ਼ ਕੀਤੀ ਗਈ ਹੈ।

ਇਸੀ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨੂੰ ਪੇਸ਼ ਕਰਨ ਵਾਲੀ ਸ਼ਾਹ ਮੁਹੰਮਦ ਦੀ ਵਾਰ ਵੀ, ਸਿੱਖਾਂ ਨੂੰ ਉਨ੍ਹਾਂ ਦੀ ਸੂਰਮਗਤੀ ਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਨੀਤੀਵਾਨ ਤੇ ਬਹਾਦਰੀ ਦੇ ਪ੍ਰਤੀਨਿਧ ਰਾਜੇ ਦੀ ਬਹਾਦਰੀ ਦਾ ਕਿੱਸਾ ਸੁਣਾਂਦੀ ਹੈ। ਇਸ ਨੂੰ ਪੜ੍ਹਨ ਵਾਲੇ ਵਿਦਵਾਨ ਵੀ ਏਸੇ ਭਾਵਨਾ ਦੀ ਦ੍ਰਿਸ਼ਟੀ ਤੋਂ ਇਸ ਵਾਰ ਦੀ ਵਿਆਖਿਆ ਕਰਦੇ ਹਨ।

ਵਾਰਾਂ ਦੇ ਇਸ ਉਪਰੋਕਤ ਦ੍ਰਿਸ਼ ਤੇ ਪੰਜਾਬੀ ਅਧਿਐਨ ਵਿਚ ਇਸ ਦ੍ਰਿਸ਼ ਦੀ ਵਿਆਖਿਆ ਤੋਂ ਇਹ ਹੀ ਸਿੱਧ ਹੁੰਦਾ ਹੈ ਕਿ ਵਾਰਾਂ ਰਚਣ ਵਾਲੇ ਪੰਜਾਬੀ ਨਾਇਕ ਨਾਇਕਾਵਾਂ ਦੀ ਉਸਤਤਿ ਕਰਦੇ ਰਹੇ ਹਨ ਤੇ ਪੰਜਾਬੀ ਸਮੀਖਿਆਕਾਰ ਇਸ ਉਸਤਤਿ ਨੂੰ ਰਤਾ ਕੁ ਹੋਰ ਨਿਖਰੀ ਵਿਆਖਿਆ ਵਿਚ ਪੇਸ਼ ਕਰਦੇ ਰਹੇ ਹਨ। ਵਾਰਕਾਰ ਬੀਰ-ਰਸ ਦੀ ਉਤਪਾਦਨਾ ਕਰਦੇ ਰਹੇ ਹਨ ਤੇ ਸਮੀਖਿਅਕ ਇਸ ਦੀ ਵਿਆਖਿਆ। ਪਰ ਇਸ ਸਾਰੇ ਦ੍ਰਿਸ਼ ਵਿਚ ਵਾਰ ਦੀ ਬਿਰਤਾਂਤਕਤਾ ਦੇ ਚਰਿਤ੍ਰ ਸੰਬੰਧੀ ਕੋਈ ਗੱਲ ਨਹੀਂ ਹੋਈ। ਪਿਛੇ ਅਸੀਂ ਇਹ ਗੱਲ ਦ੍ਰਿੜ ਕਰ ਆਏ ਹਾਂ ਕਿ ਪੰਜਾਬ ਦੇ ਭਾਸ਼ਾ ਅਤਿਰਿਕਤ ਵਿਨਿਆਸਾਂ ਵਿਚ ਵਾਰ ਇਕ ਵਿਨਿਆਸ ਵਾਂਗ ਸਮਾ ਗਈ ਹੈ। ਪਰ ਇਸ ਵਿਨਿਆਸ ਦਾ ਵਿਗਿਆਨ ਉਜਾਗਰ ਦੀ ਗੱਲ ਵਿਚ ਸਾਡੀ ਕੋਈ ਦਿਲਚਸਪੀ ਵਿਖਾਈ ਨਹੀਂ ਦਿੱਤੀ। ਪਰ ਯਾਦ ਰਹੇ ਕਿ ਜੇ ਅਸੀਂ ਇਸ ਵਲ ਚੇਤੰਨ ਨਹੀਂ ਵੀ ਹੋਵਾਂਗੇ ਤਾਂ ਵੀ ਇਹ ਅਵਚੇਤਨ ਵਿਚੋਂ ਉਭਰ ਕੇ ਸਾਡੀ ਬੌਧਿਕਤਾ ਤਥਾ ਸ਼ਾਸਤਰੀਅਤਾ ਨੂੰ ਵੰਗਾਰੇਗੀ। ਇਸ ਲਈ ਇਸ ਵੇਲੇ ਇਸ ਸ਼ਾਸਤਰੀ ਪ੍ਰਸੰਗ ਵਿਚ ਵਾਰ-ਕਾਵਿ ਦੀ ਬਿਰਤਾਂਤਕਾ ਦੀ ਗੱਲ ਕਰਨੀ ਬਹੁਤ ਜ਼ਰੂਰੀ ਹੈ।

ਬੀਰ ਰਸੀ ਵਾਰਾਂ ਤੋਂ ਉਪਰੰਤ ਇਸ ਗੱਲ ਵਲ ਵੀ ਸੰਕੇਤ ਕਰਨਾ ਜ਼ਰੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਦਾ ਹੈ ਕਿ ਗੁਰੂਆਂ ਨੇ ਇਨ੍ਹਾਂ ਵਾਰਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਰੂਪਾਂਤ੍ਰਣ ਦਿੱਤਾ। ਗੁਰੂਆਂ ਦੀਆਂ ਵਾਰਾਂ ਆਪਣੇ ਸਾਰੇ ਸੰਗਠਨ ਵਿਚ ਤੇ ਉਦੇਸ਼ ਵਿਚ ਅਧਿਆਤਮਵਾਦੀ ਹਨ। ਇਸ ਲਈ ਇਹ ਕਿਸੇ ਵਸਤੂਗਤ ਸਮਗਰੀ ਵਲ ਸੰਕੇਤ ਨਹੀਂ ਕਰਦੀਆਂ, ਜਿਸ ਦਾ ਭਾਵ ਇਹ ਹੈ ਕਿ ਗੁਰੂਆਂ ਨੇ ਵਸਤੂਗਤ ਸਮਗਰੀ ਦਾ ਬੀਰ-ਰਸੀ ਪ੍ਰਦਰਸ਼ਨ ਕਰਨ ਵਾਲੀਆਂ ਵਾਰਾਂ ਨੂੰ ਇਕ ਨਵਾਂ ਰੂਪਾਂਤ੍ਰਣ ਦਿੱਤਾ। ਅਤੇ ਪ੍ਰਮਾਣ ਵਜੋਂ ਆਪਣੀਆਂ ਅਧਿਆਤਮਕ ਵਾਰਾਂ ਰਚੀਆਂ। ਪਰ ਇਸ ਵਿਚ ਇਕ ਲੁਕਵੀਂ ਗੱਲ ਹੋਰ ਵੀ ਹੈ ਤੇ ਉਹ ਗੁਰੂਆਂ ਦੇ ਆਲੋਚਨਾਤਮਕ ਸੰਸਕਾਰ ਦੀ ਹੈ। ਗੁਰੂਆਂ ਨੇ ਆਪਣੇ ਆਲੋਚਨਾਤਮਕ ਸੰਸਕਾਰ ਸਦਕਾ ਵਾਰਾਂ ਦੀ ਵਿਨਿਅਸ-ਸ਼ਕਤੀ ਨੂੰ ਪਛਾਣਿਆ ਤੇ ਇਸ ਨੂੰ ਅੱਗੇ ਤੋਰਿਆ। ਭਾ. ਗੁਰਦਾਸ ਵੀ ਇਸੇ ਮਾਰਗ ਉਤੇ ਹੀ ਚਲਦਾ ਹੈ। ਭਾ. ਗੁਰਦਾਸ ਤੇ ਗੁਰੂਆਂ ਦੀਆਂ ਵਾਰਾਂ ਵਿਚ ਅੰਤਰ ਕੇਵਲ ਇਸ ਗੱਲ ਦਾ ਹੈ ਕਿ ਭਾ. ਗੁਰਦਾਸ ਵਿਆਖਿਆ ਦੇ ਸਥਾਨ ਨੂੰ ਲੋਕ-ਜੀਵਨ ਵਲ ਲੈ ਜਾਂਦਾ ਹੈ ਜਦ ਕਿ ਗੁਰੂ ਇਸ ਨੂੰ ਵਿਸ਼ੁਧ ਪ੍ਰਤੀਕੀ ਪਾਸਾਰ ਵਿਚ ਪਰਵਰਤਿਤ ਕਰਦੇ ਹਨ। ਵਾਰਾਂ ਦੇ ਇਸ ਪ੍ਰਤੀਕੀ ਪਾਸਾਰ ਦੀ ਮਹੱਤਾ ਨੂੰ ਡਾ. ਪ੍ਰੀਤਮ ਕੌਰ ਨੇ ਆਪਣੇ ਪੀ-ਐਚ. ਡੀ. ਦੇ ਥੀਸਿਸ ਵਿਚ ਖਾਸੀ ਬਰੀਕੀ ਤੇ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਵਾਰਾਂ ਦੇ ਕਾਵਿ-ਸ਼ਾਸਤਰ ਸੰਬੰਧੀ ਇਹ ਹੀ ਇਕ ਅਜਿਹਾ ਥੀਸਿਸ ਹੈ ਜੋ ਆਪਣੀ ਦਿਸ਼ਾ ਵਿਚ ਵੱਖਰੀ ਪ੍ਰਕਾਰ ਦਾ ਹੈ।

ਇਹ ਸਾਰਾ ਵਿਸਤਾਰ ਦੇਣ ਤੋਂ ਸਾਡਾ ਭਾਵ ਇਹ ਹੀ ਹੈ ਕਿ ਸਾਡੇ ਕਹਿੰਦੇ ਕਹਾਉਂਦੇ ਆਲੋਚਕਾਂ ਨੇ ਵਾਰਾਂ ਦੀ ਬਿਰਤਾਂਤਕਤਾ ਵਲ ਉੱਕਾ ਹੀ ਕੋਈ ਧਿਆਨ ਨਹੀਂ ਦਿੱਤਾ। ਜਦੋਂ ਅਸੀਂ ਇਸ ਸਮਸਿਆ ਨੂੰ ਨਾਲ ਲੈ ਕੇ, ਅਧਿਆਤਮਕ ਵਾਰਾਂ ਨੂੰ ਛਡ ਕੇ, ਪੰਜਾਬੀ ਵਾਰਾਂ ਦਾ ਬਿਰਤਾਂਤ-ਸ਼ਾਸਤਰ ਬਣਾਉਣ ਦਾ ਉਪਰਾਲਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਵਾਰਾਂ ਕਿੱਸਿਆਂ ਤੇ ਕਹਾਣੀਆਂ ਵਾਂਗ ਘਟਨਾਵੀ ਲੜੀ ਦੇ ਕਾਲ-ਪਰਵਾਹ ਵਿਚ ਨਹੀਂ ਚਲਦੀਆਂ, ਸਗੋਂ ਇਨ੍ਹਾਂ ਵਿਚ ਪਉੜੀ-ਪ੍ਰਬੰਧ ਹੈ। ਹਰ ਪਉੜੀ-ਪ੍ਰਬੰਧ ਵਿਸ਼ੇਸ਼ ਦ੍ਰਿਸ਼ ਦਾ ਵਰਨਣ ਕਰਦਾ ਹੈ ਅਤੇ ਅੱਗੋਂ ਮੁਕਾਬਲਾ ਵਿਧੀ ਦੇ ਆਧਾਰ ਤੇ ਪਹਿਲੀ ਪਉੜੀ ਤੋਂ ਵਿਰੋਧੀ ਪਉੜੀਆਂ ਦੀ ਉਸਾਰੀ ਕੀਤੀ ਜਾਂਦੀ ਹੈ। ਇਨ੍ਹਾਂ ਪਉੜੀਆਂ ਵਿਚਲੇ ਸਾਰੇ ਦ੍ਰਿਸ਼ ਆਪੋ ਵਿਚ ਟਕਰਾਂਦੇ ਵੀ ਹਨ ਤੇ ਮਿਲ ਕੇ ਇਕ ਬਿਰਤਾਂਤ ਦੀ ਉਸਾਰੀ ਵੀ ਕਰਦੇ ਹਨ। ਕਿੱਸਾ-ਕਾਵਿ ਵਿਚ ਘਟਨਾਵਾਂ ਦੀ ਨਿਰੰਤਰ ਲੜੀ ਚਲਦੀ ਹੈ, ਇਸ ਲਈ ਇਨ੍ਹਾਂ ਵਿਚ ਬਿਰਤਾਂਤ ਨਾਲੋ ਨਾਲ ਚਲਦਾ ਹੈ ਜਾਂ ਇਉ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਬਿਰਤਾਂਤ ਹਾਜ਼ਰ ਰਹਿੰਦਾ ਹੈ। ਪਰ ਵਾਰ ਦੀਆਂ ਪਉੜੀਆਂ ਜਿਉਂ ਜਿਉਂ ਦ੍ਰਿਸ਼ ਵਰਣਨ ਵਲ ਵਧਦੀਆਂ ਹਨ ਤਿਉਂ ਤਿਉਂ ਬਿਰਤਾਂਤ ਗ਼ੈਰਹਾਜ਼ਰ ਹੁੰਦਾ ਜਾਂਦਾ ਹੈ ਅਤੇ ਅੰਤ ਉਤੇ ਸਰੋਤਾ ਜਾਂ ਅਧਿਐਤਾ ਆਪਣੇ ਗਿਆਨ-ਚਖਸ਼ੂਆਂ ਦੇ ਆਧਾਰ ਉਤੇ ਆਪਣੇ ਮਸਤਕ ਵਿਚ ਸਮੁੱਚੇ ਬਿਰਤਾਂਤ ਦੀ ਇਕ ਪ੍ਰਤਿਮਾ ਤਿਆਰ ਕਰ ਲੈਂਦਾ ਹੈ। ਕਿੱਸਿਆਂ ਵਿਚ ਬਿਰਤਾਂਤਕ ਵਾਸਤਵਿਕਤਾ ਹੈ; ਵਾਰਾਂ ਵਿਚ ਬਿਰਤਾਂਤ ਪ੍ਰਤਿਮਾ ਹੈ।

ਮੁਢਲੀਆਂ ਲੋਕ ਵਾਰਾਂ ਜਿਸ ਵਿਚ ਟੁੰਡੇ ਅਸਰਾਜੇ ਦੀ ਵਾਰ, ਹਸਨੇ ਮਹਮੇ ਦੀ ਵਾਰ, ਰਾਇ ਕਮਾਲ ਮੌਜ ਦੀ ਵਾਰ ਆਦਿ ਸ਼ਾਮਲ ਕੀਤੀਆਂ ਜਾਂਦੀਆਂ ਹਨ, ਆਪਣੇ ਆਪ ਵਿਚ ਬਿਰਤਾਂਤ ਜਾਂ ਕਹਾਣੀ ਦੇ ਪੱਖ ਤੋਂ ਕੋਈ ਬਹੁਤ ਜ਼ਿਆਦਾ ਮਹੱਤਵਸ਼ੀਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ । ਸਗੋਂ ਇਨ੍ਹਾਂ ਵਾਰਾਂ ਦੀਆਂ ਪਉੜੀਆਂ ਵਿਚ [illegible] ਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ । ਇਸ ਦਾ ਭਾਵ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਨ੍ਹਾਂ ਵਾਰਾਂ ਵਿਚ ਕੋਈ ਕਹਾਣੀ ਹੀ ਨਹੀਂ; ਸਗੋਂ ਯਾਦ ਇਹ ਰਖਣਾ ਚਾਹੀਦਾ ਹੈ ਕਿ ਕਹਾਣੀਆਂ ਤਾਂ ਵਾਰ-ਰਚਨਾ ਤੋਂ ਪਹਿਲਾਂ ਵੀ ਮੌਜੂਦ ਹਨ । ਇਨ੍ਹਾਂ ਦੀ ਮੌਜੂਦਗੀ ਅਜਿਹੀ ਹਾਲਤ ਵਿਚ ਜਾਂ ਤਾਂ ਬਿਰਤਾਂਤਕ ਵਿਨਿਆਸਾਂ ਦੇ ਰੂਪ ਵਿਚ ਪਈ ਹੁੰਦੀ ਹੈ ਜਾਂ ਵਾਰਦਾਤ ਦੇ ਰੂਪ ਵਿਚ ਵਾਪਰ ਚੁਕੀ ਹੁੰਦੀ ਹੈ । ਜਿਸ ਦਾ ਭਾਵ ਇਹ ਹੈ ਕਿ ਲੋਕ ਇਨ੍ਹਾਂ ਵਿਚਲੇ ਸਾਰੇ ਵਿਵਰਣ ਨੂੰ ਪਹਿਲੇ ਹੀ ਜਾਣਦੇ ਹਨ । ਵਾਰਕਾਰ ਤਾਂ ਆਪਣੀ ਵਿਸ਼ੇਸ਼ ਬਣਤਰ ਦੇ ਪੱਖੋਂ ਅਜਿਹੇ ਵਿਵਰਣਾਂ ਨੂੰ ਆਪਣੀ ਵਿਧੀ ਉਪਰ ਕਬਜ਼ਾ ਕਰਨ ਤੋਂ ਰੋਕੀ ਰਖਦਾ ਹੈ । ਇਸ ਤਰ੍ਹਾਂ ਇਹ ਵਾਰਾਂ ਆਪਣੀ ਸਾਰੀ ਬਣਤਰ ਤੇ ਜੁਗਤ ਵਿਚ ਕਿੱਸਿਆਂ ਦੇ ਬਿਰਤਾਂਤ ਨਾਲੋਂ ਵਧੇਰੇ ਸਰਲ ਹੋ ਜਾਂਦੀਆਂ ਹਨ ਅਤੇ ਸਿਧੀਆਂ ਆਪਣੇ ਸੂਰਬੀਰ ਨਾਇਕ ਦੀ ਵਿਜੈ ਤੇ ਵਿਰੋਧੀ ਧੜੇ ਦੀ ਪ੍ਰਤਿਨਿਧਤਾ ਕਰਨ ਵਾਲੇ ਆਗੂ ਦੀ ਹਾਰ ਵਲ ਵੱਧਣ ਦਾ ਪ੍ਰਯਤਨ ਕਰਦੀਆਂ ਹਨ । ਜੇ ਅਸੀਂ ਆਧੁਨਿਕ ਭਾਸ਼ਾ ਵਿਗਿਆਨ ਦੇ ਮੁਹਾਵਰੇ ਵਿਚ ਗੱਲ ਕਰੀਏ ਤਾਂ ਅਸੀਂ ਕਹਾਂਗੇ ਕਿ ਇਨ੍ਹਾਂ ਵਾਰਾਂ ਵਿਚ ਪੈਰਾਡਾਈਮ ਤੋਂ ਪੈਰਾਡਾਈਮ ਵਲ ਵੱਧਣ ਦੀ ਯਾਤਰਾ ਹੈ ਜਦ ਕਿ ਕਿੱਸੇ ਕਈ ਪ੍ਰਕਾਰ ਦੇ ਜਟਿਲ ਸਿਨਟੈਮਾਂ ਵਿਚ ਪੈ ਜਾਂਦੇ ਹਨ ।

ਲੋਕ ਵਾਰਾਂ ਤੋਂ ਬਾਅਦ ਦੀਆਂ ਵਾਰਾਂ, ਲੋਕ-ਵਾਰਾਂ ਦੀ ਸਰਲ-ਬਣਤਰ ਨੂੰ ਆਪਣਾ ਬੁਨਿਆਦੀ ਧਰਾਤਲ ਬਣਾਂਦੀਆਂ ਹਨ ਪਰ ਉਹ ਦ੍ਰਿਸ਼ਾਂ ਨੂੰ ਵਧੇਰੇ ਭਰਪੂਰ ਤੇ ਜਟਿਲ ਬਣਾਉਦੀਆਂ ਚਲੀਆਂ ਜਾਂਦੀਆਂ ਹਨ । ਮਿਸਾਲ ਵਜੋਂ 'ਨਜਾਬਤ ਦੀ ਵਾਰ' ਆਪਣੇ ਅਰੰਭ ਵਿਚ ਕਲ ਤੇ ਨਾਰਦ ਦੀ ਮਿਥ ਦੀ ਪ੍ਰਸਤੁਤੀ ਕਰਦੀ ਹੈ । ਪੰਜਾਬੀ ਅਵਚੇਤਨ ਵਿਚ 'ਕਲ ਤੇ ਨਾਰਦ' ਦੀ ਲੜਾਈ ਦਾ ਵਿਨਿਅਸ ਨੇੜੇ ਦੇ ਭਵਿੱਖ ਵਿਚ ਵਾਪਰਨ ਵਾਲੀ ਤ੍ਰਾਸਦੀ ਦਾ ਸੂਚਕ ਹੁੰਦਾ ਹੈ । ਇਸ ਤਰ੍ਹਾਂ ਵਾਰ ਦੇ ਅਰੰਭ ਵਿਚ ਇਹ ਜੁਗਤ-ਪੂਰਵਕ ਰੂੜ੍ਹੀ ਵਾਰ ਤੋਂ ਵਖਰੀ ਹੁੰਦੀ ਹੋਈ ਵੀ ਵਾਰ ਨਾਲ ਸੰਬੰਧਿਤ ਹੈ । ਇਸ ਤੋਂ ਅੱਗੋਂ ਅਹਿਮਦ ਸ਼ਾਹ ਅਬਦਾਲੀ ਤੇ ਭਾਰਤੀ ਫ਼ੌਜਾਂ ਦੀ ਆਪਣੀ ਲੜਾਈ, ਸੂਰਬੀਰਤਾ ਤੇ ਤਬਾਹੀ ਦੇ ਮੰਜ਼ਰ ਹਨ । ਤੇ ਅੰਤ ਉਤੇ ਲੇਖਕ ਨੇ ਆਪਣੇ ਦੇਸ਼ ਵਿਚਲੀ ਫੁਟ ਨੂੰ ਦੇਸ਼ ਦੀ ਤਬਾਹੀ ਦਾ ਕਾਰਨ ਦਸਿਆ ਹੈ । ਇਸ ਤਰ੍ਹਾਂ ਇਹ ਵਾਰ ਯੁਧ ਚਿਤਰਨ, ਸੂਰਮਗਤੀ ਤੇ ਇਤਿਹਾਸ; ਇਨ੍ਹਾਂ ਪਾਸਾਰਾਂ ਦੇ ਮਿਸ਼ਰਨ ਤੋਂ ਬਣੀ ਹੈ; ਇਸ ਕਰ ਕੇ ਇਸ ਦੇ ਤਾਣੇ ਪੇਟੇ ਵਿਚ ਲੋਕ ਵਾਰਾਂ ਨਾਲੋਂ ਅਧਿਕ ਜਟਿਲਤਾ ਪ੍ਰਵੇਸ਼ ਕਰ ਗਈ ਹੈ । ਪਰ ਨਿਰੋਲ ਬਣਤਰ ਦੇ ਪੱਖ ਤੋਂ ਵੇਖਿਆਂ ਇਸ ਵਾਰ ਦੀ ਗਤੀ ਵੀ ਪਉੜੀ ਦਰ ਪਉੜੀ ਆਪਣੇ ਨਿਸ਼ਚਿਤ ਉਦੇਸ਼ ਵਲ ਵਧਦੇ ਜਾਣਾ ਹੈ । ਕਾਲ ਵਿਚ ਫੈਲਣਾ ਇਸ ਵਾਰ ਦਾ ਭਾਗ ਨਹੀਂ ।

ਇਸੇ ਤਰ੍ਹਾਂ ਅਸੀਂ 'ਚੰਡੀ ਦੀ ਵਾਰ' ਨੂੰ ਲੈਂਦੇ ਹਾਂ ਤਾਂ ਰਤਾ ਕੁ ਹੋਰ ਪ੍ਰਕਾਰ ਦੀ ਸੂਚਨਾ ਮਿਲਦੀ ਹੈ । 'ਚੰਡੀ ਦੀ ਵਾਰ' ਦੀ ਬੁਨਿਆਦੀ ਬਣਤਰ ਉਹ ਹੀ ਹੈ । ਪਰ 'ਚੰਡੀ ਦੀ ਵਾਰ' ਦਾ ਸਮੁਚਾ ਚਰਿੱਤਰ ਅੰਤਰ-ਪਾਠ-ਪ੍ਰਬੰਧ ਦੀ ਸੂਚਨਾ ਦੇਂਦਾ ਹੈ । ਇਸ ਵਾਰ ਵਿਚਲਾ ਸਾਰਾ ਬਿਰਤਾਂਤ ਪੌਰਾਣਿਕ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਵਾਰ-ਕਾਵਿ ਵਿਚ ਉਤਾਰ ਕੇ, ਸਮੇਂ ਦੇ ਦਬਾਵਾਂ ਅਧੀਨ ਪ੍ਰਸਤੁਤ ਕੀਤਾ ਹੈ । ਸਮੇਂ ਦੇ ਦਬਾਵਾਂ ਅਧੀਨ ਕੋਈ ਵਿਵਰਣਸ਼ੀਲ ਗੱਲ ਕਹਿਣ ਤੋਂ ਗੁਰੇਜ਼ ਕਰਦਿਆਂ, ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਪੌਰਾਣਿਕ ਪਾਠ ਨੂੰ ਹੀ ਇਕ ਵਿਅੰਜਨਾਮੂਲਕ ਗਹਿਰਾਈ ਦੇ ਦਿੱਤੀ ਹੈ। ਇਸ ਵਾਰ ਦੇ ਅਰੰਭ ਨੂੰ ਅਤੇ ਅੰਤ ਨੂੰ ਧਿਆਨ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਇਹ ਵਾਰ ਵਰਣਨ ਤੇ ਬਿਰਤਾਂਤ ਤੋਂ ਤੁਰ ਕੇ ਆਪਣੇ ਆਪ ਪ੍ਰਵਚਨ ਤੀਕ ਜਾ ਪੁਜਦੀ ਹੈ। ਮਿਸਾਲ ਵਜੋਂ ਸਭ ਤੋਂ ਪਹਿਲਾਂ ਇਸ ਵਾਰ ਵਿਚ ਭਗਉਤੀ ਦੀ ਸਿਮਰਨਾ ਗੁਰੂ ਸੰਪ੍ਰਦਾਇ ਦੁਆਰਾ ਕਰਦਿਆਂ ਦਿਖਾਈ ਗਈ ਹੈ। ਇਸ ਤੋਂ ਉਪਰੰਤ ਖੰਡੇ ਦੀ ਸਾਜਨਾ ਦੁਆਰਾ ਸੰਸਾਰ ਦੀ ਡਾਇਲੈਕਟਸ ਸਮਝਾਈ ਗਈ ਹੈ ਅਤੇ ਇਸ ਡਾਇਲੈ-ਕਟਸ ਨੂੰ ਭਾਰਤੀ ਪਰੰਪਰਾ ਦੇ ਅੰਤਰਗਤ ਸਮਝਾਇਆ ਗਿਆ ਹੈ ਅਤੇ ਦਸਿਆ ਗਿਆ ਹੈ ਕਿ ਵਿਰੋਧੀ ਤੱਤਾਂ ਦੀ ਉਤਪਾਦਨਾ ਵੀ ਜ਼ਰੂਰੀ ਹੈ ਤੇ ਵਕਤ ਆਉਣ ਤੇ ਇਨ੍ਹਾਂ ਵਿਚਲਾ ਆਪਣਾ ਵਿਨਾਸ਼ਕਾਰੀ ਟਕਰਾਉ ਵੀ ਜ਼ਰੂਰੀ ਹੈ ਅਤੇ ਇਸ ਦੇ ਅੰਤਰਗਤ ਇਹ ਪ੍ਰਸਤਾਵ ਵੀ ਪੇਸ਼ ਕੀਤਾ ਗਿਆ ਹੈ ਕਿ ਅੰਤ ਉਤੇ ਵਿਜੇ ਸੱਚ ਤੇ ਨੇਕੀ ਦੀ ਹੀ ਹੁੰਦੀ ਹੈ। ਤੇ ਇਸ ਤੋਂ ਬਾਅਦ ਇਸ ਵਾਰ ਦਾ ਅੰਤ ਕਰਦਿਆਂ ਗੁਰੂ ਨੇ ਇਹ ਕਿਹਾ ਹੈ :

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ
ਫੇਰ ਨ ਜੋਨੀ ਆਇਆ ਜਿਨ ਇਹ ਗਾਇਆ ॥

ਇਸ ਤਰ੍ਹਾਂ ਇਹ ਵਾਰ ਬੁਨਿਆਦੀ ਤੌਰ ਉਤੇ ਅਧਿਆਤਮਕਤਾ ਤੋਂ ਤੁਰ ਕੇ ਅਧਿਆਤਮਕਤਾ ਤਕ ਹੀ ਪਹੁੰਚਦੀ ਹੈ, ਪਰ ਇਸ ਦੇ ਵਿਚਕਾਰ ਦੇਵਾ, ਦੈਂਤਾ ਦਾ ਯੁਧ ਤੇ ਦੁਰਗਾ ਦੀ ਅਸ਼ੀਰਵਾਦ ਨਾਲ ਦੇਵਾਂ ਦੀ ਜਿੱਤ ਦਾ ਵਰਨਣ ਹੈ। ਇਹ ਵਾਰ ਆਪਣੇ ਸਮੁੱਚੇ ਚਰਿੱਤਰ ਵਿਚ ਬਿਰਤਾਂਤਕ ਨਿਰੰਤਰਤਾ ਨੂੰ ਨਾਲ ਵੀ ਰਖਦੀ ਹੈ ਤੇ ਇਸ ਨਿਰੰਤਰਤਾ ਨੂੰ ਭੰਗ ਵੀ ਕਰਦੀ ਹੈ। ਨ ਇਸ ਦਾ ਅਰੰਭ ਕਿਸੇ ਘਟਨਾ ਤੋਂ ਹੁੰਦਾ ਹੈ ਤੇ ਨ ਹੀ ਇਸ ਦਾ ਅੰਤ ਕਿਸੇ ਘਟਨਾ ਨਾਲ ਹੁੰਦਾ ਹੈ। ਇਸ ਤਰ੍ਹਾਂ ਇਹ ਇਕ ਅਜਿਹਾ ਪ੍ਰਵਚਨ ਹੈ, ਜਿਸ ਨੂੰ ਪ੍ਰਭੂ ਅਰਾਧਨਾ, ਗੁਰੂ ਅਰਾਧਾਨਾ, ਖੰਡਾਧਾਰੀ ਡਾਇਲੈਕਟਸ, ਕਲ ਨਾਰਦ ਦੀ ਲੜਾਈ, ਦੇਵਾਂ ਦੈਤਾਂ ਦਾ ਯੁਧ, ਚੰਡੀ ਦਾ ਪਰਵੇਸ਼, ਦੇਵਾਂ ਦੀ ਜਿਤ ਤੇ ਮੋਖ ਪ੍ਰਾਪਤੀ ਆਦਿ ਦੀਆਂ ਰੂੜ੍ਹੀਆਂ ਨਾਲ ਬਣਾਇਆ ਗਿਆ ਹੈ। ਇਸ ਤਰ੍ਹਾਂ ਇਹ ਵਾਰ ਪਉੜੀ ਬਣਤਰ ਦੀ ਉਸਾਰੀ ਵਾਲੀ ਸਰਲਤਾ ਨੂੰ ਆਪਣੇ ਨਾਲ ਰਖਦੀ ਹੋਈ ਵੀ ਉਸ ਤੋਂ ਬਿਲਕੁਲ ਭਿੰਨ ਹੈ। ਦੂਜੀਆਂ ਵਾਰਾਂ ਨੂੰ ਜਦੋਂ ਅਸੀਂ ਬਿਰਤਾਂਤ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਪ੍ਰਵਚਨ ਤੀਕ ਲਿਆਉਂਦੇ ਹਾਂ ਤਾਂ ਸਾਨੂੰ ਖਾਸ ਘਾਲਣਾ ਕਰਨੀ ਪੈਂਦੀ ਹੈ ਪਰੰਤੂ 'ਚੰਡੀ ਦੀ ਵਾਰ' ਆਪਣੇ ਵਿਚਲੀਆਂ ਮੈਟਾ-ਟਿੱਪਣੀਆਂ ਕਾਰਨ ਆਪ ਹੀ ਸਾਨੂੰ ਪ੍ਰਵਚਨ ਦੀ ਦਿਸ਼ਾ ਦੇ ਦਿੰਦੀ ਹੈ।

ਇਸੀ ਤਰ੍ਹਾਂ ਅਸੀਂ ਹੋਰ ਅਨੇਕ ਵਾਰਾਂ ਦਾ ਬਿਰਤਾਂਤ-ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਕਰ ਕੇ ਇਨ੍ਹਾਂ ਦੀਆਂ ਚਿਹਨਕੀ ਰੂੜ੍ਹੀਆਂ ਨੂੰ ਨਿਸ਼ਚਿਤ ਕਰ ਸਕਦੇ ਹਾਂ। ਪਰ ਸਾਰੀਆਂ ਵਾਰਾਂ ਤੋਂ ਇਕ ਵਖਰੇ ਚਰਿੱਤਰ ਵਾਲੀ ਵਾਰ ਸ਼ਾਹ ਮੁਹੰਮਦ ਦੀ ਹੈ, ਜਿਸ ਵਿਚ ਸਿੱਖਾਂ ਤੇ ਫਰੰਗੀਆਂ ਦੀਆਂ ਲੜਾਈਆਂ ਦੇ ਦ੍ਰਿਸ਼ ਹਨ। ਇਸ ਵਾਰ ਵਿਚ ਨਾਇਕ ਗ਼ੈਰਹਾਜ਼ਰ ਹੈ। ਵਿਵਰਣ, ਜਿਸ ਦਾ ਸੰਬੰਧ ਸੂਰਬੀਰਾਂ ਦੀ ਸੂਰਬੀਰਤਾ ਨਾਲ ਹੈ, ਉਸੇ ਗ਼ੈਰਹਾਜ਼ਰ ਨਾਇਕ ਵਲ ਸੰਕੇਤ ਕਰਦੇ ਚਲੇ ਜਾਂਦੇ ਹਨ। ਇਹ ਗ਼ੈਰਹਾਜ਼ਰ ਨਾਇਕ ਮਹਾਰਾਜਾ ਰਣਜੀਤ ਸਿੰਘ ਹੈ, ਜਿਸ ਦੀ ਮੌਤ ਨਾਲ ਪੰਜਾਬ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਜ਼ਾਦੀ, ਅੰਗਰੇਜ਼ੀ ਸਾਮਰਾਜ ਦੀ ਦਾਸਤਾਨ ਵਿਚ ਬਦਲ ਜਾਂਦੀ ਹੈ । ਸ਼ਾਹ ਮੁਹੰਮਦ ਨੇ ਇਸੇ ਤ੍ਰਾਸਦੀ ਉਪਰ ਨਾਲੋ ਨਾਲ ਵੈਣ ਵੀ ਪਾਏ ਹਨ । ਯੁਧ-ਚਿੱਤਰਨ ਤੇ ਵੈਣ ਪਾਣ ਵਾਲੇ ਦੋਵੇਂ ਕਾਂਡ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਨਾਇਕ ਵਜੋਂ ਉਪਸਥਿਤ ਕਰਨ ਦੇ ਸੰਕੇਤ ਕਰਦੇ ਹਨ । ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕਰਨਾ, ਮਹਾਰਾਜਾ ਰਣਜੀਤ ਸਿੰਘ ਨੂੰ ਉਸ ਦੇ ਅਸਤਿਤਵ ਵਜੋਂ ਨਹੀਂ, ਸਗੋਂ ਉਨ੍ਹਾਂ ਅਰਥਾਂ ਵਜੋਂ ਹੈ ਜੋ ਪੰਜਾਬੀਆਂ ਦੀ ਸਿਮਰਤੀ ਵਿਚ ਇਕ ਸੰਸਕਾਰ ਬਣ ਕੇ ਬੈਠ ਗਏ ਹਨ । ਇਸ ਹਾਲਤ ਵਿਚ ਮਹਾਰਜਾ ਰਣਜੀਤ ਸਿੰਘ ਇਕ ਵਿਅਕਤੀ ਨਹੀਂ, ਸਗੋਂ ਇਕ ਵਿਨਿਅਸ ਹੋ ਨਿਬੜਿਆ ਹੈ । ਇਸ ਵਿਨਿਅਸ ਨੂੰ ਆਧਾਰ ਬਣਾ ਕੇ ਸ਼ਾਹ ਮੁਹੰਮਦ ਨੇ 'ਜੰਗ ਸਿੰਘਾ ਤੇ ਫ਼ਰੰਗੀਆ ਦਾ' ਇਕ ਪ੍ਰਵਚਨ ਸਿਰਜਿਆ ਹੈ ।

ਇਸ ਤਰ੍ਹਾਂ ਅਸੀਂ ਮਧਕਾਲੀ ਪੰਜਾਬ ਵਿਚ ਵਾਰਾਂ ਦੀਆਂ ਕਈ ਪ੍ਰਕਾਰ ਦੀਆਂ ਵੰਨਗੀਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾ ਕੇ, ਇਨ੍ਹਾਂ ਨੂੰ ਦ੍ਰਿਸ਼, ਸਥਿਤੀ ਜਾਂ ਵਾਸਤਵਿਕਤਾ ਦੇ ਪ੍ਰਦਰਸ਼ਨ ਵਜੋਂ ਨਹੀਂ, ਸਗੋਂ ਇਕ ਅਰਥਸ਼ੀਲ ਪ੍ਰਵਚਨ ਵਜੋਂ ਚਰਚਾ ਦਾ ਵਿਸ਼ਾ ਬਣਾ ਸਕਦੇ ਹਾਂ ਤੇ ਪੰਜਾਬੀ ਲੋਕ-ਮਾਨਸ ਵਿਚ ਇਨ੍ਹਾਂ ਦੇ ਸੰਸਕਾਰ ਨੂੰ ਵਿਨਿਆਸ ਵਾਂਗ ਸਵੀਕਾਰ ਕਰ ਕੇ, ਇਨ੍ਹਾਂ ਨੂੰ ਅਰਥ-ਸਿਰਜਨਾ ਦੇ ਕਿਸੇ ਅਗਲੇਰੇ ਪਾਸਾਰ ਵਿਚ ਵਿਸਥਾਪਿਤ ਵੀ ਕਰ ਸਕਦੇ ਹਾਂ ।

100884

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accos on
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਗੁਰਚਰਨ ਸਿੰਘ

ਮਧਕਾਲੀ ਪੰਜਾਬੀ ਸਾਹਿਤ ਬਾਰੇ ਹੁਣ ਤਕ ਜੋ ਚਰਚਾ ਵਿਕਸਿਤ ਹੋਇਆ ਹੈ, ਉਸ ਵਿਚ ਪਿਛਲੇ ਕੁਝ ਸਮੇਂ ਤੋਂ ਪਰਿਵਰਤਨ ਵਾਪਰੇ ਹਨ ਤੇ ਇਸ ਦਾ ਕਾਰਨ ਨਵੀਂ ਪੰਜਾਬੀ ਆਲੋਚਨਾ ਹੈ, ਜਿਸ ਦਾ ਉਦੇ ਖਾਸ ਤੌਰ ਉਤੇ 1970 ਤੋਂ ਪਿਛੋਂ ਹੋਇਆ ਹੈ। ਇਸ ਆਲੋਚਨਾ ਨੂੰ ਵਿਸ਼ੇਸ਼ ਤੌਰ ਉਤੇ ਅਜਿਹੀ ਪਾਠਗਤ ਆਲੋਚਨਾ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਜਿਸ ਦਾ ਸਰੋਕਾਰ ਸੰਰਚਨਾਤਮਕ ਗੁੰਝਲਾਂ ਨੂੰ ਖੋਲ੍ਹਣਾ ਹੈ ਤੇ ਇਸ ਕਾਰਜ ਵਿਚ ਉਹ ਸਾਰੀਆਂ ਵਿਧੀਆ ਤੇ ਦ੍ਰਿਸ਼ਟੀਆਂ ਸਹਾਇਕ ਹੁੰਦੀਆਂ ਹਨ ਜੋ ਭਾਸ਼ਾ-ਵਿਗਿਆਨ ਦੇ ਨਵੇਂ ਸਿਧਾਂਤਾਂ ਤੇ ਸੰਕਲਪਾਂ ਤੋਂ ਲੈ ਕੇ ਪ੍ਰਵਚਨ-ਸਿਧਾਂਤ ਅਤੇ ਚਿਹਨ-ਵਿਗਿਆਨ ਤਕ ਸਾਹਮਣੇ ਆਏ ਹਨ। ਡਾ. ਗੁਰਚਰਨ ਸਿੰਘ ਨੇ ਇਸ ਪੁਸਤਕ ਵਿਚ ਆਲੋਚਨਾ ਦੇ ਇਨ੍ਹਾਂ ਸਿਧਾਂਤਾਂ ਅਤੇ ਦ੍ਰਿਸ਼ਟੀਆਂ ਨੂੰ ਪਿਛੋਕੜ ਤੇ ਆਧਾਰ ਬਣਾ ਕੇ ਗੁਰਬਾਣੀ, ਸੂਫ਼ੀ-ਕਾਵਿ, ਪੰਜਾਬੀ ਕਿੱਸਾ-ਕਾਵਿ, ਬੀਰ ਰਸੀ ਕਾਵਿ ਅਤੇ ਜਨਮਸਾਖੀ ਦੀ ਟੈਕਸਟ ਦਾ ਅਧਿਐਨ ਕੀਤਾ ਹੈ। ਉਸ ਦੇ ਅਧਿਐਨ ਵਿਚ ਇਹ ਗੱਲ ਧਿਆਨਯੋਗ ਹੈ ਕਿ ਉਸ ਨੇ ਨਿਰੋਲ ਇਨ੍ਹਾਂ ਸਿਧਾਂਤਾਂ ਤੇ ਸੰਕਲਪਾਂ ਨੂੰ ਹੀ ਸਥਿਤ ਨਹੀਂ ਕੀਤਾ, ਸਗੋਂ ਗੁਰਬਾਣੀ, ਸੂਫ਼ੀ-ਕਾਵਿ, ਕਿੱਸਾ-ਕਾਵਿ ਆਦਿ ਦਾ ਜੋ ਸ਼ਾਸਤਰ ਉਨ੍ਹਾਂ ਦੀ ਆਪਣੀ ਸੰਰਚਨਾਤਮਕਤਾ ਵਿਚੋਂ ਜਾਗਦਾ ਹੈ, ਉਸ ਨੂੰ ਵੀ ਤਲਾਸ਼ਣ ਦਾ ਯਤਨ ਕੀਤਾ ਹੈ। ਇਹ ਨਵੀਂ ਸਮੀਖਿਆ ਦੀ ਚੇਤਨਾ ਹੈ। ਮਧਕਾਲੀ ਸਾਹਿਤ ਦੀ ਸੰਰਚਨਾਤਮਕਤਾ ਦੀਆਂ ਗੁੰਝਲਾਂ ਖੋਲ੍ਹਣੀਆਂ, ਉਸ ਦੇ ਸਾਹਿਤ-ਸ਼ਾਸਤਰ ਤਕ ਪਹੁੰਚਣਾ, ਵਰਤਮਾਨ ਪ੍ਰਸੰਗ ਵਿਚ ਉਸ ਦੇ ਅਰਥ ਨੂੰ ਜਾਣਨਾ, ਇਹ ਕਾਰਜ ਭਵਿਖ ਵਿਚ ਵੀ ਸਮੀਖਿਆਕਾਰਾਂ ਦਾ ਪ੍ਰਮੁਖ ਕਾਰਜ ਰਹੇਗਾ ਤੇ ਇਸ ਲੜੀ ਵਿਚ ਹੀ ਡਾ. ਗੁਰਚਰਨ ਸਿੰਘ ਦੀ ਇਹ ਪੁਸਤਕ ਇਕ ਮਹੱਤਵਯੋਗ ਕਦਮ ਹੈ।

CC-0. In Public Domain. Gurukul Kangri Collection, Haridwar